Listing and Selling Homes
From San Jose to Sacramento
JASSI GILL Broker/Owner
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763


Golden State Realty
Please Contact For Commercial or Residential Needs
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call: Sohanpreet 'Sam' Chahal
Ph: 916-612-5773
email: samchahal@hotmail.com
Serving all over California

Sam Chahal
CA Lic. 01504071

Global Green INSURANCE AGENCY
of the Bay Area, CA
Auto, Home, Business, Life, Workers Comp.
ਵਧੀਆ ਭਾਅ, ਚੰਗੀ ਕਵਰੇਜ ਤੇ ਵਧੀਆ ਸਰਵਿਸ
Mann Insurance Brokers Inc.
4123 Dyer St., #230, Union City, CA 94587
Ph: 510-487-1000
Lic.# 0F34231 MANN@GGIAUSA.COM

Nineteenth Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 19, Issue 20, May 19, 2018
20451 N. Plum Grove Rd., Palatine, IL 60074
Ph:847-359-0746, Fax:847-705-9388

# ਕਰਨਾਟਕ ਚੋਣਾਂ ਨੇ ਮੋਦੀ-ਵਿਰੋਧੀ ਮੁਹਿੰਮ ਦਾ ਮੁੱਢ ਬੰਨ੍ਹਿਆ

## ਮੋਦੀ ਦੇ ਦਮਖਮ ਦਾ ਅਜੇ ਨਹੀਂ ਕਈ ਤੋੜ

**ਨਵੀਂ ਦਿੱਲੀ:** ਕਰਨਾਟਕ ਵਿਧਾਨ ਸਭਾ ਦੇ ਚੋਣ ਨਤੀਜੇ ਇਹ ਸੁਨੇਹਾ ਦੇਣ ਵਿਚ ਸਫਲ ਰਹੇ ਹਨ ਕਿ ਕਾਂਗਰਸ ਸਮੇਤ ਹੋਰ ਧਿਰਾਂ ਅਜੇ ਮੋਦੀ ਲਹਿਰ ਨੂੰ ਠੱਲ੍ਹਣ ਦੇ ਹਾਣ ਦੀਆਂ ਨਹੀਂ ਹੋਈਆਂ। ਇਨ੍ਹਾਂ ਚੋਣਾਂ ਵਿਚ ਭਾਜਪਾ ਦੀ ਚੜ੍ਹਤ ਨੇ



2019 ਦੀਆਂ ਲੋਕ ਸਭ ਚੋਣਾਂ ਵਿਚ ਵਿਰੋਧੀ ਧਿਰਾਂ ਦੀਆਂ ਤਿਆਰੀਆਂ ਉਤੇ ਸਵਾਲ ਖੜ੍ਹੇ ਕਰਦਿਆਂ ਕਾਂਗਰਸ ਦੀ ਹੋਂਦ ਦਾ ਮੁੱਦਾ ਫਿਰ ਉਭਾਰ ਦਿੱਤਾ ਹੈ। ਉਂਜ ਇਨ੍ਹਾਂ ਚੋਣਾਂ ਤੋਂ ਬਾਅਦ ਕਾਂਗਰਸ ਅਤੇ ਜਨਤਾ ਦਲ (ਐਸ) ਦੇ ਨੇੜੇ ਆਉਣ ਨੇ ਕੌਮੀ ਪੱਧਰ ਉਤੇ ਮੋਦੀ-ਵਿਰੋਧੀ ਫਰੰਟ ਖੜ੍ਹਾ ਹੋਣ ਦਾ ਮੁੱਢ ਬੰਨ੍ਹ ਦਿੱਤਾ ਹੈ।

ਚੋਣਾਂ ਵਿਚ ਭਾਵੇਂ ਕਿਸੇ ਪਾਰਟੀ ਨੂੰ ਮੁਕੰਮਲ ਬਹੁਮਤ ਨਹੀਂ ਮਿਲਿਆ, ਪਰ ਦੱਖਣੀ ਰਾਜ ਵਿਚ ਭਾਜਪਾ ਦੀ ਦਸਤਕ ਕਾਂਗਰਸ ਸਮੇਤ ਹੋਰ ਧਿਰਾਂ ਲਈ ਵੱਡੀ ਵੰਗਾਰ ਵਾਂਗ ਹੈ। ਸੂਬਾਈ ਵਿਧਾਨ ਸਭਾ ਦੀਆਂ ਕੁੱਲ 224 ਸੀਟਾਂ ਵਿਚੋਂ 12 ਮਈ ਨੂੰ 222 ਸੀਟਾਂ ਲਈ ਚੋਣ ਹੋਈ ਸੀ। ਗਿਣਤੀ ਦੌਰਾਨ ਭਾਜਪਾ ਸਭ ਤੋਂ ਵੱਡੀ ਪਾਰਟੀ ਵਜੋਂ ਤਾਂ ਉਭਰੀ ਪਰ ਇਹ 104 ਸੀਟਾਂ ਨਾਲ ਪੂਰਨ ਬਹੁਮਤ ਲਈ ਲੋੜੀਂਦੀਆਂ 112 ਸੀਟਾਂ ਦੇ ਅੰਕੜੇ ਤੋਂ ਪਿਛਾਂਹ ਰਹਿ ਗਈ। ਦੂਜੇ ਪਾਸੇ ਹਾਕਮ ਕਾਂਗਰਸ ਨੂੰ 78, ਜਨਤਾ ਦਲ (ਐਸ) ਨੂੰ 37 ਸੀਟਾਂ ਮਿਲੀਆਂ ਅਤੇ ਬਸਪਾ ਨੂੰ ਇਕ ਸੀਟ ਮਿਲੀ ਹੈ। ਦੋ ਸੀਟਾਂ ਉਤੇ ਆਜ਼ਾਦ ਉਮੀਦਵਾਰ ਜੇਤੂ ਰਹੇ ਜੋ ਕਾਂਗਰਸ ਦੇ ਹੀ ਬਾਗੀ ਦੱਸੇ ਜਾ ਰਹੇ ਹਨ।

ਵਿਧਾਨ ਸਭਾ ਦੀਆਂ 2013 ਵਿਚ ਹੋਈਆਂ ਚੋਣਾਂ ਵਿਚ ਇਥੇ ਕਾਂਗਰਸ ਨੂੰ ਵੱਡੀ ਜਿੱਤ ਪ੍ਰਾਪਤ ਹੋਈ ਸੀ। ਉਸ ਸਮੇਂ ਕਾਂਗਰਸ ਨੂੰ 122 ਸੀਟਾਂ ਮਿਲੀਆਂ ਸਨ, ਜਦੋਂ ਕਿ ਭਾਜਪਾ ਅਤੇ ਜਨਤਾ ਦਲ (ਐਸ) ਆਦਿ ਪਾਰਟੀਆਂ ਉਦੋਂ 40-40 ਸੀਟਾਂ ਉਤੇ ਸਿਮਟ ਕੇ ਰਹਿ ਗਈਆਂ ਸਨ। ਇਸ ਤੋਂ ਪਹਿਲਾਂ ਸਾਲ 2008 ਵਿਚ ਭਾਜਪਾ ਕਰਨਾਟਕ ਵਿਚ ਸਰਕਾਰ ਬਣਾਉਣ ਵਿਚ ਕਾਮਯਾਬ ਹੋ ਗਈ ਸੀ। ਉਸ ਸਮੇਂ ਯੇਦੀਯੁਰੱਪਾ ਨੂੰ ਮੁੱਖ ਮੰਤਰੀ ਬਣਾਇਆ ਗਿਆ ਸੀ ਜੋ ਬਾਅਦ ਵਿਚ ਭ੍ਰਿਸ਼ਟਾਚਾਰ ਦੇ ਕਈ ਵਿਵਾਦਾਂ ਵਿਚ ਘਿਰ ਗਏ ਸਨ। ਇਸ ਵਾਰ ਵੀ ਭਾਰਤੀ ਜਨਤਾ ਪਾਰਟੀ ਵੱਲੋਂ ਯੇਦੀਯੁਰੱਪਾ ਨੂੰ ਹੀ ਮੁੱਖ ਮੰਤਰੀ ਦੇ ਚਿਹਰੇ ਵਜੋਂ ਉਭਾਰਿਆ ਗਿਆ ਸੀ।

ਭਾਜਪਾ ਲਈ ਕਰਨਾਟਕ ਦਾ ਵਿਸ਼ੇਸ਼ ਮਹੱਤਵ ਹੈ। ਦੱਖਣੀ ਸੂਬਿਆਂ ਵਿਚ ਸਿਰਫ ਇਸੇ ਪ੍ਰਾਂਤ ਵਿਚ ਭਾਜਪਾ ਦਾ ਵੱਡਾ ਪ੍ਰਭਾਵ ਬਣਿਆ ਹੋਇਆ ਹੈ। ਦੱਖਣ ਦੇ ਤਾਮਿਲਨਾਡੂ, ਆਂਧਰਾ ਪ੍ਰਦੇਸ਼, ਤੇਲੰਗਾਨਾ ਅਤੇ ਕੇਰਲ ਵਿਚ ਇਸ ਪਾਰਟੀ ਦਾ ਅਜੇ ਕੋਈ ਬਹੁਤਾ ਪ੍ਰਭਾਵ ਨਹੀਂ ਹੈ। ਚੋਣਾਂ ਦੇ ਐਲਾਨ ਤੋਂ ਲੈ ਕੇ ਵੋਟਾਂ ਪੈਣ ਤੋਂ ਕੁਝ ਦਿਨ ਪਹਿਲਾਂ ਸਭ ਕੁਝ ਕਾਂਗਰਸ ਦੇ ਹੱਕ ਵਿਚ ਮੰਨਿਆ ਜਾ ਰਿਹਾ ਸੀ। ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਚੋਣਾਂ ਜਿੱਤਣ ਲਈ ਆਪਣੀ ਪੂਰੀ ਵਾਹ ਲਾਈ,

(ਬਾਕੀ ਸਫਾ 6 ਉਤੇ)

# ਹੁਣ ਆਰ. ਐਸ. ਐਸ. ਵੱਲੋਂ ਪ੍ਰਕਾਸ਼ਿਤ ਕਿਤਾਬਾਂ 'ਤੇ ਵਿਵਾਦ

**ਅੰਮ੍ਰਿਤਸਰ:** ਪੰਜਾਬ ਸਕੂਲ ਸਿੱਖਿਆ ਬੋਰਡ ਦੀ ਪੁਸਤਕ ਵਿਚੋਂ ਸਿੱਖ ਇਤਿਹਾਸ ਮਨਫੀ ਕਰਨ ਦਾ ਮਾਮਲਾ ਅਜੇ ਠੰਢਾ ਨਹੀਂ ਪਿਆ ਕਿ ਹੁਣ ਆਰ.ਐਸ.ਐਸ. ਦੇ ਮੁੱਖ ਕੇਂਦਰ ਨਾਗਪੁਰ ਵਿਚ ਸ੍ਰੀ ਭਾਰਤੀ ਪ੍ਰਕਾਸ਼ਨ ਵੱਲੋਂ ਛਾਪੀਆਂ ਕਿਤਾਬਾਂ ਵਿਚ ਸਿੱਖ ਗੁਰੂ ਸਾਹਿਬਾਨ ਨੂੰ ਹਿੰਦੂ ਦਰਸਾਉਣ ਸਮੇਤ ਇਤਿਹਾਸਕ ਤੱਥਾਂ ਨਾਲ ਛੇੜਛਾੜ ਦਾ ਮਾਮਲਾ ਭਖਣ ਲੱਗਾ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਇਸ ਦਾ ਸਖਤ ਨੋਟਿਸ ਲੈਂਦਿਆਂ ਜ਼ਿੰਮੇਵਾਰ ਵਿਅਕਤੀਆਂ ਖਿਲਾਫ ਭਾਰਤ ਸਰਕਾਰ ਅਤੇ ਮਹਾਰਾਸ਼ਟਰ ਸਰਕਾਰ ਕੋਲੋਂ ਕਾਰਵਾਈ ਦੀ ਮੰਗ ਕੀਤੀ ਹੈ।

ਸ. ਲੌਂਗੋਵਾਲ ਨੇ ਕਿਹਾ ਕਿ ਆਰ. ਐਸ. ਐਸ. ਦੀ ਇਸ ਕਾਰਵਾਈ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪੁੱਜੀ ਹੈ ਤੇ ਸ਼੍ਰੋਮਣੀ ਕਮੇਟੀ ਵੱਲੋਂ ਇਸ ਮਾਮਲੇ ਵਿਚ ਭਾਰਤ ਦੇ ਮਨੁੱਖੀ ਸਰੋਤ ਵਿਕਾਸ ਮੰਤਰੀ ਪ੍ਰਕਾਸ਼ ਜਾਵੜੇਕਰ ਅਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਦੇਵੇਂਦਰ ਫੜਨਵੀਸ ਨੂੰ ਸਬੰਧਤ ਵਿਅਕਤੀਆਂ ਵਿਰੁਧ ਕਾਰਵਾਈ ਕਰਨ ਲਈ ਪੱਤਰ ਲਿਖਿਆ ਹੈ। ਉਨ੍ਹਾਂ ਆਰ.ਐਸ.ਐਸ. ਅਤੇ ਕਿਤਾਬਾਂ ਦੇ ਪ੍ਰਕਾਸ਼ਕ ਨੂੰ ਤਾੜਨਾ ਕੀਤੀ ਹੈ ਕਿ ਉਹ ਵਿਵਾਦਤ ਕਿਤਾਬਾਂ ਨੂੰ ਤੁਰਤ ਵਾਪਸ ਲੈਣ ਤੇ ਸਿੱਖ ਜਗਤ ਕੋਲੋਂ ਮੁਆਫੀ ਮੰਗਣ। ਉਨ੍ਹਾਂ ਆਰ.ਐਸ.ਐਸ. ਨੂੰ ਵੀ ਨਸੀਹਤ ਦਿੱਤੀ ਹੈ ਕਿ ਉਹ ਅਜਿਹੀਆਂ ਸਿੱਖ ਵਿਰੋਧੀ ਕਾਰਵਾਈਆਂ ਤੋਂ ਗੁਰੇਜ਼ ਕਰਨ।

ਇਸ ਦੌਰਾਨ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਵੱਖਰੇ ਬਿਆਨ ਰਾਹੀਂ ਆਖਿਆ ਕਿ ਆਰ. ਐਸ. ਐਸ. ਵੱਲੋਂ ਹਿੰਦੀ ਭਾਸ਼ਾ ਵਿਚ ਛੋਟੀਆਂ ਛੋਟੀਆਂ ਕਿਤਾਬਾਂ ਛਾਪੀਆਂ ਜਾ ਰਹੀਆਂ ਹਨ, ਜਿਸ ਵਿਚ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤਾ ਗਿਆ ਹੈ। ਇਸ ਪੁਸਤਕ ਵਿਚ ਗੁਰੂ ਸਾਹਿਬਾਨ ਨੂੰ ਗਊ ਪੂਜਕ ਅਤੇ ਹਿੰਦੂ ਰੀਤੀ ਰਿਵਾਜਾਂ ਦਾ ਹਾਮੀ ਸਿੱਧ ਕਰਨ ਦਾ ਯਤਨ ਕੀਤਾ ਗਿਆ ਹੈ। ਉਨ੍ਹਾਂ ਆਖਿਆ ਕਿ 2016 ਵਿਚ ਪ੍ਰਕਾਸ਼ਿਤ ਇਹ ਪੁਸਤਕਾਂ ਲੰਮੇ ਸਮੇਂ ਤੋਂ ਲੋਕਾਂ ਵਿਚ ਪਹੁੰਚਾਈਆਂ ਜਾ ਰਹੀਆਂ ਹਨ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਇਸ ਮਾਮਲੇ 'ਚ ਕਾਨੂੰਨੀ ਕਾਰਵਾਈ ਕਰਨ ਤੇ ਸਿੱਖ ਜਥੇਬੰਦੀਆਂ ਨੂੰ ਇਕਜੁਟ ਹੋਣ ਦੀ ਅਪੀਲ ਕੀਤੀ ਹੈ।

## ਸਿੱਖ ਇਤਿਹਾਸ ਦੀ ਘੋਖ ਲਈ ਬਣੇਗੀ ਕਮੇਟੀ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਵੱਲੋਂ ਸਿੱਖ ਇਤਿਹਾਸਕਾਰਾਂ ਅਤੇ ਵਿਦਵਾਨਾਂ ਦੀ ਉਚ ਪੱਧਰੀ ਕਮੇਟੀ ਬਣਾਉਣ ਦੀ ਯੋਜਨਾ ਹੈ ਜੋ ਦੇਸ਼ ਭਰ ਵਿਚ ਵੱਖ-ਵੱਖ ਸੂਬਿਆਂ ਦੇ ਸਿੱਖਿਆ ਬੋਰਡਾਂ ਵੱਲੋਂ ਲਾਈਆਂ ਗਈਆਂ ਟੈਕਸਟ ਬੁੱਕਾਂ ਵਿਚ ਸ਼ਾਮਲ ਸਿੱਖ ਇਤਿਹਾਸ ਦੀ ਪੁਣਛਾਣ ਕਰੇਗੀ ਤਾਂ ਜੋ ਸਿੱਖ ਇਤਿਹਾਸ ਸਬੰਧੀ ਪੈਦਾ ਹੁੰਦੇ ਵਾਦ ਵਿਵਾਦ ਨੂੰ ਰੋਕਿਆ ਜਾ ਸਕੇ। ਵਾਦ-ਵਿਵਾਦ ਵਾਲੇ ਮਾਮਲੇ ਸਾਹਮਣੇ ਆਉਣ ਉਤੇ ਇਹ ਕਮੇਟੀ ਇਤਿਹਾਸਕ ਤੱਥਾਂ ਨੂੰ ਵਾਚੇਗੀ ਅਤੇ ਕਾਨੂੰਨੀ ਪ੍ਰਕਿਰਿਆ ਲਈ ਵੀ ਯਤਨ ਕਰੇਗੀ।

Visit us on the web:www.punjabtimesusa.com

We Do Real Estate in
Bay Area & Central Valley
We do loans anywhere
in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
Follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com

Law Office of
Manpreet S. Gahra
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense
(DUI, simple battery, domestic violence, immigration post-conviction relief)

Manpreet S. Gahra
Attorny At Law
Berkeley Office
2161 Shattuck Ave., 304, Berkeley
Ph:510-841-4582
Fax:510-217-6847
Email: manpreet@gahralaw.com

## ਜਦੋਂ ਉਡਦੇ ਜਹਾਜ਼ ਵਿਚੋਂ ਬਾਹਰ ਲਮਕਿਆ ਪਾਇਲਟ

**ਨਵੀਂ ਦਿੱਲੀ:** ਚੀਨ ਵਿਚ ਇਕ ਜਹਾਜ਼ ਹਾਦਸੇ ਦਾ ਸ਼ਿਕਾਰ ਹੁੰਦਾ-ਹੁੰਦਾ ਬਚ ਗਿਆ। ਉਡਦੇ ਹੋਏ ਜਹਾਜ਼ ਦੀ ਕਾਕਪਿਟ ਦੀ ਖਿੜਕੀ ਟੁੱਟ ਗਈ ਸੀ, ਜਿਸ ਨਾਲ ਕੋ-ਪਾਇਲਟ ਜਹਾਜ਼ ਤੋਂ ਬਾਹਰ ਲਟਕ ਗਿਆ। ਇਹ ਹਾਦਸਾ ਸ਼ਿਚੁਆਨ ਏਅਰਲਾਈਨਜ਼ ਦੇ ਜਹਾਜ਼ ਨਾਲ ਵਾਪਰਿਆ। ਜਦੋਂ ਜਹਾਜ਼ 32 ਹਜ਼ਾਰ ਫੁੱਟ ਦੀ ਉਚਾਈ ਉਤੇ ਉਡ ਰਿਹਾ ਸੀ ਤਾਂ ਅਚਾਨਕ ਕਾਕਪਿਟ ਦੀ ਖਿੜਕੀ ਟੁੱਟ ਗਈ। ਹਵਾ ਇੰਨੀ ਤੇਜ਼ ਸੀ ਕਿ ਕੋ-ਪਾਇਲਟ ਬਾਹਰ ਬਾਹਰ ਲਮਕ ਗਿਆ। ਇਸੇ ਦੌਰਾਨ ਪਾਇਲਟ ਨੇ ਸਮਝਦਾਰੀ ਵਿਖਾਉਂਦਿਆਂ ਤਕਰੀਬਨ 20 ਮਿੰਟਾਂ ਬਾਅਦ ਜਹਾਜ਼ ਦੀ ਸਫਲ ਲੈਂਡਿੰਗ ਕਰਾਈ ਤੇ ਸਾਰੇ ਯਾਤਰੀਆਂ ਨੂੰ ਸੁਰੱਖਿਅਤ ਹੇਠਾਂ ਲਿਆਂਦਾ। ਇਸ ਘਟਨਾ ਦੇ ਬਾਅਦ ਹਰ ਪਾਸੇ ਜਹਾਜ਼ ਦੇ ਪਾਇਲਟ ਦੀ ਵਾਹ-ਵਾਹ ਹੋ ਰਹੀ ਹੈ।

## ਸਟਾਕਟਨ 'ਚ ਸਾਲਾਨਾ ਫੀਲਡ ਹਾਕੀ ਟੂਰਨਾਮੈਂਟ 18 ਤੋਂ

**ਸਟਾਕਟਨ (ਬਿਊਰੋ):** ਯੂਬਾ ਬ੍ਰਦਰਜ਼ ਫੀਲਡ ਹਾਕੀ ਕਲੱਬ ਅਤੇ ਗਦਰੀ ਬਾਬੇ ਸਪੋਰਟਸ ਕਲੱਬ ਵਲੋਂ ਇਥੇ ਯੂਨੀਵਰਸਿਟੀ ਆਫ ਪੈਸੇਫਿਕ


ਸਵਰਗੀ ਅਮਰਜੀਤ ਦੁਲਾਈ


ਸੁਰਿੰਦਰ ਸਿੰਘ ਸੋਢੀ

ਵਿਖੇ ਸਾਬਕਾ ਹਾਕੀ ਖਿਡਾਰੀ ਅਮਰਜੀਤ ਦੁਲਾਈ ਨੂੰ ਸਮਰਪਿਤ ਫੀਲਡ ਹਾਕੀ ਟੂਰਨਾਮੈਂਟ 18, 19 ਅਤੇ 20 ਮਈ 2018 ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਅਮਰੀਕਾ ਦੀਆਂ ਨਾਮੀ ਹਾਕੀ ਕਲੱਬਾਂ ਤੋਂ ਇਲਾਵਾ ਕੌਮਾਂਤਰੀ ਪ੍ਰਸਿੱਧੀ ਪ੍ਰਾਪਤ ਹਾਕੀ ਖਿਡਾਰੀ ਸ਼ਿਰਕਤ ਕਰਨਗੇ।

ਮੇਲੇ ਦੇ ਮੁੱਖ ਪ੍ਰਬੰਧਕਾਂ 'ਚ ਸ਼ੁਮਾਰ ਸ. ਗੁਲਵਿੰਦਰ ਸਿੰਘ ਗਾਖਲ ਨੇ ਕਿਹਾ ਕਿ ਇਹ ਵੱਡੇ ਇਨਾਮ ਵਾਲਾ ਹਾਕੀ ਟੂਰਨਾਮੈਂਟ ਹੈ। ਯੂਨਾਈਟਿਡ ਸਪੋਰਟਸ ਕਲੱਬ, ਕੈਲੀਫੋਰਨੀਆ ਦੇ ਸਰਪ੍ਰਸਤ ਅਮੋਲਕ ਸਿੰਘ ਗਾਖਲ ਨੇ ਤਿੰਨੇ ਦਿਨ ਇਸ ਹਾਕੀ ਖੇਡ ਮੇਲੇ 'ਚ ਪੰਜਾਬੀਆਂ ਨੂੰ ਸ਼ਾਮਿਲ ਹੋਣ ਦੀ ਬੇਨਤੀ ਕੀਤੀ।

ਖੇਡ ਮੇਲੇ ਦੇ ਮੁੱਖ ਮਹਿਮਾਨ ਉਲੰਪੀਅਨ ਸੁਰਿੰਦਰ ਸਿੰਘ ਸੋਢੀ ਹੋਣਗੇ। ਪਹਿਲਾ ਵੱਡਾ ਇਨਾਮ ਗਾਖਲ ਭਰਾਵਾਂ-ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ ਅਤੇ ਇਕਬਾਲ ਸਿੰਘ ਗਾਖਲ ਵਲੋਂ ਆਪਣੇ ਸਵਰਗੀ ਪਿਤਾ ਸ. ਨਸੀਬ ਸਿੰਘ ਗਾਖਲ ਦੀ ਯਾਦ ਵਿਚ ਦਿੱਤਾ ਜਾਵੇਗਾ ਅਤੇ ਦੂਜਾ ਇਨਾਮ ਬੋਪਾਰਾਏ ਭਰਾਵਾਂ-ਮਾਈਕ ਬੋਪਾਰਾਏ ਅਤੇ ਜਸਵਿੰਦਰ ਬੋਪਾਰਾਏ ਵਲੋਂ ਦਿੱਤਾ ਜਾਵੇਗਾ। ਮੁੱਖ ਪ੍ਰਬੰਧਕਾਂ-ਨੇਕੀ ਅਟਵਾਲ ਅਤੇ ਪਿੰਕੀ ਅਟਵਾਲ ਨੇ ਵੀ ਇਸ ਵੱਡੇ ਹਾਕੀ ਟੂਰਨਾਮੈਂਟ 'ਚ ਪੰਜਾਬੀਆਂ ਦੀ ਸ਼ਮੂਲੀਅਤ ਨੂੰ ਹਾਕੀ ਦੇ ਉਜਵਲ ਭਵਿੱਖ ਦੀ ਅੰਗੜਾਈ ਕਿਹਾ।


LOW PRICE AUTO GLASS
3459 Sunrise Blvd, Rancho Cordova Ca 95742



916.635.9296
NEW & USED
- WINDSHIELD
- BACK GLASS
- DOOR GLASS
- CHIPS REPAIR

WINDSHIELD $99 & UP
DOORGLASS $70 & UP
$10 OFF WITH A SERVICE OF $100 & MORE
$20 OFF WITH A SERVICE OF $200 & MORE



Auto & Home Insurance
Coverage you Deserve
Rates you can Afford
*Save up to $425
*Discounts for young drivers.
*Discount for new home buyers.
*Discount for Nurses.



Home, Life, Auto, Business & Health.
Manjit Gill
Broker/Agent
CA Ins Lic# OB23990
ਅੱਜ ਹੀ ਸੰਪਰਕ ਕਰੋ
ਫੋਨ: 510-888-1180
www.gillfinancial.com
Gill Financial & Insurance Services
31080 Union City Blvd, #201, Union City, CA 94587



ਵਾਜਬ ਕੀਮਤ 'ਤੇ ਘਰ ਖਰੀਦਣਾ ਚਾਹੁੰਦੇ ਹੋ! ਐਰੀਜ਼ੋਨਾ ਵਿਚ ਖਰੀਦੋ
ਬਹੁਤ ਵਧੀਆ ਇਲਾਕੇ ਵਿਚ
4-5 ਬੈਡਰੂਮ ਦੇ ਘਰ ਸਿਰਫ $300,000



Rupinder S Kaler

ਐਰੀਜ਼ੋਨਾ ਸਟੇਟ ਦਾ ਵਿਕਾਸ ਬਹੁਤ ਤੇਜੀ ਨਾਲ ਹੋ ਰਿਹਾ ਹੈ
ਫੇਰ ਸ਼ਾਇਦ ਇਸ ਭਾਅ ਘਰ ਨਾ ਮਿਲੇ
Buy very affordable homes in Arizona which is fast growing state.
Buy 4-5 bedroom homes under $300,000 in a Very Nice Area
Contact an experienced Realtor
(C): 623-229-1906 (O): 623-344-1000
rupinder.kaler@azmoves.com www.buysellmyazhome.com
Coldwell Banker Residential Brokerage
1616 N. Litchfield Rd., Ste 170, Goodyear, AZ 85395
REALTOR COLDWELL BANKER RESIDENTIAL BROKERAGE EQUAL HOUSING OPPORTUNITY



PERSONAL INJURY ATTORNEYS
LAW OFFICES OF MANPREET S. BAINS
LAW OFFICES OF WILLIAM E. WEISS
AN ASSOCIATION OF LAW FIRMS



Offering Joint Representation at No Additional Cost
No Fees Unless Recovery for Your Injuries is Made
Car Accidents • Motorcycle and Bicycle Accidents • Bus and Truck Accidents
Injured Pedestrian • Wrongful Death • Brain and Head Injuries • Burn Injuries
Spinal Cord Injuries • Fractures and Joint Injuries • Construction Injuries • Civil Rights
RECENT RECOVERIES OBTAINED:*
$4,000,000 Settlement for Motor Vehicle Accident
$10,100,000 Confidential Settlement for Motorcycle/Truck Accident
$4,200,000 Judgment for Premises Liability/Assault
*Past Performance Not a Guarantee of Future Results
Personal Injury matters are time sensitive!
For a free consultation, please call (510) 474-0028
E-mail: BainsWeiss@gmail.com
Serving the Bay Area and Beyond • Offices in San Francisco and Union City

# ਪੰਜਾਬ ਟਾਈਮਜ਼ ਹੈ ਸੰਵਾਦ ਦਾ ਮੁੱਦਈ: ਵਰਿਆਮ ਸਿੰਘ ਸੰਧੂ

**ਸ਼ਿਕਾਗੋ (ਕੁਲਜੀਤ ਸਿੰਘ, ਸੁਰਿੰਦਰ ਸਿੰਘ ਭਾਟੀਆ):** "ਅੱਜ ਅਸੀਂ ਉਸ ਪਰੰਪਰਾ ਨੂੰ ਭੁੱਲ ਗਏ ਆਂ ਉਸ ਬਾਬੇ ਦੀ ਨੂੰ, ਜਿਨ੍ਹੇ ਕਿਹਾ ਸੀ, 'ਕਿਛ ਸੁਣੀਐ ਕਿਛੁ ਕਹੀਐ ਨਾਨਕ॥' ਸੰਵਾਦ ਦੀ ਪਰੰਪਰਾ, ਡਾਇਲਾਗ ਦੀ ਪਰੰਪਰਾ ਜਿਹੜੀ ਸੀ, ਅਸੀਂ ਉਸ ਪਰੰਪਰਾ ਨੂੰ ਭੁੱਲਦੇ ਜਾਂ ਰਹੇ ਹਾਂ। ਪੰਜਾਬ ਟਾਈਮਜ਼ ਉਸ ਸੰਵਾਦ ਦੀ ਪਰੰਪਰਾ ਨੂੰ ਸਾਡੇ ਸਾਹਮਣੇ ਰੱਖਦਾ ਪਿਆ ਐ। ਵਿਰੋਧੀ ਵਿਚਾਰ ਨੇ, ਇਕ ਦੂਜੇ ਦੇ ਵੱਖਰੇ ਵਿਚਾਰ ਨੇ, ਪਰ ਉਹ ਕਹਿੰਦਾ ਹੈ, ਆਓ, ਇਕ ਦੂਜੇ ਦੇ ਗਲ ਨਾ ਪਓ, ਇਕ ਦੂਜੇ ਦੀਆਂ ਪੱਗਾਂ ਨਾ ਲਾਹੋ, ਵਿਚਾਰਾਂ ਦੇ ਟਕਰਾਓ ਨੂੰ ਵਿਚਾਰਾਂ ਦੀ ਪੇਸ਼ਕਾਰੀ ਦੇ ਨਾਲ ਇਕ ਦੂਜੇ ਨੂੰ ਕੱਟਣ ਦੀ ਕੋਸ਼ਿਸ਼ ਕਰੀਏ ਤੇ ਆਪਣੇ ਆਪ ਨੂੰ ਸਥਾਪਤ ਕਰਨ ਦੀ ਕੋਸ਼ਿਸ਼ ਕਰੀਏ। ਇਹ ਪਲੇਟਫਾਰਮ ਸਾਨੂੰ ਪੰਜਾਬ ਟਾਈਮਜ਼ ਨੇ ਮੁਹੱਈਆ ਕੀਤਾ ਹੈ।"

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬੀ ਦੇ ਸਿਰਮੌਰ ਕਹਾਣੀਕਾਰ ਵਰਿਆਮ ਸਿੰਘ ਸੰਧੂ ਨੇ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਮੌਕੇ ਇਥੋਂ ਦੀ ਸਬਰਬ ਅਰਲਿੰਗਟਨ ਹਾਈਟਸ ਦੇ ਅਟਲਾਂਟਿਸ ਬੈਂਕੁਇਟ ਹਾਲ ਵਿਚ ਹੋਏ ਸਮਾਗਮ ਨੂੰ ਸੰਬੋਧਨ ਕਰਦਿਆਂ ਕੀਤਾ।

ਆਪਣੀ ਗੱਲ ਜਾਰੀ ਰੱਖਦਿਆਂ ਉਨ੍ਹਾਂ ਕਿਹਾ, "ਮੈਂ ਇਹ ਗੱਲ ਬੜੀ ਜਿੰਮੇਵਾਰੀ ਨਾਲ ਕਹਿ ਰਿਹਾਂ ਕਿ ਗਦਰੀ ਬਾਬਿਆਂ ਨੇ 'ਗਦਰ' ਅਖਬਾਰ ਸ਼ੁਰੂ ਕਰ ਕੇ ਜਿਹੜੀ ਵੱਡੀ ਜੰਗ ਦਾ ਅਰੰਭ ਕੀਤਾ ਸੀ, ਪੰਜਾਬ ਟਾਈਮਜ਼ ਉਸੇ ਜੰਗ ਨੂੰ ਲੜਨ ਵਾਲਾ ਉਹਦਾ ਸੱਚਾ ਸੁੱਚਾ ਵਾਰਸ ਹੈ ਅਤੇ ਇਹ ਪੰਜਾਬੀ ਦਾ 'ਗਦਰ' ਤੋਂ ਬਾਅਦ ਉਹ ਅਖਬਾਰ ਹੈ ਜਿਹੜਾ ਪੂਰੇ ਮਾਣ ਦੇ ਨਾਲ ਸਿਰ ਚੁੱਕ ਕੇ ਇਹ ਕਹਿ ਸਕਦਾ ਹੈ, 'ਅਸੀਂ ਗਦਰੀ ਬਾਬਿਆਂ ਦੇ ਸੁਨੇਹੇ ਦੇ ਸੱਚੇ ਸੁੱਚੇ ਵਾਰਸ ਹੈਗੇ ਆਂ।' ਗਦਰੀ ਬਾਬਿਆਂ ਨੇ ਹਿੰਦੂ, ਮੁਸਲਮਾਨਾਂ ਤੇ ਸਿੱਖਾਂ ਨੂੰ ਇਕ ਮੰਚ 'ਤੇ ਲਿਆ ਕੇ ਆਜ਼ਾਦੀ ਦੀ ਲੜਾਈ ਲੜੀ। ਪੰਜਾਬ ਟਾਈਮਜ਼ ਉਸੇ ਸਿਧਾਂਤ ਨੂੰ ਲੈ ਕੇ ਅੱਗੇ ਵਧ ਰਿਹਾ ਹੈ।

ਅੱਜ ਜਦੋਂ ਅਸੀਂ ਹਿੰਦੂ ਬਣਦੇ ਜਾ ਰਹੇ ਹਾਂ, ਅਸੀਂ ਸਿੱਖ ਬਣਦੇ ਜਾ ਰਹੇ ਹਾਂ, ਅਸੀਂ ਮੁਸਲਮਾਨ ਬਣਦੇ ਜਾ ਰਹੇ ਹਾਂ, ਪੰਜਾਬ ਟਾਈਮਜ਼ ਹੋਕਾ ਦੇ ਰਿਹਾ ਹੈ ਉਹ ਗਦਰੀ ਬਾਬਿਆਂ ਦਾ:

ਹੁੰਦਾ ਸੀ ਇਥੇ ਸ਼ਖਸ ਇਕ ਸੱਚਾ ਕਿਧਰ ਗਿਆ

ਇਸ ਪੱਥਰਾਂ ਦੇ ਸ਼ਹਿਰ 'ਚੋਂ ਸ਼ੀਸਾ ਕਿੱਧਰ ਗਿਆ।

ਹਿੰਦੂਆਂ, ਸਿੱਖਾਂ ਤੇ ਮੁਸਲਮਾਨਾਂ ਦੀ ਭੀੜ ਵਿਚ

ਰੱਬ ਢੂੰਡਦਾ ਫਿਰੇ ਮੇਰਾ ਬੰਦਾ ਕਿੱਧਰ ਗਿਆ।

ਅਮੋਲਕ ਸਿੰਘ ਉਹ ਚਿਰਾਗ ਹੈ, ਪੰਜਾਬ ਟਾਈਮਜ਼ ਉਹ ਚਿਰਾਗ ਹੈ ਜੋ ਗਦਰੀ ਦੀ ਲੜਾਈ ਤੋਂ ਬਾਅਦ, ਇਕ ਛੋਟਾ ਦੀਵਾ ਹੈ ਭਾਵੇਂ ਪਰ ਜਿਥੋਂ ਜਿਥੋਂ ਤੱਕ ਬਲ ਕੇ ਇਹਦੀ ਕੋਸ਼ਿਸ਼ ਹੈ, ਜਿੰਨੀ ਤਾਕਤ ਹੈ ਇਹਦੇ ਵਿਚ, ਇਹ ਅਗਿਆਨ ਦੇ ਹਨੇਰੇ ਨੂੰ ਦੂਰ ਕਰਨ ਦੀ ਕੋਸ਼ਿਸ਼ ਕਰਦਾ ਪਿਆ ਹੈ।

ਅਮੋਲਕ ਬੋਲ ਨਹੀਂ ਸਕਦਾ ਪਰ ਅਖਬਾਰ ਰਾਹੀਂ ਪੂਰੇ ਉਤਰੀ ਅਮਰੀਕਾ ਵਿਚ ਇਹਦੀ ਆਵਾਜ਼ ਸ਼ੇਰ ਦੀ ਗਰਜ ਵਾਂਗ ਗੂੰਜਦੀ ਪਈ ਐ।"

ਉਨ੍ਹਾਂ ਕਿਹਾ ਕਿ ਅੱਜ ਸਾਰਾ ਮੀਡੀਆ ਵਿਕਿਆ ਪਿਆ ਹੈ, ਉਨ੍ਹਾਂ ਦੀ ਆਪਣੀ ਆਵਾਜ਼ ਕੋਈ ਨਹੀਂ, ਉਹ ਧੂਤੂ ਨੇ, ਉਹ ਉਹ ਬੋਲਦੇ ਨੇ ਜਿਹੜੇ ਉਨ੍ਹਾਂ ਦੇ ਪਿਛੇ ਉਨ੍ਹਾਂ ਦੇ ਆਕਾ, ਪੈਸੇ ਦੇਣ ਵਾਲੇ ਕਹਿੰਦੇ ਨੇ। ਬੋਲਣ ਵਾਲਾ ਕੋਈ ਕੋਈ ਬਚਿਆ ਹੈ। ਪੰਜਾਬ ਟਾਈਮਜ਼ ਦੀ ਕੋਈ ਟੇਕ ਨਹੀਂ ਵੱਡੇ ਬੰਦਿਆਂ 'ਤੇ, ਉਹਦੀ ਟੇਕ ਤਾਂ ਹੈ, ਆਪਣੇ ਭਾਈਚਾਰੇ 'ਤੇ।

ਅਮੋਲਕ ਸਿੰਘ ਤੇ ਪੰਜਾਬ ਟਾਈਮਜ਼ ਮੈਨੂੰ ਆਪਣੀ ਗੱਲ ਕੁਝ ਇੰਜ ਕਹਿੰਦੇ ਲਗਦੇ ਨੇ,

ਹਮ ਫਕੀਰੋਂ ਸੇ ਜੋ ਚਾਹੇ ਦੁਆ ਲੇ ਜਾਏ,
ਫਿਰ ਖੁਦਾ ਜਾਨੇ ਹਮ ਕੋ ਕਹਾਂ ਹਵਾ ਲੇ ਜਾਏ,
ਹਮ ਤੋ ਸ਼ੱਰੇ ਰਾਹ ਲੀਏ ਬੈਠੇ ਹੈਂ ਚਿੰਗਾਰੀ,
ਜਿਸ ਕਾ ਜੀਅ ਚਾਹੇ ਚਿਰਾਗੋਂ ਕੋ ਜਲਾ ਲੇ ਜਾਏ।

ਉਨ੍ਹਾਂ ਕਿਹਾ ਕਿ ਅੱਜ 'ਪੰਜਾਬ ਟਾਈਮਜ਼' ਪੰਜਾਬੀ ਜ਼ੁਬਾਨ ਦੀ ਅਮੀਰੀ, ਨਫਾਸਤ, ਸਭਿਆਚਾਰ ਦੀ ਆਵਾਜ਼ ਬੁਲੰਦ ਕਰ ਰਿਹਾ ਹੈ। ਇਹ ਜੰਗ ਭਾਵੇਂ ਗਦਰੀਆਂ ਦੀ ਜੰਗ ਤੋਂ ਬਹੁਤ ਛੋਟੀ ਹੈ ਪਰ 'ਪੰਜਾਬ ਟਾਈਮਜ਼' ਉਹ ਚਿਰਾਗ ਹੈ ਜੋ ਆਪਣਾ ਆਪਾ ਬਾਲ ਕੇ ਆਪਣੇ ਵਿਤ ਮੁਤਾਬਕ ਹਨੇਰਾ ਕੱਟਣ ਦਾ ਯਤਨ ਕਰ ਰਿਹਾ ਹੈ। ਪੂਰੇ ਉਤਰੀ ਅਮਰੀਕਾ ਵਿਚ ਇਸ ਪਰਚੇ ਦੀ ਆਵਾਜ਼ ਗੂੰਜ ਰਹੀ ਹੈ। ਇਹ ਸਾਰਾ ਕੁਝ ਅਮੋਲਕ ਸਿੰਘ ਜੰਮੂ ਵਰਗੀ ਸ਼ਖਸੀਅਤ ਅਤੇ ਉਸ ਦੇ ਜਜ਼ਬੇ ਕਰ ਕੇ ਹੀ ਸੰਭਵ ਹੋ ਸਕਿਆ ਹੈ। ਸਭ ਤੋਂ ਵੱਡੀ ਗੱਲ 'ਪੰਜਾਬ ਟਾਈਮਜ਼' ਨੇ ਪੱਤਰਕਾਰੀ ਦੇ ਅਸੂਲਾਂ ਉਤੇ ਸਦਾ ਹੀ ਪਹਿਰਾ ਦਿੱਤਾ ਹੈ। ਅਮੋਲਕ ਸਿੰਘ ਪੂਰੀ ਤਰ੍ਹਾਂ ਸਿਹਤਯਾਬ ਨਾ ਹੋਣ ਦੇ ਬਾਵਜੂਦ ਮਿੱਤਰਾਂ-ਪਿਆਰਿਆਂ ਅਤੇ ਹਮ-ਖਿਆਲੀਆਂ ਦੇ ਸਾਥ ਨਾਲ ਪੱਤਰਕਾਰੀ ਦੇ ਰਣ-ਤੱਤੇ ਵਿਚ ਜੂਝ ਰਿਹਾ ਹੈ।

ਵਰਿਆਮ ਸੰਧੂ ਦੀ ਤਕਰੀਰ ਇੰਨੀ ਬਾਦਲੀਲ ਅਤੇ ਜਜ਼ਬਾਤੀ ਸੀ ਕਿ ਸਰੋਤੇ ਇਸ ਤਰ੍ਹਾਂ ਸੁੰਨ ਹੋਏ ਸੁਣ ਰਹੇ ਸਨ ਜਿਵੇਂ ਉਨ੍ਹਾਂ ਨੂੰ ਮੰਤਰ ਮੁਗਧ ਕਰ ਲਿਆ ਗਿਆ ਹੋਵੇ।

ਇਸ ਤੋਂ ਪਹਿਲਾਂ ਪੰਜਾਬ ਟਾਈਮਜ਼ ਦੇ ਸੰਪਾਦਕ ਸ. ਅਮੋਲਕ ਸਿੰਘ ਜੰਮੂ ਨੇ ਆਪਣੇ ਸੰਖੇਪ ਸੁਨੇਹੇ, ਜੋ ਉਨ੍ਹਾਂ ਦੀ ਤਰਫੋਂ ਗੁਰਮੁਖ ਸਿੰਘ ਭੁੱਲਰ ਨੇ ਪੜ੍ਹਿਆ, ਵਿਚ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਸਭ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਸੰਨ 2000 ਵਿਚ ਇਕ ਛੋਟੇ ਜਿਹੇ ਮੈਗਜ਼ੀਨ ਸਾਈਜ਼ ਤੋਂ ਸ਼ੁਰੂ ਹੋ ਕੇ ਅਜ ਜੇ ਇਹ ਪਰਚਾ ਤਿੰਨ ਐਡੀਸ਼ਨਾਂ ਵਿਚ ਛਪਦਾ ਹੈ ਤੇ ਸਭ ਤੋਂ ਵੱਧ ਪੜ੍ਹਿਆ ਜਾਂਦਾ ਹੈ ਤਾਂ ਇਹ ਸਭ ਤੁਹਾਡੇ ਸਹਿਯੋਗ ਅਤੇ ਹੱਲਾਸ਼ੇਰੀ ਸਦਕਾ ਹੀ ਹੈ।

ਪੱਤਰਕਾਰੀ ਨੂੰ ਇਕ ਔਖਾ ਪੇਸ਼ਾ ਕਰਾਰ ਦਿੰਦਿਆਂ ਸ. ਜੰਮੂ ਨੇ ਕਿਹਾ ਕਿ ਪਰਦੇਸਾਂ ਵਿਚ ਤਾਂ ਇਹ ਕੰਮ ਹੋਰ ਵੀ ਔਖਾ ਹੈ। ਇਸ ਦੀ ਮੁਖ ਵਜ੍ਹਾ ਸਾਡੇ ਭਾਈਚਾਰੇ ਵਿਚਲੀਆਂ ਧੜੇਬੰਦੀਆਂ ਹਨ, ਜਿਨ੍ਹਾਂ ਵਿਚਾਲੇ ਸੰਤੁਲਨ ਬਣਾ ਕੇ ਚਲਣਾ ਕੋਈ ਸੌਖਾ ਕੰਮ ਨਹੀਂ। ਅਜੋਕੇ ਹਾਲਾਤ ਇਹ ਹਨ ਕਿ ਨੀਵੇਂ ਪੱਧਰ ਦੀ ਮੁਕਾਬਲੇਬਾਜੀ ਕਰਕੇ ਕਿਸੇ ਵੀ ਮਿਆਰੀ ਅਖਬਾਰ ਲਈ ਖਰਚੇ ਪੂਰੇ ਕਰਨੇ ਔਖੇ ਹੁੰਦੇ ਜਾ ਰਹੇ ਹਨ।

ਜ਼ਜਬਾਤੀ ਹੁੰਦਿਆਂ ਉਨ੍ਹਾਂ ਕਿਹਾ ਕਿ ਸੱਚ ਜਾਣੋ ਤਾਂ ਇਸ ਅਖਬਾਰ ਨੂੰ ਚਲਾਉਣ ਪਿਛੇ ਮੇਰਾ ਇਕ ਬਹੁਤ ਵੱਡਾ ਸਵਾਰਥ ਵੀ ਹੈ। ਇਹ ਸਵਾਰਥ ਹੈ, ਅਖਬਾਰ ਵਿਚ ਆਪਣੇ-ਆਪ ਨੂੰ ਮਸ਼ਰੂਫ ਰਖ ਕੇ ਚੜ੍ਹਦੀ ਕਲਾ ਵਿਚ ਰਹਿਣਾ। ਜਿਸ ਤਰ੍ਹਾਂ ਦੇ ਲਾਇਲਾਜ ਰੋਗ ਨਾਲ ਮੈਨੂੰ ਜੂਝਣਾ ਪੈ ਰਿਹਾ ਹੈ, ਸਰੀਰਕ ਮੁਸ਼ਕਿਲਾਂ ਕਰਕੇ ਬੰਦੇ ਦਾ ਢੇਰੀ ਢਾਹ ਬਹਿਣਾ ਬਹੁਤ ਸੰਭਵ ਹੁੰਦਾ ਹੈ। ਜਦੋਂ ਮੈਂ ਅਖਬਾਰ ਦੇ ਕੰਮ ਵਿਚ ਰੁਝਾ ਹੁੰਦਾ ਹਾਂ ਤਾਂ ਮੈਨੂੰ ਆਪਣੀਆਂ ਸਰੀਰਕ ਮੁਸ਼ਕਿਲਾਂ ਉਕਾ ਹੀ ਭੁਲ ਜਾਂਦੀਆਂ ਹਨ। ਮੈਂ ਤੁਹਾਡਾ ਸਭ ਦਾ ਬਹੁਤ ਹੀ ਧੰਨਵਾਦੀ ਹਾਂ, ਜਿਨ੍ਹਾਂ ਕਰਕੇ ਇਹ ਅਖਬਾਰ ਚਲ ਰਿਹਾ ਹੈ ਤੇ ਮੈਂ ਚੜ੍ਹਦੀ ਕਲਾ ਵਿਚ ਹਾਂ।

ਪ੍ਰੋਗਰਾਮ ਦੇ ਸ਼ੁਰੂ ਵਿਚ ਠਾਕਰ ਸਿੰਘ ਬਸਾਤੀ ਨੇ ਪੰਜਾਬ ਟਾਈਮਜ਼ ਦੀ ਲੋਕਪ੍ਰਿਯਤਾ

*(ਬਾਕੀ ਸਫਾ 14 'ਤੇ)*



*ਪ੍ਰੋ. ਵਰਿਆਮ ਸਿੰਘ ਸੰਧੂ*



*ਪ੍ਰਿੰ. ਸਰਵਣ ਸਿੰਘ*



*ਡਾ. ਗੁਰਬਖਸ਼ ਸਿੰਘ ਭੰਡਾਲ*



*ਜਸਵਿੰਦਰ ਸਿੰਘ (ਜੱਸੀ) ਗਿੱਲ*



*ਗੁਰਚਰਨ ਸਿੰਘ ਮਾਨ*



*ਪ੍ਰੀਤਮ ਸਿੰਘ ਗਰੇਵਾਲ*



*ਮਨਮੋਹਨ ਸਿੰਘ ਪੂਨੀ*



*ਇਨਕਲਾਬੀ ਬਾਂਦੀ*



*ਭੁਪਿੰਦਰ ਸਿੰਘ (ਬਾਬ) ਹੁੰਦਲ*



*ਅਵਤਾਰ ਸਿੰਘ ਸਪਰਿੰਗਫੀਲਡ*



*ਮਨਜੀਤ ਸਿੰਘ ਗਿੱਲ*



*ਠਾਕਰ ਸਿੰਘ ਬਸਾਤੀ*



*ਭਗਤ ਸਿੰਘ ਖਹਿਰਾ*



*ਗੁਰਮੁਖ ਸਿੰਘ ਭੁੱਲਰ*



*ਤਾਰਾ ਮੁਲਤਾਨੀ*



# ਕਾਂਗਰਸੀ ਉਮੀਦਵਾਰ 'ਤੇ ਪਰਚਾ ਦਰਜ ਕਰਨ ਵਾਲਾ ਥਾਣੇਦਾਰ ਘਿਰਿਆ

**ਜਲੰਧਰ:** ਸ਼ਾਹਕੋਟ ਜ਼ਿਮਨੀ ਚੋਣ ਲਈ ਕਾਂਗਰਸੀ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਵਿਰੁੱਧ ਪਰਚਾ ਦਰਜ ਕਰਨ ਵਾਲਾ ਥਾਣੇਦਾਰ ਪਰਮਿੰਦਰ ਸਿੰਘ ਬਾਜਵਾ ਆਪ ਹੀ ਘਿਰ ਗਿਆ ਹੈ। ਉਸ ਨੂੰ ਜਲੰਧਰ ਪੁਲਿਸ ਨੇ ਅਦਾਲਤੀ ਕੰਪਲੈਕਸ ਦੇ ਬਾਹਰੋਂ ਗ੍ਰਿਫਤਾਰ ਕਰ ਲਿਆ। ਥਾਣੇਦਾਰ ਬਾਜਵਾ ਖਿਲਾਫ਼ ਪੁਲਿਸ ਮੁਲਾਜ਼ਮਾਂ ਦੀ ਡਿਊਟੀ 'ਚ ਵਿਘਨ ਪਾਉਣ ਦੇ ਮਾਮਲੇ ਵਿਚ ਥਾਣਾ ਬਾਰਾਂਦਰੀ ਵਿਚ ਆਈ.ਪੀ.ਸੀ ਦੀ ਧਾਰਾ 353, 186 ਅਤੇ ਆਰਮਜ਼ ਦੇ ਤਹਿਤ ਕੇਸ ਦਰਜ ਕੀਤਾ ਗਿਆ ਹੈ। ਬਾਜਵਾ ਉਤੇ ਦੋਸ਼ ਹੈ ਕਿ ਉਸ ਨੇ ਅਦਾਲਤੀ ਕੰਪਲੈਕਸ 'ਚ ਡਿਊਟੀ ਦੇ ਰਹੇ ਮੁਲਾਜ਼ਮ ਨੂੰ ਧੱਕਾ ਮਾਰਿਆ ਅਤੇ ਉਹ ਹਥਿਆਰ ਦਿਖਾ ਕੇ ਜਬਰਦਸਤੀ ਅਦਾਲਤ 'ਚ ਦਾਖਲ ਹੋ ਗਿਆ।



ਦੱਸ ਦਈਏ ਕਿ ਬਾਜਵਾ ਨੇ ਸੈਸ਼ਨ ਜੱਜ ਅੱਗੇ ਆਪਣੀ ਜਾਨ ਨੂੰ ਸਰਕਾਰ ਤੋਂ ਖਤਰਾ ਦੱਸਿਆ ਅਤੇ ਸੁਰੱਖਿਆ ਦੀ ਮੰਗ ਕੀਤੀ ਸੀ। ਥਾਣੇਦਾਰ ਬਾਜਵਾ ਅਦਾਲਤ 'ਚ ਆਪਣਾ ਰਿਵਾਲਵਰ ਵੀ ਜੱਜ ਦੇ ਸਾਹਮਣੇ ਲੈ ਗਿਆ। ਇਸ ਮੌਕੇ ਬਾਜਵਾ ਨੇ ਆਪਣਾ ਹੁਲੀਆ ਬਦਲਣ ਲਈ ਕੈਪਰੀ ਪਾਈ ਹੋਈ ਸੀ ਤੇ ਸਿਰ ਨੂੰ ਵੀ ਅਜੀਬ ਤਰੀਕੇ ਨਾਲ ਢਕਿਆ ਹੋਇਆ ਸੀ। ਅਦਾਲਤ ਵਿਚ ਕੈਪਰੀ ਪਾ ਕੇ ਆਉਣ ਦੀ ਜੱਜ ਨੇ ਰੋਕ ਲਗਾਈ ਹੋਈ ਹੈ। ਅਦਾਲਤੀ ਕੰਪਲੈਕਸ 'ਚ ਡਿਊਟੀ ਦੇ ਰਹੇ ਪੁਲਿਸ ਮੁਲਾਜ਼ਮਾਂ ਨੇ ਬਾਜਵਾ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਉਹ ਦੌੜ ਕੇ ਕੋਰਟ ਰੂਮ ਵਿਚ ਪੁੱਜ ਕੇ ਕਟਹਿਰੇ ਵਿਚ ਖੜ੍ਹਾ ਹੋ ਗਿਆ। ਜੱਜ ਦੇ ਅੱਗੇ ਜਾ ਕੇ ਬਾਜਵਾ ਨੇ ਰਿਵਾਲਵਰ ਕੱਢ ਲਿਆ ਅਤੇ ਕਿਹਾ ਕਿ ਉਸ ਦੇ ਕੋਲ ਇਹੀ ਹਥਿਆਰ ਹੈ ਜਦਕਿ ਪੁਲਿਸ ਨੇ ਉਸ ਦੇ ਹਥਿਆਰ ਵਾਪਸ ਲੈ ਲਏ ਹਨ। ਜੱਜ ਨੇ ਬਾਜਵਾ ਦੀ ਅਪੀਲ ਸੁਣਨ ਤੋਂ ਇਨਕਾਰ ਕਰਦਿਆਂ ਕਿਹਾ ਕਿ ਸੁਰੱਖਿਆ ਮੁਹੱਈਆ ਕਰਵਾਉਣਾ ਉਨ੍ਹਾਂ ਦੇ ਅਧਿਕਾਰਾਂ 'ਚ ਨਹੀਂ ਅਤੇ ਇਸ ਲਈ ਉਹ ਹਾਈ ਕੋਰਟ ਜਾ ਸਕਦੇ ਹਨ।

ਇਸ ਤੋਂ ਬਾਅਦ ਬਾਜਵਾ ਅੰਦਰ ਹੀ ਬੈਠ ਗਿਆ ਅਤੇ ਹਾਈ ਕੋਰਟ ਪਹੁੰਚਣ ਤੱਕ ਸੁਰੱਖਿਆ ਦੇਣ ਦੀ ਮੰਗ ਕੀਤੀ। ਇਸ ਤੋਂ ਬਾਅਦ ਜਦ ਸਮਝਾਉਣ ਤੋਂ ਬਾਅਦ ਬਾਜਵਾ ਨੂੰ ਅਦਾਲਤ ਤੋਂ ਬਾਹਰ ਲਿਆਂਦਾ ਗਿਆ ਤਾਂ ਗੇਟ ਤੋਂ ਨਿਕਲਦਿਆਂ ਹੀ ਥਾਣਾ ਬਾਰਾਂਦਰੀ ਦੀ ਪੁਲਿਸ ਨੇ ਬਾਜਵਾ ਨੂੰ ਹਿਰਾਸਤ 'ਚ ਲੈ ਲਿਆ ਅਤੇ ਥਾਣੇ ਲੈ ਗਏ। ਗ੍ਰਿਫਤਾਰੀ ਤੋਂ ਪਹਿਲਾਂ ਥਾਣੇਦਾਰ ਬਾਜਵਾ ਨੇ ਐਸ.ਐਚ.ਓ ਬਲਬੀਰ ਸਿੰਘ ਨਾਲ ਕਾਫੀ ਬਹਿਸ ਕੀਤੀ ਅਤੇ ਉਸ ਵੱਲੋਂ ਦਿੱਤੀਆਂ ਸ਼ਿਕਾਇਤਾਂ ਬਾਰੇ ਵੀ ਪੁੱਛਿਆ। ਬਾਜਵਾ ਦੇ ਵਕੀਲ ਨੇ ਹਾਈ ਕੋਰਟ ਦਾ ਦਰਵਾਜ਼ਾ ਖੜਕਾਉਣ ਦੀ ਗੱਲ ਕੀਤੀ ਹੈ।

# ਜ਼ਮੀਨ ਘੁਟਾਲੇ 'ਚ ਕੈਪਟਨ ਦੀਆਂ ਮੁਸ਼ਕਿਲਾਂ ਵਧੀਆਂ

**ਮੁਹਾਲੀ:** ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੇ ਬਹੁ-ਚਰਚਿਤ 32 ਏਕੜ ਜ਼ਮੀਨ ਘੁਟਾਲੇ ਵਿਚ ਨਾਮਜ਼ਦ ਸੂਬੇ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀਆਂ ਮੁਸ਼ਕਲਾਂ ਵਧ ਗਈਆਂ ਹਨ। ਸੁਪਰੀਮ ਕੋਰਟ ਦੇ ਪੰਜ ਜੱਜਾਂ ਉਤੇ ਅਧਾਰਤ ਸੰਵਿਧਾਨਕ ਬੈਂਚ ਦੇ ਪਿਛਲੇ ਦਿਨੀਂ ਆਏ ਫੈਸਲੇ ਦਾ ਇਸ ਕੇਸ ਉਤੇ ਅਸਰ ਪੈ ਸਕਦਾ ਹੈ।



ਸੁਪਰੀਮ ਕੋਰਟ ਦੇ ਇਨ੍ਹਾਂ ਦਿਸ਼ਾ ਨਿਰਦੇਸ਼ਾਂ ਨਾਲ ਕੈਪਟਨ ਵਿਰੁੱਧ ਸਰਕਾਰੀ ਗਵਾਹ ਬਣਨ ਦੀ ਪੇਸ਼ਕਸ਼ ਕਰਨ ਵਾਲੇ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਦਾ ਪੱਖ ਵਧੇਰੇ ਮਜ਼ਬੂਤ ਹੋਇਆ ਹੈ।

ਸੁਪਰੀਮ ਕੋਰਟ ਦੇ ਇਸ ਫੈਸਲੇ ਅਨੁਸਾਰ ਕੈਪਟਨ ਅਮਰਿੰਦਰ ਸਿੰਘ ਸਮੇਤ ਹੋਰਨਾਂ ਰਾਜਸੀ ਆਗੂਆਂ ਅਤੇ ਸੇਵਾ ਮੁਕਤ ਅਧਿਕਾਰੀਆਂ ਵਿਰੁੱਧ ਮੁਹਾਲੀ ਦੇ ਵਧੀਕ ਜ਼ਿਲ੍ਹਾ ਤੇ ਸੈਸ਼ਨ ਜੱਜ ਜਸਵਿੰਦਰ ਸਿੰਘ ਦੀ ਅਦਾਲਤ ਵਿਚ ਚੱਲ ਰਹੇ ਕੇਸ ਵਿਚ ਹੁਣ ਇਕ ਨਵਾਂ ਮੋੜ ਆ ਸਕਦਾ ਹੈ, ਜਿਸ ਅਨੁਸਾਰ ਵਿਧਾਨ ਸਭਾ ਦੀ ਸਪੈਸ਼ਲ ਕਮੇਟੀ ਦੀ ਰਿਪੋਰਟ, ਜਿਸ ਨੇ ਅੰਮ੍ਰਿਤਸਰ ਨਗਰ ਸੁਧਾਰ ਟਰੱਸਟ ਦੀ ਜ਼ਮੀਨ ਘੁਟਾਲੇ ਸਬੰਧੀ ਬੀਰਦਵਿੰਦਰ ਦੇ ਨਿਸ਼ਾਨ ਵਾਲੇ ਪ੍ਰਸ਼ਨ ਨੰਬਰ 1540 ਦੀ ਦ੍ਰਿਸ਼ਟੀ ਵਿਚ ਪੜਤਾਲ ਕੀਤੀ ਸੀ। ਉਹ ਸਾਰੀ ਦੀ ਸਾਰੀ ਰਿਪੋਰਟ ਹੁਣ ਗਵਾਹੀ ਦੇ ਤੌਰ ਉਤੇ ਮੰਨੀ ਜਾ ਸਕਦੀ ਹੈ।

## ਜੇਲ੍ਹ ਦੀ ਕੰਧ ਟੱਪ ਕੇ ਦੋ ਹਵਾਲਾਤੀ ਫਰਾਰ

**ਲੁਧਿਆਣਾ:** ਕੇਂਦਰੀ ਜੇਲ੍ਹ ਵਿਚੋਂ ਦੋ ਹਵਾਲਾਤੀ ਭਰਾ ਅਮਲੋਹ ਦੇ ਹਰਵਿੰਦਰ ਸਿੰਘ ਅਤੇ ਜਸਬੀਰ ਸਿੰਘ ਫਰਾਰ ਹੋ ਗਏ ਹਨ। ਉਨ੍ਹਾਂ ਦੇ ਫਰਾਰ ਹੋਣ ਦਾ ਪਤਾ ਉਸ ਸਮੇਂ ਲੱਗਿਆ, ਜਦੋਂ ਜੇਲ੍ਹ ਪ੍ਰਸ਼ਾਸਨ ਰਾਤ ਨੂੰ ਕੈਦੀਆਂ ਅਤੇ ਹਵਾਲਾਤੀਆਂ ਨੂੰ ਬੈਰਕਾਂ 'ਚ ਬੰਦ ਕਰ ਰਿਹਾ ਸੀ। ਪਹਿਲਾਂ ਤਾਂ ਜੇਲ੍ਹ ਅਧਿਕਾਰੀ ਅਤੇ ਮੁਲਾਜ਼ਮ ਦੋਹਾਂ ਨੂੰ ਆਪਣੇ ਪੱਧਰ 'ਤੇ ਲੱਭਦੇ ਰਹੇ ਪਰ ਜਦੋਂ ਉਨ੍ਹਾਂ ਦਾ ਕੁਝ ਵੀ ਪਤਾ ਨਾ ਲੱਗਿਆ ਤਾਂ ਪੁਲਿਸ ਨੂੰ ਇਸ ਦੀ ਜਾਣਕਾਰੀ ਦਿੱਤੀ ਗਈ।

ਜੇਲ੍ਹ ਪ੍ਰਸ਼ਾਸਨ ਨੂੰ ਸ਼ੱਕ ਹੈ ਕਿ ਦੋਵੇਂ ਮੁਲਜ਼ਮ ਜੇਲ੍ਹ ਦੀ 15 ਫੁੱਟ ਉਚੀ ਦੀਵਾਰ ਨੂੰ ਫਿਲਮੀ ਸਟਾਈਲ ਵਿਚ ਟੱਪ ਕੇ ਫਰਾਰ ਹੋਏ ਹਨ। ਦੱਸਣਯੋਗ ਹੈ ਕਿ ਵੱਖ-ਵੱਖ ਅਪਰਾਧਿਕ ਮਾਮਲਿਆਂ 'ਚ ਜੇਲ੍ਹ ਅੰਦਰ ਬੰਦ ਕੈਦੀਆਂ ਅਤੇ ਹਵਾਲਾਤੀਆਂ ਨੂੰ ਸਵੇਰੇ ਬੈਰਕਾਂ ਤੋਂ ਬਾਹਰ ਕੱਢ ਦਿੱਤਾ ਜਾਂਦਾ ਹੈ ਅਤੇ ਦੇਰ ਸ਼ਾਮ ਨੂੰ ਬੈਰਕਾਂ ਵਿਚ ਦੁਬਾਰਾ ਬੰਦ ਕੀਤਾ ਜਾਂਦਾ ਹੈ। ਇਸ ਤੋਂ ਪਹਿਲਾਂ ਸਾਰਿਆਂ ਦੀ ਹਾਜ਼ਰੀ ਲੱਗਦੀ ਹੈ।

# ਕੈਪਟਨ ਸਰਕਾਰ ਲਈ ਟੇਢੀ ਖੀਰ ਬਣਿਆ ਮਾਈਨਿੰਗ ਮਸਲਾ

**ਚੰਡੀਗੜ੍ਹ:** ਮਾਈਨਿੰਗ ਦਾ ਮਾਮਲਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਰਕਾਰ ਲਈ ਟੇਢੀ ਖੀਰ ਬਣਿਆ ਹੋਇਆ ਹੈ। ਮੰਤਰੀ ਮੰਡਲ ਦੀ ਮਾਈਨਿੰਗ ਸਬ ਕਮੇਟੀ ਦੇ ਮੁਖੀ ਨਵਜੋਤ ਸਿੰਘ ਸਿੱਧੂ ਨੇ ਕਮੇਟੀ ਦੀ ਜੋ ਰਿਪੋਰਟ ਮੁੱਖ ਮੰਤਰੀ ਨੂੰ ਸੌਂਪੀ ਸੀ, ਸਰਕਾਰ ਉਸ ਤੋਂ ਟਲਨ ਦਾ ਰਾਹ ਲੱਭ ਰਹੀ ਹੈ। ਇਸ ਵਿਚ ਰੇਤੇ-ਬਜਰੀ ਦੇ ਖਣਨ ਦਾ ਸਾਰਾ ਕਾਰੋਬਾਰ ਰਾਜ ਸਰਕਾਰ ਵੱਲੋਂ ਆਪਣੇ ਹੱਥਾਂ ਵਿਚ ਲੈਣ ਦੀ ਸਿਫਾਰਸ਼ ਕੀਤੀ ਗਈ ਸੀ। ਪਰ ਕਮੇਟੀ ਦੇ ਦੋ ਮੈਂਬਰਾਂ-ਦਿਹਾਤੀ ਵਿਕਾਸ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਅਤੇ ਮਾਲ ਮੰਤਰੀ ਸੁਖਬਿੰਦਰ ਸਿੰਘ ਸਰਕਾਰੀਆ ਇਸ ਦੇ ਹੱਕ ਵਿਚ ਨਹੀਂ ਲੱਗ ਰਹੇ। ਤੀਜਾ ਮੈਂਬਰ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਵੀ ਇਸ ਰਿਪੋਰਟ ਤੋਂ ਪੱਲਾ ਝਾੜ ਰਿਹਾ ਹੈ। ਹੁਣ ਸਥਿਤੀ ਇਹ ਹੈ ਕਿ ਸ੍ਰੀ ਸਿੱਧੂ ਇਕੱਲੇ ਰਹਿ ਗਏ।

ਦੱਸ ਦਈਏ ਕਿ ਪੰਜਾਬ ਵਿਚ ਰੇਤੇ-ਮਿੱਟੀ ਦਾ ਖਣਨ ਤਕਰੀਬਨ ਇਕ ਦਹਾਕੇ ਤੋਂ ਸਿਆਸਤਦਾਨਾਂ ਤੇ ਉਨ੍ਹਾਂ ਦੇ ਚੇਲੇ-ਬਾਲਕਿਆਂ ਲਈ ਉਪਰਲੀ ਆਮਦਨ ਦਾ ਆਸਾਨ ਜ਼ਰੀਆ ਬਣਿਆ ਰਿਹਾ ਹੈ।

\ਨਾਜਾਇਜ਼ ਮਾਈਨਿੰਗ ਦੇ ਕਾਰੋਬਾਰ ਨਾਲ 31 ਕਾਂਗਰਸੀ ਵਿਧਾਇਕਾਂ ਦੇ ਨਾਮ ਜੁੜਨ ਮਗਰੋਂ ਮੁੱਖ ਮੰਤਰੀ ਨੇ ਵਜ਼ਾਰਤੀ ਸਬ ਕਮੇਟੀ ਦਾ ਗਠਨ ਕੀਤਾ, ਪਰ ਇਸ ਦੀ ਰਿਪੋਰਟ ਤੋਂ ਉਪਜਿਆ ਰੇੜਕਾ ਸਭ ਠੀਕ ਨਾ ਹੋਣ ਦਾ ਸੰਕੇਤ ਹੈ। ਇਹ ਚਰਚਾ ਹੈ ਕਿ ਸਬ ਕਮੇਟੀ ਦੇ ਸਾਰੇ ਮੈਂਬਰ ਮਾਈਨਿੰਗ ਤੇ ਮਿਨਰਲਜ਼ ਕਾਰਪੋਰੇਸ਼ਨ ਬਣਾਉਣ ਦੀ ਤਜਵੀਜ਼ 'ਤੇ ਇਕਮਤ ਨਹੀਂ। ਜ਼ਾਹਿਰ ਹੈ ਕਿ ਮਾਈਨਿੰਗ ਮਾਫ਼ੀਆ ਨੇ ਇਥੇ ਵੀ ਕੁੰਡੀ ਪਾ ਲਈ ਹੈ।

ਸੂਤਰਾਂ ਮੁਤਾਬਕ ਕਮੇਟੀ ਵਿਚ ਸ਼ਾਮਲ ਮੰਤਰੀਆਂ ਦੀ ਸੁਰ ਨਹੀਂ ਰਲ ਰਹੀ। ਕੁਝ ਮੰਤਰੀ ਤਾਂ ਸਿੱਧੂ ਦੀ ਪਹਿਲਕਦਮੀ ਤੋਂ ਔਖੇ ਜਾਪਦੇ ਹਨ। ਉਨ੍ਹਾਂ ਨੂੰ ਲੱਗ ਰਿਹਾ ਹੈ ਕਿ ਸਿੱਧੂ ਕੁਝ ਜ਼ਿਆਦਾ ਹੀ ਕਾਹਲ ਵਿਖਾ ਰਹੇ ਹਨ। ਕੈਬਨਿਟ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦਾ ਕਹਿਣਾ ਹੈ ਕਿ ਰੇਤਾ ਨੀਤੀ ਨੂੰ ਅੰਤਿਮ ਰੂਪ ਦੇਣ ਲਈ ਸੱਤ ਮਈ ਨੂੰ ਸੱਦੀ ਗਈ ਮੀਟਿੰਗ ਬਾਰੇ ਨਾ ਉਨ੍ਹਾਂ ਨੂੰ ਤੇ ਨਾ ਹੀ ਉਨ੍ਹਾਂ ਦੇ ਵਿਭਾਗ ਨੂੰ ਕੋਈ ਜਾਣਕਾਰੀ ਸੀ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਮੀਟਿੰਗ ਵਿਚ ਦੇਰੀ ਨਾਲ ਪਹੁੰਚੇ ਸੀ। ਇਸ ਕਰ ਕੇ ਉਨ੍ਹਾਂ ਨੂੰ ਜਾਣਕਾਰੀ ਹੀ ਨਹੀਂ।

ਪੰਜਾਬ ਵਿਧਾਨ ਸਭਾ ਚੋਣਾਂ ਸਮੇਂ ਰੇਤੇ ਦੀ ਨਾਜਾਇਜ਼ ਖੁਦਾਈ ਦਾ ਅਹਿਮ ਚੋਣ ਮੁੱਦਾ ਸੀ ਤੇ ਕਾਂਗਰਸ ਨੇ ਰੇਤ ਮਾਫੀਆ ਖਤਮ ਕਰਨ ਦਾ ਵਾਅਦਾ ਕੀਤਾ ਸੀ ਪਰ ਅਜੇ ਤੱਕ ਸਰਕਾਰ ਇਸ ਵਾਅਦੇ ਪੂਰਾ ਕਰਨ ਉਤੇ ਖਰੀ ਨਹੀਂ ਉਤਰੀ ਸਗੋਂ ਰੇਤਾ ਦੇ ਮਾਮਲੇ ਤੋਂ ਸਰਕਾਰ ਦੇ ਅਕਸ ਨੂੰ ਕਾਫੀ ਢਾਹ ਲੱਗੀ ਹੈ। ਸ਼ਾਹਕੋਟ ਹਲਕੇ ਦੀ ਜ਼ਿਮਨੀ ਚੋਣ ਸਮੇਂ ਵੀ ਰੇਤ ਮਾਫੀਏ ਦੇ ਮੁੱਦੇ ਦੇ ਛਾਏ ਰਹਿਣ ਦੀ ਸੰਭਾਵਨਾ ਹੈ। ਇਸ ਮੁੱਦੇ ਕਰ ਕੇ ਹੀ ਰਾਣਾ ਗੁਰਜੀਤ ਸਿੰਘ ਨੂੰ ਮੰਤਰੀ ਦਾ ਅਹੁਦਾ ਛੱਡਣਾ ਪਿਆ ਸੀ।

# ਆਈ.ਸੀ.ਐਸ.ਈ. ਨਤੀਜੇ 'ਚ ਪੰਜਾਬ ਦੀਆਂ ਕੁੜੀਆਂ ਦੀ ਝੰਡੀ

**ਜਲੰਧਰ:** ਆਈ.ਸੀ.ਐਸ.ਈ. ਵੱਲੋਂ ਐਲਾਨੇ ਗਏ ਦਸਵੀਂ ਦੇ ਨਤੀਜਿਆਂ ਵਿਚ ਜਲੰਧਰ ਦੀਆਂ ਧੀਆਂ ਨੇ ਪੂਰੇ ਭਾਰਤ ਵਿਚੋਂ ਦੂਜਾ ਅਤੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਜਲੰਧਰ ਦੀ ਜੈਸਮੀਨ ਕੌਰ ਚਾਹਲ ਨੇ ਦੂਜਾ ਜਦਕਿ ਅਭਿਆ ਅਰੋੜਾ ਨੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਜੈਸਮੀਨ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 99.20 ਫੀਸਦੀ ਅਤੇ ਅਭਿਆ ਅਰੋੜਾ ਨੇ 99 ਫੀਸਦੀ ਅੰਕ ਪ੍ਰਾਪਤ ਕੀਤੇ ਹਨ। ਜਦਕਿ ਪਹਿਲੇ ਨੰਬਰ ਉਤੇ ਆਉਣ ਵਾਲੇ ਵਿਦਿਆਰਥੀ ਦੇ 99.40 ਫੀਸਦੀ ਅੰਕ ਹਨ। ਜੈਸਮੀਨ ਕੌਰ ਚਾਹਲ ਅਤੇ ਅਭਿਆ ਅਰੋੜਾ ਦੀ ਪ੍ਰਾਪਤੀ ਬਾਰੇ ਸੁਣਦਿਆਂ ਉਸ ਦੇ ਮਾਪਿਆਂ ਨੂੰ ਵਧਾਈਆਂ ਦੇਣ ਵਾਲਿਆਂ ਦਾ ਮੇਲਾ ਲੱਗਾ ਗਿਆ।

ਜੈਸਮੀਨ ਵਿਜੀਲੈਂਸ ਦੇ ਡੀ.ਐਸ.ਪੀ. ਕਰਮਵੀਰ ਸਿੰਘ ਚਾਹਲ ਦੀ ਧੀ ਹੈ ਜਦਕਿ ਉਸ ਦੀ ਮਾਂ ਗੁਰਪ੍ਰੀਤ ਕੌਰ ਚਾਹਲ ਗੌਰਮਿੰਟ ਸਕੂਲ 'ਚ ਪੜ੍ਹਾਉਂਦੀ ਹੈ। ਅਭਿਆ ਅਰੋੜਾ ਦੇ ਪਿਤਾ ਕਾਰੋਬਾਰੀ ਹਨ ਜਦਕਿ ਉਸ ਦੀ ਮਾਂ ਘਰ ਸੰਭਾਲਦੀ ਹੈ। ਦੋਵੇਂ ਸੇਂਟ ਜੋਸਫ ਸਕੂਲ ਦੀਆਂ ਵਿਦਿਆਰਥਣਾਂ ਹਨ।

# ਰੁੱਸੇ ਕਾਂਗਰਸੀ ਆਗੂਆਂ ਨੂੰ ਖੁਸ਼ ਕਰਨ ਦੀ ਤਿਆਰੀ

**ਚੰਡੀਗੜ੍ਹ:** ਕਾਂਗਰਸ ਹਾਈਕਮਾਂਡ ਵੱਲੋਂ ਪੰਜਾਬ ਦੇ ਨਾਰਾਜ਼ ਕਾਂਗਰਸੀ ਆਗੂਆਂ ਨੂੰ ਮਨਾਉਣ ਦੀ ਤਿਆਰੀ ਕੀਤੀ ਜਾ ਰਹੀ ਹੈ। ਕੁੱਲ ਹਿੰਦ ਕਾਂਗਰਸ ਦੇ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 72 ਕਾਂਗਰਸੀ ਆਗੂਆਂ ਦੀ ਸੂਚੀ ਭੇਜ ਕੇ ਇਨ੍ਹਾਂ ਨੂੰ ਸਰਕਾਰ ਵਿਚ ਕੋਈ ਨਾ ਕੋਈ ਅਹੁਦਾ ਦੇਣ ਦੀ ਸਿਫਾਰਸ਼ ਕੀਤੀ ਗਈ ਹੈ। ਦੱਸਿਆ ਜਾ ਰਿਹਾ ਹੈ ਕਿ ਇਸ ਸੂਚੀ 'ਚ ਜ਼ਿਆਦਾਤਰ ਉਹ ਨਾਰਾਜ਼ ਕਾਂਗਰਸੀ ਆਗੂ ਹਨ, ਜਿਨ੍ਹਾਂ ਨੂੰ ਪਾਰਟੀ ਵੱਲੋਂ ਵਿਧਾਨ ਸਭਾ ਚੋਣਾਂ ਦੌਰਾਨ ਟਿਕਟਾਂ ਨਹੀਂ ਮਿਲੀਆਂ, ਪਰ ਉਨ੍ਹਾਂ ਨਾਲ ਵਾਅਦਾ ਕੀਤਾ ਗਿਆ ਸੀ ਕਿ ਸਰਕਾਰ ਆਉਣ ਮਗਰੋਂ ਉਨ੍ਹਾਂ ਨੂੰ ਚੰਗੀ ਜਗ੍ਹਾ 'ਐਡਜਸਟ' ਕੀਤਾ ਜਾਵੇਗਾ। ਹਾਲਾਂਕਿ ਇਸ ਸਬੰਧੀ ਮੁੱਖ ਮੰਤਰੀ ਦਫਤਰ ਦੇ ਆਲਾ ਅਧਿਕਾਰੀ ਕੁਝ ਵੀ ਬੋਲਣ ਤੋਂ ਗੁਰੇਜ਼ ਕਰ ਰਹੇ ਹਨ, ਪਰ ਪੁਰਾਣੇ ਟਕਸਾਲੀ ਕਾਂਗਰਸੀ ਆਗੂ ਇਨ੍ਹੀਂ ਦਿਨੀਂ ਸੀ.ਐਮ.ਓ. ਦੇ ਚੱਕਰ ਲਾਉਂਦੇ ਨਜ਼ਰ ਆ ਰਹੇ ਹਨ।

ਕੈਪਟਨ ਦੇ ਨੇੜਲੇ ਸੂਤਰਾਂ ਅਨੁਸਾਰ ਹਾਈਕਮਾਂਡ ਵੱਲੋਂ ਨਾਰਾਜ਼ ਆਗੂਆਂ ਨੂੰ ਕਿਵੇਂ ਨਾ ਕਿਵੇਂ ਮਨਾਉਣ ਦੀਆਂ ਹਦਾਇਤਾਂ ਹਨ ਤੇ ਅਜਿਹਾ ਸਿਰਫ ਉਨ੍ਹਾਂ ਨੂੰ ਅਹੁਦੇ ਦੇ ਕੇ ਹੀ ਕੀਤਾ ਜਾ ਸਕਦਾ ਹੈ। ਚੇਤੇ ਰਹੇ, ਹਾਲ ਹੀ ਵਿਚ ਹੋਏ ਮੰਤਰੀ ਮੰਡਲ ਵਿਸਥਾਰ ਮਗਰੋਂ ਕਈ ਕਾਂਗਰਸੀ ਆਗੂ ਨਾਰਾਜ਼ ਹੋ ਕੇ ਜਿਥੇ ਪਾਰਟੀ ਛੱਡ ਗਏ ਸਨ, ਉਥੇ ਕਈਆਂ ਨੇ ਕੈਪਟਨ ਨਾਲ ਗੱਲ ਕਰਨ ਦੀ ਜਗ੍ਹਾ ਆਪੋ ਆਪਣੇ ਸਿਆਸੀ ਆਕਾਵਾਂ ਦੇ ਜ਼ਰੀਏ ਦਿੱਲੀ ਦਰਬਾਰ ਨਾਲ ਆਪਣਾ ਸੰਪਰਕ ਬਣਾ ਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ ਸੀ।

## ਤਿੰਨ ਵਿਧਾਇਕਾਂ ਵੱਲੋਂ ਅਸਤੀਫੇ

**ਚੰਡੀਗੜ੍ਹ:** ਕਾਂਗਰਸ ਪਾਰਟੀ ਦੇ ਤਿੰਨ ਸੀਨੀਅਰ ਵਿਧਾਇਕਾਂ ਨੇ ਸੂਬੇ ਦੀ ਵਜ਼ਾਰਤ ਵਿਚ ਵਾਧੇ ਸਮੇਂ ਉਨ੍ਹਾਂ ਦੀ ਸੀਨੀਅਰਤਾ ਨੂੰ ਅਣਗੌਲਿਆ ਕੀਤੇ ਜਾਣ ਕਰ ਕੇ ਰੋਸ ਵਜੋਂ ਪੰਜਾਬ ਵਿਧਾਨ ਸਭਾ ਦੀਆਂ ਕਮੇਟੀਆਂ ਤੋਂ ਅਸਤੀਫੇ ਦੇ ਦਿੱਤੇ ਹਨ। ਇਸ ਕਰ ਕੇ ਅਗਲੇ ਦਿਨਾਂ ਵਿਚ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਆਪਣੀ ਪਾਰਟੀ ਦੇ ਕਈ ਵਿਧਾਇਕਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਵੇਗਾ। ਸੀਨੀਅਰ ਵਿਧਾਇਕ ਰਣਦੀਪ ਸਿੰਘ ਨਾਭਾ, ਰਾਕੇਸ਼ ਪਾਂਡੇ ਅਤੇ ਅਮਰੀਕ ਸਿੰਘ ਢਿੱਲੋਂ ਨੇ ਨਾਰਾਜ਼ਗੀ ਜ਼ਾਹਿਰ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਰਾਣਾ ਕੇ.ਪੀ. ਸਿੰਘ ਨੂੰ ਅਸਤੀਫੇ ਭੇਜ ਦਿੱਤੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਰਵਾਇਤੀ ਕਾਂਗਰਸ ਪਰਿਵਾਰਾਂ ਨਾਲ ਸਬੰਧਤ ਹਨ ਤੇ ਫਿਰ ਵੀ ਉਨ੍ਹਾਂ ਦੀ ਸੀਨੀਅਰਤਾ ਨੂੰ ਨਜ਼ਰ ਅੰਦਾਜ਼ ਕੀਤਾ ਗਿਆ।

## ਗੁਰੂਆਂ ਬਾਰੇ ਟਿੱਪਣੀਆਂ ਕਰਨ ਵਾਲਿਆਂ ਨੂੰ ਤਾੜਨਾ

**ਤਲਵੰਡੀ ਸਾਬੋ:** ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਕਿਸੇ ਇਨਸਾਨ ਦੀ ਗੁਰੂ ਨਾਨਕ ਦੇਵ ਜੀ ਨਾਲ ਬਰਾਬਰੀ ਕਰਨੀ ਸ਼ਰਾਰਤੀਆਂ ਦੀ ਘਿਨਾਉਣੀ ਹਰਕਤ ਹੈ। ਸੋਸ਼ਲ ਮੀਡੀਆ ਉਤੇ ਸ਼ਿਵ ਸੈਨਾ ਦੇ ਸਾਬਕਾ ਮੁਖੀ ਬਾਲ ਠਾਕਰੇ ਨੂੰ ਗੁਰੂ ਨਾਨਕ ਦੇਵ ਦੇ ਬਰਾਬਰ ਦੱਸਣ ਬਾਰੇ ਜਥੇਦਾਰ ਨੇ ਕਿਹਾ ਕਿ ਕੁਝ ਲੋਕ ਅਜਿਹੀਆਂ ਹਰਕਤਾਂ ਕਰ ਕੇ ਮਾਹੌਲ ਖਰਾਬ ਕਰਨਾ ਚਾਹੁੰਦੇ ਹਨ।

## ਕੈਦੀਆਂ ਨੂੰ ਮੋਬਾਈਲ ਦੇਣ ਵਾਲਾ ਹੌਲਦਾਰ ਅੜਿੱਕੇ

**ਗੁਰਦਾਸਪੁਰ:** ਕੇਂਦਰੀ ਜੇਲ੍ਹ ਵਿਚ ਤਾਇਨਾਤ ਕਰਮਚਾਰੀ ਵੱਲੋਂ ਹੀ ਜੇਲ੍ਹ 'ਚ ਮੋਬਾਈਲ ਫੋਨ ਪਹੁੰਚਾਏ ਜਾਂਦੇ ਸਨ। ਗੁਰਦਾਸਪੁਰ ਜੇਲ੍ਹ 'ਚ ਚੈਕਿੰਗ ਤੋਂ ਬਾਅਦ ਪੁਲਿਸ ਜਾਂਚ ਵਿਚ ਇਸ ਗੱਲ ਦਾ ਖੁਲਾਸਾ ਹੋਇਆ ਹੈ। ਛਾਪੇਮਾਰੀ ਦੌਰਾਨ ਜੇਲ੍ਹ ਵਿਚੋਂ 9 ਮੋਬਾਈਲ ਫੋਨ ਬਰਾਮਦ ਕੀਤੇ ਗਏ।

ਫੜੇ ਗਏ ਮੋਬਾਈਲ ਫੋਨਾਂ ਦੀ ਜਾਂਚ ਤੋਂ ਬਾਅਦ ਅਹਿਮ ਖੁਲਾਸੇ ਹੋਏ ਹਨ, ਜਿਸ ਦੇ ਆਧਾਰ ਉਤੇ ਪੰਜ ਕੈਦੀਆਂ ਉਤੇ ਮਾਮਲਾ ਦਰਜ ਕੀਤਾ ਗਿਆ ਹੈ। ਜੇਲ੍ਹ 'ਚ ਬੰਦ ਇਨ੍ਹਾਂ ਕੈਦੀਆਂ ਤੋਂ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਕਿ ਜੇਲ੍ਹ 'ਚ ਤਾਇਨਾਤ ਹੌਲਦਾਰ ਜਸਵੰਤ ਸਿੰਘ ਉਰਫ ਸੋਨਾ ਕੈਦੀਆਂ ਤੋਂ ਪੈਸੇ ਲੈ ਕੇ ਉਨ੍ਹਾਂ ਨੂੰ ਜੇਲ੍ਹ 'ਚ ਫੋਨ ਵਰਤਣ ਦੀ ਖੁੱਲ੍ਹ ਦਿੰਦਾ ਸੀ। ਇਸ ਤੋਂ ਪਹਿਲਾਂ ਵੀ ਇਸੇ ਹੌਲਦਾਰ ਦੀਆਂ ਸ਼ਿਕਾਇਤਾਂ ਮਿਲੀਆਂ ਸਨ, ਜਿਸ ਕਾਰਨ ਇਸ ਦੀ ਬਦਲੀ ਨਾਭਾ ਜੇਲ੍ਹ ਵਿਚ ਕੀਤੀ ਗਈ ਸੀ।

# ਝੂਠੇ ਮੁਕਾਬਲਿਆਂ ਸਬੰਧੀ ਫਾਈਲਾਂ ਜਨਤਕ ਕਰਨ ਦੀ ਮੰਗ ਨੇ ਜ਼ੋਰ ਫੜਿਆ

**ਤਰਨ ਤਾਰਨ:** ਖਾਲੜਾ ਮਿਸ਼ਨ ਨੇ ਸ੍ਰੀ ਦਰਬਾਰ ਸਾਹਿਬ 'ਤੇ ਫੌਜੀ ਹਮਲੇ, ਝੂਠੇ ਪੁਲਿਸ ਮੁਕਾਬਲਿਆਂ ਤੇ ਨਸ਼ਿਆਂ ਰਾਹੀਂ ਹੋਈ ਤਬਾਹੀ ਦੀਆਂ ਫਾਈਲਾਂ ਜਨਤਕ ਕਰਨ ਦੀ ਮੰਗ ਕੀਤੀ ਹੈ। ਜਥੇਬੰਦੀ ਦੇ ਪ੍ਰਚਾਰ ਸਕੱਤਰ ਪ੍ਰਵੀਨ ਕੁਮਾਰ ਤੇ ਕਾਨੂੰਨੀ ਸਲਾਹਕਾਰ ਜਗਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਜੇਕਰ ਘਰ ਦੇ ਭੇਤੀ ਬਾਦਲ ਕੇ ਫੌਜੀ ਹਮਲੇ ਸਮੇਂ ਤੇ ਝੂਠੇ ਮੁਕਾਬਲਿਆਂ ਦੀ ਯੋਜਨਾਬੰਦੀ ਸਮੇਂ ਦਿੱਲੀ ਤੇ ਨਾਗਪੁਰ ਦੇ ਕੁਹਾੜੇ ਦਾ ਦਸਤਾ ਨਾ ਬਣਦੇ ਤਾਂ ਪੰਥ ਤੇ ਪੰਜਾਬ ਦੀ ਇੰਨੀ ਬਰਬਾਦੀ ਨਾ ਹੁੰਦੀ।

ਉਨ੍ਹਾਂ ਕਿਹਾ ਕਿ ਸ੍ਰੀ ਦਰਬਾਰ ਸਾਹਿਬ ਉਤੇ ਫੌਜੀ ਹਮਲੇ ਤੇ ਝੂਠੇ ਮੁਕਾਬਲਿਆਂ ਦੀਆਂ ਫਾਈਲਾਂ ਜਨਤਕ ਹੋਣੀਆਂ ਚਾਹੀਦੀਆਂ ਹਨ ਤੇ ਪਾਪੀਆਂ ਵੱਲੋਂ ਕਮਾਏ ਕਹਿਰ ਦਾ ਸੱਚ ਸਾਹਮਣੇ ਆਉਣਾ ਚਾਹੀਦਾ ਹੈ। ਪੰਜਾਬ ਨੂੰ ਨਾ ਫੌਜੀ ਹਮਲੇ ਦਾ, ਨਾ ਝੂਠੇ ਮੁਕਾਬਲਿਆਂ ਦਾ ਕੋਈ ਨਿਆਂ ਮਿਲਿਆ ਸਗੋਂ ਪੰਜਾਬ ਦੀ ਜਵਾਨੀ ਬੁਰੀ ਤਰ੍ਹਾਂ ਨਸ਼ਿਆਂ 'ਚ ਬਰਬਾਦ ਕਰ ਦਿੱਤੀ ਗਈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੇ ਫੌਜੀ ਹਮਲੇ ਦੇ ਸਭ ਸਬੂਤ ਮਿਟਾ ਕੇ ਅਤੇ ਇਤਿਹਾਸ ਵਿਚੋਂ ਧਰਮ ਯੁੱਧ ਮੋਰਚੇ ਨੂੰ ਮਨਫੀ ਕਰਨ ਦਾ ਅਪਰਾਧ ਕਰ ਕੇ ਆਪਣਾ ਅਸਲੀ ਚਿਹਰਾ ਨੰਗਾ ਕਰ ਲਿਆ ਹੈ। ਜਲ੍ਹਿਆਂ ਵਾਲਾ ਬਾਗ ਅੰਦਰ ਚੱਲੀ 10 ਮਿੰਟ ਗੋਲੀ ਦੀ ਅੰਗਰੇਜ਼ਾਂ ਤੇ ਕਾਂਗਰਸ ਨੇ ਪੜਤਾਲ ਕਰਵਾਈ ਪਰ ਸ੍ਰੀ ਦਰਬਾਰ ਸਾਹਿਬ ਉਤੇ 72 ਘੰਟੇ ਹੋਈ ਬੰਬਾਰੀ ਦੀ ਸਰਕਾਰੀ ਪੜਤਾਲ ਨਹੀਂ ਕਰਵਾਈ।

ਉਲਟਾ ਸਿੱਖ ਰੈਫਰੈਂਸ ਲਾਇਬ੍ਰੇਰੀ ਜੋ ਫੌਜੀ ਹਮਲੇ ਦਾ ਆਖਰੀ ਸਬੂਤ ਸੀ, ਨੂੰ ਸ੍ਰੀ ਦਰਬਾਰ ਸਾਹਿਬ ਦੀ ਹਦੂਦ 'ਚੋਂ ਬਾਹਰ ਕੱਢਣ ਦੇ ਯਤਨ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਬੁਰੀ ਤਰ੍ਹਾਂ ਕੰਗਾਲ ਹੋ ਗਿਆ ਹੈ ਪਰ ਇਥੋਂ ਦੇ ਹਾਕਮ ਪੂਰੀ ਤਰ੍ਹਾਂ ਮਾਲਾ-ਮਾਲ ਹੋਏ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਝੂਠੀ ਸਹੁੰ ਚੁੱਕੀ ਤੇ ਇਸੇ ਕਾਰਨ ਨਸ਼ਿਆਂ ਦੀਆਂ ਵੱਡੀਆਂ ਮੱਛੀਆਂ ਨੂੰ ਬਚਾਇਆ ਜਾ ਰਿਹਾ ਹੈ। ਪੰਜਾਬ ਦੀਆਂ ਆਉਣ ਵਾਲੀਆਂ ਕਈਆਂ ਪੀੜ੍ਹੀਆਂ ਅਕਾਲੀ ਦਲ ਅਤੇ ਕਾਂਗਰਸ, ਭਾਜਪਾ ਨੂੰ ਮੁਆਫ ਨਹੀਂ ਕਰਨਗੀਆਂ।

# ਸ਼ਾਹਕੋਟ ਦਾ ਚੋਣ ਅਖਾੜਾ ਸਿਖਰਾਂ ਉਤੇ ਪੁੱਜਿਆ

## ਅਕਾਲੀਆਂ, ਕਾਂਗਰਸ ਤੇ 'ਆਪ' ਨੇ ਲਾਈ ਪੂਰੀ ਵਾਹ

**ਚੰਡੀਗੜ੍ਹ:** ਜਿਲ੍ਹਾ ਜਲੰਧਰ ਦੇ ਵਿਧਾਨ ਸਭਾ ਹਲਕੇ ਸ਼ਾਹਕੋਟ ਵਿਚ ਚੋਣ ਮੈਦਾਨ ਭਖ ਚੁੱਕਾ ਹੈ। ਅਕਾਲੀ ਵਜ਼ਾਰਤ ਵਿਚ ਰਹੇ ਕੈਬਨਿਟ ਮੰਤਰੀ ਅਜੀਤ ਸਿੰਘ ਕੋਹਾੜ ਜੋ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਵੀ ਇਸ ਹਲਕੇ ਤੋਂ ਜੇਤੂ ਰਹੇ ਸਨ, ਦੇ ਅਚਾਨਕ ਅਕਾਲ ਚਲਾਣੇ ਤੋਂ ਬਾਅਦ ਖਾਲੀ ਹੋਈ ਇਸ ਸੀਟ ਲਈ ਚੋਣ ਕਮਿਸ਼ਨ ਵੱਲੋਂ 28 ਅਪਰੈਲ ਨੂੰ ਚੋਣਾਂ ਦਾ ਐਲਾਨ ਕੀਤਾ ਗਿਆ ਸੀ। ਇਸ ਵਾਰ ਜਥੇਦਾਰ ਕੋਹਾੜ ਦੇ ਪੁੱਤਰ ਨਾਇਬ ਸਿੰਘ ਕੋਹਾੜ ਸ਼੍ਰੋਮਣੀ ਅਕਾਲੀ ਦਲ ਵੱਲੋਂ ਅਤੇ ਕਾਂਗਰਸ ਵੱਲੋਂ ਹਰਦੇਵ ਸਿੰਘ ਲਾਡੀ ਚੋਣ ਮੈਦਾਨ ਵਿਚ ਉਤਰੇ ਹਨ। ਇਨ੍ਹਾਂ ਤੋਂ ਇਲਾਵਾ ਆਮ ਆਦਮੀ ਪਾਰਟੀ ਵੱਲੋਂ ਰਤਨ ਸਿੰਘ ਕਾਕੜ ਕਲਾਂ ਅਤੇ ਸ਼੍ਰੋਮਣੀ ਅਕਾਲੀ ਦਲ (ਅ) ਅਤੇ ਬਹੁਜਨ ਮੁਕਤੀ ਮੋਰਚਾ ਵੱਲੋਂ ਜਥੇਦਾਰ ਸੁਲੱਖਣ ਸਿੰਘ ਨਿਜ਼ਾਮੀਪੁਰ ਨੂੰ ਚੋਣ ਮੈਦਾਨ ਵਿਚ ਉਤਾਰਿਆ ਗਿਆ ਹੈ।

ਉਪ ਚੋਣ ਲਈ ਪ੍ਰਚਾਰ ਵਾਸਤੇ ਗਿਣਤੀ ਦੇ ਦਿਨ ਬਾਕੀ ਰਹਿ ਗਏ ਹਨ ਤੇ ਉਪ ਚੋਣ ਵਿਚ ਅਕਾਲੀ ਤੇ ਕਾਂਗਰਸ ਉਮੀਦਵਾਰਾਂ ਵਿਚਕਾਰ ਸਖਤ ਲੜਾਈ ਦੇ ਆਸਾਰ ਬਣਦੇ ਜਾ ਰਹੇ ਹਨ। ਤੀਜੀ ਧਿਰ 'ਆਪ' ਦੇ ਮੈਦਾਨ ਵਿਚ ਉਤਰੇ ਉਮੀਦਵਾਰ ਨੂੰ ਵੋਟਰਾਂ ਦਾ ਹੁੰਗਾਰਾ ਦੋਵਾਂ ਪ੍ਰਮੁੱਖ ਧਿਰਾਂ ਦੀ ਜਿੱਤ-ਹਾਰ ਵਿਚ ਫੈਸਲਾਕੁੰਨ ਰੋਲ ਅਦਾ ਕਰ ਸਕਦਾ ਹੈ। ਅਕਾਲੀ ਦਲ ਤੇ ਕਾਂਗਰਸ ਦੇ ਉਮੀਦਵਾਰ ਨੇ ਚੋਣ ਦਫਤਰ ਖੋਲ੍ਹ ਕੇ ਸਰਗਰਮੀ ਨਾਲ ਪ੍ਰਚਾਰ ਆਰੰਭ ਦਿੱਤਾ ਹੈ ਤੇ ਦੋਵਾਂ ਪਾਰਟੀਆਂ ਦੇ ਬਹੁਤ ਸਾਰੇ ਅਹਿਮ ਆਗੂਆਂ ਨੇ ਮੋਰਚੇ ਵੀ ਮੱਲ ਲਏ ਹਨ। ਤਕਰੀਬਨ 220 ਪਿੰਡਾਂ ਤੇ 4 ਕਸਬਿਆਂ ਉਤੇ ਅਧਾਰਤ 1 ਲੱਖ 72 ਹਜ਼ਾਰ ਵੋਟਰਾਂ ਵਾਲਾ ਦਰਿਆ ਦੇ ਕੰਢੇ ਉਪਰ ਪੈਂਦਾ ਸ਼ਾਹਕੋਟ ਹਲਕਾ ਵਸੋਂ ਤੇ ਵਿਕਾਸ ਪੱਖੋਂ ਵੱਡੀ ਭਿੰਨਤਾ ਵਾਲਾ ਹੈ।

ਇਕ ਪਾਸੇ ਦਰਿਆ ਦੇ ਕੰਢੇ ਵਸੇ 35-40 ਪਿੰਡਾਂ ਦੀ ਵਸੋਂ ਬੇਹੱਦ ਪਛੜੇਪਣ ਦੀ ਸ਼ਿਕਾਰ ਹੈ, ਉਥੋਂ ਦੋਵਾਂ ਖੇਤਰ ਦੇ ਲੋਹੀਆਂ-ਮਲਸੀਆਂ ਨਾਲ ਲੱਗਦੇ 26-27 ਪਿੰਡ, ਸ਼ਾਹਕੋਟ ਤੇ ਮਹਿਤਪੁਰ ਲਾਗਲਾ ਖੇਤਰ ਮੁਕਾਬਲਤਨ ਕਾਫੀ ਖੁਸ਼ਹਾਲ ਮੰਨਿਆ ਜਾਂਦਾ ਹੈ। ਸ਼ਾਹਕੋਟ ਹਲਕੇ ਦੀ 1 ਲੱਖ 72 ਹਜ਼ਾਰ ਵੋਟ ਵੱਖ-ਵੱਖ ਵਰਗਾਂ ਤੇ



ਵੰਨਗੀਆਂ ਵਿਚ ਵੰਡੀ ਹੋਈ ਹੈ। ਸਰਕਾਰੀ ਅੰਕੜਿਆਂ ਮੁਤਾਬਕ ਰਾਏ ਸਿੱਖਾਂ ਨੂੰ ਅਨੁਸੂਚਿਤ ਜਾਤੀਆਂ ਵਿਚ ਸ਼ਾਮਲ ਕੀਤੇ ਜਾਣ ਬਾਅਦ ਇਸ ਹਲਕੇ 'ਚ ਸਭ ਤੋਂ ਵਧੇਰੇ 41 ਫੀਸਦੀ ਦੇ ਕਰੀਬ ਵਸੋਂ ਅਨੁਸੂਚਿਤ ਜਾਤੀਆਂ ਦੀ ਹੈ, ਜਦਕਿ 40 ਕੁ ਹਜ਼ਾਰ ਦੇ ਕਰੀਬ 25-26 ਫੀਸਦੀ ਵੋਟਰ ਕੰਬੋਜ ਬਰਾਦਰੀ ਨਾਲ ਸਬੰਧਤ ਦੱਸੇ ਜਾਂਦੇ ਹਨ। 45 ਕੁ ਹਜ਼ਾਰ ਦੇ ਕਰੀਬ ਜੱਟ ਸਿੱਖ ਵੋਟਰ ਹਨ ਜੋ 27-28 ਫੀਸਦੀ ਦੇ ਕਰੀਬ ਹਨ। 6.7 ਫੀਸਦੀ ਦੇ ਹਿੰਦੂ ਤੇ ਹੋਰ ਭਾਈਚਾਰਿਆਂ ਦੇ ਵੋਟਰਾਂ ਦੀ ਹੈ। ਫਰਵਰੀ 2017 ਦੀ ਹੋਈ ਚੋਣ ਵਿਚ ਅਕਾਲੀ ਦਲ ਦੇ ਅਜੀਤ ਸਿੰਘ ਕੋਹਾੜ 46913 ਵੋਟ ਲੈ ਕੇ ਜੇਤੂ ਰਹੇ ਸਨ ਜਦਕਿ ਕਾਂਗਰਸ ਉਮੀਦਵਾਰ ਹਰਦੇਵ ਸਿੰਘ ਲਾਡੀ 42 ਹਜ਼ਾਰ ਦੇ ਕਰੀਬ ਤੇ ਆਮ ਆਦਮੀ ਪਾਰਟੀ ਦੇ ਉਮੀਦਵਾਰ ਡਾ. ਅਮਰਜੀਤ ਸਿੰਘ ਥਿੰਦ 40 ਹਜ਼ਾਰ ਦੇ ਕਰੀਬ ਵੋਟ ਲੈ ਗਏ ਸਨ।

'ਆਪ' ਦੇ ਉਮੀਦਵਾਰ ਡਾ: ਥਿੰਦ ਤੇ ਪਾਰਟੀ ਦੇ ਇਕ ਹੋਰ ਅਹਿਮ ਆਗੂ ਰਵੀਪਾਲ ਸਿੰਘ ਪਾਰਟੀ ਛੱਡ ਕੇ ਅਕਾਲੀ ਦਲ ਵਿਚ ਚਲੇ ਗਏ ਹਨ। ਪਿਛਲੀਆਂ ਚੋਣਾਂ ਸਮੇਂ ਵਾਲਾ 'ਆਪ' ਦਾ ਉਭਾਰ ਵੀ ਨਹੀਂ ਰਿਹਾ। ਅੰਦਰੂਨੀ ਵਿਰੋਧ ਤੇ ਆਪਸੀ ਫੁੱਟ ਦੇ ਬਾਵਜੂਦ 'ਆਪ' ਵੱਲੋਂ ਰਤਨ ਸਿੰਘ ਕਾਕੜ ਕਲਾਂ ਨੂੰ ਉਮੀਦਵਾਰ ਐਲਾਨਿਆ ਗਿਆ ਹੈ। ਕਾਂਗਰਸ ਤੇ ਅਕਾਲੀ 'ਆਪ' ਦੀ ਘਟਣ ਵਾਲੀ ਵੋਟ ਉਪਰ ਵੱਡੀ ਟੇਕ ਰੱਖ ਰਹੇ ਹਨ। ਸ਼ਾਹਕੋਟ ਹਲਕੇ ਵਿਚ ਦਲਿਤ ਤੇ ਪਛੜੇ ਵਰਗਾਂ ਦਾ ਵੱਡਾ ਵੋਟ ਬੈਂਕ ਦਲਿਤ ਵਰਗ ਤੇ ਪਛੜੇ ਵਰਗ ਰਹੇ ਹਨ। ਹਲਕੇ 'ਚ ਦਲਿਤਾਂ ਅੰਦਰ ਵੱਡਾ ਹਿੱਸਾ ਵੋਟਰ ਵਾਲਮੀਕ ਭਾਈਚਾਰੇ ਨਾਲ ਸਬੰਧਤ ਹਨ ਤੇ ਇਸ ਵਰਗ ਦਾ ਝੁਕਾਅ ਹਮੇਸ਼ਾ ਕਾਂਗਰਸ ਵੱਲ ਰਿਹਾ ਹੈ, ਪਰ ਰਾਏ ਸਿੱਖ ਤੇ ਮਜ਼੍ਹਬੀ ਸਿੱਖਾਂ ਦਾ ਝੁਕਾਅ ਅਕਾਲੀਆਂ ਵੱਲ ਰਹਿੰਦਾ ਰਿਹਾ ਹੈ। ਕਾਂਗਰਸ ਵਜ਼ਾਰਤ ਵਿਚ ਦਲਿਤਾਂ ਤੇ ਪਛੜਾ ਵਰਗਾਂ ਨੂੰ ਢੁਕਵੀਂ ਪ੍ਰਤੀਨਿਧਤਾ ਨਾ ਦਿੱਤੇ ਜਾਣ ਦਾ ਮਾਮਲਾ ਉਪ ਚੋਣ ਵਿਚ ਚਰਚਾ ਦਾ ਵਿਸ਼ਾ ਬਣ ਸਕਦਾ ਹੈ ਤੇ ਕਾਂਗਰਸ ਲਈ ਇਹ ਮਸਲਾ ਚੁਣੌਤੀ ਵੀ ਖੜ੍ਹੀ ਕਰ ਸਕਦਾ ਹੈ।

ਉਧਰ, ਕਾਂਗਰਸ ਪਾਰਟੀ ਵੱਲੋਂ ਸ਼ਾਹਕੋਟ ਜ਼ਿਮਨੀ ਚੋਣ ਵਿਚ ਅਕਾਲੀਆਂ ਖਿਲਾਫ਼ ਵਿਰੋਧ ਨੂੰ ਭੁਨਾਉਣ ਲਈ ਪੂਰੀ ਵਾਹ ਲਾਈ ਜਾ ਰਹੀ ਹੈ। ਕਾਂਗਰਸ ਆਗੂਆਂ ਨੂੰ ਆਸ ਹੈ ਕਿ ਇਸੇ ਵਿਰੋਧ ਕਰ ਕੇ ਉਨ੍ਹਾਂ ਦੇ ਉਮੀਦਵਾਰ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੀ ਬੇੜੀ ਪਾਰ ਲੱਗ ਜਾਵੇਗੀ। ਆਮ ਆਦਮੀ ਪਾਰਟੀ ਦੇ ਹੱਕ ਵਿਚ ਜੋ ਉਭਾਰ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਦੇਖਣ ਨੂੰ ਮਿਲਿਆ ਸੀ, ਉਹ ਜ਼ਿਮਨੀ ਚੋਣ ਵਿੱਚ ਗਾਇਬ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਅਤੇ ਲੋਕ ਸਭਾ ਮੈਂਬਰ ਸੁਨੀਲ ਜਾਖੜ ਨੇ ਦਾਅਵਾ ਕੀਤਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ 10 ਸਾਲਾਂ ਦੇ ਰਾਜ ਖਿਲਾਫ਼ ਲੋਕਾਂ ਵਿਚ ਜਿਹੜਾ ਗੁੱਸਾ ਅਤੇ ਰੋਸ ਸੀ, ਉਹ ਅਜੇ ਵੀ ਕਾਇਮ ਹੈ। ਕਾਂਗਰਸ ਪਾਰਟੀ ਇਸ ਹਲਕੇ ਦੀ ਚੋਣ ਨੂੰ ਆਸਾਨ ਨਹੀਂ ਸਮਝ ਰਹੀ ਅਤੇ ਕਾਂਗਰਸ ਆਗੂਆਂ ਦਾ ਦਾਅਵਾ ਹੈ ਕਿ ਇਸ ਵਾਰ ਪਾਰਟੀ ਨੂੰ ਲਾਹਾ ਮਿਲੇਗਾ।

ਦੂਜੇ ਪਾਸੇ ਕਾਂਗਰਸ ਪਾਰਟੀ ਇਸ ਗੱਲ ਨੂੰ ਉਭਾਰ ਰਹੀ ਹੈ ਕਿ ਆਮ ਆਦਮੀ ਪਾਰਟੀ ਦੇ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਮਜੀਠੀਆ ਕੋਲੋਂ ਨਸ਼ੀਲੇ ਪਦਾਰਥਾਂ ਦੇ ਮੁੱਦੇ ਤੇ ਮੁਆਫੀ ਮੰਗਣ ਨਾਲ ਸਥਿਤੀ ਬਦਲ ਗਈ ਹੈ। ਇਸ ਇਕੱਲੇ ਐਕਸ਼ਨ ਨਾਲ ਹੀ 'ਆਪ' ਦੀ ਅਕਾਲੀਆਂ ਅਤੇ ਕਾਂਗਰਸ ਪ੍ਰਤੀ ਹਮਲਿਆਂ ਦੀ ਧਾਰ ਨਰਮ ਪੈ ਗਈ ਹੈ।

ਇਸ ਹਲਕੇ ਤੋਂ ਕਾਫੀ ਗਿਣਤੀ ਵਿਚ ਲੋਕ ਵਿਦੇਸ਼ ਵਿੱਚ ਵਸਦੇ ਹਨ ਅਤੇ ਪਰਵਾਸੀਆਂ ਨੇ ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ 'ਆਪ' ਦਾ ਹਰ ਪੱਖ ਤੋਂ ਡਟ ਕੇ ਸਾਥ ਦਿੱਤਾ ਸੀ। ਹੁਣ ਕਾਂਗਰਸ ਪਾਰਟੀ ਦੇ ਪ੍ਰਧਾਨ ਨੂੰ ਆਸ ਹੈ ਕਿ ਆਮ ਆਦਮੀ ਪਾਰਟੀ ਨਾਲੋਂ ਜਿਹੜੇ ਵੋਟ ਟੁੱਟਣਗੇ, ਉਹ ਕਾਂਗਰਸ ਦੇ ਹੱਕ ਵਿਚ ਆ ਜਾਣਗੇ। ਪਰ ਕਾਂਗਰਸ ਸਰਕਾਰ ਕੋਲ ਵੀ ਕਈ ਸਵਾਲਾਂ ਦੇ ਵਾਜਬ ਜਵਾਬ ਨਹੀਂ ਹਨ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਰੇਤ, ਨਸ਼ੀਲੇ ਪਦਾਰਥਾਂ, ਟਰਾਂਸਪੋਰਟ, ਕੇਬਲ ਮਾਫੀਆ ਸਮੇਤ ਕਈ ਹੋਰ ਮਾਫ਼ੀਏ ਖਤਮ ਕਰਨ ਦੇ ਦਾਅਵੇ ਅਤੇ ਵਾਅਦੇ ਕੀਤੇ ਸਨ ਪਰ ਸਰਕਾਰ ਦਾ ਸਵਾ ਸਾਲ ਨਿੱਬੜ ਚੁੱਕਿਆ ਹੈ ਪਰ ਸਥਿਤੀ ਵਿਚ ਕੋਈ ਬਹੁਤ ਵੱਡਾ ਬਦਲਾਅ ਨਹੀਂ ਆਇਆ ਹੈ।

### ਮੁਲਾਜ਼ਮਾਂ ਨੇ ਵਧਾਈਆਂ ਕਾਂਗਰਸ ਦੀਆਂ ਮੁਸ਼ਕਿਲਾਂ

**ਚੰਡੀਗੜ੍ਹ:** ਕੈਪਟਨ ਸਰਕਾਰ ਵੱਲੋਂ ਮੰਗਾਂ ਨਾ ਮੰਨੇ ਜਾਣ ਤੋਂ ਖਫਾ ਮੁਲਾਜ਼ਮਾਂ ਨੇ ਸ਼ਾਹਕੋਟ ਦੀ ਚੋਣ ਪ੍ਰਕਿਰਿਆ ਦੌਰਾਨ ਹੜਤਾਲ ਕਰ ਕੇ ਦਫਤਰਾਂ ਦਾ ਕੰਮਕਾਜ ਠੱਪ ਕਰਨ ਦਾ ਐਲਾਨ ਕਰ ਦਿੱਤਾ ਹੈ, ਜਿਸ ਕਰ ਕੇ ਕਾਂਗਰਸ ਪਾਰਟੀ ਨੂੰ ਸ਼ਾਹਕੋਟ ਉਪ ਚੋਣ ਦੇ ਪ੍ਰਚਾਰ ਦੌਰਾਨ ਮੁਲਾਜ਼ਮਾਂ ਦੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਪੰਜਾਬ ਸਟੇਟ ਮਨਿਸਟੀਰੀਅਲ ਸਰਵਿਸਿਜ਼ ਯੂਨੀਅਨ ਨੇ ਇਕ ਮੀਟਿੰਗ ਵਿਚ ਸ਼ਾਹਕੋਟ ਉਪ ਚੋਣ ਦੌਰਾਨ ਸਰਕਾਰ ਨਾਲ ਸਿੱਧੀ ਟੱਕਰ ਲੈਣ ਦਾ ਫੈਸਲਾ ਲਿਆ ਹੈ, ਜਿਸ ਤਹਿਤ ਪੰਜਾਬ ਭਰ ਦੇ ਦਫਤਰੀ ਕਾਮੇ 23 ਤੇ 24 ਮਈ ਨੂੰ ਕਲਮਛੋੜ ਹੜਤਾਲ ਕਰ ਕੇ ਸਮੁੱਚੇ ਵਿਭਾਗਾਂ ਦਾ ਕੰਮਕਾਜ ਠੱਪ ਕਰਨਗੇ। ਇਸ ਦੌਰਾਨ ਮੁਲਾਜ਼ਮ ਦਫਤਰਾਂ ਵਿਚ ਹਾਜ਼ਰੀ ਲਗਾ ਕੇ ਕਲਮਛੋੜ ਹੜਤਾਲ ਕਰਨਗੇ ਅਤੇ ਜ਼ਿਲ੍ਹਾ ਪੱਧਰ ਉਤੇ ਰੈਲੀਆਂ ਅਤੇ ਪ੍ਰਦਰਸ਼ਨ ਕਰ ਕੇ ਸਰਕਾਰ ਦੀਆਂ ਵਾਅਦਾਖ਼ਿਲਾਫੀਆਂ ਦਾ ਪਰਦਾਫਾਸ਼ ਕਰਨਗੇ। ਯੂਨੀਅਨ ਵੱਲੋਂ 25 ਮਈ ਨੂੰ ਰਾਜ ਦੇ ਸਮੂਹ ਦਫ਼ਤਰੀ ਕਾਮਿਆਂ ਨੂੰ ਸਮੂਹਿਕ ਛੁੱਟੀ ਲੈ ਕੇ ਸ਼ਾਹਕੋਟ ਵੱਲ ਕੂਚ ਕਰਨ ਦਾ ਸੱਦਾ ਦਿੱਤਾ ਗਿਆ ਹੈ।

# ਪੰਜਾਬ ਵਿਚ ਆਰਥਿਕ ਤੰਗੀ ਸਿਰਫ ਮਹਾਤੜਾਂ ਲਈ

**ਚੰਡੀਗੜ੍ਹ:** ਆਰਥਿਕ ਮੰਦਹਾਲੀ ਕਰ ਕੇ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਭਾਵੇਂ ਬੁਢਾਪਾ ਪੈਨਸ਼ਨਾਂ ਦੇਣ ਤੋਂ ਅਸਮਰੱਥ ਹੋ ਜਾਂਦੀ ਹੈ ਤੇ ਆਟਾ-ਦਾਲ ਸਕੀਮ ਨੂੰ ਠੱਪ ਕਰੀ ਬੈਠੀ ਹੈ ਪਰ ਇਕ ਵਿਸ਼ੇਸ਼ ਵਰਗ ਸਰਕਾਰੀ ਖਜ਼ਾਨੇ ਦੇ ਸਿਰ ਉਤੇ ਮੌਜਾਂ ਲੁੱਟ ਰਿਹਾ ਹੈ। ਸਰਕਾਰ ਵੱਲੋਂ ਪਿਛਲੇ ਸਾਲ ਬੁਢਾਪਾ ਪੈਨਸ਼ਨਾਂ ਦੇ 784 ਕਰੋੜ




ਰੁਪਏ ਅਦਾ ਨਹੀਂ ਕੀਤੇ ਗਏ। ਦੂਜੇ ਪਾਸੇ, ਕਾਰਾਂ ਦੇ ਖਰਚੇ ਦਾ ਅਧਿਐਨ ਕਰਨ ਵਾਲੇ ਟਰਾਂਸਪੋਰਟ ਵਿਭਾਗ ਨਾਲ ਸਬੰਧਤ ਅਫਸਰਾਂ ਦਾ ਕਹਿਣਾ ਹੈ ਕਿ ਪੰਜਾਬ ਪੁਲਿਸ ਵੱਲੋਂ ਸੁਰੱਖਿਆ ਦੇ ਨਾਮ ਉਤੇ ਰਾਜਸੀ ਤੇ ਧਾਰਮਿਕ ਹਸਤੀਆਂ ਸਮੇਤ ਪੁਲਿਸ ਅਫਸਰਾਂ ਨੂੰ ਜਿਹੜੀਆਂ ਗੱਡੀਆਂ ਦਿੱਤੀਆਂ ਹੋਈਆਂ ਹਨ ਉਨ੍ਹਾਂ ਦਾ ਸਾਲਾਨਾ ਬੋਝ 12 ਕਰੋੜ ਰੁਪਏ (ਸਿਰਫ ਡਰਾਈਵਰਾਂ ਦੀਆਂ ਤਨਖਾਹਾਂ ਅਤੇ ਤੇਲ ਦਾ ਖਰਚ) ਦੇ ਕਰੀਬ ਹੈ। ਇਸੇ ਤਰ੍ਹਾਂ ਗੱਡੀਆਂ ਦੀ ਕੀਮਤ 50 ਕਰੋੜ ਰੁਪਏ ਦੇ ਕਰੀਬ ਬਣਦੀ ਹੈ। ਸੁਰੱਖਿਆ ਵਜੋਂ ਤਾਇਨਾਤ ਪੁਲਿਸ ਕਰਮਚਾਰੀਆਂ ਦੀਆਂ ਤਨਖਾਹਾਂ ਦਾ ਹਿਸਾਬ ਲਾਇਆ ਜਾਵੇ ਤਾਂ ਖਜ਼ਾਨੇ ਉਤੇ ਇਹ ਬੋਝ ਸਾਲਾਨਾ 100 ਕਰੋੜ ਨੂੰ ਪਾਰ ਕਰ ਜਾਂਦਾ ਹੈ।

ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦਾ ਇਹ ਵੀ ਕਹਿਣਾ ਹੈ ਕਿ ਜੇ ਸਿਰਫ ਬਾਦਲ ਪਰਿਵਾਰ ਦੇ ਚਾਰ ਜੀਆਂ- ਪ੍ਰਕਾਸ਼ ਸਿੰਘ ਬਾਦਲ, ਸੁਖਬੀਰ ਸਿੰਘ ਬਾਦਲ, ਬਿਕਰਮ ਸਿੰਘ ਮਜੀਠੀਆ ਅਤੇ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੂੰ ਦਿੱਤੀ ਸੁਰੱਖਿਆ ਗੱਡੀਆਂ ਦਾ ਹੀ ਵਿੱਤੀ ਭਾਰ ਦੇਖਿਆ ਜਾਵੇ ਤਾਂ ਸਾਲਾਨਾ ਦੋ ਕਰੋੜ ਰੁਪਏ ਦੇ ਕਰੀਬ ਤੇਲ ਤੇ ਡਰਾਈਵਰਾਂ ਦਾ ਖਰਚ ਬਣਦਾ ਹੈ। ਪੁਲਿਸ ਅਫਸਰਾਂ ਦਾ ਤਰਕ ਹੈ ਕਿ ਬਾਦਲ ਪਰਿਵਾਰ ਨੂੰ 'ਜ਼ੈੱਡ ਪਲੱਸ' ਸੁਰੱਖਿਆ ਮਿਲੀ ਹੋਣ ਕਾਰਨ ਮਹਿੰਗੀਆਂ ਕਾਰਾਂ ਤੇ ਬੇਹਿਸਾਬਾ ਤੇਲ ਖਰਚ ਕਰਨ ਦੀ ਸਹੂਲਤ ਸਰਕਾਰ ਦੀ ਸੰਵਿਧਾਨਕ ਜ਼ਿੰਮੇਵਾਰੀ ਹੈ। ਪੰਜਾਬ ਪੁਲਿਸ ਦੇ ਸੁਰੱਖਿਆ ਵਿੰਗ ਵੱਲੋਂ ਸ਼੍ਰੋਮਣੀ ਅਕਾਲੀ ਦਲ, ਕਾਂਗਰਸ, ਭਾਰਤੀ ਜਨਤਾ ਪਾਰਟੀ ਸਣੇ ਸ਼੍ਰੋਮਣੀ ਕਮੇਟੀ ਤੇ ਧਾਰਮਿਕ ਆਗੂਆਂ ਨੂੰ 240 ਸੁਰੱਖਿਆ ਕਾਰਾਂ ਦਿੱਤੀਆਂ ਗਈਆਂ ਹਨ।

ਇਨ੍ਹਾਂ ਵਿਚ ਦੁਨੀਆਂ ਦੀਆਂ ਸਭ ਤੋਂ ਮਹਿੰਗੀਆਂ ਕਾਰਾਂ ਲੈਂਡ ਕਰੂਜ਼ਰ ਅਤੇ ਮੌਂਟੈਰੋ ਤੋਂ ਲੈ ਕੇ ਜਿਪਸੀਆਂ ਤੱਕ ਸ਼ਾਮਲ ਹਨ। ਪੁਲਿਸ ਵੱਲੋਂ ਸਿਪਾਹੀਆਂ ਤੋਂ ਲੈ ਕੇ ਹੌਲਦਾਰ ਤੱਕ ਨੂੰ ਇਨ੍ਹਾਂ ਗੱਡੀਆਂ ਦੇ ਡਰਾਈਵਰ ਵਜੋਂ ਤਾਇਨਾਤ ਕੀਤਾ ਗਿਆ ਹੈ। ਬਾਦਲਾਂ ਨੂੰ ਮਿਲੀਆਂ ਬੁਲੇਟ ਪਰੂਫ ਲੈਂਡ ਕਰੂਜ਼ਰ ਐਸਯੂਵੀਜ਼ ਗਿਣੀਆਂ ਜਾਂਦੀਆਂ ਹਨ। ਇਕ ਐਸਯੂਵੀ ਦੀ ਕੀਮਤ ਡੇਢ ਕਰੋੜ ਰੁਪਏ ਦੇ ਕਰੀਬ ਮੰਨੀ ਜਾਂਦੀ ਹੈ। ਦੋਵਾਂ ਬਾਦਲਾਂ ਨੂੰ ਮਿਸ਼ੂਬਿਸ਼ੀ ਕੰਪਨੀ ਦੀ ਮੌਂਟੈਰੋ ਐਸਯੂਵੀਜ਼ ਵੀ ਦਿੱਤੀਆਂ ਗਈਆਂ ਹਨ ਤੇ ਤੇਲ ਦਾ ਖਰਚਾ ਸਰਕਾਰੀ ਖਾਤੇ ਵਿਚ ਪੈਂਦਾ ਹੈ। ਇਸ ਲਗਜ਼ਰੀ ਕਾਰ ਦੀ ਕੀਮਤ 70 ਲੱਖ ਰੁਪਏ ਦੇ ਕਰੀਬ ਦੱਸੀ ਗਈ ਹੈ। ਆਲ ਇੰਡੀਆ ਅਤਿਵਾਦ ਵਿਰੋਧੀ ਫਰੰਟ ਦੇ ਪ੍ਰਧਾਨ ਮਨਿੰਦਰਜੀਤ ਸਿੰਘ ਬਿੱਟਾ ਨੂੰ ਦਿੱਤੀਆਂ ਗੱਡੀਆਂ ਦੀ ਕੀਮਤ 90 ਲੱਖ ਰੁਪਏ ਦੇ ਕਰੀਬ ਹੈ।

ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਦਾ ਅਨੁਮਾਨ ਹੈ ਕਿ ਬਿੱਟਾ ਵਾਸਤੇ ਸਰਕਾਰੀ ਖਜ਼ਾਨੇ ਵਿਚੋਂ ਤਕਰੀਬਨ 42 ਲੱਖ ਰੁਪਏ ਦਾ ਤੇਲ ਸਰਕਾਰੀ ਖਜ਼ਾਨੇ ਵਿਚੋਂ ਜਾਂਦਾ ਹੈ। ਇਸ ਤਰ੍ਹਾਂ ਕਈ ਸ਼ਿਵ ਸੈਨਾਵਾਂ ਦੇ ਆਗੂਆਂ ਨੂੰ ਵੀ ਸਰਕਾਰੀ ਖਰਚੇ ਉਤੇ ਹੀ ਮੌਜਾਂ ਕਰਾਈਆਂ ਜਾ ਰਹੀਆਂ ਹਨ। ਪੰਜਾਬ ਪੁਲਿਸ ਨਵੀਨੀਕਰਨ ਲਈ ਕੇਂਦਰ ਸਰਕਾਰ ਤੋਂ ਮਿਲਦੇ ਫੰਡਾਂ ਵਿਚੋਂ ਹਰ ਸਾਲ 20 ਤੋਂ 25 ਕਰੋੜ ਰੁਪਏ ਤੱਕ ਦੇ ਵਾਹਨ ਖਰੀਦੇ ਜਾਂਦੇ ਸਨ। ਪੁਲਿਸ ਸੂਤਰਾਂ ਮੁਤਾਬਕ ਚਲੰਤ ਮਾਲੀ ਸਾਲ ਦੌਰਾਨ ਵੀ ਪੁਲਿਸ ਨੂੰ ਵਾਹਨਾਂ ਦੀ ਖਰੀਦ ਲਈ 22 ਕਰੋੜ ਰੁਪਏ ਖਰਚ ਕਰਨ ਦੀ ਤਜਵੀਜ਼ ਹੈ। ਇਹ ਤੱਥ ਵੀ ਸਾਹਮਣੇ ਆਏ ਹਨ ਕਿ ਥਾਣਿਆਂ ਨੂੰ ਅਲਾਟ ਕੀਤੀਆਂ ਗੱਡੀਆਂ ਦੀ ਹਾਲਤ ਖਸਤਾ ਹੈ ਜਦਕਿ ਵੱਡੇ ਸਾਬ੍ਹਾਂ ਨੂੰ ਨਵੀਆਂ ਕਾਰਾਂ ਝਟਪਟ ਦੇ ਦਿੱਤੀਆਂ ਜਾਂਦੀਆਂ ਹਨ।

ਪੰਜਾਬ ਪੁਲਿਸ ਦੀਆਂ ਚੰਡੀਗੜ੍ਹ ਵਿੱਚ ਹੀ ਢਾਈ ਸੌ ਦੇ ਕਰੀਬ ਕਾਰਾਂ ਹਨ। ਇਨ੍ਹਾਂ ਵਿਚ ਸਾਢੇ ਤਿੰਨ ਕਰੋੜ ਰੁਪਏ ਦਾ ਸਾਲਾਨਾ ਤੇਲ ਹੀ ਫੂਕ ਦਿੱਤਾ ਜਾਂਦਾ ਹੈ। ਪੰਜਾਬ ਦੇ ਵਿੱਤ ਵਿਭਾਗ ਵੱਲੋਂ ਕੁੱਝ ਸਾਲ ਪਹਿਲਾਂ ਸਰਕਾਰੀ ਕਾਰਾਂ ਦੀ ਖਰੀਦ ਬੰਦ ਕਰਨ ਅਤੇ ਕਿਰਾਏ ਦੀਆਂ ਕਾਰਾਂ ਰੱਖਣ ਦੀ ਤਜਵੀਜ਼ ਬਣਾਈ ਗਈ ਸੀ। ਵਿੱਤ ਵਿਭਾਗ ਦੇ ਅਧਿਕਾਰੀਆਂ ਦਾ ਦੱਸਣਾ ਹੈ ਕਿ ਪੁਲਿਸ ਅਫਸਰਾਂ ਵੱਲੋਂ ਸਰਕਾਰੀ ਕਾਰਾਂ ਦੀ ਵਰਤੋਂ ਦੀ ਖੁੱਲ੍ਹ ਖੇਡ ਬੰਦ ਹੋਣ ਦੇ ਖਦਸ਼ੇ ਕਾਰਨ ਇਹ ਨੀਤੀ ਸਿਰੇ ਨਹੀਂ ਸੀ ਚੜ੍ਹ ਸਕੀ।

### ਮਨਪ੍ਰੀਤ ਵੱਲੋਂ ਖਰਚਖੋਰੀ ਖਿਲਾਫ ਸਖਤੀ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਵੱਲੋਂ ਆਪਣੇ ਅਧਿਕਾਰੀਆਂ, ਲੀਡਰਾਂ, ਡੇਰੇਦਾਰਾਂ, ਜਥੇਦਾਰਾਂ ਅਤੇ ਸ਼ਿਵ ਸੈਨਾ ਆਗੂਆਂ ਨੂੰ ਸੁਰੱਖਿਆ ਲਈ ਦਿੱਤੀਆਂ ਮਹਿੰਗੀਆਂ ਕਾਰਾਂ ਅਤੇ ਬੇਹਿਸਾਬੇ ਤੇਲ ਦੇ ਮੁੱਦੇ ਦਾ ਪੰਜਾਬ ਸਰਕਾਰ ਅਤੇ ਵਿੱਤ ਵਿਭਾਗ ਨੇ ਗੰਭੀਰ ਨੋਟਿਸ ਲਿਆ ਹੈ। ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਦਾ ਕਹਿਣਾ ਹੈ ਕਿ ਪੁਲਿਸ ਸਮੇਤ ਹੋਰਨਾਂ ਵਿਭਾਗਾਂ ਦੇ ਅਫਸਰਾਂ ਵੱਲੋਂ ਸਰਕਾਰੀ ਕਾਰਾਂ ਦੀ ਕੀਤੀ ਜਾ ਰਹੀ ਵਰਤੋਂ ਦੀ ਸਮੀਖਿਆ ਕੀਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਖਜ਼ਾਨੇ ਨੂੰ ਪੈਰਾਂ ਸਿਰ ਕਰਨ ਲਈ ਠੋਸ ਕਦਮ ਚੁੱਕਣ ਦੀਆਂ ਹਦਾਇਤਾਂ ਦਿੱਤੀਆਂ ਹਨ।

# ਜਸਟਿਸ ਰਣਜੀਤ ਸਿੰਘ ਵੱਲੋਂ ਬਾਦਲ ਦੇ ਵਤੀਰੇ ਦੀ ਆਲੋਚਨਾ

ਚੰਡੀਗੜ੍ਹ: ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਆਪਣੇ ਪਿਛਲੇ ਕਾਰਜਕਾਲ ਦੌਰਾਨ ਰਾਜ ਵਿਚ ਹੋਈਆਂ ਧਾਰਮਿਕ ਬੇਅਦਬੀ ਦੀਆਂ ਘਟਨਾਵਾਂ ਬਾਰੇ ਜਾਣਕਾਰੀ ਦੇਣ ਲਈ ਪੇਸ਼ ਹੋਣ ਤੋਂ ਇਨਕਾਰ ਕਰਨ ਤੋਂ ਲਗਭਗ ਇਕ ਮਹੀਨੇ ਬਾਅਦ ਜਸਟਿਸ ਰਣਜੀਤ ਸਿੰਘ ਕਮਿਸ਼ਨ ਨੇ ਸਪੱਸ਼ਟ ਕੀਤਾ ਕਿ ਸਾਬਕਾ ਮੁੱਖ ਮੰਤਰੀ ਦਾ ਵਤੀਰਾ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਆਖਿਆ ਜਾ ਸਕਦਾ। ਕਮਿਸ਼ਨ ਨੇ ਸ੍ਰੀ ਬਾਦਲ ਦੀ ਨੋਟਿਸ ਵਾਪਸ ਲੈਣ ਦੀ ਅਰਜ਼ੀ ਵੀ ਰੱਦ ਕਰ ਦਿੱਤੀ ਹੈ।

ਕਮਿਸ਼ਨ ਨੇ ਸ੍ਰੀ ਬਾਦਲ ਨੂੰ ਭੇਜੇ ਜਵਾਬ ਵਿਚ ਕਿਹਾ ਕਿ ਉਹ ਉਸ ਵੇਲੇ ਰਾਜ ਦੇ ਮੁੱਖ ਮੰਤਰੀ ਸਨ ਜਿਸ ਕਰ ਕੇ ਉਹ ਇਨ੍ਹਾਂ ਮਾਮਲਿਆਂ ਬਾਰੇ ਜਾਣਕਾਰੀ ਦੇਣ ਦੀ ਸਥਿਤੀ ਵਿਚ ਸਨ। ਹਾਲਾਂਕਿ ਸ੍ਰੀ ਬਾਦਲ ਨੇ ਇਸ ਬਿਨਾਅ ਉਤੇ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਦੇਣ ਤੋਂ ਮਨ੍ਹਾਂ ਕਰ ਦਿੱਤਾ ਕਿ ਉਨ੍ਹਾਂ ਦੀ ਪਾਰਟੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਜਸਟਿਸ ਰਣਜੀਤ ਸਿੰਘ ਕਮਿਸ਼ਨ ਨੂੰ ਮਾਨਤਾ ਨਹੀਂ ਦਿੰਦੀ ਤੇ ਇਸ ਲਈ ਉਹ ਕਮਿਸ਼ਨ ਸਾਹਮਣੇ ਪੇਸ਼ ਨਹੀਂ ਹੋਣਗੇ।

ਜਸਟਿਸ ਰਣਜੀਤ ਸਿੰਘ ਨੇ ਕਿਹਾ ਕਿ ਜੇ ਇਸ ਤਰ੍ਹਾਂ ਦੀ ਖੁੱਲ੍ਹ ਕਿਸੇ ਵਿਅਕਤੀ ਨੂੰ ਦੇ ਦਿੱਤੀ



ਜਾਂਦੀ ਹੈ ਤਾਂ ਜਾਂਚ ਕਮਿਸ਼ਨ ਦਾ ਮੰਤਵ ਹੀ ਖਤਮ ਹੋ ਜਾਂਦਾ ਹੈ। ਕਮਿਸ਼ਨ ਨੂੰ ਇਕ ਜਿੰਮਾ ਸੌਂਪਿਆ ਗਿਆ ਹੈ ਤੇ ਉਹ ਪੂਰੀ ਇਮਾਨਦਾਰੀ, ਸੁਹਿਰਦਤਾ ਤੇ ਤਨਦੇਹੀ ਨਾਲ ਇਸ ਨੂੰ ਪੂਰਾ ਕਰਨ ਲਈ ਵਚਨਬੱਧ ਹਨ। ਜ਼ਿੰਮੇਵਾਰੀ ਤੋਂ ਭੱਜਣਾ ਕਾਇਰਾਂ ਦੀ ਨਿਸ਼ਾਨੀ ਹੁੰਦੀ ਹੈ।

**Punjab Times**

**Established in 2000**
**19th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਨਵਜੋਤ ਸਿੱਧੂ 30 ਸਾਲ ਪੁਰਾਣੇ ਕੇਸ ਵਿਚੋਂ ਬਰੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਟੂਰਿਜ਼ਮ ਮੰਤਰੀ ਅਤੇ ਉਘੇ ਕ੍ਰਿਕਟ ਖਿਡਾਰੀ ਨਵਜੋਤ ਸਿੰਘ ਸਿੱਧੂ ਨੂੰ 30 ਸਾਲ ਪੁਰਾਣੇ ਰੋਡਰੇਜ ਮਾਮਲੇ ਵਿਚ ਵੱਡੀ ਰਾਹਤ ਦਿੰਦਿਆਂ ਕੋਈ ਸਜ਼ਾ ਨਹੀਂ ਦਿੱਤੀ ਪਰ ਅਪਰਾਧ ਲਈ ਇਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ। ਅਦਾਲਤ ਨੇ ਸ੍ਰੀ ਸਿੱਧੂ ਨੂੰ ਭਾਰਤੀ ਦੰਡਾਵਲੀ ਦੀ ਧਾਰਾ 323 ਤਹਿਤ ਦੋਸ਼ੀ ਮੰਨਿਆ ਪਰ ਨਾਲ ਹੀ ਧਾਰਾ 304 ਤਹਿਤ ਦਰਜ ਗੈਰ-ਇਰਾਦਤਨ ਕਤਲ ਦੇ ਦੋਸ਼ ਤੋਂ ਉਸ ਨੂੰ ਬਰੀ ਕਰ ਦਿੱਤਾ।

ਬੈਂਚ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਧਾਰਾ 323, ਜਿਸ ਤਹਿਤ ਨਵਜੋਤ ਸਿੰਘ ਸਿੱਧੂ ਸਵੈ-ਇੱਛਾ ਨਾਲ ਸੱਟ ਮਾਰਨ ਦਾ ਦੋਸ਼ੀ ਹੈ, ਵਿਚ ਉਸ ਨੂੰ ਕੋਈ ਸਜ਼ਾ ਨਹੀਂ ਦਿੱਤੀ ਜਾਂਦੀ ਪਰ ਇਕ ਹਜ਼ਾਰ ਰੁਪਏ ਜੁਰਮਾਨਾ ਕੀਤਾ ਜਾਂਦਾ ਹੈ। ਇਸ ਦੇ ਨਾਲ ਹੀ ਉਨ੍ਹਾਂ ਦੇ ਸਾਥੀ ਰੁਪਿੰਦਰ ਸਿੰਘ ਸੰਧੂ ਨੂੰ ਸੁਪਰੀਮ ਕੋਟ ਨੇ ਦੋਸ਼ ਮੁਕਤ ਕਰਾਰ ਦਿੰਦਿਆਂ ਬਰੀ ਕਰ ਦਿੱਤਾ ਹੈ ਅਤੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਫੈਸਲੇ ਨੂੰ ਉਲਟਾ ਦਿੱਤਾ ਹੈ। ਧਾਰਾ 323 ਤਹਿਤ ਕਿਸੇ ਨਾਲ ਕੁੱਟਮਾਰ ਕਰ ਕੇ ਜਖ਼ਮੀ ਕਰਨਾ ਤੇ ਧਾਰਾ 304 ਹੇਠ ਗੈਰ ਇਰਾਦਾ ਕਤਲ ਦਾ ਮਾਮਲਾ ਬਣਦਾ ਹੈ। ਪਟਿਆਲਾ ਦੇ ਸ਼ੇਰਾਂ ਵਾਲਾ ਗੇਟ ਨਜ਼ਦੀਕ 27 ਦਸੰਬਰ 1988 ਨੂੰ ਵਾਪਰੀ ਇਕ ਘਟਨਾ ਦੌਰਾਨ ਗੁਰਨਾਮ ਸਿੰਘ (65) ਦੀ ਸੜਕ ਹਾਦਸੇ ਬਾਅਦ ਕੁੱਟਮਾਰ ਕਰ ਕੇ ਸਿੱਧੂ ਤੇ ਉਸ ਦਾ ਸਾਥੀ ਖਿਸਕ ਗਏ ਸਨ ਅਤੇ ਗੁਰਨਾਮ ਸਿੰਘ ਦੀ ਹਸਪਤਾਲ ਵਿਚ ਮੌਤ ਹੋ ਗਈ ਸੀ।

ਇਸ ਕੇਸ ਵਿਚ ਮੁਕੱਦਮੇ ਦੀ ਸੁਣਵਾਈ ਕਰਨ ਵਾਲੀ ਅਦਾਲਤ ਨੇ ਸਿੱਧੂ ਨੂੰ ਬਰੀ ਕਰ ਦਿੱਤਾ ਸੀ ਪਰ ਪੰਜਾਬ-ਹਰਿਆਣਾ ਹਾਈ ਕੋਰਟ ਨੇ ਦਸੰਬਰ 2006 ਵਿਚ ਹੇਠਲੀ ਅਦਾਲਤ ਦੇ ਫੈਸਲੇ ਨੂੰ ਉਲਟਾਉਂਦਿਆਂ ਆਈ.ਪੀ.ਸੀ. ਦੀ ਧਾਰਾ 304 (2) ਤਹਿਤ ਸਿੱਧੂ ਨੂੰ ਗੈਰ ਇਰਾਦਾ ਕਤਲ ਦਾ ਦੋਸ਼ੀ ਪਾਇਆ ਸੀ ਤੇ ਤਿੰਨ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਸੀ। ਸਿੱਧੂ ਨੇ ਇਸ ਫੈਸਲੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਕੀਤੀ ਸੀ।

## ਅਸਲਾ ਬਰਾਮਦਗੀ ਮਾਮਲੇ 'ਚੋਂ ਹਵਾਰਾ ਬਰੀ

**ਲੁਧਿਆਣਾ:** ਅਸਲਾ ਬਰਾਮਦਗੀ ਦੇ ਮਾਮਲੇ ਵਿਚ ਨਾਮਜ਼ਦ ਜਗਤਾਰ ਸਿੰਘ ਹਵਾਰਾ ਨੂੰ ਅਦਾਲਤ ਨੇ ਬਰੀ ਕਰ ਦਿੱਤਾ ਹੈ। ਥਾਣਾ ਕੋਤਵਾਲੀ ਦੀ ਪੁਲਿਸ ਨੇ ਸਥਾਨਕ ਘੰਟਾ ਘਰ ਨੇੜਿਉਂ 30 ਦਸੰਬਰ 1995 ਨੂੰ ਏ.ਕੇ. 56 ਤੇ ਕਾਰਤੂਸ ਬਰਾਮਦ ਕੀਤੇ ਗਏ ਸਨ। ਪੁਲਿਸ ਵੱਲੋਂ ਇਸ ਮਾਮਲੇ 'ਚ ਅਸਲਾ ਐਕਟ ਦੀ ਧਾਰਾ 25/54/59 ਅਧੀਨ ਕੇਸ ਦਰਜ ਕੀਤਾ ਗਿਆ ਸੀ। ਪੁਲਿਸ ਵੱਲੋਂ ਬਾਅਦ 'ਚ ਇਸ ਮਾਮਲੇ ਵਿਚ ਜਗਤਾਰ ਸਿੰਘ ਹਵਾਰਾ ਨੂੰ ਨਾਮਜ਼ਦ ਕਰ ਕੇ ਬਕਾਇਦਾ ਅਦਾਲਤ 'ਚ ਚਲਾਨ ਪੇਸ਼ ਕੀਤਾ ਗਿਆ ਸੀ। ਹਵਾਰਾ ਇਸ ਵੇਲੇ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਦੇ ਮਾਮਲੇ 'ਚ ਤਿਹਾੜ ਜੇਲ੍ਹ ਵਿਚ ਸਜ਼ਾ ਭੁਗਤ ਰਹੇ ਹਨ।

# ਮੋਦੀ ਸਰਕਾਰ ਨੇ ਆਪਣੀ ਮਸ਼ਹੂਰੀ 'ਤੇ ਖਰਚੇ 4343 ਕਰੋੜ

**ਮੁੰਬਈ:** ਚਾਰ ਸਾਲ ਪਹਿਲਾਂ ਸੱਤਾ ਵਿਚ ਆਉਣ ਮਗਰੋਂ ਨਰੇਂਦਰ ਮੋਦੀ ਸਰਕਾਰ ਨੇ ਹੁਣ ਤੱਕ 4343 ਕਰੋੜ ਰੁਪਏ ਪ੍ਰਚਾਰ ਉਤੇ ਖਰਚੇ ਹਨ। ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਤਹਿਤ ਆਉਂਦੀ ਏਜੰਸੀ ਨੇ ਆਰ.ਟੀ.ਆਈ. ਦੇ ਜਵਾਬ 'ਚ ਇਹ ਜਾਣਕਾਰੀ ਦਿੱਤੀ। ਸ਼ਹਿਰ ਦੇ ਆਰ.ਟੀ.ਆਈ. ਕਾਰਕੁਨ ਅਨਿਲ ਗਲਗਲੀ ਵੱਲੋਂ ਭੇਜੀ ਅਰਜ਼ੀ ਦੇ ਜਵਾਬ 'ਚ ਬਿਊਰੋ ਆਫ ਆਊਟਰੀਚ ਕਮਿਊਨਿਕੇਸ਼ਨ ਨੇ ਦੱਸਿਆ ਕਿ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਆ ਉਤੇ ਇਸ਼ਤਿਹਾਰਾਂ ਲਈ ਇਹ ਖਰਚਾ ਕੀਤਾ ਗਿਆ।

ਮੰਤਰਾਲੇ ਤਹਿਤ ਆਉਂਦੀ ਏਜੰਸੀ ਨੇ ਕਿਹਾ ਕਿ ਸਰਕਾਰ ਨੇ ਮੀਡੀਆ ਪਲੇਟਫਾਰਮਾਂ ਉਤੇ ਆਪਣੇ ਪ੍ਰੋਗਰਾਮਾਂ ਦੇ ਇਸ਼ਤਿਹਾਰਾਂ ਲਈ 4343.26 ਕਰੋੜ ਰੁਪਏ ਖਰਚੇ। ਪ੍ਰਿੰਟ ਮੀਡੀਆ ਵਿਚ (ਪਹਿਲੀ ਜੂਨ 2014 ਤੋਂ 7 ਦਸੰਬਰ 2017) 1732.15 ਕਰੋੜ ਤੇ ਇਲੈਕਟ੍ਰਾਨਿਕ ਮੀਡੀਆ (ਪਹਿਲੀ ਜੂਨ 2014 ਤੋਂ 31 ਮਾਰਚ 2018) ਵਿਚ 2079.87 ਕਰੋੜ ਦੇ ਇਸ਼ਤਿਹਾਰ ਦਿੱਤੇ ਗਏ। ਇਸੇ ਵਕਫ਼ੇ ਦੌਰਾਨ 531.34 ਕਰੋੜ ਰੁਪਏ ਆਊਟਡੋਰ ਪਬਲੀਸਿਟੀ 'ਤੇ ਖਰਚੇ ਗਏ।

# ਹੁਣ ਬਜ਼ੁਰਗ ਮਾਪਿਆਂ ਨੂੰ ਅਣਡਿੱਠ ਕਰਨ ਵਾਲਿਆਂ ਦੀ ਆਵੇਗੀ ਸ਼ਾਮਤ

**ਨਵੀਂ ਦਿੱਲੀ:** ਭਾਰਤ ਸਰਕਾਰ ਬਜ਼ੁਰਗ ਮਾਪਿਆਂ ਨੂੰ ਬੇਸਹਾਰਾ ਛੱਡਣ ਵਾਲੇ ਬੱਚਿਆਂ ਨੂੰ ਹੋਣ ਵਾਲੀ ਜੇਲ੍ਹ ਦੀ ਸਜ਼ਾ 3 ਮਹੀਨੇ ਤੋਂ ਵਧਾ ਕੇ 6 ਮਹੀਨੇ ਕਰਨ ਉਤੇ ਵਿਚਾਰ ਕਰ ਰਹੀ ਹੈ। ਮਾਤਾ-ਪਿਤਾ ਨੂੰ ਛੱਡਣ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਕਲਿਆਣ ਕਾਨੂੰਨ, 2007 ਦੀ ਸਮੀਖਿਆ ਕਰ ਰਹੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮੰਤਰਾਲੇ ਨੇ ਬੱਚਿਆਂ ਦੀ ਜ਼ਿੰਮੇਵਾਰੀ ਵਧਾਉਣ ਦੀ ਵੀ ਸਿਫਾਰਸ਼ ਕੀਤੀ ਹੈ।

ਬੱਚਿਆਂ ਦੀ ਪਰਿਭਾਸ਼ਾ 'ਚ ਗੋਦ ਲਏ ਜਾਂ ਮਤਰੇਏ ਬੱਚਿਆਂ, ਦਾਮਾਦ ਅਤੇ ਨੂੰਹਾਂ, ਪੋਤੇ-ਪੋਤੀਆਂ, ਦੋਹਤੀਆਂ-ਦੋਹਤੇ ਅਤੇ ਅਜਿਹੇ ਨਾਬਾਲਗਾਂ ਨੂੰ ਵੀ ਸ਼ਾਮਲ ਕਰਨ ਦੀ ਵੀ ਸਿਫਾਰਸ਼ ਕੀਤੀ ਗਈ ਹੈ, ਜਿਨ੍ਹਾਂ ਦੀ ਪ੍ਰਤੀਨਿਧਤਾ ਕਾਨੂੰਨੀ ਤੌਰ ਉਤੇ ਉਨ੍ਹਾਂ ਦੀ ਦੇਖਭਾਲ ਕਰਦੇ ਹਨ। ਮੌਜੂਦਾ ਕਾਨੂੰਨ 'ਚ ਸਿਰਫ ਸਕੇ ਬੱਚੇ ਅਤੇ ਪੋਤੇ-ਪੋਤੀਆਂ ਸ਼ਾਮਲ ਹਨ।

ਮੰਤਰਾਲੇ ਨੇ ਮਾਤਾ-ਪਿਤਾ ਅਤੇ ਸੀਨੀਅਰ ਨਾਗਰਿਕਾਂ ਦੀ ਦੇਖਭਾਲ ਅਤੇ ਕਲਿਆਣ ਕਾਨੂੰਨ, 2018 ਦਾ ਖਰੜਾ ਤਿਆਰ ਕੀਤਾ ਹੈ। ਕਾਨੂੰਨੀ ਰੂਪ ਮਿਲਣ ਤੋਂ ਬਾਅਦ ਇਹ 2007 ਦੇ ਪੁਰਾਣੇ ਕਾਨੂੰਨ ਦੀ ਥਾਂ ਲਵੇਗਾ।

# ਕਰਨਾਟਕ ਚੋਣਾਂ ਨੇ ਮੋਦੀ-ਵਿਰੋਧੀ ਮੁਹਿੰਮ ਦਾ ਮੁੱਢ ਬੰਨ੍ਹਿਆ

*(ਸਫਾ ਇਕ ਦੀ ਬਾਕੀ)*

ਪਰ ਨਰੇਂਦਰ ਮੋਦੀ ਨੇ ਕੁਝ ਦਿਨਾਂ ਵਿਚ ਹੀ ਆਪਣੀਆਂ ਪ੍ਰਭਾਵਸ਼ਾਲੀ ਰੈਲੀਆਂ ਅਤੇ ਧੂੰਆਂਧਾਰ ਭਾਸ਼ਣਾਂ ਰਾਹੀਂ ਪਾਸਾ ਪਲਟ ਦਿੱਤਾ। ਕਰਨਾਟਕ ਚੋਣਾਂ ਦੌਰਾਨ ਮੋਦੀ ਨੇ 6 ਦਿਨਾਂ ਵਿਚ 21 ਰੈਲੀਆਂ ਕੀਤੀਆਂ, ਉਥੇ ਹੀ ਭਾਜਪਾ ਪ੍ਰਧਾਨ ਅਮਿਤ ਸ਼ਾਹ ਨੇ 27 ਰੈਲੀਆਂ ਕੀਤੀਆਂ। ਮੋਦੀ-ਸ਼ਾਹ ਦੀ ਜੋੜੀ ਲਈ 2019 ਤੋਂ ਪਹਿਲਾਂ ਇਹ ਕਾਫੀ ਅਹਿਮ ਚੋਣ ਸੀ।

ਚੋਣਾਂ ਵਿਚ ਭਾਜਪਾ ਨੇ ਜਾਤੀਵਾਦ ਵਾਲੀ ਖੇਡ ਦਾ ਵੀ ਪੂਰਾ ਲਾਹਾ ਲਿਆ। ਭਾਜਪਾ ਦੇ ਆਗੂ ਯੇਦੀਯੁਰੱਪਾ ਲਿੰਗਾਇਤ ਬਰਾਦਰੀ ਨਾਲ ਸਬੰਧ ਰੱਖਦੇ ਹਨ, ਜਿਸ ਦੀ ਰਾਜ ਵਿਚ 17 ਫੀਸਦੀ ਵੋਟ ਹੈ। ਇਸ ਦੇ ਮੁਕਾਬਲੇ ਵਿਚ ਵੋਕਾਲਿਗਾ ਬਰਾਦਰੀ ਦੀ ਵੋਟ 15 ਫੀਸਦੀ ਹੈ। ਇਸ ਤੋਂ ਇਲਾਵਾ ਪਛੜੀਆਂ ਸ਼੍ਰੇਣੀਆਂ, ਅਨੁਸੂਚਿਤ ਜਾਤੀਆਂ, ਘੱਟ ਗਿਣਤੀਆਂ ਅਤੇ ਕਬੀਲਿਆਂ ਵਿਚ ਵੰਡੇ ਲੋਕਾਂ ਨੂੰ ਵੀ ਰਿਝਾਉਣ ਵਿਚ ਸਫਲ ਰਹੀ। ਰਾਹੁਲ ਗਾਂਧੀ ਲਈ ਪਾਰਟੀ ਪ੍ਰਧਾਨ ਵਜੋਂ ਵੀ ਇਹ ਚੋਣਾਂ ਵੱਡੀ ਚੁਣੌਤੀ ਸਨ, ਪਰ ਚੋਣ ਨਤੀਜਿਆਂ ਨੇ ਦਰਸਾਇਆ ਹੈ ਕਿ ਉਹ ਅਜੇ ਵੀ ਸ੍ਰੀ ਮੋਦੀ ਦੀ ਲੀਡਰਸ਼ਿਪ ਦਾ ਜਾਦੂ ਤੋੜਨ ਦੇ ਸਮਰੱਥ ਨਹੀਂ ਹੋ ਸਕੇ।

ਰਾਹੁਲ ਦੀ ਅਗਵਾਈ 'ਤੇ ਇਸ ਕਰ ਕੇ ਵੀ ਸਵਾਲ ਉਠ ਰਹੇ ਹਨ ਕਿਉਂਕਿ ਕੁਝ ਸੂਬਿਆਂ ਵਿਚ ਹੋਈਆਂ ਉਪ ਚੋਣਾਂ ਵਿਚ ਪ੍ਰਭਾਵ ਬਣਿਆ ਸੀ ਮੋਦੀ ਦਾ ਜਾਦੂ ਹੁਣ ਲੋਕਾਂ ਦੇ ਸਿਰੋਂ ਉਤਰਨ ਲੱਗ ਹੈ। ਰਾਜਸਥਾਨ ਦੀਆਂ ਉਪ ਚੋਣਾਂ ਵਿਚ ਸਾਰੀਆਂ ਸੀਟਾਂ ਉਤੇ ਭਾਰਤੀ ਜਨਤਾ ਪਾਰਟੀ ਦੇ ਉਮੀਦਵਾਰ ਹਾਰ ਗਏ ਸਨ। ਮੱਧ ਪ੍ਰਦੇਸ਼ ਦੀਆਂ ਉਪ ਚੋਣਾਂ ਵਿਚ ਭਾਜਪਾ ਹਾਰੀ ਅਤੇ ਉਤਰ ਪ੍ਰਦੇਸ਼ ਦੇ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਵੱਲੋਂ ਖਾਲੀ ਕੀਤੀਆਂ ਗਈਆਂ ਸੀਟਾਂ ਉਤੇ ਵੀ ਭਾਜਪਾ ਹਾਰ ਗਈ। ਹੁਣ ਕਰਨਾਟਕ ਵਿਚ ਸਭ ਕੁਝ ਕਾਂਗਰਸ ਦੇ ਹੱਕ ਵਿਚ ਹੋਣ ਦੇ ਬਾਵਜੂਦ ਭਾਜਪਾ ਦੀ ਚੜ੍ਹਤ ਵੱਡੇ ਸਵਾਲ ਖੜ੍ਹੇ ਕਰ ਰਹੀ ਹੈ। ਇਸ ਸਾਲ ਰਾਜਸਥਾਨ, ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ ਵਿਚ ਵੀ ਚੋਣਾਂ ਹੋਣੀਆਂ ਹਨ। ਪਹਿਲੇ ਦੋ ਸੂਬੇ ਕਾਫੀ ਵੱਡੇ ਹਨ ਪਰ ਕਰਨਾਟਕ ਦੇ ਚੋਣ ਨਤੀਜਿਆਂ ਦਾ ਪ੍ਰਭਾਵ ਜਿਥੇ ਇਨ੍ਹਾਂ ਰਾਜਾਂ ਉਤੇ ਪਵੇਗਾ, ਉਥੇ ਅਗਲੇ ਸਾਲ ਲੋਕ ਸਭਾ ਚੋਣਾਂ ਨੂੰ ਵੀ ਇਹ ਪ੍ਰਭਾਵਿਤ ਕਰਨਗੇ।

ਮੌਜੂਦਾ ਹਾਲ ਇਹ ਹੈ ਕਿ ਕਾਂਗਰਸ ਨਾਲੋਂ ਖੇਤਰੀ ਪਾਰਟੀਆਂ ਦਾ ਵੀ ਕੱਦ ਦੇਸ਼ ਵਿਚ ਉਚਾ ਹੋ ਗਿਆ ਹੈ। ਇਸ ਤੋਂ ਲੱਗਦਾ ਹੈ ਕਿ 2019 ਦੀਆਂ ਲੋਕ ਸਭਾ ਚੋਣਾ ਤੋਂ ਪਹਿਲਾਂ ਕਾਂਗਰਸ ਦੇ ਸਾਹਮਣੇ ਖੇਤਰੀ ਪਾਰਟੀਆਂ ਵੀ ਵੱਡੀ ਚੁਣੌਤੀ ਪੇਸ਼ ਕਰ ਸਕਦੀਆਂ ਹਨ। ਇਹ ਵੀ ਕਿਹਾ ਜਾ ਰਿਹਾ ਹੈ ਕਿ 2019 ਦੀਆਂ ਚੋਣਾਂ ਵਿਚ 'ਮੋਦੀ ਮੈਜਿਕ' ਹੀ ਸਭ ਤੋਂ ਵੱਡਾ ਮੁੱਦਾ ਹੋਵੇਗਾ।

# ਭਾਰਤ 'ਚ ਹਰ ਤੀਜੀ ਕੁੜੀ ਨਾਲ ਛੇੜਛਾੜ

**ਨਵੀਂ ਦਿੱਲੀ:** ਇਕ ਨਵੇਂ ਅਧਿਐਨ ਤੋਂ ਪਤਾ ਲੱਗਿਆ ਹੈ ਕਿ ਭਾਰਤ ਵਿਚ ਹਰ ਤਿੰਨਾਂ ਵਿਚ ਇਕ ਕੁੜੀ ਨੂੰ ਜਨਤਕ ਥਾਂਵਾਂ ਉਤੇ ਛੇੜਛਾੜ ਤੇ ਪੰਜਾਂ ਵਿਚ ਇਕ ਨੂੰ ਬਲਾਤਕਾਰ ਜਿਹੇ ਜਿਸਮਾਨੀ ਹਮਲੇ ਦਾ ਖਤਰਾ ਰਹਿੰਦਾ ਹੈ। ਇਹ ਡੇਟਾ ਗੈਰ ਸਰਕਾਰੀ ਜਥੇਬੰਦੀ 'ਸੇਵ ਦ ਚਿਲਡਰਨ' ਵੱਲੋਂ ਕਰਵਾਏ ਇਕ ਅਧਿਐਨ 'ਵਿੰਗਜ਼ 2018: ਵਰਲਡ ਆਫ ਇੰਡੀਆਜ਼ ਗਰਲਜ਼_ ਏ ਸਟੱਡੀ ਆਨ ਦ ਪਰਸੈਪਸ਼ਨ ਆਫ਼ ਗਰਲਜ਼ ਸੇਫਟੀ ਇਨ ਪਬਲਿਕ ਸਪੇਸਜ਼' ਤਹਿਤ ਇਕੱਤਰ ਕੀਤਾ ਗਿਆ ਸੀ।

ਰਿਪੋਰਟ ਵਿਚ ਦਰਜ ਕੀਤਾ ਗਿਆ ਹੈ ਕਿ ਸ਼ਹਿਰੀ ਤੇ ਦਿਹਾਤੀ ਖੇਤਰਾਂ ਦੀਆਂ ਦੋ ਤਿਹਾਈ ਤੋਂ ਵੱਧ ਲੜਕੀਆਂ ਨੇ ਆਖਿਆ ਕਿ ਜੇ ਜਨਤਕ ਥਾਂ ਉਤੇ ਉਨ੍ਹਾਂ ਨੂੰ ਕਿਸੇ ਤਰ੍ਹਾਂ ਦੀ ਛੇੜਛਾੜ ਦਾ ਸਾਹਮਣਾ ਕਰਨਾ ਪੈਂਦਾ ਤਾਂ ਉਹ ਸਾਰੀ ਗੱਲ ਆਪਣੀ ਮਾਂ ਨੂੰ ਦੱਸ ਦਿੰਦੀਆਂ ਹਨ। ਲਗਭਗ ਪੰਜਾਂ 'ਚੋਂ ਦੋ ਕੁੜੀਆਂ ਦਾ ਇਹ ਵੀ ਕਹਿਣਾ ਸੀ ਕਿ ਜੇ ਉਨ੍ਹਾਂ ਦੇ ਮਾਪਿਆਂ ਨੂੰ ਜਨਤਕ ਥਾਂ ਉਤੇ ਛੇੜਛਾੜ ਜਿਹੀ ਘਟਨਾ ਦਾ ਪਤਾ ਚੱਲਦਾ ਹੈ ਤਾਂ ਉਨ੍ਹਾਂ ਦੇ ਘਰੋਂ ਨਿਕਲਣ 'ਤੇ ਰੋਕ ਲਗਾ ਦਿੱਤੀ ਜਾਂਦੀ ਹੈ।

## ਸਮ੍ਰਿਤੀ ਇਰਾਨੀ ਤੋਂ ਸੂਚਨਾ ਮੰਤਰਾਲਾ ਵੀ ਖੁੱਸਿਆ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਮ੍ਰਿਤੀ ਇਰਾਨੀ ਤੋਂ ਸੂਚਨਾ ਤੇ ਪ੍ਰਸਾਰਣ ਮੰਤਰਾਲੇ ਦੀ ਕਮਾਨ ਵਾਪਸ ਲੈਂਦਿਆਂ ਇਹ ਵਿਭਾਗ ਰਾਜਵਰਧਨ ਸਿੰਘ ਰਾਠੌਰ ਨੂੰ ਸੌਂਪ ਦਿੱਤਾ ਹੈ। ਕੈਬਨਿਟ 'ਚ ਕੀਤੇ ਗਏ ਫੇਰਦਬਲ ਤਹਿਤ ਰੇਲਵੇ ਮੰਤਰੀ ਪੀਯੂਸ਼ ਗੋਇਲ ਨੂੰ ਵਿੱਤ ਮੰਤਰਾਲੇ ਦਾ ਵਧੀਕ ਚਾਰਜ ਦਿੱਤਾ ਗਿਆ ਹੈ।

## ਖੇਡਾਂ ਤੇ ਵਰਜਿਸ਼ ਤੋਂ ਦੂਰ ਹੋਏ ਭਾਰਤੀ

**ਚੰਡੀਗੜ੍ਹ:** ਨਵੇਂ ਸਰਵੇਖਣ ਵਿਚ ਦਾਅਵਾ ਕੀਤਾ ਗਿਆ ਹੈ ਕਿ ਇਕ ਤਿਹਾਈ ਭਾਰਤੀਆਂ ਨੇ ਪਿਛਲੇ ਇਕ ਸਾਲ ਤੋਂ ਕਿਸੇ ਤਰ੍ਹਾਂ ਦੀ ਸਰੀਰਕ ਕਿਰਿਆ (ਖੇਡਾਂ ਆਦਿ) ਵਿਚ ਹਿੱਸਾ ਨਹੀਂ ਲਿਆ।

ਪਿਊਮਾ ਇੰਡੀਆ ਤੇ ਪੇਨ ਇੰਡੀਆ ਨੇ ਮਿਲ ਕੇ ਭਾਰਤੀਆਂ ਨੂੰ ਖੇਡਾਂ ਅਪਨਾਉਣ ਤੇ ਸਰੀਰਕ ਕਿਰਿਆਵਾਂ ਵਿਚ ਹਿੱਸਾ ਲੈਣ ਸਬੰਧੀ ਸਰਵੇਖਣ ਕਰਾਇਆ ਹੈ। ਸਰਵੇਖਣ ਮੁਤਾਬਕ ਇਕ ਤਿਹਾਈ ਭਾਰਤੀਆਂ ਨੇ ਪਿਛਲੇ ਸਾਲ ਕੋਈ ਸਰੀਰਕ ਕਿਰਿਆ ਨਹੀਂ ਕੀਤੀ। 57 ਫੀਸਦੀ ਭਾਰਤੀ ਅਜਿਹੇ ਹਨ ਜਿਨ੍ਹਾਂ ਪਿਛਲੇ ਇਕ ਸਾਲ ਵਿਚ ਕੋਈ ਖੇਡ ਨਹੀਂ ਖੇਡੀ। ਸਰਵੇਖਣ ਵਿਚ ਨੌਜਵਾਨਾਂ ਦੇ ਖੇਡਾਂ ਅਪਣਾਉਣ ਵਿਚ ਗਿਰਾਵਟ ਵੇਖੀ ਗਈ ਹੈ।

ਸਰਵੇ ਮੁਤਾਬਕ 70 ਫੀਸਦੀ ਭਾਰਤੀ 18 ਤੋਂ 21 ਸਾਲ ਦੀ ਉਮਰ ਵਿਚ ਖੇਡਣਾ ਛੱਡ ਦਿੰਦੇ ਹਨ ਜਦੋਂਕਿ 26 ਤੋਂ 30 ਸਾਲ ਦੀ ਉਮਰ ਵਿਚ 49 ਫੀਸਦੀ ਤੇ 36 ਤੋਂ 40 ਸਾਲ ਦੀ ਉਮਰ ਵਿਚ 26 ਫੀਸਦੀ ਭਾਰਤੀ ਖੇਡਾਂ ਨੂੰ ਅਲਵਿਦਾ ਕਹਿ ਦਿੰਦੇ ਹਨ।

# ਸੱਜਣ ਕੁਮਾਰ 'ਲਾਈ ਟੈਸਟ' ਲਈ ਤਿਆਰ

**ਨਵੀਂ ਦਿੱਲੀ:** ਨਵੰਬਰ 1984 ਦੇ ਸਿੱਖ ਕਤਲੇਆਮ ਕੇਸ ਵਿਚ ਨਾਮਜ਼ਦ ਕਾਂਗਰਸੀ ਆਗੂ ਸੱਜਣ ਕੁਮਾਰ ਦਾ ਲਾਈ ਡਿਟੈਕਟਰ ਟੈਸਟ 30 ਮਈ ਨੂੰ ਹੋਵੇਗਾ। ਦੁਆਰਕਾ ਅਦਾਲਤ 'ਚ ਸੁਣਵਾਈ ਦੌਰਾਨ ਸੱਜਣ ਕੁਮਾਰ ਨੇ 'ਝੂਠ ਫੜਨ ਵਾਲੀ ਮਸ਼ੀਨ' ਵਿਚੋਂ ਨਿਕਲਣ ਲਈ ਹਾਂ ਕਰ ਦਿੱਤੀ ਜਿਸ ਮਗਰੋਂ ਅਦਾਲਤ ਨੇ ਉਸ ਦਾ 30 ਮਈ ਨੂੰ ਇਹ ਟੈਸਟ ਕਰਨ ਦਾ ਫੈਸਲਾ ਸੁਣਾਇਆ। ਨਵੰਬਰ 1984 ਦੇ ਸਿੱਖ ਕਤਲੇਆਮ ਦੇ ਮਾਮਲਿਆਂ ਦੀ ਜਾਂਚ ਕਰ ਰਹੀ

ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਵੱਲੋਂ ਸੱਜਣ ਕੁਮਾਰ ਦੀ ਉਕਤ ਜਾਂਚ ਕਰਵਾਉਣ ਦੀ ਮੰਗ ਕੀਤੀ ਗਈ ਸੀ। ਉਧਰ, ਸੁਪਰੀਮ ਕੋਰਟ ਵਿਚ ਸੱਜਣ ਕੁਮਾਰ ਦੀ ਹੇਠਲੀ ਅਦਾਲਤ ਵੱਲੋਂ ਦਿੱਤੀ ਜ਼ਮਾਨਤ ਨੂੰ ਹਾਈ ਕੋਰਟ ਵੱਲੋਂ ਜਾਰੀ ਰੱਖਣ ਦੇ ਫੈਸਲੇ ਨੂੰ ਐਸ.ਆਈ.ਟੀ. ਵੱਲੋਂ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਹੋਈ ਹੈ। ਦਿੱਲੀ ਕਮੇਟੀ ਦੇ ਕਾਨੂੰਨੀ ਵਿਭਾਗ ਦੇ ਵਕੀਲ ਜੇ.ਐਸ. ਜੌਲੀ ਨੇ ਕਿਹਾ ਕਿ ਜਿਵੇਂ ਅਜੇ ਤੱਕ ਟਾਈਟਲਰ ਨੂੰ 'ਝੂਠ ਫੜਨ ਵਾਲੀ ਮਸ਼ੀਨ' ਰਾਹੀਂ ਨਹੀਂ ਲੰਘਾਇਆ ਜਾ ਸਕਿਆ ਹੈ, ਉਸੇ ਤਰ੍ਹਾਂ ਹੀ ਸੱਜਣ ਕੁਮਾਰ ਬਾਰੇ ਵੀ ਸ਼ੰਕੇ ਹਨ ਕਿ 30 ਮਈ ਤੱਕ 'ਲਾਈ ਟੈਸਟ' ਹੋ ਵੀ ਸਕੇਗਾ ਕਿ ਨਹੀਂ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਵਰਿੰਦਰ ਕੌਰ ਗਿੱਲ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਵਾਲਮਾਰਟ ਨੇ 16 ਅਰਬ ਡਾਲਰ ਨਾਲ ਖਰੀਦੀ ਫਲਿੱਪਕਾਰਟ

**ਨਵੀਂ ਦਿੱਲੀ:** ਅਮਰੀਕੀ ਪਰਚੂਨ ਕੰਪਨੀ ਵਾਲਮਾਰਟ ਨੇ ਇਸ ਸਾਲ ਫਲਿੱਪਕਾਰਟ ਦੀ 77 ਫੀਸਦੀ ਹਿੱਸੇਦਾਰੀ ਖਰੀਦ ਕੇ ਭਾਰਤ ਦੇ ਵਪਾਰ ਜਗਤ ਵਿਚ ਸਭ ਤੋਂ ਵੱਡਾ ਸੌਦਾ ਕੀਤਾ ਹੈ। ਇਹ ਸੌਦਾ 16 ਅਰਬ ਡਾਲਰ ਵਿਚ ਸਿਰੇ ਚੜ੍ਹਿਆ ਹੈ। ਇਸ ਦੇ ਨਾਲ ਵਾਲਮਾਰਟ ਆਪਣੀ ਮੁਕਾਬਲੇ ਦੀ ਕੰਪਨੀ ਐਮਾਜ਼ੌਨ ਦਾ ਮੁਕਾਬਲਾ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਕਰ ਸਕੇਗੀ।

ਭਾਰਤ ਵਿਚ ਸਭ ਤੋਂ ਵੱਡਾ ਸੌਦਾ ਭਾਵੇਂ ਟੈਲੀਕਾਮ ਜਗਤ ਵਿਚ ਵੋਡਾਫੋਨ ਇੰਡੀਆ ਅਤੇ ਆਈਡੀਆ ਸੈਲੂਲਰ ਵਿਚ ਹੋਵੇਗਾ ਪਰ ਇਹ ਇਕਰਾਰ ਅਜੇ ਸਿਰੇ ਚੜ੍ਹਨਾ ਹੈ। ਇਸ ਤਰ੍ਹਾਂ ਦੋਵੇਂ ਕੰਪਨੀਆਂ ਦੇ ਰਲੇਵੇਂ ਨਾਲ ਇਹ ਭਾਰਤੀ ਏਅਰਟੈੱਲ ਤੋਂ ਵੱਡੀ ਕੰਪਨੀ ਬਣ ਜਾਵੇਗੀ। ਇਹ ਸੌਦਾ 23 ਅਰਬ ਡਾਲਰ ਦਾ ਹੋਵੇਗਾ। ਇਸ ਇਕਰਾਰ ਦਾ ਐਲਾਨ ਪਿਛਲੇ ਸਾਲ ਹੋਇਆ ਸੀ। ਪਿਛਲੇ ਸਾਲ ਹੀ ਰੋਸਨੈਫਟ ਅਤੇ ਇਸ ਦੇ ਭਾਈਵਾਲਾਂ ਨੇ ਭਾਰਤ 'ਚ ਐਸਾਰ ਆਇਲ ਕੰਪਨੀ ਦਾ ਕੰਟਰੋਲ ਹਾਸਲ ਕਰਨ ਲਈ 12.9 ਅਰਬ ਡਾਲਰ ਦੇ ਕਾਰੋਬਾਰ ਦਾ ਰਲੇਵਾਂ ਕੀਤਾ ਹੈ।

ਐਸਾਰ ਦੇ ਭਾਰਤ ਵਿਚ 3500 ਪੈਟਰੋਲ ਪੰਪ ਹਨ ਅਤੇ ਇਕ ਆਇਲ ਰਿਫਾਈਨਰੀ ਹੈ, ਜੋ ਦੋ ਕਰੋੜ ਟਨ ਤੋਂ ਵੱਧ ਤੇਲ ਦਾ ਉਤਪਾਦਨ ਕਰਦੀ ਹੈ। ਇਹ ਦੇਸ਼ ਵਿਚ ਅੱਜ ਤੱਕ ਸਿੱਧੇ ਵਿਦੇਸ਼ੀ ਨਿਵੇਸ਼ ਦਾ ਤੇ ਰੂਸ ਵਿਚੋਂ ਹੋਇਆ ਸਭ ਤੋਂ ਵੱਡਾ ਸੌਦਾ ਹੈ।

ਫਲਿੱਪਕਾਰਟ ਦੇ ਮਾਮਲੇ ਵਿਚ ਵਾਲਮਾਰਟ ਸਿੰਗਾਪੁਰ ਅਧਾਰਤ ਕੰਪਨੀ ਦੇ ਸ਼ੇਅਰ ਖਰੀਦੇਗੀ। ਭਾਰਤ ਜੋ ਏਸ਼ੀਆ ਦੀ ਤੀਜੀ ਸਭ ਤੋਂ ਵੱਡੀ ਆਰਥਿਕਤਾ ਹੈ, ਨੂੰ ਹੋਰ ਅੱਗੇ ਵਧਣ ਲਈ ਸਿੱਧੇ ਵਿਦੇਸ਼ੀ ਨਿਵੇਸ਼ ਦੀ ਲੋੜ ਹੈ।

### ਫਲਿੱਪਕਾਰਟ ਤੇ ਵਾਲਮਾਰਟ ਸੌਦੇ ਦਾ ਵਿਰੋਧ

**ਨਵੀਂ ਦਿੱਲੀ:** ਫਲਿੱਪਕਾਰਟ ਤੇ ਵਾਲਮਾਰਟ ਦਰਮਿਆਨ ਹੋਏ ਸੌਦੇ ਦਾ ਵਿਰੋਧੀ ਧਿਰਾਂ ਵੱਲੋਂ ਵਿਰੋਧ ਕੀਤਾ ਜਾ ਰਿਹਾ ਹੈ ਤੇ ਇਸ ਸਮਝੌਤੇ ਨੂੰ ਵਪਾਰੀ ਵਿਰੋਧੀ ਕਰਾਰ ਦਿੰਦੇ ਹੋਏ ਵਾਲਮਾਰਟ ਦੇ ਪਿਛੋਕੜ ਨੂੰ ਘੋਖਣ ਦੀ ਦੁਹਾਈ ਦਿੱਤੀ ਹੈ।

ਆਮ ਆਦਮੀ ਪਾਰਟੀ ਦੇ ਵਾਪਰੀ ਸੈੱਲ ਵੱਲੋਂ ਇਸ ਕਰਾਰ ਖਿਲਾਫ਼ ਚਾਂਦਨੀ ਚੌਕ ਤੋਂ ਲੈ ਕੇ ਲਾਲ ਕਿਲ੍ਹੇ ਤੱਕ ਪ੍ਰਦਰਸ਼ਨ ਕੀਤਾ ਗਿਆ ਤੇ ਕੇਂਦਰ ਸਰਕਾਰ ਦੀ ਨੀਅਤ ਉਪਰ ਸ਼ੰਕੇ ਪ੍ਰਗਟਾਏ ਗਏ ਹਨ। 'ਆਪ' ਨਾਲ ਜੁੜੇ ਵਪਾਰੀਆਂ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਇਸ ਸਮਝੌਤੇ ਨੂੰ ਲੈ ਕੇ ਹੈਰਾਨੀ ਭਰੀ ਚੁੱਪ ਧਾਰ ਰੱਖੀ ਹੈ।

# ਔਰੰਗਾਬਾਦ 'ਚ ਫਿਰਕੂ ਝੜਪਾਂ; ਦੋ ਮੌਤਾਂ, 50 ਜਖਮੀ

**ਔਰੰਗਾਬਾਦ:** ਮਹਾਰਾਸ਼ਟਰ ਦੇ ਔਰੰਗਾਬਾਦ ਸ਼ਹਿਰ ਵਿਚ ਦੋ ਤਬਕਿਆਂ ਦਰਮਿਆਨ ਹੋਈਆਂ ਹਿੰਸਕ ਝੜਪਾਂ ਵਿਚ ਦੋ ਜਣੇ ਮਾਰੇ ਗਏ ਤੇ ਦਰਜਨ ਭਰ ਪੁਲਿਸ ਕਰਮੀਆਂ ਸਮੇਤ ਲਗਭਗ 50 ਜਣੇ ਜਖ਼ਮੀ ਹੋ ਗਏ। ਜਿਲ੍ਹਾ ਪ੍ਰਸ਼ਾਸਨ ਨੇ ਦਫਾ 144 ਤਹਿਤ ਲੋਕਾਂ ਦੇ ਇਕੱਤਰ ਹੋਣ ਤੇ ਇੰਟਰਨੈੱਟ ਸੇਵਾਵਾਂ ਉਤੇ ਰੋਕਾਂ ਲਾ ਦਿੱਤੀਆਂ। ਮਰਨ ਵਾਲਿਆਂ ਵਿਚ ਇਕ 17 ਸਾਲਾ ਨੌਜਵਾਨ ਹੈ ਜੋ ਪੁਲਿਸ ਫਾਇਰਿੰਗ ਵਿਚ ਮਾਰਿਆ ਗਿਆ ਜਦਕਿ ਦੂਜਾ ਮ੍ਰਿਤਕ 65 ਸਾਲਾਂ ਦਾ ਸੀ ਜੋ ਉਸ ਵੇਲੇ ਘਰ ਵਿਚ ਹੀ ਘਿਰ ਗਿਆ ਜਦੋਂ ਦੰਗਾਕਾਰੀਆਂ ਨੇ ਉਸ ਦੇ ਨਾਲ ਲੱਗਦੀ ਦੁਕਾਨ ਨੂੰ ਅੱਗ ਲਾ ਦਿੱਤੀ ਸੀ।

ਦੰਗਾ ਮੋਤੀ ਕਰਾਂਜਾ ਖੇਤਰ ਵਿਚ ਸ਼ੁਰੂ ਹੋਇਆ ਤੇ ਗਾਂਧੀ ਨਗਰ, ਰਾਜਾ ਬਾਜ਼ਾਰ, ਸ਼ਾਹ ਗੰਜ ਤੇ ਸਰਾਫਾ ਖੇਤਰਾਂ 'ਚ ਫੈਲ ਗਿਆ ਜਿਸ ਕਾਰਨ ਪੁਲਿਸ ਨੂੰ ਹਵਾਈ ਫਾਇਰ ਤੇ ਅੱਥਰੂ ਗੈਸ ਦੀ ਵਰਤੋਂ ਕਰਨੀ ਪਈ। ਜਖਮੀਆਂ 'ਚ 7 ਔਰਤਾਂ ਤੇ ਇਕ ਸਹਾਇਕ ਪੁਲਿਸ ਕਮਿਸ਼ਨਰ ਸਮੇਤ ਦਰਜਨ ਭਰ ਪੁਲਿਸ ਕਰਮੀ ਸ਼ਾਮਲ ਹਨ।

ਮੁਕਾਮੀ ਸੂਤਰਾਂ ਅਨੁਸਾਰ ਮੋਤੀ ਕਰਾਂਜਾ ਇਲਾਕੇ ਵਿਚ ਪਿਛਲੇ ਕੁਝ ਦਿਨਾਂ ਤੋਂ ਤਣਾਅ ਬਣਿਆ ਹੋਇਆ ਸੀ ਕਿਉਂਕਿ ਨਗਰ ਨਿਗਮ ਦੇ ਅਧਿਕਾਰੀਆਂ ਵੱਲੋਂ ਪਾਣੀ ਦੇ ਅਣਅਧਿਕਾਰਤ ਕੁਨੈਕਸ਼ਨ ਬੰਦ ਕਰਨ ਲਈ ਮੁਹਿੰਮ ਚਲਾਈ ਹੋਈ ਸੀ। ਇਕ ਧਾਰਮਿਕ ਸਥਾਨ ਦਾ ਅਣਅਧਿਕਾਰਤ ਕੁਨੈਕਸ਼ਨ ਬੰਦ ਕਰਨ ਤੋਂ ਮਾਮਲਾ ਫਿਰਕੂ ਰੰਗਤ ਅਖਤਿਆਰ ਕਰ ਗਿਆ।


## Prince's Barber Shop

37477 Fremont Blvd, suite C, Fremont, CA 94536

**Men & Children's Hair Cut**

*Threading *Custom Text
*Men's Facials *Hair Coler
*Custom Designing *Shave & Mundan
*Line-ups *Head Massage

ਫੁੱਲ ਟਾਈਮ ਬਾਰਬਰ ਦੀ ਲੋੜ ਹੈ

ਇੰਡੀਆ ਅਤੇ ਅਮਰੀਕਾ ਦਾ 18 ਸਾਲ ਦਾ ਤਜ਼ਰਬਾ

Business hours:
Mon thru Thursday 9am to 6pm (Appointment only)
Friday, Sat- Sunday- 9am to 6pm (Walk in only)
(Tuesday Closed)



Cell: (510)-677-9942
Shop: (510)-505-9605

www.princebarbershop.com


## ਤਾਜ ਮਹਿਲ ਦੀ ਸੰਭਾਲ 'ਚ ਢਿੱਲ 'ਤੇ ਸੁਪਰੀਮ ਕੋਰਟ ਖਫਾ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਭਾਰਤ ਦੀ ਪ੍ਰਸਿੱਧ ਵਿਰਾਸਤ ਤਾਜ ਮਹਿਲ ਦੀ ਸਾਂਭ-ਸੰਭਾਲ ਸਬੰਧੀ ਢੁਕਵੇਂ ਕਦਮ ਚੁੱਕਣ 'ਚ ਨਾਕਾਮ ਰਹਿਣ ਲਈ ਪੁਰਾਤਤਵ ਸਰਵੇਖਣ ਵਿਭਾਗ ਨੂੰ ਸਖਤ ਝਾੜ ਪਾਈ ਹੈ। ਬੈਂਚ ਨੇ ਤਾਜ ਮਹਿਲ ਦਾ ਰੰਗ ਬਦਲਣ ਦੇ ਮਾਮਲੇ 'ਚ ਚਿੰਤਾ ਜ਼ਾਹਿਰ ਕੀਤੀ।

ਕੇਂਦਰ ਵੱਲੋਂ ਪੇਸ਼ ਵਧੀਕ ਸਾਲਿਸਟਰ ਜਨਰਲ ਏ.ਐਨ.ਐਸ. ਨਾਡਕਰਣੀ ਨੂੰ ਬੈਂਚ ਨੇ ਕਿਹਾ ਕਿ ਜੇਕਰ ਪੁਰਾਤਤਵ ਵਿਭਾਗ ਨੇ ਆਪਣਾ ਕੰਮ ਠੀਕ ਢੰਗ ਨਾਲ ਕੀਤਾ ਹੁੰਦਾ ਤਾਂ ਅੱਜ ਇਹ ਸਥਿਤੀ ਨਾ ਹੁੰਦੀ। ਪੁਰਾਤਤਵ ਵਿਭਾਗ ਨੇ ਕਾਈ ਅਤੇ ਗੰਦੀਆਂ ਜੁਰਾਬਾਂ ਨੂੰ ਤਾਜ ਮਹੱਲ ਦਾ ਰੰਗ ਬਦਲਣ ਲਈ ਜ਼ਿੰਮੇਵਾਰ ਮੰਨਿਆ ਸੀ ਅਤੇ ਇਹ ਆਖਿਆ ਸੀ ਕਿ ਤਾਜ ਮਹਿਲ ਨੂੰ ਕਾਈ ਤੇ ਕੀੜੇ-ਮਕੌੜਿਆਂ ਦੇ ਕਾਰਨ ਨੁਕਸਾਨ ਪੁੱਜ ਰਿਹਾ ਹੈ।


## Matrimonials

### ਵਰ ਦੀ ਲੋੜ ਹੈ

ਪਨੇਸਰ ਸਿੱਖ ਸੁਸ਼ੀਲ, ਸੁੰਦਰ ਕੰਨਿਆ ਲਈ ਅਮਰੀਕਾ ਜਾਂ ਕੈਨੇਡਾ ਵਿਚ ਯੋਗ ਵਰ ਦੀ ਲੋੜ ਹੈ। ਉਮਰ 25 ਸਾਲ, ਕੱਦ 5'-2", 10+2, ਬੀ. ਏ, ਨੈਨੀ ਅਤੇ ਕੰਪਿਊਟਰ ਨਾਲ ਕੀਤੀ ਹੋਈ ਹੈ। ਕੈਨੇਡਾ ਵਿਚ ਨੈਨੀ ਦੀ ਸਪਾਂਸਰਸ਼ਿਪ ਲਈ ਵੀ ਯੋਗ ਹੈ। ਸੰਪਰਕ ਕਰੋ, caprisingh8@yahoo.com ਜਾਂ ਫੋਨ: 91-99144-76161 (ਭਾਰਤ) *20*

Wanted well settled Canadian/US citizen/green card holder boy for Jatt Sikh Kang Canadian PR girl 24 yrs, 5'-6", diploma electrical control systems, currently working as technical support in Toronto, only child. The boy should be a balance of modern and traditional values. Contact: WhatsApp 1-437-779-2765 *16-19*

### ਲੜਕੀ ਦੀ ਲੋੜ ਹੈ

Ramgariah family looking for a suitable Ramgariah match for their U. S. born son, Sr. Financial Analyst 34 years, 5'-10". Pl contact: jsnov1973@aol.com *12/4*

### ਲੜਕੀ ਦੀ ਲੋੜ ਹੈ

Looking for a US Citizen or green card holder girl for Ravidasia Sikh boy, 30 yrs, 6', MA, B.Ed., currently in US on visitor visa. Contact, Ph. 1-414-460-7118, Email: klerjay@aol.com *20-23*

Suitable match wanted for US born citizen boy, 30 yrs, 5'-6", MD, finishing first year residency, wheatish complexion, vegetarian and teetotaler, Contact: 321-888-5109, E-mail: billsinghtech@gmail.com *20-*

Looking for a suitable beautiful educated US citizen/ green card holder girl, at least 5'-6" or more, for Sikh clean shaven handsome boy 40 yrs, 6', US born MBA. Owns family established business. Cast no bar. Contact: 513-546-7246 *17-20*

*To Advertise with Punjab Times*
*Call: 847-359-0746*
*punjabtimes1@gmail.com*


## 92 ਸਾਲਾ ਮਹਾਤਿਰ ਮੁਹੰਮਦ ਬਣੇ ਮਲੇਸ਼ੀਆ ਦੇ ਪ੍ਰਧਾਨ ਮੰਤਰੀ

**ਕੁਆਲਾਲੰਪੁਰ:** ਮਲੇਸ਼ੀਆ ਵਿਚ ਪਿਛਲੇ ਲਗਭਗ ਛੇ ਦਹਾਕਿਆਂ ਤੋਂ ਸੱਤਾਧਾਰੀ ਕੁਲੀਸ਼ਨ ਨੂੰ ਹਰਾ ਕੇ 92 ਸਾਲਾ ਆਗੂ ਮਹਾਤਿਰ ਮੁਹੰਮਦ



ਪ੍ਰਧਾਨ ਮੰਤਰੀ ਚੁਣੇ ਗਏ ਹਨ। 1957 ਵਿਚ ਮਲੇਸ਼ੀਆ ਦੇ ਆਜ਼ਾਦ ਮੁਲਕ ਵਜੋਂ ਹੋਂਦ ਵਿਚ ਆਉਣ ਤੋਂ ਬਾਅਦ ਕੁਲੀਸ਼ਨ ਬੈਰੀਸਾਨ ਨੈਸ਼ਨਲ ਦੀ ਹਕੂਮਤ ਚਲੀ ਆ ਰਹੀ ਸੀ।

ਮਹਾਤਿਰ ਨੇ ਪਹਿਲਾਂ 22 ਸਾਲ ਦੇਸ਼ ਉਤੇ ਰਾਜ ਕੀਤਾ ਸੀ। ਭ੍ਰਿਸ਼ਟਾਚਾਰ ਦੇ ਵੱਡੇ ਸਕੈਂਡਲ ਵਿਚ ਪ੍ਰਧਾਨ ਮੰਤਰੀ ਨਜੀਬ ਰਜ਼ਾਕ ਦਾ ਨਾਂ ਆਉਣ ਤੋਂ ਬਾਅਦ ਮਹਾਤਿਰ ਸਿਆਸੀ ਮੈਦਾਨ 'ਚ ਮੁੜ ਸਰਗਰਮ ਹੋਏ ਸਨ।

ਮਲੇਸ਼ੀਆ ਦੇ ਰਾਜੇ ਸੁਲਤਾਨ ਮੁਹੰਮਦ ਪੰਜਵੇਂ ਨੇ ਮਹਾਤਿਰ ਨੂੰ ਪ੍ਰਧਾਨ ਮੰਤਰੀ ਵਜੋਂ ਸਹੁੰ ਚੁਕਾਈ। ਇਸ ਮੌਕੇ ਰਾਜਧਾਨੀ ਦੀਆਂ ਸੜਕਾਂ ਉਤੇ ਲੋਕ ਜਸ਼ਨ ਮਨਾ ਰਹੇ ਸਨ।

ਸੱਤਾ 'ਚ ਮਹਾਤਿਰ ਦੀ ਵਾਪਸੀ ਦਾ ਉਨ੍ਹਾਂ ਦੇ ਸਿਆਸੀ ਵਿਰੋਧੀ ਅਨਵਰ ਇਬਰਾਹੀਮ ਜੋ ਜੇਲ੍ਹ 'ਚ ਬੰਦ ਹਨ, ਨਾਲ ਸੁਲ੍ਹਾ ਦਾ ਸਿੱਟਾ ਸਮਝੀ ਜਾ ਰਹੀ ਹੈ। ਜਦੋਂ ਇਹ ਸਪੱਸ਼ਟ ਹੋ ਗਿਆ ਕਿ ਚੋਣਾਂ ਵਿਚ ਬੀਐਨ ਕੁਲੀਸ਼ਨ ਦਾ ਸਫਾਇਆ ਹੋ ਰਿਹਾ ਹੈ ਤਾਂ ਪ੍ਰਧਾਨ ਮੰਤਰੀ ਨਜੀਬ ਕਈ ਘੰਟੇ ਗੁਪਤਵਾਸ 'ਚ ਚਲੇ ਗਏ ਤੇ ਫਿਰ ਉਨ੍ਹਾਂ ਬਾਹਰ ਆ ਕੇ ਲੋਕ ਫਤਵਾ ਸਵੀਕਾਰਨ ਦੀ ਗੱਲ ਕੀਤੀ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 14 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY
ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।

ਹੁਣ ਅਸੀਂ
DPF Cleaning ਅਤੇ Baking
ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

**Grand Opening**
**Special Price for Truck Wash**

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.982.9996**
FAX: 209.982.9997
www.globalmultiservices.com info@globalmultiservices.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਕੇਂਦਰ ਵੱਲੋਂ ਦਲਿਤ ਬੱਚਿਆਂ ਦੇ ਵਜ਼ੀਫੇ ਦਾ ਭਾਰ ਚੁੱਕਣ ਤੋਂ ਹੱਥ ਖੜ੍ਹੇ

**ਬਠਿੰਡਾ:** ਕੇਂਦਰ ਦੀ ਭਾਜਪਾ ਸਰਕਾਰ ਨੇ ਹੁਣ ਟੇਢੇ ਢੰਗ ਨਾਲ ਪੰਜਾਬ ਦੇ ਦਲਿਤ ਬੱਚਿਆਂ ਦੇ ਵਜ਼ੀਫੇ ਦਾ ਭਾਰ ਚੁੱਕਣ ਤੋਂ ਹੱਥ ਖੜ੍ਹੇ ਕਰ ਦਿੱਤੇ ਹਨ। ਕੇਂਦਰ ਸਰਕਾਰ ਨੇ ਉਚੇਰੀ ਸਿੱਖਿਆ ਦੇ ਵਜ਼ੀਫ਼ੇ ਦੇ ਨਵੇਂ ਨਿਯਮ ਅਜਿਹੇ ਬਣਾਏ ਹਨ, ਜੋ ਪੰਜਾਬ ਸਰਕਾਰ ਦਾ ਮਾਲੀ ਤੌਰ ਉਤੇ ਲੱਕ ਤੋੜਨ ਵਾਲੇ ਹਨ। ਪੰਜਾਬ ਵਿਚ ਸਭ ਤੋਂ ਵੱਧ ਤਕਰੀਬਨ 34 ਫੀਸਦੀ ਦਲਿਤ ਵਸੋਂ ਹੈ ਅਤੇ ਹਰ ਵਰ੍ਹੇ ਔਸਤਨ ਕਰੀਬ ਤਿੰਨ ਲੱਖ ਵਿਦਿਆਰਥੀ ਉਚੇਰੀ ਸਿੱਖਿਆ ਲਈ ਵਜ਼ੀਫ਼ਾ ਲੈ ਰਹੇ ਹਨ।

ਕੇਂਦਰੀ ਸਮਾਜਿਕ ਨਿਆਂ ਤੇ ਸਸ਼ਕਤੀਕਰਨ ਵਿਭਾਗ ਦੇ ਡਾਇਰੈਕਟਰ ਦੀਪਕ ਮਹਿਰਾ ਨੇ ਸਾਰੇ ਰਾਜਾਂ ਨੂੰ 3 ਮਈ ਨੂੰ ਪੱਤਰ ਜਾਰੀ ਕਰ ਕੇ ਦਲਿਤ ਬੱਚਿਆਂ ਨਾਲ ਸਬੰਧਿਤ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਵਿਚ ਕੀਤੀਆਂ ਨਵੇਂ ਸੋਧਾਂ ਤੋਂ ਜਾਣੂ ਕਰਾਇਆ ਹੈ। ਕੇਂਦਰ ਸਰਕਾਰ ਦੀਆਂ ਨਵੀਆਂ ਸੋਧਾਂ ਅਨੁਸਾਰ ਹੁਣ ਦਲਿਤ ਬੱਚਿਆਂ ਦੇ ਵਜ਼ੀਫ਼ੇ ਦਾ ਸਾਰਾ ਭਾਰ ਪੰਜਾਬ ਸਰਕਾਰ ਨੂੰ ਹੀ ਚੁੱਕਣਾ ਪਵੇਗਾ। ਕੇਂਦਰੀ ਮੰਤਰਾਲੇ ਦੀ ਨਵੀਂ ਸੋਧ ਮਗਰੋਂ ਹੁਣ ਪੰਜਾਬ ਦੀ ਸਾਲ 2016-17 ਦੀ ਕੇਂਦਰ ਤੋਂ ਵਜ਼ੀਫ਼ਾ ਰਾਸ਼ੀ ਦੀ ਮੰਗ 750 ਕਰੋੜ ਰੁਪਏ ਨੂੰ ਨਿਸ਼ਚਿਤ ਹਿੱਸਾ/ਸਟੇਟ ਹਿੱਸੇਦਾਰੀ (ਕਮਿਟਡ ਲਾਇਬਿਲਟੀ) ਮੰਨੀ ਜਾਣੀ ਹੈ, ਜਿਸ ਕਰ ਕੇ ਅਗਲੇ ਪੰਜ ਵਰ੍ਹਿਆਂ ਦੌਰਾਨ ਪੰਜਾਬ ਨੂੰ ਸਾਲਾਨਾ 750 ਕਰੋੜ ਰੁਪਏ ਤੱਕ ਦੀ ਵਜ਼ੀਫ਼ਾ ਰਾਸ਼ੀ ਦਾ ਭਾਰ ਖ਼ੁਦ ਹੀ ਚੁੱਕਣਾ ਪਵੇਗਾ।



ਪੰਜਾਬ ਵੱਲੋਂ ਸਾਲ 2017-18 ਦੀ ਕੇਂਦਰ ਸਰਕਾਰ ਨੂੰ ਵਜ਼ੀਫ਼ਾ ਰਾਸ਼ੀ ਦੀ ਮੰਗ ਤਕਰੀਬਨ 625 ਕਰੋੜ ਰੁਪਏ ਭੇਜੀ ਗਈ ਹੈ, ਜਿਸ ਦਾ ਭਾਵ ਹੈ ਕਿ ਕੇਂਦਰ ਵੱਲੋਂ ਸਾਲ 2017-18 ਦਾ ਕੋਈ ਧੇਲਾ ਨਹੀਂ ਦਿੱਤਾ ਜਾਵੇਗਾ। ਕੇਂਦਰ ਸਰਕਾਰ ਉਦੋਂ ਹੀ ਵਜ਼ੀਫ਼ਾ ਰਾਸ਼ੀ ਭੇਜੇਗੀ ਜਦੋਂ ਮੰਗ ਸਾਲਾਨਾ 750 ਕਰੋੜ ਰੁਪਏ ਤੋਂ ਵਧੇਗੀ ਪਰ ਪੰਜਾਬ ਵਿਚ ਇਹ ਮੰਗ ਘੱਟ ਰਹੀ ਹੈ। ਟੇਢੇ ਤਰੀਕੇ ਨਾਲ ਕੇਂਦਰ ਸਰਕਾਰ ਨੇ ਪੂਰੀ ਤਰ੍ਹਾਂ ਪੰਜਾਬ ਦੇ ਦਲਿਤ ਬੱਚਿਆਂ ਨੂੰ ਵਜ਼ੀਫ਼ਾ ਰਾਸ਼ੀ ਦੇਣ ਤੋਂ ਹੱਥ ਪਿੱਛੇ ਖਿੱਚ ਲਏ ਹਨ। ਕੇਂਦਰੀ ਮੰਤਰਾਲੇ ਵੱਲੋਂ ਹੋਰ ਵੀ ਕਈ ਬਦਲਾਅ ਕਰ ਦਿੱਤੇ ਗਏ ਹਨ, ਜਿਨ੍ਹਾਂ ਵਿਚ ਹੁਣ ਵਿੱਦਿਅਕ ਅਦਾਰਿਆਂ ਦੇ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਉਤੇ ਦਾਖਲ ਹੋਣ ਵਾਲੇ ਬੱਚਿਆਂ ਨੂੰ ਵੀ ਕੇਂਦਰੀ ਵਜ਼ੀਫ਼ਾ ਨਹੀਂ ਮਿਲੇਗਾ। ਵੇਰਵਿਆਂ ਅਨੁਸਾਰ ਪਹਿਲਾਂ ਵਿਦਿਅਕ ਅਦਾਰੇ ਮੈਨੇਜਮੈਂਟ ਕੋਟੇ ਦੀਆਂ ਸੀਟਾਂ ਖਾਲੀ ਰਹਿਣ ਦੀ ਸੂਰਤ ਵਿਚ ਦਲਿਤ ਬੱਚਿਆਂ ਨੂੰ ਦਾਖਲ ਕਰ ਕੇ ਭਰ ਲੈਂਦੇ ਸਨ ਕਿਉਂਕਿ ਇਨ੍ਹਾਂ ਬੱਚਿਆਂ ਦੀ ਫੀਸ ਕੇਂਦਰੀ ਵਜ਼ੀਫ਼ਾ ਤਹਿਤ ਮਿਲ ਜਾਂਦੀ ਸੀ। ਹੁਣ ਇਹ ਵਜ਼ੀਫ਼ਾ ਨਹੀਂ ਮਿਲੇਗਾ, ਜਿਸ ਨਾਲ ਵਿੱਦਿਅਕ ਅਦਾਰਿਆਂ ਨੂੰ ਵੀ ਸੱਟ ਲੱਗੇਗੀ।

ਇਕ ਹੋਰ ਵੱਡੀ ਸੋਧ ਦਲਿਤ ਬੱਚਿਆਂ ਨੂੰ ਉਚੇਰੀ ਸਿੱਖਿਆ ਤੋਂ ਵਾਂਝਾ ਕਰਨ ਵਾਲੀ ਜਾਪਦੀ ਹੈ, ਜਿਸ ਤਹਿਤ ਹੁਣ ਵਜ਼ੀਫ਼ਾ ਰਾਸ਼ੀ ਵਿੱਦਿਅਕ ਅਦਾਰਿਆਂ ਨੂੰ ਨਹੀਂ ਮਿਲੇਗੀ ਬਲਕਿ ਵਿਦਿਆਰਥੀ ਦੇ ਸਿੱਧੀ ਖਾਤੇ ਵਿਚ ਜਾਵੇਗੀ। ਇਸ ਦਾ ਅਰਥ ਹੈ ਕਿ ਦਲਿਤ ਵਿਦਿਆਰਥੀ ਨੂੰ ਪਹਿਲਾਂ ਪੱਲਿਉਂ ਵਿੱਦਿਅਕ ਅਦਾਰਿਆਂ ਨੂੰ ਫੀਸ ਦੇਣੀ ਪਵੇਗੀ ਅਤੇ ਉਸ ਮਗਰੋਂ ਵਜ਼ੀਫ਼ਾ ਮਿਲੇਗਾ। ਇਸੇ ਤਰ੍ਹਾਂ ਨੌਵੀਂ ਤੇ ਦਸਵੀਂ ਕਲਾਸ ਦੇ ਦਲਿਤ ਵਿਦਿਆਰਥੀਆਂ ਨੂੰ ਜੋ ਕੇਂਦਰ ਸਰਕਾਰ ਪੂਰਾ ਵਜ਼ੀਫ਼ਾ ਦਿੰਦੀ ਸੀ, ਉਸ ਵਿਚ ਹੁਣ ਰਾਜ ਸਰਕਾਰ ਨੂੰ ਵੀ ਹਿੱਸੇਦਾਰੀ ਪਾਉਣੀ ਪਵੇਗੀ। ਪੰਜਾਬ ਵਿਚ ਔਸਤਨ ਦੋ ਲੱਖ ਬੱਚੇ ਨੌਵੀਂ ਤੇ ਦਸਵੀਂ ਕਲਾਸ ਵਿਚ ਵਜ਼ੀਫ਼ਾ ਲੈਂਦੇ ਹਨ। ਇਨ੍ਹਾਂ ਸਕੀਮਾਂ ਦਾ ਸਰੂਪ ਕੇਂਦਰੀ ਹੀ ਰਹੇਗਾ ਪਰ ਬੋਝ ਰਾਜ ਸਰਕਾਰ ਨੂੰ ਚੁੱਕਣਾ ਪਵੇਗਾ।

ਦੱਸਣਯੋਗ ਹੈ ਕਿ ਨਵੀਆਂ ਕੇਂਦਰੀ ਸੋਧਾਂ ਨਾਲ ਇਕੱਲੇ ਪੰਜਾਬ ਨੂੰ ਨਹੀਂ, ਬਲਕਿ ਹਰ ਸੂਬੇ ਦੇ ਦਲਿਤ ਬੱਚਿਆਂ ਲਈ ਨਵੀਂ ਬਿਪਤਾ ਖੜ੍ਹੀ ਹੋਵੇਗੀ। ਪੰਜਾਬ ਦਾ ਤਿੰਨ ਵਰ੍ਹਿਆਂ 2015-16 ਤੋਂ 2017-18 ਤੱਕ ਦਾ ਕਰੀਬ 1600 ਕਰੋੜ ਰੁਪਏ ਦਾ ਵਜ਼ੀਫ਼ਾ ਕੇਂਦਰ ਵੱਲ ਪਹਿਲਾਂ ਹੀ ਬਕਾਇਆ ਖੜ੍ਹਾ ਹੈ। ਭਲਾਈ ਮੰਤਰੀ ਸਾਧੂ ਸਿੰਘ ਧਰਮਸੋਤ ਦਾ ਕਹਿਣਾ ਹੈ ਕਿ ਜੇ ਕੇਂਦਰ ਸਰਕਾਰ ਨੇ ਅਜਿਹਾ ਕੋਈ ਕਦਮ ਚੁੱਕਿਆ ਤਾਂ ਉਹ ਇਸ ਦਾ ਵਿਰੋਧ ਕਰਨਗੇ ਅਤੇ ਕੇਂਦਰ ਨੂੰ ਕਿਸੇ ਤਰ੍ਹਾਂ ਦੀ ਜ਼ਿੰਮੇਵਾਰੀ ਤੋਂ ਭੱਜਣ ਨਹੀਂ ਦਿੱਤਾ ਜਾਵੇਗਾ।

# ਪੰਜਾਬ ਦੇ ਸਰਕਾਰੀ ਸਕੂਲਾਂ ਦਾ ਹੁਣ ਰੱਬ ਹੀ ਰਾਖਾ

**ਚੰਡੀਗੜ੍ਹ:** ਪੰਜਾਬ ਦੇ ਸਕੂਲਾਂ ਵਿਚ ਬੱਚਿਆਂ ਦੀ ਗਿਣਤੀ ਵਧਣ ਦੀ ਥਾਂ ਘਟਦੀ ਜਾ ਰਹੀ ਹੈ, ਜਿਸ ਕਾਰਨ ਕਈ ਤਰ੍ਹਾਂ ਦੇ ਸਵਾਲ ਉਠਣ ਲੱਗੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਸੂਬੇ ਦੇ ਸਕੂਲਾਂ ਵਿਚ ਪਹਿਲੀ ਜਮਾਤ ਵਿਚ ਦਾਖਲੇ ਲੈਣ ਵਾਲੇ ਬੱਚਿਆਂ ਦੀ ਗਿਣਤੀ ਨਿਰੰਤਰ ਘਟ ਰਹੀ ਹੈ। ਸਾਲ 2017-18 ਦੌਰਾਨ ਸੂਬੇ ਦੇ ਸਮੂਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਜਮਾਤ ਵਿਚ ਸਿਰਫ 463596 ਬੱਚਿਆਂ ਨੇ ਹੀ ਦਾਖਲੇ ਲਏ ਸਨ ਜਦੋਂਕਿ ਅੱਠ ਸਾਲ ਪਹਿਲਾਂ ਸਾਲ 2010-11 ਦੌਰਾਨ ਰਾਜ ਦੇ ਸਮੂਹ ਸਕੂਲਾਂ ਵਿਚ 599540 ਬੱਚਿਆਂ ਨੇ ਦਾਖਲੇ ਲਏ ਸਨ।

ਇਸ ਤਰ੍ਹਾਂ ਸਾਲ 2017-18 ਵਿਚ ਪਹਿਲੀ ਜਮਾਤ ਵਿਚ ਦਾਖਲਾ ਲੈਣ ਵਾਲੇ ਬੱਚਿਆਂ ਦੀ ਗਿਣਤੀ ਅੱਠ ਸਾਲ ਪਹਿਲਾਂ ਨਾਲੋਂ 135944 ਘਟ ਗਈ ਹੈ, ਜਿਸ ਅਨੁਸਾਰ ਅੱਠ ਸਾਲਾਂ ਦੌਰਾਨ ਪਹਿਲੀ ਜਮਾਤ ਵਿਚ ਦਾਖਲੇ ਲੈਣ ਵਾਲੇ ਬੱਚਿਆਂ ਦੀ ਗਿਣਤੀ 23 ਫੀਸਦੀ ਘਟੀ ਹੈ। ਇਸੇ ਤਰ੍ਹਾਂ ਕੇਵਲ ਸਰਕਾਰੀ ਸਕੂਲਾਂ ਵਿਚ ਪਹਿਲੀ ਜਮਾਤ ਵਿਚ ਦਾਖਲੇ ਲੈਣ ਵਾਲੇ ਬੱਚਿਆਂ ਦੀ ਗਿਣਤੀ ਵੀ ਵੱਡੇ ਪੱਧਰ ਉਤੇ ਘਟੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਸਰਕਾਰੀ ਸਕੂਲਾਂ ਵਿਚ ਸਾਲ 2017-18 ਦੌਰਾਨ 173252 ਬੱਚਿਆਂ ਨੇ ਦਾਖਲੇ ਲਏ ਸਨ ਜਦੋਂਕਿ ਅੱਠ ਸਾਲ ਪਹਿਲਾਂ ਸਾਲ 2010-11 ਦੌਰਾਨ 228296 ਬੱਚਿਆਂ ਨੇ ਪਹਿਲੀ ਜਮਾਤ ਵਿਚ ਦਾਖਲੇ ਲਏ ਸਨ।




ਇਸ ਤਰ੍ਹਾਂ ਸਾਲ 2017-18 ਦੌਰਾਨ ਸਾਲ 2010-11 ਨਾਲੋਂ 55044 ਬੱਚਿਆਂ ਨੇ ਘੱਟ ਦਾਖਲੇ ਲਏ ਸਨ, ਜੋ ਬੱਚਿਆਂ ਦੀ ਅੱਠ ਸਾਲ ਪਹਿਲਾਂ ਦੀ ਗਿਣਤੀ ਨਾਲੋਂ 24 ਫੀਸਦੀ ਘੱਟ ਹੈ।

ਹੋਰ ਜਾਣਕਾਰੀ ਅਨੁਸਾਰ ਸਰਕਾਰੀ ਸਕੂਲਾਂ ਵਿਚ ਪਹਿਲੀ ਤੋਂ 12ਵੀਂ ਜਮਾਤ ਤੱਕ ਸਾਲ 2017-18 ਦੌਰਾਨ ਕੁੱਲ 2291830 ਵਿਦਿਆਰਥੀ ਸਨ ਜਦੋਂਕਿ ਅੱਠ ਸਾਲ ਪਹਿਲਾਂ ਸਾਲ 2010-11 ਦੌਰਾਨ ਇਹ ਗਿਣਤੀ 2537752 ਸੀ। ਇਸ ਤਰ੍ਹਾਂ ਸਾਲ 2017-18 ਦੌਰਾਨ ਪਹਿਲੀ ਤੋਂ ਲੈ ਕੇ 12ਵੀਂ ਜਮਾਤਾਂ ਤੱਕ ਪੜ੍ਹਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਪਿਛਲੇ ਅੱਠ ਸਾਲਾਂ ਵਿਚ 245922 ਮਤਲਬ 10 ਫੀਸਦੀ ਘਟੀ ਹੈ। ਸੂਬੇ ਦੇ ਸਮੂਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਗਿਣਤੀ ਅੱਠ ਸਾਲ ਪਹਿਲਾਂ ਸਾਲ 2010-11 ਤੋਂ ਮਹਿਜ਼ 2 ਫੀਸਦੀ ਵਧੀ ਹੈ। ਪ੍ਰਾਪਤ ਅੰਕੜਿਆਂ ਅਨੁਸਾਰ ਸਾਲ 2010-11 ਦੌਰਾਨ ਸੂਬੇ ਦੇ ਸਮੂਹ ਸਰਕਾਰੀ ਤੇ ਪ੍ਰਾਈਵੇਟ ਸਕੂਲਾਂ ਵਿਚ ਪਹਿਲੀ ਤੋਂ 12ਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦੀ ਗਿਣਤੀ 5246556 ਸੀ ਜਦੋਂਕਿ ਸਾਲ 2017-18 ਦੌਰਾਨ ਇਹ ਗਿਣਤੀ ਮਹਿਜ਼ 5338507 ਹੋਈ। ਇਸ ਤਰ੍ਹਾਂ ਸਾਲ 2010-11 ਦੇ ਮੁਕਾਬਲੇ ਸਾਲ 2017-18 ਵਿੱਚ ਵਿਦਿਆਰਥੀਆਂ ਦੀ ਕੁੱਲ ਗਿਣਤੀ ਵਿਚ ਮਹਿਜ਼ 2 ਫੀਸਦੀ ਦਾ ਵਾਧਾ ਹੋਇਆ ਸੀ।

### ਦਸਵੀਂ ਦਾ ਨਤੀਜਾ ਸਿਫਰ ਫੀਸਦੀ

ਪੰਜਾਬ ਦੇ 163 ਸਕੂਲ ਅਜਿਹੇ ਹਨ ਜਿਨ੍ਹਾਂ ਦਾ ਦਸਵੀਂ ਦਾ ਨਤੀਜਾ ਸਿਫਰ ਫੀਸਦੀ ਰਿਹਾ ਹੈ। ਅੰਕੜੇ ਦੱਸਦੇ ਹਨ ਕਿ 7747 ਹਾਈ ਜਾਂ ਸੀਨੀਅਰ ਸੈਕੰਡਰੀ ਸਕੂਲ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਜੁੜੇ ਹੋਏ ਹਨ। ਤਕਰੀਬਨ 3200 ਸਕੂਲ ਕੇਂਦਰੀ ਬੋਰਡਾਂ ਭਾਵ ਸੀ.ਬੀ.ਐਸ.ਈ. ਜਾਂ ਆਈ.ਸੀ.ਐਸ.ਈ. ਨਾਲ ਸਬੰਧਤ ਹਨ। ਪੰਜਾਬ ਬੋਰਡ ਨਾਲ ਸਬੰਧਤ ਸਕੂਲਾਂ ਵਿਚ 163 ਦਾ ਦਸਵੀਂ ਦਾ ਨਤੀਜਾ ਸਿਫਰ ਫੀਸਦੀ ਰਿਹਾ ਹੈ, 176 ਹੋਰ ਸਕੂਲਾਂ ਵਿਚ ਪਾਸ ਪ੍ਰਤੀਸ਼ਤਤਾ 10 ਜਾਂ ਇਸ ਤੋਂ ਘੱਟ ਰਹੀ ਹੈ। 232 ਸਕੂਲਾਂ ਦਾ ਨਤੀਜਾ 20 ਫੀਸਦੀ ਤੋਂ ਘੱਟ ਹੈ। ਇਸ ਸਭ ਦੇ ਬਾਵਜੂਦ ਰਾਜ ਵਿਚ ਦਸਵੀਂ ਦੀ ਪਾਸ ਪ੍ਰਤੀਸ਼ਤਤਾ 2 ਫੀਸਦੀ ਸੁਧਰੀ ਹੈ। ਇਸ ਸੁਧਾਰ ਦੀ ਵਜ੍ਹਾ 669 ਅਜਿਹੇ ਸਕੂਲ ਹਨ ਜਿਨ੍ਹਾਂ ਦਾ ਨਤੀਜਾ 100 ਫੀਸਦੀ ਰਿਹਾ ਹੈ।

### ਦੋ ਬੱਚਿਆਂ ਦੇ ਕਾਤਲ ਪਿਉ ਨੂੰ ਫਾਂਸੀ ਦੀ ਸਜ਼ਾ

**ਰੂਪਨਗਰ:** ਅਦਾਲਤ ਨੇ ਦੋ ਮਾਸੂਮ ਸਕੇ ਭਰਾਵਾਂ ਦੇ ਕਾਤਲ ਮਤਰਏ ਪਿਉ ਨੂੰ ਫਾਂਸੀ ਦੀ ਸਜ਼ਾ ਸੁਣਾਈ ਹੈ। ਅਦਾਲਤ ਨੇ ਮਾਨਵ (10) ਤੇ ਸ਼ਿਵਮ (6) ਦੇ ਕਤਲ ਦੇ ਮਾਮਲੇ 'ਚ ਮਤਰਏ ਪਿਤਾ ਅਸ਼ੋਕ ਕੁਮਾਰ ਪਿੰਟੂ ਨੂੰ ਦੋਹਰੇ ਕਤਲ ਦਾ ਦੋਸ਼ੀ ਮੰਨਿਆ। ਇਸ ਕੇਸ ਦੌਰਾਨ ਕੁਲ 21 ਗਵਾਹ ਪੇਸ਼ ਹੋਏ। ਪਿਛਲੇ ਸਾਲ 25 ਸਤੰਬਰ 2017 ਨੂੰ ਜਿਉਂ ਹੀ ਦੋਵੇਂ ਬੱਚਿਆਂ ਦੇ ਲਾਪਤਾ ਹੋਣ ਦੀ ਖਬਰ ਇਲਾਕੇ ਵਿਚ ਫੈਲੀ ਤਾਂ ਪਰਿਵਾਰ ਵੱਲੋਂ ਥਾਂ-ਥਾਂ ਉਤੇ ਬੱਚਿਆਂ ਦੇ ਲਾਪਤਾ ਹੋਣ ਸਬੰਧੀ ਪੋਸਟਰ ਲਗਾ ਦਿੱਤੇ ਗਏ ਸਨ।

ਇਨ੍ਹਾਂ ਪੋਸਟਰਾਂ ਨੂੰ ਦੇਖ ਕੇ ਰਾਜੂ ਨਾਮਕ ਵਿਅਕਤੀ ਨੇ ਪੁਲਿਸ ਨੂੰ ਸੂਚਿਤ ਕੀਤਾ ਸੀ ਕਿ ਉਸ ਨੇ ਬੱਚਿਆਂ ਨੂੰ ਕਿਸੇ ਵਿਅਕਤੀ ਨਾਲ ਸਾਈਕਲ ਉਤੇ ਜਾਂਦਿਆਂ ਦੇਖਿਆ ਸੀ, ਜਿਸ ਉਪਰੰਤ ਪੁਲਿਸ ਵੱਲੋਂ ਦੋਸ਼ੀ ਦੀ ਮੋਬਾਈਲ ਲੋਕੇਸ਼ਨ ਦੇ ਜ਼ਰੀਏ ਛਾਣ ਬੀਣ ਕੀਤੀ ਗਈ ਤੇ ਦੋਸ਼ੀ ਦੀ ਸ਼ਨਾਖ਼ਤ 'ਤੇ ਬੱਚਿਆਂ ਦੀਆਂ ਲਾਸ਼ਾਂ ਸਤਲੁਜ ਦਰਿਆ ਕਿਨਾਰੇ ਕਟਲੀ ਵੈਟਲੈਂਡ ਨਜ਼ਦੀਕ ਇਕ ਚੋਅ ਵਿਚੋਂ ਗਲੀ ਸੜੀ ਹਾਲਤ ਵਿਚ ਬਰਾਮਦ ਕੀਤੀਆਂ ਸਨ।

# ਰਸੂਖਦਾਰ ਡਿਫਾਲਟਰਾਂ ਖਿਲਾਫ ਸਖਤੀ ਰੰਗ ਲਿਆਈ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰਤਾ ਵਿਭਾਗ ਵੱਲੋਂ ਕਰਜ਼ੇ ਦੇ ਡਿਫਾਲਟਰ ਸਿਆਸਤਦਾਨਾਂ ਅਤੇ ਰਸੂਖਦਾਰਾਂ ਖਿਲਾਫ਼ ਕੀਤੀ ਸਖਤੀ ਰੰਗ ਲਿਆਉਣ ਲੱਗੀ ਹੈ। ਵਿਵਾਦਤ ਅਕਾਲੀ ਨੇਤਾ ਦਿਆਲ ਸਿੰਘ ਕੋਲਿਆਂਵਾਲੀ ਵੀ ਕਰਜ਼ਾ ਵਾਪਸ ਕਰਨ ਦੇ ਰਾਹ ਪੈ ਗਏ ਹਨ। ਸਹਿਕਾਰਤਾ ਵਿਭਾਗ ਮੁਤਾਬਕ ਕੋਲਿਆਂਵਾਲੀ ਨੇ 30 ਲੱਖ ਰੁਪਏ ਦਾ ਕਰਜ਼ਾ ਮੋੜ ਦਿੱਤਾ ਹੈ ਅਤੇ 31 ਦਸੰਬਰ ਤੱਕ ਇੰਨੀ ਹੀ ਰਕਮ ਵਾਪਸ ਕਰਨ ਅਤੇ ਇਕ ਸਾਲ ਅੰਦਰ ਸਾਰਾ ਕਰਜ਼ਾ ਚੁਕਾਉਣ ਦਾ ਭਰੋਸਾ ਦਿੱਤਾ ਹੈ।

ਉਧਰ, ਪਤਾ ਲੱਗਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਅਤੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਪਣੇ ਕਰੀਬੀ ਨੇਤਾ ਦਿਆਲ ਸਿੰਘ ਕੋਲਿਆਂਵਾਲੀ ਦਾ ਬਚਾਅ ਕਰਨ ਲਈ ਔਖੀ ਘੜੀ 'ਚ ਪੂਰਾ ਸਾਥ ਦਿੱਤਾ। ਸਹਿਕਾਰਤਾ ਵਿਭਾਗ ਨਾਲ ਸਬੰਧਤ ਇਕ ਸੀਨੀਅਰ ਆਈ.ਏ.ਐਸ. ਅਧਿਕਾਰੀ ਨੇ ਆਪਣਾ ਨਾਮ ਨਾ ਛਾਪਣ ਦੀ ਸ਼ਰਤ ਉਤੇ ਦੱਸਿਆ ਕਿ ਵੱਡੇ ਬਾਦਲ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਫੋਨ ਕਰ ਕੇ ਕੋਲਿਆਂਵਾਲੀ ਨਾਲ 'ਨਰਮੀ' ਵਰਤਣ ਦੀ ਅਪੀਲ ਕੀਤੀ ਅਤੇ ਸਹਿਕਾਰਤਾ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਤੱਕ ਵੀ ਪਹੁੰਚ ਕਰਨ ਦੇ ਯਤਨ ਕੀਤੇ। ਸਹਿਕਾਰਤਾ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਸ੍ਰੀ ਬਾਦਲ ਨੂੰ ਇਕ ਗੱਲ ਸਪੱਸ਼ਟ ਕਰ ਦਿੱਤੀ ਗਈ ਸੀ ਕਿ ਕੋਲਿਆਂਵਾਲੀ ਦਾ ਬਚਾਅ ਸਿਰਫ ਕਰਜ਼ੇ ਦੀ ਰਕਮ ਭਰਨ ਨਾਲ ਹੀ ਹੋ ਸਕਦਾ ਹੈ।

ਬਦਲੇ ਹੋਏ ਰਾਜਸੀ ਹਾਲਾਤ ਨੂੰ ਦੇਖਦਿਆਂ ਸ੍ਰੀ ਬਾਦਲ ਨੇ ਆਪਣੇ ਕਰੀਬੀ ਨੂੰ ਕਰਜ਼ਾ ਵਾਪਸ



ਕਰਨ ਦੀ ਸਲਾਹ ਦਿੱਤੀ। ਸਹਿਕਾਰੀ ਬੈਂਕ ਦੇ ਵੱਡੇ ਦੇਣਦਾਰਾਂ ਖਿਲਾਫ਼ ਕਾਰਵਾਈ ਕਰਨ ਦੀ ਪ੍ਰਕਿਰਿਆ ਸ਼ੁਰੂ ਕਰਨ ਮਗਰੋਂ ਦੇਣਦਾਰਾਂ ਵੱਲੋਂ ਹੁਣ ਤੱਕ 5 ਕਰੋੜ ਰੁਪਏ ਜਮ੍ਹਾਂ ਕਰਵਾ ਦਿੱਤੇ ਗਏ ਹਨ। ਵਿਭਾਗ ਮੁਤਾਬਕ ਪੰਜਾਬ ਖੇਤੀਬਾੜੀ ਵਿਕਾਸ ਬੈਂਕ ਮਲੋਟ ਦੇ ਵੱਡੇ ਦੇਣਦਾਰ ਦਿਆਲ ਸਿੰਘ ਕੋਲਿਆਂਵਾਲੀ ਦੇ ਪਰਿਵਾਰ ਵੱਲੋਂ 95,70,000 ਰੁਪਏ ਦੀ ਕੁੱਲ ਰਾਸ਼ੀ ਦੇ ਤਿੰਨ ਚੈਕ ਜਮ੍ਹਾਂ ਕਰਵਾਏ ਗਏ ਹਨ। ਇਨ੍ਹਾਂ ਵਿਚੋਂ ਇਕ ਚੈੱਕ 33 ਲੱਖ ਰੁਪਏ ਦਾ 31 ਦਸੰਬਰ ਅਤੇ 32,70,000 ਰੁਪਏ ਦਾ ਚੈੱਕ 30 ਜੂਨ 2019 ਦੀ ਤਰੀਕ ਵਿਚ ਦਿੱਤਾ ਗਿਆ ਹੈ। ਕੋਲਿਆਂਵਾਲੀ ਦੇ ਪਰਿਵਾਰ ਨੇ ਪਿਛਲੇ 10 ਸਾਲਾਂ ਤੋਂ ਆਪਣੇ ਵੱਲ ਦੇਣਦਾਰੀ ਦੀ ਕੋਈ ਵੀ ਕਿਸ਼ਤ ਨਹੀਂ ਜਮ੍ਹਾਂ ਕਰਵਾਈ ਸੀ। ਕੋਲਿਆਂਵਾਲੀ ਨੂੰ ਨੋਟਿਸ ਜਾਰੀ ਨਾ ਕਰਨ ਉਤੇ ਸਹਿਕਾਰਤਾ ਮੰਤਰੀ ਵੱਲੋਂ ਮਲੋਟ ਦੇ ਖੇਤੀਬਾੜੀ ਵਿਕਾਸ ਬੈਂਕ ਦੇ ਮੈਨੇਜਰ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ।

ਉਨ੍ਹਾਂ ਮਲੋਟ ਦੇ ਸਹਾਇਕ ਰਜਿਸਟਰਾਰ ਨੂੰ ਨੋਟਿਸ ਭੇਜਣ ਲਈ ਕਿਹਾ ਸੀ। ਕੋਲਿਆਂਵਾਲੀ ਦੇ ਪਰਿਵਾਰ ਨੂੰ ਭੇਜੇ ਨੋਟਿਸ ਵਿੱਚ 23 ਮਈ ਤੱਕ ਰਕਮ ਜਮ੍ਹਾਂ ਕਰਵਾਉਣ ਲਈ ਕਿਹਾ ਗਿਆ ਸੀ ਜਿਸ ਮਗਰੋਂ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਜਾਣੇ ਸਨ। ਪਿਛਲੇ ਦਿਨੀਂ ਜਗਦੀਸ਼ ਰਾਜ ਸਾਹਨੀ ਦੇ ਪਰਿਵਾਰ ਵੱਲੋਂ 20.90 ਲੱਖ ਰੁਪਏ ਜਮ੍ਹਾਂ ਕਰਵਾਏ ਗਏ ਸਨ। ਬੈਂਕ ਵੱਲ ਵੱਡੇ ਦੇਣਦਾਰਾਂ, ਜਿਹੜੇ ਰਕਮ ਵਾਪਸ ਕਰਨ ਦੀ ਸਮਰੱਥਾ ਰੱਖਦੇ ਹਨ, ਦਾ 276 ਕਰੋੜ ਰੁਪਏ ਖੜ੍ਹਾ ਹੈ। ਸਹਿਕਾਰਤਾ ਮੰਤਰੀ ਨੇ ਪਹਿਲੇ ਪੜਾਅ ਤਹਿਤ 20 ਵੱਡੇ ਦੇਣਦਾਰਾਂ ਨੂੰ ਨੋਟਿਸ ਜਾਰੀ ਕਰਨ ਨੂੰ ਕਿਹਾ ਸੀ ਜਿਸ ਮਗਰੋਂ ਬੈਂਕ ਵੱਲੋਂ ਵੱਡੇ ਦੇਣਦਾਰਾਂ ਨੂੰ ਨੋਟਿਸ ਜਾਰੀ ਕੀਤੇ ਗਏ।

# ਪੰਜਾਬ ਯੂਨੀਵਰਸਿਟੀ ਨੇ ਸ਼ਾਹਮੁਖੀ ਲਿਪੀ ਨੂੰ ਦਿੱਤਾ ਮਾਣ

**ਚੰਡੀਗੜ੍ਹ:** ਬੇਸ਼ੱਕ ਭਾਰਤ-ਪਾਕਿਸਤਾਨ ਵਿਚ ਸਭਿਆਚਾਰਕ ਸਾਂਝ ਲਈ ਹੁਣ ਤੱਕ ਬਹੁਤ ਸਾਰੇ ਉਪਰਾਲੇ ਕੀਤੇ ਜਾਂਦੇ ਰਹੇ ਹਨ, ਪਰ ਹੁਣ ਜਿਹੜੀ ਨਿਵੇਕਲੀ ਪਹਿਲਕਦਮੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਸ਼ੁਰੂ ਕੀਤੀ ਜਾ ਰਹੀ ਹੈ, ਉਹ ਸਲਾਹੁਣਯੋਗ ਹੈ। ਪੰਜਾਬ ਯੂਨੀਵਰਸਿਟੀ ਵੱਲੋਂ ਵਿਦਿਆਰਥੀਆਂ ਨੂੰ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਪੜ੍ਹਾਉਣ ਦਾ ਫੈਸਲਾ ਲਿਆ ਗਿਆ ਹੈ, ਜਿਸ ਤਹਿਤ ਗੁਰਮੁਖੀ ਲਿਪੀ ਬੋਲਣ ਤੇ ਲਿਖਣ ਕਲਾ ਨੂੰ ਆਧਾਰ ਬਣਾ ਕੇ ਵਿਦਿਆਰਥੀਆਂ ਨੂੰ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਸਿਖਾਈ ਜਾਏਗੀ। ਇਸ ਕੋਰਸ ਵਿਚ ਗਰੈਜੂਏਟ ਤੋਂ ਬਾਅਦ ਮੈਰਿਟ ਦੇ ਆਧਾਰ ਉਤੇ 40 ਵਿਦਿਆਰਥੀ ਦਾਖਲ ਕੀਤੇ ਜਾਣਗੇ।

ਕੋਰਸ ਦੀ ਸ਼ੁਰੂਆਤ ਵਿਚ ਯੂਨੀਵਰਸਿਟੀ ਦੇ ਉਰਦੂ ਤੇ ਪੰਜਾਬੀ ਦੇ ਅਧਿਆਪਕ ਵਿਦਿਆਰਥੀਆਂ ਨੂੰ ਸ਼ਾਹਮੁਖੀ ਪੜ੍ਹਾਉਣਗੇ। ਪੰਜਾਬ ਯੂਨੀਵਰਸਿਟੀ ਵੱਲੋਂ ਪਹਿਲੇ ਸੈਸ਼ਨ ਵਿਚ ਦਾਖਲਾ ਲੈਣ ਵਾਲੇ ਵਿਦਿਆਰਥੀਆਂ ਤੋਂ ਕੋਈ ਫੀਸ ਨਹੀਂ ਲਈ ਜਾਵੇਗੀ। ਇਸ ਕੋਰਸ ਦੀ ਸ਼ੁਰੂਆਤ ਜੁਲਾਈ ਤੋਂ ਕੀਤੀ ਜਾਵੇਗੀ। ਵੰਡ ਤੋਂ ਪਹਿਲਾਂ ਲਹਿੰਦੇ ਪੰਜਾਬ ਵਿਚ ਪੰਜਾਬੀ ਸ਼ਾਹਮੁਖੀ ਤੇ ਗੁਰਮੁਖੀ ਦੋਵਾਂ ਲਿਪੀਆਂ ਵਿਚ ਪੜ੍ਹਾਈ ਜਾਂਦੀ ਸੀ, ਪਰ ਵੰਡ ਤੋਂ ਬਾਅਦ ਲਹਿੰਦੇ ਪੰਜਾਬ ਵਿਚ ਸਿਰਫ ਸ਼ਾਹਮੁਖੀ ਲਿਪੀ ਵਿਚ ਪੜ੍ਹਾਇਆ ਜਾਂਦਾ ਹੈ ਜਦਕਿ ਚੜ੍ਹਦੇ ਪੰਜਾਬ ਵਿਚ ਕੇਵਲ ਗੁਰਮੁਖੀ ਲਿਪੀ ਵਿਚ ਪੰਜਾਬੀ ਪੜ੍ਹਾਈ ਜਾਂਦੀ ਹੈ ਤੇ ਸ਼ਾਹਮੁਖੀ ਲਿਪੀ ਦੀ ਵਰਤੋਂ ਨਹੀਂ ਕੀਤੀ ਜਾਂਦੀ। ਪੰਜਾਬ ਯੂਨੀਵਰਸਿਟੀ ਵੰਡ ਤੋਂ ਬਾਅਦ ਪਹਿਲੀ ਵਾਰ ਵਿਦਿਆਰਥੀਆਂ ਨੂੰ ਸ਼ਾਹਮੁਖੀ ਸਿਖਾਉਣ ਜਾ ਰਹੀ ਹੈ। ਇਸ ਨੂੰ ਲੈ ਕੇ



ਵਿਦਿਆਰਥੀਆਂ ਵਿਚ ਵੀ ਕਾਫੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਹੈ।

ਪੰਜਾਬ ਯੂਨੀਵਰਸਿਟੀ ਦੇ ਈਵਨਿੰਗ ਸਟੱਡੀਜ਼ ਵਿਭਾਗ ਵੱਲੋਂ ਬੈਠਕ ਦੌਰਾਨ ਸ਼ਾਹਮੁਖੀ ਕੋਰਸ ਸ਼ੁਰੂ ਕਰਨ ਦਾ ਫੈਸਲਾ ਲਿਆ ਗਿਆ। ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੇ ਵੀ ਯੂਨੀਵਰਸਿਟੀ 'ਚ ਵਿਦਿਆਰਥੀਆਂ ਨੂੰ ਸ਼ਾਹਮੁਖੀ ਪੜ੍ਹਾਉਣ ਲਈ ਹਰ ਸੰਭਵ ਮਦਦ ਕਰਨ ਦਾ ਭਰੋਸਾ ਦਿੱਤਾ ਸੀ।

# ਪਰਮਾਣੂ ਸਮਝੌਤੇ ਬਾਰੇ ਟਰੰਪ ਦੇ ਫੈਸਲੇ ਦੀ ਵਿਸ਼ਵ ਪੱਧਰ 'ਤੇ ਆਲੋਚਨਾ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਈਰਾਨ ਪਰਮਾਣੂ ਸਮਝੌਤੇ ਤੋਂ ਅਲੱਗ ਹੋਣ ਦੇ ਐਲਾਨ ਦਾ ਵਿਸ਼ਵ ਪੱਧਰ ਉਤੇ ਵਿਰੋਧ ਸ਼ੁਰੂ ਹੋ ਗਿਆ ਹੈ। ਇਸ ਦੌਰਾਨ ਫਰਾਂਸ ਤੇ ਜਰਮਨੀ ਨੇ ਅਮਰੀਕਾ ਨੂੰ ਕਿਹਾ ਹੈ ਕਿ ਉਹ ਈਰਾਨ ਪਰਮਾਣੂ ਸਮਝੌਤੇ 'ਚ ਕੋਈ ਅੜਿੱਕਾ ਨਾ ਪਾਵੇ। ਇਸ ਸਮਝੌਤੇ ਉਤੇ ਦਸਤਖਤ ਕਰਨ ਵਾਲੇ ਰੂਸ ਤੇ ਚੀਨ ਨੇ ਵੀ ਇਸ ਸਮਝੌਤੇ ਤੋਂ ਅਲੱਗ ਹੋਣ ਦੇ ਐਲਾਨ 'ਤੇ ਡੂੰਘੀ ਚਿੰਤਾ ਪ੍ਰਗਟਾਈ ਹੈ, ਕਿਉਂਕਿ ਇਸ ਸਮਝੌਤੇ 'ਚ ਦਸਤਖ਼ਤ ਕਰਨ ਵਾਲੇ ਹੋਰ ਸਾਰੇ ਦੇਸ਼ ਅਜੇ ਵੀ ਇਸ ਪਰਮਾਣੂ ਸਮਝੌਤੇ ਪ੍ਰਤੀ ਆਪਣੀ ਵਚਨਬੱਧਤਾ ਦੁਹਰਾ ਰਹੇ ਹਨ।



ਯੂਰਪੀਨ ਮਹਾਂਸ਼ਕਤੀਆਂ ਨੇ ਈਰਾਨ ਪਰਮਾਣੂ ਸਮਝੌਤੇ ਪ੍ਰਤੀ ਆਪਣੀ 'ਵਚਨਬੱਧਤਾ' ਦੁਹਰਾਉਂਦਿਆਂ ਅਮਰੀਕਾ ਦੇ ਈਰਾਨ ਪਰਮਾਣੂ ਸਮਝੌਤੇ ਸਬੰਧੀ ਫੈਸਲੇ ਨੂੰ ਇਕਤਰਫਾ ਕਰਾਰ ਦਿੱਤਾ ਹੈ।

ਟਰੰਪ ਦੇ ਐਲਾਨ ਤੋਂ ਬਾਅਦ ਬਰਤਾਨੀਆ, ਅਨੁਸਾਰ ਨਿਰੰਤਰ ਕੰਮ ਜਾਰੀ ਰੱਖਣ ਦੀ ਹਾਮੀ ਭਰੀ ਹੈ।

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਮਰੀਕੀ ਰਾਸ਼ਟਰਪਤੀ ਟਰੰਪ ਵੱਲੋਂ 2015 'ਚ ਹੋਏ ਸਮਝੌਤੇ ਤੋਂ ਵੱਖ ਹੋਣ ਦੇ ਫੈਸਲੇ ਦੀ ਆਲੋਚਨਾ ਕਰਦਿਆਂ ਇਸ ਨੂੰ ਵੱਡੀ ਗਲਤੀ ਕਰਾਰ ਦਿੱਤਾ ਹੈ। ਓਬਾਮਾ ਦਾ ਕਹਿਣਾ ਹੈ ਕਿ ਈਰਾਨ ਵੱਲੋਂ ਇਸ ਸਮਝੌਤੇ ਦੀ ਕੋਈ ਉਲੰਘਣਾ ਕੀਤੇ ਬਿਨਾਂ ਇਸ ਤੋਂ ਵੱਖ ਹੋਣਾ ਇਕ ਵੱਡੀ ਗਲਤੀ ਹੈ ਅਤੇ ਆਪਣੇ ਕਰੀਬੀ ਸਹਿਯੋਗੀਆਂ (ਬਰਤਾਨੀਆ, ਫਰਾਂਸ ਤੇ ਜਰਮਨੀ) ਨੂੰ ਅਣਡਿੱਠ ਕਰਨ ਵਾਂਗ ਹੈ।

ਇਸ ਦੌਰਾਨ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਟੋਨੀਓ ਗੁਟਰੇਸ ਨੇ ਪਰਮਾਣੂ ਸਮਝੌਤੇ

## ਲਾਲੂ ਨੂੰ ਮਿਲੀ ਜ਼ਮਾਨਤ

**ਰਾਂਚੀ:** ਝਾਰਖੰਡ ਹਾਈ ਕੋਰਟ ਨੇ ਬਿਹਾਰ ਦੇ ਸਾਬਕਾ ਮੁੱਖ ਮੰਤਰੀ ਲਾਲੂ ਪ੍ਰਸਾਦ ਯਾਦਵ ਨੂੰ ਮੈਡੀਕਲ ਅਧਾਰ ਉਤੇ ਛੇ ਹਫਤਿਆਂ ਦੀ ਆਰਜ਼ੀ ਜ਼ਮਾਨਤ ਦੇ ਦਿੱਤੀ।

ਇਹ ਜ਼ਮਾਨਤ ਲਾਲੂ ਦੀ ਜੇਲ੍ਹ ਤੋਂ ਰਿਹਾਈ ਵਾਲੇ ਦਿਨ ਤੋਂ ਲਾਗੂ ਹੋਵੇਗੀ।

## ਈਰਾਨ ਦੀ ਸੰਸਦ 'ਚ ਸਾੜਿਆ ਅਮਰੀਕੀ ਝੰਡਾ

**ਤਹਿਰਾਨ:** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ 2015 ਵਿਚ ਹੋਏ ਇਤਿਹਾਸਕ ਈਰਾਨ ਪਰਮਾਣੂ ਸਮਝੌਤੇ ਤੋਂ ਅਲੱਗ ਹੋਣ ਲਈ ਇਕਪਾਸੜ ਫ਼ੈਸਲੇ ਤੋਂ ਭੜਕੇ ਈਰਾਨੀ ਸੰਸਦ ਮੈਂਬਰਾਂ ਨੇ ਈਰਾਨ ਦੀ ਸੰਸਦ ਅੰਦਰ ਹੰਗਾਮਾ ਕਰਦਿਆਂ ਅਮਰੀਕੀ ਝੰਡੇ ਨੂੰ ਸਾੜ ਦਿੱਤਾ। ਟਰੰਪ ਦੇ ਐਲਾਨ ਤੋਂ ਬੇਹੱਦ ਨਾਰਾਜ਼ ਇਨ੍ਹਾਂ ਸੰਸਦ ਮੈਂਬਰਾਂ ਨੇ ਅਮਰੀਕਾ ਖਿਲਾਫ਼ ਨਾਅਰੇਬਾਜ਼ੀ ਕੀਤੀ ਹੈ।

## ਅਮਰੀਕੀ ਪਾਬੰਦੀਆਂ ਭਾਰਤ ਲਈ ਨੁਕਸਾਨਦੇਹ ਕਰਾਰ

**ਨਵੀਂ ਦਿੱਲੀ:** ਅਮਰੀਕਾ ਵਿਚ ਰਹਿੰਦੇ ਇਕ ਉਘੇ ਅਰਥਸ਼ਾਸਤਰੀ ਟੀ.ਐਨ. ਸ੍ਰੀਨਿਵਾਸਨ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਵੱਲੋਂ ਇਰਾਨ ਉਤੇ ਆਰਥਿਕ ਪਾਬੰਦੀਆਂ ਲਾਉਣ ਦਾ ਫੈਸਲਾ ਭਾਰਤ ਦੇ ਨਾਲ ਆਲਮੀ ਮਾਹੌਲ ਉਤੇ ਵੀ ਮਾੜਾ ਅਸਰ ਪਾਵੇਗਾ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਹਾਲ ਹੀ ਵਿਚ ਐਲਾਨ ਕੀਤਾ ਸੀ ਕਿ ਅਮਰੀਕਾ 2015 ਵਿਚ ਸਹੀਬੰਦ ਹੋਈ ਇਰਾਨ ਪਰਮਾਣੂ ਸੰਧੀ ਦਾ ਪਾਬੰਦ ਨਹੀਂ ਰਹੇਗਾ ਤੇ ਇਰਾਨ ਉਤੇ ਆਰਥਿਕ ਪਾਬੰਦੀਆਂ ਲਾਵੇਗਾ।

# ਅਮੀਰਾਂ ਦੀ ਸੂਚੀ 'ਚ ਭਾਰਤ ਦੇ ਹਿੰਦੂਜਾ ਭਰਾਵਾਂ ਦੀ ਬੱਲੇ ਬੱਲੇ

**ਲੰਡਨ:** ਬਰਤਾਨੀਆ ਵੱਲੋਂ ਜਾਰੀ ਕੀਤੀ ਗਈ ਅਮੀਰਾਂ ਦੀ ਸਾਲਾਨਾ ਸੂਚੀ ਵਿਚ ਭਾਰਤ ਦੇ ਜੰਮਪਲ ਹਿੰਦੂਜਾ ਭਰਾਵਾਂ ਨੂੰ ਦੂਜੀ ਥਾਂ ਦਿੱਤੀ ਗਈ ਹੈ। 'ਸੰਡੇ ਟਾਈਮਜ਼ ਰਿੱਚ ਲਿਸਟ' ਵਿਚ ਕੈਮੀਕਲਜ਼ ਨਾਲ ਸਬੰਧਤ ਸਨਅਤਕਾਰ ਜਿਮ ਰੈਟਕਲਿਫ ਨੇ ਇਨ੍ਹਾਂ ਨੂੰ ਪਛਾੜ ਕੇ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ। ਲੰਡਨ ਵਿਚ ਰਹਿਣ ਵਾਲੇ ਸ਼ੁਰੂਆਤ ਕੀਤੀ ਤੇ 2017 ਵਿਚ ਇਸ ਕਾਰੋਬਾਰ ਵਿਚ ਸਿਖਰਲੇ ਸਥਾਨ ਉਤੇ ਪੁੱਜਿਆ। ਜਦੋਂ ਕਿ ਗੋਪੀ (78) ਅਤੇ ਸ੍ਰੀਚੰਦ (82) ਜਨੇਵਾ ਅਤੇ ਮੁੰਬਈ ਦੇ ਪ੍ਰਕਾਸ਼ (72) ਅਤੇ ਅਸ਼ੋਕ (67) ਦੇ ਭਰਾ ਹਨ। ਪਿਛਲੇ ਸਾਲ ਇਹ ਇਸ ਲਿਸਟ ਵਿਚ ਸਿਖਰ ਉਤੇ ਸਨ।

ਭਾਰਤੀ ਸਨਅਤਕਾਰ ਭਰਾ ਡੇਵਿਡ ਅਤੇ



ਹਿੰਦੂਜਾ ਭਰਾਵਾਂ ਸ੍ਰੀਚੰਦ ਅਤੇ ਗੋਪੀ ਚੰਦ ਨੂੰ ਅੰਦਾਜ਼ਨ 20.64 ਅਰਬ ਪੌਂਡ ਨਾਲ ਰੈਟਕਲਿਫ ਦੇ 21.05 ਅਰਬ ਪੌਂਡ ਦੇ ਮੁਕਾਬਲੇ ਦੂਜੇ ਸਥਾਨ ਉਤੇ ਰੱਖਿਆ ਗਿਆ ਹੈ।

ਬ੍ਰਿਟੇਨ ਦੇ ਇਨ੍ਹਾਂ ਇਕ ਹਜ਼ਾਰ ਅਮੀਰਾਂ ਦੀ ਇਸ ਸਾਲ 2018 ਦੀ ਜਾਰੀ ਸੂਚੀ ਵਿਚ 47 ਭਾਰਤੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਇਸ ਸੂਚੀ ਨੂੰ ਸੰਕਲਿਤ ਕਰਨ ਵਾਲੇ ਰੌਬਰਟ ਵਾਟਸ ਦਾ ਕਹਿਣਾ ਹੈ ਕਿ ਬ੍ਰਿਟੇਨ ਤੇਜ਼ੀ ਨਾਲ ਬਦਲ ਰਿਹਾ ਹੈ। ਛੋਟੇ ਛੋਟੇ ਕੰਮ ਕਰਨ ਵਾਲੇ ਵਪਾਰੀ ਅੱਜ ਵੱਡੇ ਉਦਯੋਗਪਤੀ ਬਣ ਗਏ ਹਨ। ਰੈਟਕਲਿਫ਼ ਬ੍ਰਿਟੇਨ ਵਿਚ ਜੰਮਿਆ ਪਲਿਆ ਸਨਅਤਕਾਰ ਹੈ ਜਿਸ ਨੇ ਮਿਹਨਤ ਕਰ ਕੇ ਕੈਮੀਕਲ ਕੰਪਨੀ ਦੀ ਸਾਈਮਨ ਰਿਉਬੇਨ ਤੀਜੇ ਸਥਾਨ ਤੋਂ ਖਿਸਕ ਕੇ ਚੌਥੇ ਸਥਾਨ ਉਤੇ ਪਹੁੰਚ ਗਏ ਹਨ।

ਇਸੇ ਤਰ੍ਹਾਂ ਸਟੀਲ ਸਨਅਤ ਦੇ ਧਨਾਢ ਲਕਸ਼ਮੀ ਐਨ ਮਿੱਤਲ 14.66 ਅਰਬ ਪੌਂਡ ਚੌਥੇ ਸਥਾਨ ਤੋਂ ਖਿਸਕ ਕੇ ਪੰਜਵੇਂ ਸਥਾਨ ਉਤੇ ਪਹੁੰਚ ਗਏ ਹਨ। 67 ਸਾਲਾ ਮਿੱਤਲ ਦੁਨੀਆ ਦੀ ਕਾਰ ਇੰਡਸਟਰੀ ਨੂੰ ਇਕ ਚੌਥਾਈ ਹਿੱਸਾ ਸਟੀਲ ਦਾ ਮੁਹੱਈਆ ਕਰਾਉਂਦੇ ਹਨ। ਇਸ ਲਿਸਟ ਵਿਚ ਸ਼ਾਮਲ ਹੋਰਨਾਂ ਭਾਰਤੀਆਂ ਵਿਚ 25ਵੇਂ ਸਥਾਨ ਉਤੇ ਸ੍ਰੀ ਪ੍ਰਕਾਸ਼ ਲੋਹੀਆ, 59ਵੇਂ ਸਥਾਨ ਉਤੇ ਭਵਗੁਥੂ ਸ਼ੇਟੀ, 60ਵੇਂ ਸਥਾਨ 'ਤੇ ਸਿਮਨ, ਬੌਬੀ, ਅਤੇ ਰੌਬਿਨ ਅਰੋੜਾ, 75ਵੇਂ ਸਥਾਨ ਉਤੇ ਕਿਰਨ ਮਜੂਮਦਾਰ

ਤੰਦੂਰੀਏ, ਹਲਵਾਈ, ਡੋਸਾ ਮੇਕਰ ਤੇ ਹੈਲਪਰਾਂ ਦੀ ਲੋੜ ਹੈ

ਹਿਊਸਟਨ (ਟੈਕਸਸ) ਵਿਚ ਇਕ ਭਾਰਤੀ ਰੈਸਟੋਰੈਂਟ ਲਈ ਮਿਠਾਈਆਂ ਬਣਾਉਣ ਵਾਲੇ ਕਾਰੀਗਰ, ਤੰਦੂਰੀਆ, ਡੋਸਾ ਮੇਕਰ ਅਤੇ ਹੈਲਪਰ ਚਾਹੀਦੇ ਹਨ। ਚੰਗੀ ਤਨਖਾਹ ਅਤੇ ਇਕੱਲੇ ਬੰਦੇ ਲਈ ਰਿਹਾਇਸ਼ ਦਾ ਪ੍ਰਬੰਧ

ਸੰਪਰਕ ਕਰੋ

ਮੁਖਤਿਆਰ ਸਿੰਘ, ਫੋਨ: 713-884-9547

ਸੁਖਦੇਵ ਸਿੰਘ, ਫੋਨ: 832-724-1635

ਕਿਸੇ ਵੀ ਉਮਰ ਵਿਚ ਕਿਸੇ ਵੀ ਬਿਮਾਰੀ ਦਾ ਇਲਾਜ ਕਰਵਾਉਂਦੇ ਜੇ ਥੱਕ ਗਏ ਹੋ ਤਾਂ ਕਾਲ ਕਰੋ

ਫੋਨ (408) 687-1899

Gurdip Singh Sandhu

Homeopathic Practitioner/Consultant Since 1973
DHMS-Gold Medalist, BAMS, MDEh.- India

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577
EX Member: The California Homeopathic Society
National Center For Homeopathy- USA



Gurdip Singh Sandhu

Live on Jas TV
Saturday 9:30AM and Sunday 4PM (Pacific Time)

7021 Village Park Way, Dublin, CA 94568

Email: Homeomedicine@yahoo.com

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

1816 Main Ave., Secramento CA, 95838

ਸੈਕਰਾਮੈਂਟੋ, ਕੈਲੀਫੋਰਨੀਆ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਨੈਸ਼ਨਲ ਟਰਾਂਸਪੋਰਟ ਕੰਪਨੀ ਲਈ ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 42 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



ਕੰਪਨੀ ਦੇ ਟਰੱਕ ਤੇ ਟਰੇਲਰ ਲੀਜ਼ 'ਤੇ ਲੈ ਸਕਦੇ ਹੋ

Call For Special Price

Kashmir S. Thandi
Office: (866) 933-3038
Balhar S. Ranu Cell:916-502-7733

# ਕਰਜ਼ਾ ਮੁਕਤੀ ਮੁਹਿੰਮ ਨਾ ਰੋਕ ਸਕੀ ਕਿਸਾਨ ਖੁਦਕੁਸ਼ੀਆਂ ਦਾ ਰਾਹ

**ਚੰਡੀਗੜ੍ਹ:** ਕਿਸਾਨਾਂ ਅਤੇ ਮਜ਼ਦੂਰਾਂ ਦਰਮਿਆਨ ਫੈਲੀ ਘੋਰ ਨਿਰਾਸ਼ਾ ਕਾਰਨ ਖੁਦਕੁਸ਼ੀਆਂ ਦੇ ਰੁਝਾਨ ਵਿਚ ਤੇਜ਼ੀ ਆ ਰਹੀ ਹੈ ਜਿਸ ਤਹਿਤ ਮੌਜੂਦਾ ਸਾਲ 2018 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਹੀ ਸਿਰਫ ਚਾਰ ਬਲਾਕਾਂ



ਵਿਚ 27 ਕਿਸਾਨ ਤੇ ਮਜ਼ਦੂਰ ਮੌਤ ਨੂੰ ਗਲੇ ਲਗਾ ਚੁੱਕੇ ਹਨ। ਇਨ੍ਹਾਂ ਤੱਥਾਂ ਦੀ ਤਸਦੀਕ ਸਬੰਧਤ ਪਿੰਡਾਂ ਦੀਆਂ ਪੰਚਾਇਤਾਂ ਵੱਲੋਂ ਹਲਫਨਾਮੇ ਦੇ ਕੇ ਕੀਤੀ ਗਈ ਹੈ।

ਖੁਦਕੁਸ਼ੀਆਂ ਦੀ ਸਭ ਤੋਂ ਵੱਧ ਜਰਖੇਜ਼ ਧਰਤੀ ਵਜੋਂ ਜਾਣੇ ਜਾਣ ਵਾਲੇ ਲਹਿਰਾ, ਮੂਨਕ, ਸੁਨਾਮ ਅਤੇ ਬਰੇਟਾ ਦੇ 135 ਪਿੰਡਾਂ ਦੇ ਅੰਕੜਿਆਂ ਉਤੇ ਨਜ਼ਰ ਰੱਖ ਰਹੇ ਸਰਕਾਰੀ ਦਮਨ ਵਿਰੋਧੀ ਲਹਿਰ ਦੇ ਮੁਖੀ ਇੰਦਰਜੀਤ ਸਿੰਘ ਜੇਜੀ ਵੱਲੋਂ ਤਿਆਰ ਕੀਤੀ ਗਈ ਸੂਚੀ ਵਿਚ ਖੁਦਕੁਸ਼ੀ ਕਰਨ ਵਾਲੇ ਵਿਅਕਤੀ, ਉਸ ਦੇ ਪਰਿਵਾਰਕ ਮੈਂਬਰਾਂ ਦੀਆਂ ਫੋਟੋਆਂ, ਤਰੀਕ ਅਤੇ ਸਰਪੰਚਾਂ ਵੱਲੋਂ ਦਿੱਤੇ ਗਏ ਹਲਫਨਾਮੇ ਨਾਲ ਲਗਾਏ ਗਏ ਹਨ। ਖੁਦਕੁਸ਼ੀ ਕਰਨ ਵਾਲੇ ਕਿਸਾਨਾਂ ਤੇ ਮਜ਼ਦੂਰਾਂ ਵਿਚੋਂ ਬਹੁਤਿਆਂ ਦੀ ਉਮਰ 20 ਤੋਂ 45 ਸਾਲ ਦੇ ਵਿਚਕਾਰ ਹੈ। ਸਾਲ 2017 ਦੌਰਾਨ ਇਨ੍ਹਾਂ 135 ਪਿੰਡਾਂ ਵਿਚ 75 ਕਿਸਾਨਾਂ ਤੇ ਮਜ਼ਦੂਰਾਂ ਦੀਆਂ ਖੁਦਕੁਸ਼ੀਆਂ ਹੋਈਆਂ ਸਨ।

ਸ੍ਰੀ ਜੇਜੀ ਨੇ ਕਿਹਾ ਕਿ ਜੇਕਰ ਪੰਜਾਬ ਦੀਆਂ ਤਿੰਨੇ ਯੂਨੀਵਰਸਿਟੀਆਂ ਵੱਲੋਂ 2000 ਤੋਂ 2015-16 ਤੱਕ ਖੁਦਕੁਸ਼ੀਆਂ ਦੇ ਪੇਸ਼ ਕੀਤੇ ਗਏ 16606 ਦੇ ਅੰਕੜੇ ਨੂੰ ਵੀ ਅਧਾਰ ਬਣਾ ਲਿਆ ਜਾਵੇ ਤਾਂ ਆਬਾਦੀ ਦੇ ਲਿਹਾਜ਼ ਨਾਲ ਪੰਜਾਬ ਵਿਚ ਇਹ ਖੁਦਕੁਸ਼ੀਆਂ ਕਿਸੇ ਵੀ ਹੋਰ ਸੂਬੇ ਨਾਲੋਂ ਦੁੱਗਣੀਆਂ ਹਨ। ਖੁਦਕੁਸ਼ੀਆਂ ਦੇ ਰੁਝਾਨ ਵਿਚ ਤੇਜ਼ੀ ਆਉਣ ਦੇ ਬਾਵਜੂਦ ਕੇਂਦਰ ਸਰਕਾਰ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਨਾਲ ਖਾਸ ਤੌਰ ਉਤੇ ਵਿਤਕਰਾ ਕਰ ਰਹੀ ਹੈ।

ਨਵੀਂ ਨੀਤੀ ਤਹਿਤ ਕਾਰਪੋਰੇਟ ਕੰਪਨੀਆਂ ਦੇ ਜ਼ਮੀਨ ਖਰੀਦਣ ਉਤੇ ਕੋਈ ਸੀਲਿੰਗ ਨਹੀਂ ਹੈ। ਇਹ ਸਿੱਧਾ ਹਥਿਆਰ ਹੈ ਕਿ ਕਿਸਾਨਾਂ ਨੂੰ ਤੰਗ ਕਰ ਕੇ ਜ਼ਮੀਨਾਂ ਹਥਿਆ ਲਈਆਂ ਜਾਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੀ ਇਸ ਪ੍ਰਤੀ ਆਪਣੀ ਬਣਦੀ ਜ਼ਿੰਮੇਵਾਰੀ ਨਹੀਂ ਨਿਭਾਅ ਰਹੀ। ਪੀੜਤ ਪਰਿਵਾਰਾਂ ਦੇ ਮੁੜ ਵਸੇਬੇ ਲਈ ਵੱਡੇ ਪੱਧਰ ਉਤੇ ਕੰਮ ਕਰਨ ਦੀ ਲੋੜ ਹੈ।

ਮਾਨਸਾ ਜ਼ਿਲ੍ਹੇ ਦੇ ਰੰਘੜਿਆਲ ਪਿੰਡ ਦੇ ਨੌਜਵਾਨ ਕਿਸਾਨ ਹਰਪ੍ਰੀਤ ਸਿੰਘ ਵੱਲੋਂ 7 ਅਗਸਤ 2017 ਨੂੰ ਖੁਦਕੁਸ਼ੀ ਕਰ ਲਈ ਗਈ ਸੀ ਪਰ ਉਨ੍ਹਾਂ ਅਰਜ਼ੀ 20 ਅਪਰੈਲ ਨੂੰ ਦਿੱਤੀ ਕਿਉਂਕਿ ਸਰਕਾਰ ਵੱਲੋਂ ਅਜਿਹੇ ਲੋਕਾਂ ਤੱਕ ਨੀਤੀ ਦੀ ਪੂਰੀ ਜਾਣਕਾਰੀ ਪਹੁੰਚਾਉਣ ਲਈ ਕੋਈ ਉਪਰਾਲੇ ਹੀ ਨਹੀਂ ਕੀਤੇ ਗਏ। ਆਪਣੀ ਗਲਤੀ ਮੰਨਣ ਦੇ ਬਜਾਇ ਜ਼ਿਲਾ ਖੇਤੀਬਾੜੀ ਅਫਸਰ ਨੇ ਇਕ ਪੱਤਰ ਲਿਖ ਕੇ ਸੂਚਨਾ ਦੇ ਦਿੱਤੀ ਹੈ ਕਿ ਅਰਜ਼ੀ ਦੇਰੀ ਨਾਲ ਦੇਣ ਕਰ ਕੇ ਇਹ ਕੇਸ ਰੱਦ ਕੀਤਾ ਜਾਂਦਾ ਹੈ।

## ਜ਼ਿਮਨੀ ਚੋਣ ਤੋਂ ਬਾਅਦ ਕਰਜ਼ਾ ਮੁਆਫੀ ਮੁਹਿੰਮ ਫੜੇਗੀ ਰਫਤਾਰ

**ਚੰਡੀਗੜ੍ਹ:** ਪੰਜਾਬ ਦੇ ਸਹਿਕਾਰੀ ਬੈਂਕਾਂ ਨੇ ਸੂਬੇ ਦੇ 22 ਜ਼ਿਲ੍ਹਿਆਂ ਦੇ ਬਾਕੀ 67941 ਕਿਸਾਨਾਂ ਦੇ 361.60 ਕਰੋੜ ਰੁਪਏ ਦੇ ਫਸਲੀ ਕਰਜ਼ੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਜ਼ਿਮਨੀ ਚੋਣ ਤੋਂ ਤੁਰਤ ਬਾਅਦ ਮੁਆਫ ਕਰਨ ਦਾ ਫੈਸਲਾ ਕੀਤਾ ਹੈ। ਇਸ ਲਈ ਕਰਜ਼ਾ ਰਾਹਤ ਸਮਾਗਮ ਖੇਤਰੀ ਜਾਂ ਜ਼ਿਲ੍ਹੇ ਪੱਧਰ ਦੀ ਥਾਂ ਤਹਿਸੀਲ ਪੱਧਰ ਉਤੇ ਕੀਤੇ ਜਾਣਗੇ। ਇਸ ਬਾਰੇ ਸਹਿਕਾਰੀ ਸਭਾਵਾਂ ਪੰਜਾਬ ਦੇ ਰਜਿਸਟਰਾਰ ਨੇ ਸਬ-ਡਿਵੀਜ਼ਨਲ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਇਸ ਦੇ ਨਾਲ ਅਨੁਸੂਚਿਤ ਜਾਤੀਆਂ ਦੇ ਤਿੰਨ ਸੌ ਕਰੋੜ ਰੁਪਏ ਦੇ ਕਰਜ਼ੇ ਤੋਂ ਰਾਹਤ ਦੇਣ ਦਾ ਫੈਸਲਾ ਸਿਧਾਂਤਕ ਤੌਰ ਉਤੇ ਕਰ ਲਿਆ ਹੈ।

ਸੂਬੇ ਦੇ ਸਹਿਕਾਰਤਾ ਵਿਭਾਗ ਨੇ ਤਹਿਸੀਲ ਪੱਧਰ 'ਤੇ ਸਮਾਗਮ ਕਰ ਕੇ ਕਰਜ਼ਾ ਰਾਹਤ ਸਰਟੀਫਿਕੇਟ ਦੇਣ ਦਾ ਫੈਸਲਾ ਕੀਤਾ ਹੈ ਤਾਂ ਜੋ ਵੱਧ ਤੋਂ ਵੱਧ ਕਿਸਾਨਾਂ ਅਤੇ ਲੋਕਾਂ ਦੀ ਕਰਜ਼ਾ ਮੁਆਫੀ ਸਕੀਮ ਵਿਚ ਸ਼ਮੂਲੀਅਤ ਕਰਵਾਈ ਜਾਵੇ। ਕਰਜ਼ਾ ਰਾਹਤ ਸਰਟੀਫਿਕੇਟ ਵਿਧਾਇਕਾਂ ਤੇ ਐਸ.ਡੀ.ਐਮ. ਕੋਲੋਂ ਕਿਸਾਨਾਂ ਨੂੰ ਦਿਵਾਏ ਜਾਣਗੇ। ਇਸ ਤੋਂ ਪਹਿਲਾਂ ਖੇਤਰੀ ਅਤੇ ਜ਼ਿਲ੍ਹਾ ਪੱਧਰ ਉਤੇ ਸਮਾਗਮ ਕਰ ਕੇ ਕਰਜ਼ਾ ਰਾਹਤ ਸਰਟੀਫਿਕੇਟ ਜਾਰੀ ਕੀਤੇ ਗਏ ਹਨ। ਇਸ ਤੋਂ ਪਹਿਲਾਂ ਸਹਿਕਾਰੀ ਬੈਂਕਾਂ ਦੇ ਲੱਖ ਦੋ ਹਜ਼ਾਰ ਕਿਸਾਨਾਂ ਨੂੰ 999.67 ਕਰੋੜ ਰੁਪਏ ਦੇ ਕਰਜ਼ਾ ਰਾਹਤ ਸਰਟੀਫਿਕੇਟ ਜਾਰੀ ਕਰ ਚੁੱਕੇ ਹਨ ਤੇ ਹੁਣ 67941 ਕਿਸਾਨਾਂ ਦੇ 361.60 ਕਰੋੜ ਰੁਪਏ ਦੇ ਹੋਰ ਕਰਜ਼ੇ ਮੁਆਫ ਕਰਨ ਨਾਲ ਸਹਿਕਾਰੀ ਬੈਂਕ ਵੱਲੋਂ 1361 ਕਰੋੜ ਤੋਂ ਵੱਧ ਕਰਜ਼ਾ ਰਾਹਤ ਸਰਟੀਫਿਕੇਟ ਦਿੱਤੇ ਜਾਣਗੇ।

ਇਸੇ ਦੌਰਾਨ ਪੰਜਾਬ ਸਰਕਾਰ ਨੇ ਅਨੁਸੂਚਿਤ ਜਾਤੀਆਂ ਨੂੰ ਸਹਿਕਾਰੀ ਕਰਜ਼ਿਆਂ ਤੋਂ ਰਾਹਤ ਦੇਣ ਦਾ ਸਿਧਾਂਤਕ ਤੌਰ ਉਤੇ ਫੈਸਲਾ ਕਰ ਲਿਆ ਹੈ ਤੇ ਉਨ੍ਹਾਂ ਦੇ ਤਿੰਨ ਸੌ ਕਰੋੜ ਰੁਪਏ ਦੇ ਸਹਿਕਾਰੀ ਕਰਜ਼ੇ ਮੁਆਫ ਕੀਤੇ ਜਾਣਗੇ। ਅਨੁਸੂਚਿਤ ਜਾਤੀਆਂ ਦੇ ਲੋਕਾਂ ਨੇ ਆਪਣੇ ਕੰਮ ਕਾਜ ਚਲਾਉਣ ਲਈ ਛੋਟੇ-ਛੋਟੇ ਕਰਜ਼ੇ ਲਏ ਹੋਏ ਹਨ। ਸਹਿਕਾਰੀ ਬੈਂਕਾਂ ਨੇ ਇਨ੍ਹਾਂ ਨੂੰ ਤਿੰਨ ਸੌ ਕਰੋੜ ਰੁਪਏ ਤੋਂ ਵੱਧ ਦੇ ਕਰਜ਼ੇ ਦਿੱਤੇ ਹਨ।

# ਸਰਕਾਰੀ ਢਿੱਲ ਨੇ ਬਦਲਵੀਂ ਖੇਤੀ ਮਿਸ਼ਨ ਕੱਚੇ ਲਾਹਿਆ

**ਚੰਡੀਗੜ੍ਹ:** ਕੁਝ ਸਾਲ ਪਹਿਲਾਂ ਮਾਲਵੇ ਦੇ ਜ਼ਿਲ੍ਹਿਆਂ 'ਚ ਚਿੱਟੇ ਸੋਨੇ (ਨਰਮੇ) ਦੀ ਖੇਤੀ ਵੱਡੀ ਪੱਧਰ 'ਤੇ ਕੀਤੀ ਜਾਂਦੀ ਸੀ, ਪਰ 2014-15 'ਚ ਚਿੱਟੀ ਮੱਖੀ ਦੇ ਹਮਲੇ ਦੇ ਉਜਾੜੇ ਨਾਲ ਕਿਸਾਨਾਂ ਦਾ ਨਰਮੇ ਤੋਂ ਮੋਹ ਭੰਗ ਹੋ ਗਿਆ। ਨਰਮੇ ਹੇਠੋਂ ਲਗਾਤਾਰ ਘਟਦਾ ਰਕਬਾ ਧਰਤੀ ਹੇਠਲੇ ਪਾਣੀ ਲਈ ਘਾਤਕ ਹੈ। ਖੇਤੀਬਾੜੀ ਵਿਭਾਗ ਨਰਮੇ ਹੇਠ ਰਕਬਾ ਵਧਾਉਣ ਲਈ ਉਪਰਾਲਿਆਂ ਦੇ ਦਾਅਵੇ ਕਰ ਰਿਹਾ ਹੈ, ਪਰ ਇਹ ਉਪਰਾਲੇ ਸਰਕਾਰੀ ਫਾਈਲਾਂ ਦੇ ਪੰਨਿਆਂ ਤੋਂ ਬਾਹਰ ਨਹੀਂ ਨਿਕਲਦੇ।

ਇਸ ਸਾਲ ਵੀ ਖੇਤੀਬਾੜੀ ਵਿਭਾਗ ਵੱਲੋਂ ਨਰਮੇ ਹੇਠ 4 ਲੱਖ ਹੈਕਟੇਅਰ ਰਕਬਾ ਬੀਜਣ ਦਾ ਟੀਚਾ ਹੈ। ਪਿਛਲੇ ਸਾਲਾਂ ਵਿਚ ਜਦੋਂ ਨਰਮੇ ਉਤੇ ਚਿੱਟੀ ਮੱਖੀ ਦਾ ਹਮਲਾ ਹੋਇਆ ਸੀ ਤਾਂ ਖੇਤੀਬਾੜੀ ਵਿਭਾਗ ਨੇ ਹਮਲੇ ਦੇ ਵੱਖ-ਵੱਖ ਕਾਰਨਾਂ ਵਿਚੋਂ ਨਦੀਨ ਪੁੱਠ ਕੰਡਾ, ਗਾਜਰ ਘਾਹ, ਕੰਘੀ ਬੂਟੀ, ਧਤੂਰਾ ਆਦਿ ਨੂੰ ਇਸ ਮੱਖੀ ਲਈ ਸੱਦਾ ਦੇਣ ਤੇ ਪਨਾਹਗਾਹ ਵਾਲੇ ਨਦੀਨ ਐਲਾਨਿਆ ਸੀ। ਹਰ ਸਾਲ ਦੀ ਤਰ੍ਹਾਂ ਮਾਰਚ ਮਹੀਨੇ ਵਿਚ ਖੇਤੀਬਾੜੀ ਵਿਭਾਗ ਪ੍ਰਸ਼ਾਸਨ ਰਾਹੀਂ ਨਹਿਰਾਂ, ਸੜਕਾਂ, ਕੱਚੇ ਰਸਤਿਆਂ, ਖਾਲਾਂ, ਸਰਕਾਰੀ ਥਾਂਵਾਂ ਆਦਿ ਉਪਰੋਂ ਇਹ ਨਦੀਨ ਖਤਮ ਕਰਨ ਲਈ ਵਿਸ਼ੇਸ਼ ਮੁਹਿੰਮ ਰਾਹੀਂ ਲੱਖਾਂ ਰੁਪਏ ਖਰਚ ਕਰਦਾ ਹੈ।

ਨਰਮੇ ਦੀ ਬਿਜਾਈ ਦਾ ਢੁਕਵਾਂ ਸਮਾਂ ਅੱਧ



ਅਪਰੈਲ ਤੋਂ ਅੱਧ ਮਈ ਤੱਕ ਹੈ, ਪਰ ਅਜੇ ਤੱਕ ਨਰਮੇ ਦੀ ਬਿਜਾਈ ਨੂੰ ਆਸ ਅਨੁਸਾਰ ਹੁੰਗਾਰਾ ਨਹੀਂ ਮਿਲ ਸਕਿਆ। ਇਸ ਵਾਰ ਵੀ ਇਹ ਮੁਹਿੰਮ ਚਲਾਈ ਗਈ ਸੀ, ਪਰ ਉਕਤ ਥਾਂਵਾਂ ਉਪਰ ਇਨ੍ਹਾਂ ਨਦੀਨਾਂ ਦੀ ਭਰਮਾਰ ਹੈ ਜੋ ਕਿ ਵਿਭਾਗੀ ਦਾਅਵਿਆਂ ਦਾ ਮੂੰਹ ਚਿੜਾ ਰਹੀ ਹੈ। ਇਸ ਵਾਰ ਫਿਰ ਖੇਤੀਬਾੜੀ ਵਿਭਾਗ ਦਾਅਵਾ ਕਰ ਰਿਹਾ ਹੈ ਕਿ ਨਰਮੇ ਹੇਠ ਰਕਬਾ ਵਧੇਗਾ, ਪਰ ਜ਼ਮੀਨੀ ਹਾਲਾਤ ਇਸ ਦੇ ਉਲਟ ਹਨ। ਕਿਸਾਨਾਂ ਦਾ ਕਹਿਣਾ ਹੈ ਕਿ ਵੱਖ-ਵੱਖ ਖੇਤੀਬਾੜੀ ਮੇਲਿਆਂ ਵਿਚ ਇਨ੍ਹਾਂ ਨਦੀਨਾਂ ਨੂੰ ਖਤਮ ਕਰਨ ਲਈ ਵਿਭਾਗ ਕਿਸਾਨਾਂ ਨੂੰ ਸਲਾਹਾਂ ਦਿੰਦਾ ਹੈ ਜਦਕਿ ਸਰਕਾਰੀ ਥਾਂਵਾਂ ਉਤੇ ਇਹ ਨਰਮਾ ਮਾਰੂ ਨਦੀਨ ਆਮ ਖੜ੍ਹੇ ਹਨ।

# ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਤੀ ਵਾਲੀ ਮੁਹਿੰਮ ਠੰਢੀ ਪਈ

**ਅੰਮ੍ਰਿਤਸਰ:** ਉਤਰਾਖੰਡ ਦੇ ਹਰਿਦੁਆਰ ਵਿਚ ਗੰਗਾ ਕੰਢੇ ਗੁਰਦੁਆਰਾ ਗਿਆਨ ਗੋਦੜੀ ਦੀ ਮੁੜ ਸਥਾਪਤੀ ਵਾਸਤੇ ਸ੍ਰੀ ਅਕਾਲ ਤਖਤ ਵੱਲੋਂ ਬਣਾਈ ਗਈ ਸਿੱਖ ਜਥੇਬੰਦੀਆਂ ਦੀ ਕਮੇਟੀ ਦੀ ਰਫਤਾਰ ਫਿਲਹਾਲ ਸੁਸਤ ਹੈ।

ਗਿਆਨੀ ਗੁਰਬਚਨ ਸਿੰਘ ਵੱਲੋਂ ਇਸ ਸਬੰਧੀ 13 ਜੂਨ 2017 ਨੂੰ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਵਿਚ ਗੁਰਦੁਆਰਾ ਦੀ ਮੁੜ ਸਥਾਪਤੀ ਲਈ ਵੱਖ-ਵੱਖ ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਦੀ ਕਮੇਟੀ ਬਣਾਉਣ ਦਾ ਐਲਾਨ ਕੀਤਾ ਗਿਆ ਸੀ।

ਇਸ ਕਮੇਟੀ ਨੂੰ ਬਣਿਆਂ ਲਗਭਗ ਇਕ ਸਾਲ ਹੋ ਚੁੱਕਾ ਹੈ ਪਰ ਨਾ ਤਾਂ ਸ੍ਰੀ ਅਕਾਲ ਤਖਤ ਵੱਲੋਂ ਮੁੜ ਕਮੇਟੀ ਦੀ ਮੀਟਿੰਗ ਸੱਦੀ ਗਈ ਹੈ ਅਤੇ ਨਾ ਹੀ ਹੁਣ ਤੱਕ ਕਮੇਟੀ ਦੀ ਕੋਈ ਕਾਰਵਾਈ ਸਾਹਮਣੇ ਆਈ ਹੈ, ਜਿਸ ਕਾਰਨ ਇਹ ਮਾਮਲਾ ਅਜੇ ਠੰਢੇ ਬਸਤੇ ਵਿਚ ਪਿਆ ਹੋਇਆ ਹੈ।

ਜ਼ਿਕਰਯੋਗ ਹੈ ਕਿ ਬੀਤੇ ਵਰ੍ਹੇ ਸ਼੍ਰੋਮਣੀ ਕਮੇਟੀ ਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰੇ ਦੀ ਮੁੜ ਸਥਾਪਨਾ ਦੇ ਮਾਮਲੇ 'ਚ ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਸਿੱਖ ਪੰਥ ਦੀ ਅਗਵਾਈ ਕਰਨ ਲਈ ਅਪੀਲ ਕੀਤੀ ਗਈ ਸੀ, ਜਿਸ ਤੋਂ ਬਾਅਦ ਜਥੇਦਾਰ ਵੱਲੋਂ ਜ਼ੋਰ ਸ਼ੋਰ ਨਾਲ ਮੁਹਿੰਮ ਦੀ ਸ਼ੁਰੂਆਤ ਕੀਤੀ ਸੀ। ਜਥੇਦਾਰ ਵੱਲੋਂ ਬੀਤੇ ਵਰ੍ਹੇ ਹੀ 24 ਮਈ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਵੱਖ-ਵੱਖ ਸਿੱਖ ਸੰਸਥਾਵਾਂ, ਸੰਪਰਦਾਵਾਂ, ਨਿਹੰਗ ਸਿੰਘ ਜਥੇਬੰਦੀਆਂ, ਨਿਰਮਲੇ ਸੰਤਾਂ, ਸੰਤ ਸਮਾਜ, ਸੇਵਾ ਪੰਥੀਆਂ ਤੇ ਧਾਰਮਿਕ ਸਭਾ ਸੁਸਾਇਟੀਆਂ ਦੇ ਪ੍ਰਤੀਨਿਧਾਂ ਦੇ ਇਸ ਮਾਮਲੇ ਉਤੇ ਸੁਝਾਅ ਲੈਣ ਲਈ ਵਿਸ਼ਾਲ ਇਕੱਤਰਤਾ ਵੀ ਬੁਲਾਈ ਗਈ ਸੀ, ਜਿਸ 'ਚ ਸਮੂਹ ਸਿੱਖ ਸੰਸਥਾਵਾਂ ਵੱਲੋਂ ਇਸ ਮਾਮਲੇ ਉਤੇ ਪੂਰਨ ਸਮਰਥਨ ਦਾ ਭਰੋਸਾ ਦਿੱਤਾ ਗਿਆ ਸੀ।

ਇਥੇ ਹੀ ਬੱਸ ਨਹੀਂ, ਇਸ ਪੰਥਕ ਮਾਮਲੇ ਨੂੰ ਪੂਰੀ ਸੰਜੀਦਗੀ ਨਾਲ ਲੈਂਦਿਆਂ ਇਸ ਦੇ ਹੱਲ ਲਈ ਪੰਜ ਸਿੰਘ ਸਾਹਿਬਾਨ ਵੱਲੋਂ ਬੀਤੇ ਵਰ੍ਹੇ ਹੀ 13 ਜੂਨ ਨੂੰ ਗੁਰਦੁਆਰਾ ਗਿਆਨ ਗੋਦੜੀ ਸਾਹਿਬ ਮਾਮਲੇ ਦੇ ਹੱਲ ਲਈ ਰੂਪ-ਰੇਖਾ ਤਿਆਰ ਕਰਨ ਤੇ ਸਬੰਧਤ ਸਰਕਾਰਾਂ ਤੇ ਆਗੂਆਂ ਨਾਲ ਗੱਲਬਾਤ ਕਰਨ ਲਈ ਇਕ 15 ਮੈਂਬਰੀ ਕਮੇਟੀ ਬਣਾ ਕੇ ਇਸ ਦਾ ਕੋਆਰਡੀਨੇਟਰ ਸ਼੍ਰੋਮਣੀ ਕਮੇਟੀ ਦੇ ਵਧੀਕ ਸਕੱਤਰ ਬਿਜੈ ਸਿੰਘ ਨੂੰ ਲਾਇਆ ਗਿਆ ਸੀ। ਪਤਾ ਲੱਗਾ ਹੈ ਕਿ ਸ਼ੁਰੂ ਵਿਚ ਕੁਝ ਕੁ ਇਕੱਤਰਤਾਵਾਂ ਕੀਤੇ ਜਾਣ ਬਾਅਦ ਇਹ ਕਮੇਟੀ ਪੂਰੀ ਤਰ੍ਹਾਂ ਸਰਗਰਮ ਨਹੀਂ ਹੋ ਸਕੀ।

# ਭਾਰਤ ਵਿਚ ਸਿਹਤ ਸਹੂਲਤਾਂ ਦਾ ਹਾਲ ਬਹੁਤਾ ਹੀ ਮਾੜਾ

**ਚੰਡੀਗੜ੍ਹ:** ਭਾਰਤ ਵਿਚ ਲੋਕਾਂ ਲਈ ਸਿਹਤ ਸਹੂਲਤਾਂ ਦਾ ਪ੍ਰਬੰਧ ਬਹੁਤ ਢਿੱਲਾ ਹੈ, ਇਥੋਂ ਤੱਕ ਕਿ ਇਥੇ ਹਸਪਤਾਲਾਂ ਸਮੇਤ ਡਾਕਟਰਾਂ ਦੀ ਵੀ ਬਹੁਤ ਘਾਟ ਹੈ। ਡਾਕਟਰੀ ਇਲਾਜ ਮਹਿੰਗਾ ਹੋਣ ਕਾਰਨ ਹਰ ਸਾਲ ਵੱਡੀ ਗਿਣਤੀ ਵਿਚ ਮਰੀਜ਼



ਬਿਨ੍ਹਾਂ ਇਲਾਜ ਤੋਂ ਮਰ ਜਾਂਦੇ ਹਨ ਜਾਂ ਫਿਰ ਮਰ-ਮਰ ਕੇ ਦਿਨ ਕੱਟਣ ਲਈ ਮਜਬੂਰ ਹੁੰਦੇ ਹਨ। ਦੇਸ਼ ਦੇ 125 ਕਰੋੜ ਲੋਕਾਂ ਲਈ ਸਿਰਫ 187505 ਸਿਹਤ ਕੇਂਦਰ ਹਨ ਜਦਕਿ ਕੇਂਦਰੀ ਸਿਹਤ ਮੰਤਰਾਲੇ ਮੁਤਾਬਕ ਭਾਰਤ ਵਿਚ 1000 ਲੋਕਾਂ ਪਿੱਛੇ 1 ਡਾਕਟਰ ਦੀ ਜ਼ਰੂਰਤ ਹੁੰਦੀ ਹੈ ਜਦਕਿ ਇਥੇ ਅਜਿਹਾ ਨਹੀਂ ਹੈ। ਦੇਸ਼ ਦੇ 649481 ਪਿੰਡਾਂ 'ਚ ਸਿਹਤ ਸੰਸਥਾਵਾਂ ਸਿਰਫ 2 ਫੀਸਦੀ ਹਨ। ਪੰਜਾਬ ਵਿਚ 76 ਹਸਪਤਾਲ, 150 ਕਮਿਊਨਿਟੀ ਹੈਲਥ ਸੈਂਟਰ, 427 ਪ੍ਰਾਇਮਰੀ ਹੈਲਥ ਸੈਂਟਰ, 2951 ਸਬ ਸੈਂਟਰ 1186 ਪੇਂਡੂ, 218 ਸ਼ਹਿਰੀ ਡਿਸਪੈਂਸਰੀਆਂ ਹਨ। ਖੁਦ ਸਰਕਾਰਾਂ ਮੰਨਦੀਆਂ ਹਨ ਕਿ ਇਨ੍ਹਾਂ ਦੀ ਸਮਰੱਥਾ ਮਸਾਂ 20 ਫੀਸਦੀ ਲੋਕਾਂ ਨੂੰ ਇਲਾਜ ਦੇਣ ਜੋਗੀ ਹੈ। ਇਨ੍ਹਾਂ ਦੇ ਮਾੜੇ ਪ੍ਰਬੰਧਾਂ ਤੇ ਖਸਤਾ ਹਾਲਤ ਕਿਸੇ ਤੋਂ ਗੁਝੀ ਨਹੀਂ।

ਮੈਡੀਕਲ ਪ੍ਰੈਕਟੀਸ਼ਨਰਜ਼ ਜਥੇਬੰਦੀ ਪੰਜਾਬ ਦੇ ਆਗੂ ਗੁਲਜੀਤ ਸਿੰਘ, ਸਕੱਤਰ ਚਮਕੌਰ ਸਿੰਘ, ਚੇਅਰਮੈਨ ਅਮਰੀਕ ਸਿੰਘ ਤੇ ਆਰਗੇਨਾਈਜੇਸ਼ਨ ਸੁਰਜੀਤ ਸਿੰਘ ਨੇ ਦੱਸਿਆ ਕਿ ਸੁਪਰੀਮ ਕੋਰਟ ਵੱਲੋਂ ਅਨਰਜਿਸਟਰਡ ਮੈਡੀਕਲ ਪ੍ਰੈਕਟੀਸ਼ਨਰਾਂ ਦੇ ਕੰਮ ਨੂੰ ਬੰਦ ਕਰਵਾਉਣ ਲਈ 13 ਅਪਰੈਲ 2018 ਨੂੰ ਜੋ ਕੀਤਾ ਗਿਆ ਫੈਸਲਾ ਹੈ, ਉਸ ਉਤੇ ਮੁੜ ਵਿਚਾਰ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਇਹ ਫੈਸਲਾ ਸਾਡੇ ਸਮਾਜ ਦੀਆਂ ਜ਼ਮੀਨੀ ਹਕੀਕਤਾਂ ਨਾਲ ਉਕਾ ਹੀ ਮੇਲ ਨਹੀਂ ਖਾਂਦਾ ਕਿਉਂਕਿ 70 ਸਾਲਾਂ ਬਾਅਦ ਅੱਜ ਵੀ ਦੇਸ਼ 'ਚ ਯੋਗ ਸਿਹਤ ਸੇਵਾਵਾਂ ਦੀ ਬਹੁਤ ਹੀ ਘਾਟ ਹੈ। ਪਿੰਡਾਂ ਤੇ ਸ਼ਹਿਰਾਂ ਦੇ ਸਲੱਮ ਏਰੀਆ 'ਚ 80 ਫੀਸਦੀ ਗਰੀਬ ਤੇ ਲੋੜਵੰਦ ਜਨਤਾ ਨੂੰ ਇਹ ਮੁਢਲੀਆਂ ਸਿਹਤ ਸੇਵਾਵਾਂ ਇਨ੍ਹਾਂ ਅਮਲੀ ਤਜਰਬੇ ਵਾਲੇ ਮੈਡੀਕਲ ਪ੍ਰੈਕਟੀਸ਼ਨਰਾਂ ਤੋਂ ਹੀ ਮਿਲਦੀਆਂ ਹਨ।

## ਐਚ. ਆਈ. ਵੀ. ਪੀੜਤਾਂ ਦੀ ਗਿਣਤੀ ਵਿਚ ਵਾਧਾ

**ਚੰਡੀਗੜ੍ਹ:** ਪੰਜਾਬ ਵਿਚ ਐਚ.ਆਈ.ਵੀ. ਮਰੀਜ਼ਾਂ ਦੀ ਗਿਣਤੀ ਵਿਚ ਪਿਛਲੇ ਦੋ ਸਾਲਾਂ ਦੌਰਾਨ ਵੱਡਾ ਵਾਧਾ ਹੋਇਆ ਹੈ। ਇਸ ਸਬੰਧੀ ਸਾਲ 2015 ਵਿਚ ਹੋਏ ਸਰਵੇਖਣ ਮੁਤਾਬਕ ਉਦੋਂ ਐਚ.ਆਈ.ਵੀ ਪਾਜ਼ੇਟਿਵ ਮਰੀਜ਼ਾਂ ਦੀ ਗਿਣਤੀ 35194 ਸੀ ਪਰ ਦਸੰਬਰ 2017 ਤੱਕ ਦੇ ਸਰਵੇ ਦੌਰਾਨ ਇਨ੍ਹਾਂ ਮਰੀਜ਼ਾਂ ਦੀ ਗਿਣਤੀ ਵਧ ਕੇ 61945 ਹੋ ਗਈ ਹੈ। ਇਸ ਤਰ੍ਹਾਂ ਦੋ ਸਾਲਾਂ ਵਿਚ ਐਚ.ਆਈ.ਵੀ. ਦੇ 35151 ਮਰੀਜ਼ਾਂ ਦੀ ਗਿਣਤੀ ਵਧੀ ਹੈ।




ਇਹ ਰਿਪੋਰਟ 'ਪੰਜਾਬ ਸਟੇਟ ਏਡਜ਼ ਕੰਟਰੋਲ ਸੁਸਾਇਟੀ' ਦੇ ਅੰਕੜਿਆਂ ਉਤੇ ਅਧਾਰਤ ਹੈ। ਸੁਸਾਇਟੀ ਦੇ ਪ੍ਰੋਜੈਕਟ ਡਾਇਰੈਕਟਰ ਡਾ. ਬੀ.ਪੀ. ਨਿਵਾਸਨ ਦਾ ਕਹਿਣਾ ਹੈ ਕਿ ਅਜਿਹੇ ਮਰੀਜ਼ ਸਾਹਮਣੇ ਜ਼ਰੂਰ ਆਏ ਹਨ, ਉਂਜ ਇਹ ਸਾਰੇ ਨਵੇਂ ਮਰੀਜ਼ ਨਹੀਂ ਆਖੇ ਜਾ ਸਕਦੇ। ਉਨ੍ਹਾਂ ਦਾ ਕਹਿਣਾ ਸੀ ਕਿ ਬਹੁਤੇ ਮਰੀਜ਼ ਵੱਖ-ਵੱਖ ਕਾਰਨਾਂ ਕਰ ਕੇ ਇਸ ਬਿਮਾਰੀ ਦਾ ਖੁਲਾਸਾ ਹੋਣ ਤੋਂ ਡਰਦੇ ਹਨ। ਇਸ ਸਬੰਧੀ ਵੱਖ-ਵੱਖ ਪੱਧਰ ਉਤੇ ਲੋਕਾਂ ਨੂੰ ਜਾਗਰੂਕ ਕਰਨ ਦੇ ਸਿੱਟੇ ਵਜੋਂ ਹੀ ਮਰੀਜ਼ ਇਲਾਜ ਲਈ ਸਾਹਮਣੇ ਆਉਣ ਲੱਗੇ ਹਨ, ਜਿਸ ਦੌਰਾਨ ਹੀ ਇਹ ਅੰਕੜੇ ਸਾਹਮਣੇ ਆਏ ਹਨ। ਉਂਜ ਉਨ੍ਹਾਂ ਦਾ ਕਹਿਣਾ ਹੈ ਕਿ ਇਹ ਅੰਕੜੇ ਸਰਕਾਰੀ ਹਸਪਤਾਲਾਂ ਵਿਚ ਇਲਾਜ ਲਈ ਪੁੱਜਣ ਵਾਲੇ ਮਰੀਜ਼ਾਂ ਉਤੇ ਹੀ ਅਧਾਰਤ ਹਨ। ਇਸ ਵਿਚ ਕਿਸੇ ਵੀ ਪ੍ਰਾਈਵੇਟ ਹਸਪਤਾਲ ਤੋਂ ਇਲਾਜ ਕਰਵਾਉਣ ਵਾਲੇ ਮਰੀਜ਼ਾਂ ਦੀ ਗਿਣਤੀ ਸ਼ਾਮਲ ਨਹੀਂ ਹੈ।

## ਬ੍ਰਿਟਿਸ਼ ਕੌਂਸਲ ਵੱਲੋਂ ਤਿੰਨ ਭਾਰਤੀਆਂ ਦਾ ਸਨਮਾਨ

**ਨਵੀਂ ਦਿੱਲੀ:** ਬ੍ਰਿਟਿਸ਼ ਕੌਂਸਲ ਨੇ ਇੰਗਲੈਂਡ ਵਿਚ ਪੜ੍ਹੇ ਤਿੰਨ ਭਾਰਤੀਆਂ ਨੂੰ ਮੁਲਕ ਲਈ ਦਿੱਤੇ ਯੋਗਦਾਨ ਅਤੇ ਉਨ੍ਹਾਂ ਦੀਆਂ ਪ੍ਰਾਪਤੀਆਂ ਲਈ ਪੁਰਸਕਾਰ ਨਾਲ ਸਨਮਾਨਿਆ ਹੈ।

ਬ੍ਰਿਟਿਸ਼ ਕੌਂਸਲ ਦੇ ਤਰਜਮਾਨ ਨੇ ਕਿਹਾ ਕਿ ਸੌਮਿਆ ਸਕਸੈਨਾ, ਰੁਚੀ ਸ਼ਾਹ ਅਤੇ ਸੁਸ਼ਾਂਤ ਦੇਸਾਈ ਨੂੰ ਵੱਖੋ ਵੱਖਰੇ ਪੁਰਸਕਾਰਾਂ ਨਾਲ ਨਿਵਾਜਿਆ ਗਿਆ ਹੈ। ਬ੍ਰਿਟਿਸ਼ ਕੌਂਸਲ ਦੇ ਡਾਇਰੈਕਟਰ (ਇੰਡੀਆ) ਐਲਨ ਗਿਮੈੱਲ ਨੇ ਕਿਹਾ ਕਿ ਇਸ ਸਾਲ ਦੇ ਜੇਤੂ ਉਨ੍ਹਾਂ ਡੇਢ ਲੱਖ ਭਾਰਤੀਆਂ 'ਚ ਸ਼ਾਮਲ ਹੋ ਗਏ ਹਨ ਜੋ ਪਿਛਲੇ 10 ਸਾਲਾਂ ਦੌਰਾਨ ਯੂਕੇ ਵਿਚ ਪੜ੍ਹੇ ਹਨ ਅਤੇ ਉਹ ਭਾਰਤ ਦੇ ਆਰਥਿਕ ਵਿਕਾਸ 'ਚ ਅਹਿਮ ਯੋਗਦਾਨ ਪਾ ਰਹੇ ਹਨ।

# ਸ਼ਾਹਕੋਟ ਦੀ ਚੋਣ, ਚੋਣ ਕਮਿਸ਼ਨ ਅਤੇ ਲੋਕਤੰਤਰ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਲੋਕਤੰਤਰ ਦੇ ਬਹੁਤੇ ਹੋਰ ਅਦਾਰਿਆਂ ਵਾਂਗ ਚੋਣ ਕਮਿਸ਼ਨ ਵੀ ਪਹਿਲੇ ਦਿਨਾਂ ਦੇ ਸਤਿਕਾਰ ਵਾਲਾ ਨਹੀਂ ਰਹਿ ਗਿਆ। ਕੋਈ ਵਕਤ ਸੀ ਕਿ ਇਸ ਦੇ ਕਿਸੇ ਫੈਸਲੇ ਦੀ ਨੁਕਤਾਚੀਨੀ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਅੱਜ ਹਾਲਤ ਇਹ ਹੈ ਕਿ ਵਿਰੋਧੀ ਪਾਰਟੀਆਂ ਵੀ ਅਤੇ ਕੇਂਦਰ ਵਿਚ ਰਾਜ ਕਰਦੀ ਪਾਰਟੀ ਦੇ ਸਹਿਯੋਗੀ ਵੀ, ਇਸ ਬਾਰੇ ਖੁੱਲ੍ਹੇ ਦੋਸ਼ ਲਾਈ ਜਾਂਦੇ ਹਨ। ਬੀਤੇ ਸ਼ੁੱਕਰਵਾਰ ਸ਼ਿਵ ਸੈਨਾ ਦੇ ਮੁਖੀ ਊਧਵ ਠਾਕਰੇ ਨੇ ਇਹ ਦੋਸ਼ ਲਾ ਦਿੱਤਾ ਹੈ ਕਿ ਵੋਟਾਂ ਵਾਲੀਆਂ ਇਲੈਕਟ੍ਰਾਨਿਕ ਮਸ਼ੀਨਾਂ ਨਾਲ ਹੇਰਾ-ਫੇਰੀ ਕੀਤੀ ਜਾਂਦੀ ਹੈ। ਸ਼ਿਵ ਸੈਨਾ ਇਸ ਵੇਲੇ ਮਹਾਰਾਸ਼ਟਰ ਵਿਚ ਅਤੇ ਕੇਂਦਰ ਵਿਚ-ਦੋਵੇਂ ਥਾਂ ਸਰਕਾਰ ਵਿਚ ਭਾਈਵਾਲ ਹੈ ਤੇ ਜਦੋਂ ਉਹ ਵੀ ਇਹੋ ਦੋਸ਼ ਲਾਉਂਦੀ ਹੈ, ਜੋ ਵਿਰੋਧੀ ਪਾਰਟੀਆਂ ਦੇ ਆਗੂ ਲਾ ਰਹੇ ਹਨ ਤਾਂ ਚੋਣ ਕਮਿਸ਼ਨ ਦੀ ਸਥਿਤੀ ਹਾਸੋਹੀਣੀ ਹੋ ਜਾਂਦੀ ਹੈ।

ਉਹ ਵੀ ਸਮਾਂ ਸੀ ਕਿ ਗੁਜਰਾਤ ਦੇ ਮੁੱਖ ਮੰਤਰੀ ਹੁੰਦਿਆਂ ਨਰਿੰਦਰ ਮੋਦੀ ਨੇ ਚੋਣ ਕਮਿਸ਼ਨ ਖਿਲਾਫ ਅਸਿੱਧੇ ਦੋਸ਼ ਲਾਏ ਤੇ ਦਿੱਲੀ ਤੱਕ ਇਨ੍ਹਾਂ ਦੋਸ਼ਾਂ ਦੀ ਗੂੰਜ ਪੈ ਗਈ ਸੀ। ਫਿਰ ਬਿਹਾਰ ਦੇ ਲਾਲੂ ਪ੍ਰਸਾਦ ਯਾਦਵ ਨੇ ਚੋਣ ਕਮਿਸ਼ਨ ਨੂੰ ਕੇਂਦਰ ਦਾ ਹੱਥ-ਠੋਕਾ ਤੱਕ ਕਿਹਾ ਸੀ। ਫਰਕ ਇਹ ਸੀ ਕਿ ਦੋਵਾਂ ਮੌਕਿਆਂ 'ਤੇ ਇਹ ਦੋਸ਼ ਉਨ੍ਹਾਂ ਆਗੂਆਂ ਨੇ ਲਾਏ ਸਨ, ਜੋ ਰਾਜ ਪੱਧਰ ਦੀ ਸਿਆਸਤ ਤੱਕ ਸੀਮਤ ਸਨ ਤੇ ਕੇਂਦਰ ਦੀ ਸਰਕਾਰ ਉਨ੍ਹਾਂ ਦੇ ਵਿਰੋਧੀਆਂ ਦੀ ਸੀ। ਅੱਜ ਦੀ ਸ਼ਿਵ ਸੈਨਾ ਮਹਾਰਾਸ਼ਟਰ ਰਾਜ ਤੇ ਕੇਂਦਰ ਵਿਚ-ਦੋਵੀਂ ਥਾਂਈਂ ਰਾਜ ਕਰਨ ਵਾਲੇ ਗੱਠਜੋੜ ਦੀ ਭਾਈਵਾਲ ਹੁੰਦੀ ਹੋਈ ਵੀ ਇਹੋ ਦੋਸ਼ ਲਾਈ ਜਾਂਦੀ ਹੈ। ਚੋਣ ਕਮਿਸ਼ਨ ਚੁੱਪ ਹੈ।

ਗੱਲ ਸਿਰਫ ਇਹ ਨਹੀਂ ਕਿ ਚੋਣ ਕਮਿਸ਼ਨ ਚੁੱਪ ਹੈ, ਸਗੋਂ ਇਹ ਗੱਲ ਵੱਡੀ ਹੈ ਕਿ ਜਦੋਂ ਵੀ ਚੋਣ ਕਮਿਸ਼ਨ ਵਿਰੁਧ ਦੋਸ਼ ਲੱਗਦਾ ਹੈ ਕਿ ਉਹ ਕੇਂਦਰ ਸਰਕਾਰ ਦੇ ਪੱਖ ਵਿਚ ਹੋ ਰਹੇ ਗਲਤ ਕੰਮਾਂ ਬਾਰੇ ਅੱਖਾਂ ਮੀਟ ਲੈਂਦਾ ਹੈ ਤਾਂ ਉਦੋਂ ਵੀ ਕੋਈ ਖਾਸ ਚਿੰਤਾ ਨਹੀਂ ਕਰਦਾ। ਇਸੇ ਲਈ ਚੋਣ ਕਮਿਸ਼ਨ ਦਾ ਸਤਿਕਾਰ ਘਟਦਾ ਜਾ ਰਿਹਾ ਹੈ। ਇਸ ਵੇਲੇ ਜਦੋਂ ਪੰਜਾਬ ਦੇ ਸ਼ਾਹਕੋਟ ਵਿਧਾਨ ਸਭਾ ਹਲਕੇ ਦੀ ਉਪ ਚੋਣ ਚੱਲ ਰਹੀ ਹੈ ਤਾਂ ਚੋਣ ਕਮਿਸ਼ਨ ਦੀ ਚੁੱਪ ਨੇ ਫਿਰ ਕਈ ਕਿਸਮ ਦੀ ਚਰਚਾ ਛੇੜ ਦਿੱਤੀ ਹੈ। ਜੋ ਕੰਮ ਖੜ੍ਹੇ ਪੈਰ ਕੀਤੇ ਜਾਣ ਵਾਲਾ ਸੀ, ਉਹ ਕਰਨ ਵਿਚ ਚੋਣ ਕਮਿਸ਼ਨ ਨੇ ਕਰੀਬ ਇੱਕ ਹਫਤਾ ਲਾ ਦਿੱਤਾ ਤੇ ਫਿਰ ਵੀ ਉਦੋਂ ਕੀਤਾ, ਜਦੋਂ ਇਹ ਕਰਨਾ ਹੀ ਪੈ ਗਿਆ ਸੀ।

ਸ਼ਾਹਕੋਟ ਦੀ ਉਪ ਚੋਣ ਵਿਚ ਆਪੋ ਵਿਚ ਆਢਾ ਲੈ ਰਹੀਆਂ ਤਿੰਨ ਧਿਰਾਂ: ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਤੇ ਆਮ ਆਦਮੀ ਪਾਰਟੀ ਵਿਚੋਂ ਕੌਣ ਜਿੱਤੇਗਾ ਤੇ ਕਿਸ ਦੀ ਪਿੱਠ ਲੱਗੇਗੀ, ਇਸ ਫੈਸਲੇ ਦੀ ਘੜੀ ਆਉਣ ਤੋਂ ਪਹਿਲਾਂ ਉਥੇ ਅਮਨ-ਕਾਨੂੰਨ ਦੇ ਪੱਖ ਤੋਂ ਸਥਿਤੀ ਇੱਕ ਹਫਤਾ ਹਾਸੋਹੀਣੀ ਹੋਈ ਰਹੀ ਹੈ। ਤਿੰਨ ਮਈ ਨੂੰ ਕਾਂਗਰਸ ਨੇ ਆਪਣੇ ਉਮੀਦਵਾਰ ਵਜੋਂ ਹਰਦੇਵ ਸਿੰਘ ਲਾਡੀ ਸ਼ੇਰੋਵਾਲੀਆ ਦੇ ਨਾਂ ਦਾ ਐਲਾਨ ਕੀਤਾ ਤੇ ਚਾਰ ਮਈ ਨੂੰ ਤੜਕੇ ਚਾਰ ਵਜਦੇ ਨੂੰ ਉਸ ਉਤੇ ਇੱਕ ਕੇਸ ਦਰਜ ਹੋ ਗਿਆ। ਕੇਸ ਦਰਜ ਕਰਨ ਵਾਲਾ ਥਾਣਾ ਮੁਖੀ ਏਨਾ ਕੰਮ ਕਰਨ ਪਿੱਛੋਂ ਖਿਸਕ ਕੇ ਜਲੰਧਰ ਦੇ ਇੱਕ ਹੋਟਲ ਵਿਚ ਜਾ ਬੈਠਾ ਤੇ ਅਗਲੇ ਸੱਤ ਦਿਨ ਉਹ ਥਾਣੇ ਆਉਣ ਦੀ ਥਾਂ ਹੋਟਲ ਬਦਲਦਾ ਤੇ ਸ਼ਰਾਬ ਦੇ ਪੈਗ ਚਾੜ੍ਹ ਕੇ ਪੱਤਰਕਾਰਾਂ ਨੂੰ ਇੰਟਰਵਿਊ ਦਿੰਦਾ ਨਜ਼ਰ ਪੈਂਦਾ ਰਿਹਾ।

ਪੰਜਾਬ ਸਰਕਾਰ ਨੇ ਚੋਣ ਕਮਿਸ਼ਨ ਨੂੰ ਆਖਿਆ ਕਿ ਇਸ ਹਾਲਤ ਵਿਚ ਉਥੇ ਕੋਈ ਨਵਾਂ ਥਾਣਾ ਮੁਖੀ ਲਾਉਣ ਦੀ ਆਗਿਆ ਦਿੱਤੀ ਜਾਵੇ, ਪਰ ਮੀਡੀਆ ਦੀ ਰਿਪੋਰਟ ਮੁਤਾਬਕ ਇਸ ਉਤੇ ਕਾਰਵਾਈ ਕੋਈ ਨਹੀਂ ਸੀ ਹੋਈ। ਫਿਰ ਇੱਕ ਦਿਨ ਇਹ ਖਬਰ ਆਈ ਕਿ ਪੰਜਾਬ ਸਰਕਾਰ ਨੇ ਕਿਹਾ ਹੈ ਕਿ ਚੋਣ ਕਮਿਸ਼ਨ ਚਾਹੇ ਤਾਂ ਕਿਸੇ ਦੂਸਰੇ ਰਾਜ ਤੋਂ ਲਿਆਂਦਾ ਕੋਈ ਥਾਣੇਦਾਰ ਬਿਠਾ ਦੇਵੇ, ਪਰ ਉਹ ਇਸ ਕੰਮ ਨੂੰ ਕਿਸੇ ਪਾਸੇ ਲਾ ਦੇਵੇ। ਫਿਰ ਵੀ ਕੁਝ ਹੋਣ ਦੀ ਖਬਰ ਨਹੀਂ ਸੀ ਆਈ। ਰਾਜ ਸਰਕਾਰ ਚਲਾ ਰਹੀ ਪਾਰਟੀ ਆਪਣੇ ਵੱਲੋਂ ਇਸ ਥਾਣੇਦਾਰ ਨੂੰ ਦੋਸ਼ ਦਿੰਦੀ ਤੇ ਇਸ ਦੀ ਬਦਲੀ ਦੀ ਮੰਗ ਕਰਦੀ ਸੀ, ਵਿਰੋਧੀ ਧਿਰ ਦੀ ਇੱਕ ਮੁੱਖ ਪਾਰਟੀ ਉਸ ਥਾਣੇਦਾਰ ਦੇ ਪੱਖ ਵਿਚ ਚਿੱਠੀਆਂ ਲਿਖਦੀ ਪਈ ਸੀ ਤੇ ਇਨ੍ਹਾਂ ਦੋਵਾਂ ਧਿਰਾਂ ਦੇ ਸਟੈਂਡ ਤੋਂ ਹੋਰ ਕੋਈ ਵੀ ਸਿੱਟਾ ਕੱਢਿਆ ਜਾਵੇ, ਇਹ ਸਾਫ ਕਿਹਾ ਜਾ ਸਕਦਾ ਸੀ ਕਿ ਉਹ ਥਾਣੇਦਾਰ ਵਿਵਾਦਤ ਵੀ ਹੈ ਤੇ ਥਾਣਾ ਵੀ ਛੱਡੀ ਬੈਠਾ ਹੈ।

ਪੰਜਾਬ ਇਸ ਪੱਖੋਂ ਨਾਜ਼ੁਕ ਰਾਜ ਸਮਝਿਆ ਜਾਂਦਾ ਹੈ ਕਿ ਗਵਾਂਢ ਪਾਕਿਸਤਾਨ ਵੱਲੋਂ ਇਸ ਵਿਚ ਦਹਿਸ਼ਤਗਰਦਾਂ ਦੀ ਘੁਸਪੈਠ ਹੁੰਦੀ ਰਹਿੰਦੀ ਹੈ। ਪਿਛਲੇ ਸਾਲਾਂ ਵਿਚ ਪਹਿਲਾਂ ਦੀਨਾ ਨਗਰ ਦੇ ਥਾਣੇ 'ਤੇ ਹਮਲਾ ਹੋਇਆ ਸੀ ਅਤੇ ਇਸ ਪਿੱਛੋਂ ਪਠਾਨਕੋਟ ਦੇ ਏਅਰ ਬੇਸ 'ਤੇ ਹੋ ਗਿਆ ਸੀ। ਦੋਵਾਂ ਕੇਸਾਂ ਵਿਚ ਇਹ ਗੱਲ ਨੋਟ ਕੀਤੀ ਗਈ ਕਿ ਉਸ ਇਲਾਕੇ ਦੇ ਪੁਲਿਸ ਅਫਸਰਾਂ ਨੇ ਬਣਦੀ ਚੌਕਸੀ ਨਹੀਂ ਸੀ ਵਿਖਾਈ। ਇਹੋ ਕੁਝ ਕਿਸੇ ਹੋਰ ਥਾਂ ਵੀ ਵਾਪਰ ਸਕਦਾ ਹੈ। ਉਸ ਇਲਾਕੇ ਵਿਚ ਤਾਂ ਇਹ ਕਿਹਾ ਜਾ ਰਿਹਾ ਸੀ ਕਿ ਪੁਲਿਸ ਅਫਸਰਾਂ ਨੇ ਬਣਦੀ ਚੌਕਸੀ ਨਹੀਂ ਵਿਖਾਈ ਤੇ ਏਥੇ ਇੱਕ ਥਾਣਾ ਹਫਤਾ ਭਰ ਅਮਨ-ਕਾਨੂੰਨ ਦੀ ਸਥਿਤੀ ਨੂੰ ਸੰਭਾਲਣ ਵਾਲੇ ਇੰਚਾਰਜ ਤੋਂ ਬਿਨਾ ਰੱਖਿਆ ਗਿਆ ਹੈ। ਇਹ ਕੋਈ ਏਡਾ ਵੱਡਾ ਕੰਮ ਨਹੀਂ ਸੀ ਕਿ ਚੋਣ ਕਮਿਸ਼ਨ ਨੂੰ ਫਾਈਲਾਂ ਫੋਲਣ ਤੇ ਕਾਨੂੰਨੀ ਸਲਾਹ ਲੈਣ ਦੀ ਲੋੜ ਪੈਣੀ ਸੀ, ਏਨੀ ਕੁ ਗੱਲ ਕਰਨੀ ਸੀ ਕਿ ਰਾਜ ਸਰਕਾਰ ਤੋਂ ਤਿੰਨ ਪੁਲਿਸ ਇੰਸਪੈਕਟਰਾਂ ਦੇ ਨਾਂ ਮੰਗਣੇ ਤੇ ਉਨ੍ਹਾਂ ਵਿਚੋਂ ਕਿਸੇ ਇੱਕ ਬਾਰੇ ਹਰੀ ਝੰਡੀ ਦੇਣੀ ਸੀ, ਪਰ ਏਨਾ ਕੰਮ ਇੱਕ ਹਫਤਾ ਨਹੀਂ ਸੀ ਕੀਤਾ ਗਿਆ।

ਅਖੀਰ ਇਹ ਕੰਮ ਉਸ ਵੇਲੇ ਕੀਤਾ ਗਿਆ, ਜਦੋਂ ਸਬੰਧਤ ਪੁਲਿਸ ਇੰਸਪੈਕਟਰ ਪਰਮਿੰਦਰ ਸਿੰਘ ਬਾਜਵਾ ਭੇਸ ਬਦਲ ਕੇ ਹਥਿਆਰ ਸਮੇਤ ਅਦਾਲਤ ਵਿਚ ਜਾ ਵੜਿਆ ਅਤੇ ਪੁਲਿਸ ਨੂੰ ਉਸ ਦੀ ਗ੍ਰਿਫਤਾਰੀ ਪਾਉਣੀ ਪੈ ਗਈ। ਅਗਲੇ ਦਿਨਾਂ ਵਿਚ ਇੰਸਪੈਕਟਰ ਦੀ ਗ੍ਰਿਫਤਾਰੀ ਉਸ ਹਲਕੇ ਦੀ ਉਪ ਚੋਣ ਵਿਚ ਮੁੱਦਾ ਵੀ ਬਣਾਈ ਜਾ ਸਕਦੀ ਹੈ, ਪਰ ਇਸ ਦਾ ਜਿੰਮੇਵਾਰ ਕੋਈ ਨਹੀਂ ਬਣੇਗਾ। ਇਹ ਗੱਲ ਤਾਂ ਬਾਅਦ ਵਿਚ ਬਹਿਸ ਦਾ ਮੁੱਦਾ ਹੈ ਕਿ ਇੰਸਪੈਕਟਰ ਗਲਤ ਸੀ ਜਾਂ ਨਹੀਂ ਤੇ ਹਰਦੇਵ ਸਿੰਘ ਲਾਡੀ ਵਿਰੁਧ ਦਰਜ ਕੀਤਾ ਕੇਸ ਕਿੰਨਾ ਠੀਕ ਜਾਂ ਕਿੰਨਾ ਗਲਤ ਸੀ। ਪਹਿਲਾ ਮੁੱਦਾ ਇਹ ਬਣ ਚੁਕਾ ਹੈ ਕਿ ਪੁਲਿਸ ਇੰਸਪੈਕਟਰ ਵਿਵਾਦਾਂ ਵਿਚ ਆਉਣ ਪਿੱਛੋਂ ਵੀ ਇਸ ਹਲਕੇ ਤੋਂ ਕੱਢਿਆ ਨਹੀਂ ਗਿਆ। ਇਹ ਕੰਮ ਕੋਈ ਸ਼ਿਕਾਇਤ ਆਏ ਤੋਂ ਵੀ ਬਿਨਾ ਚੋਣ ਕਮਿਸ਼ਨ ਨੂੰ ਕਰਨਾ ਬਣਦਾ ਸੀ, ਪਰ ਚੋਣ ਕਮਿਸ਼ਨ ਨੇ ਸ਼ਿਕਾਇਤਾਂ ਹੋਣ ਅਤੇ ਮੰਗ ਕੀਤੇ ਜਾਣ ਦੇ ਬਾਵਜੂਦ ਇਹ ਕਰਨ ਦੀ ਲੋੜ ਨਹੀਂ ਸੀ ਸਮਝੀ। ਪਤਾ ਨਹੀਂ ਉਹ ਠੀਕ ਹਨ ਜਾਂ ਗਲਤ, ਇਸ ਮਾਮਲੇ ਵਿਚ ਕੁਝ ਲੋਕ ਇੱਕ ਤਰ੍ਹਾਂ ਚੋਣ ਕਮਿਸ਼ਨ ਉਤੇ ਸੰਕੇਤਕ ਜਿਹੀ ਉਂਗਲ ਵੀ ਉਠਾਈ ਜਾ ਰਹੇ ਹਨ ਤੇ ਅਗਲੇ ਦਿਨੀਂ ਚੋਣਾਂ ਦੌਰਾਨ ਵੀ ਇਹ ਮੁੱਦਾ ਉਛਲ ਸਕਦਾ ਹੈ।

ਅੱਜ ਤੱਕ ਅਸੀਂ ਇਹ ਵੇਖਦੇ ਆਏ ਸਾਂ ਕਿ ਚੋਣਾਂ ਦੇ ਦਿਨਾਂ ਵਿਚ ਸਿਆਸੀ ਆਗੂ ਮਾਹੌਲ ਵਿਗਾੜ ਛੱਡਦੇ ਹਨ, ਪਰ ਪਹਿਲੀ ਵਾਰੀ ਇਹ ਕਹਿਣਾ ਪੈ ਰਿਹਾ ਹੈ ਕਿ ਇਸ ਵਾਰੀ ਵਿਗਾੜ ਦਾ ਮੁੱਢ ਚੋਣ ਕਮਿਸ਼ਨ ਨੇ ਬੰਨ੍ਹ ਦਿੱਤਾ ਹੈ।

# ਸਿੱਖ ਸੰਸਥਾਵਾਂ ਨੂੰ ਸੀ. ਬੀ. ਐਸ. ਈ. ਨਾਲ ਇੰਨਾ ਹੇਜ ਕਿਉਂ?

**ਚੰਡੀਗੜ੍ਹ:** ਬਾਰ੍ਹਵੀਂ ਜਮਾਤ ਦੇ ਸਿਲੇਬਸ ਨੂੰ ਬਦਲਣ ਦਾ ਸਿਆਸੀ ਸ਼ੋਰ-ਸ਼ਰਾਬਾ ਭਾਵੇਂ ਅਜੇ ਸ਼ਾਂਤ ਨਹੀਂ ਹੋਇਆ ਅਤੇ ਪੰਜਾਬ ਸਰਕਾਰ ਨੇ ਬਾਰ੍ਹਵੀਂ ਜਮਾਤ ਦੀ ਕਿਤਾਬ ਨੂੰ ਰਿਲੀਜ਼ ਕਰਨ ਉਤੇ ਰੋਕ ਲਾ ਦਿੱਤੀ ਹੈ, ਪਰ ਹੁਣ ਉਹ ਸਕੂਲ ਵੀ ਖਾਲਸਾ ਪੰਥ ਦੇ ਸੁਚੇਤ ਹਲਕਿਆਂ ਵਿਚ ਰਾਡਾਰ 'ਤੇ ਆ ਗਏ ਹਨ ਜੋ ਵਿਸ਼ੇਸ਼ ਕਰ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਚੀਫ ਖਾਲਸਾ ਦੀਵਾਨ ਦੀ ਮਦਦ ਤੇ ਸਰਪ੍ਰਸਤੀ ਨਾਲ ਚਲ ਰਹੇ ਹਨ।

ਜੇ ਇਨ੍ਹਾਂ ਸਕੂਲਾਂ ਦਾ ਇੱਕ ਤਰਦਾ ਤਰਦਾ ਸਰਵੇਖਣ ਕੀਤਾ ਜਾਵੇ ਤਾਂ ਸਿੱਖ ਪੰਥ ਦੀ ਚਿੰਤਾ 'ਚ ਹਰ ਵੇਲੇ ਡੁੱਬੇ ਰਹਿੰਦੇ ਤੇ ਕਹਿੰਦੇ ਕਹਾਉਂਦੇ

ਕਰਮਜੀਤ ਸਿੰਘ
ਫੋਨ: 91-99150-91063

ਸੁਹਿਰਦ ਅਤੇ ਸੰਜੀਦਾ ਲੋਕ ਵੀ ਮੂੰਹ ਵਿਚ ਉਂਗਲਾਂ ਪਾ ਕੇ ਰਹਿ ਜਾਣਗੇ। ਪਰ ਨਾਲ ਹੀ ਹਾਲਾਤ ਦਾ ਇੱਕ ਦਿਲਚਸਪ ਪਹਿਲੂ ਇਹ ਵੀ ਹੈ ਕਿ ਉਨ੍ਹਾਂ ਦੇ ਆਪਣੇ ਬੱਚੇ ਜੇ ਸਾਰੇ ਨਹੀਂ ਤਾਂ ਬਹੁਤੇ ਬੱਚੇ ਤੇ ਨਜ਼ਦੀਕੀ ਰਿਸ਼ਤੇਦਾਰ ਉਨ੍ਹਾਂ ਸਕੂਲਾਂ ਵਿਚ ਪੜ੍ਹਦੇ ਹਨ ਜੋ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਨਹੀਂ ਜੁੜੇ ਹੋਏ ਜਾਂ ਇਉਂ ਕਹਿ ਲਓ ਕਿ ਉਹ ਪੰਜਾਬ ਸਿੱਖਿਆ ਬੋਰਡ ਨਾਲ ਜੁੜ ਕੇ ਸ਼ਰਮ ਤੇ ਆਪਣੇ ਆਪ ਨੂੰ ਨੀਵਾਂ ਨੀਵਾਂ ਮਹਿਸੂਸ ਕਰਦੇ ਹਨ।

ਇੱਕ ਸੰਜੀਦਾ ਵਿਸ਼ਲੇਸ਼ਣ ਅਨੁਸਾਰ ਸਿੱਖ ਪੰਥ ਦੀ ਤਰਜ਼-ਜ਼ਿੰਦਗੀ ਦੀ ਮੁੱਖ ਧਾਰਾ ਨਾਲ ਜੁੜੀਆਂ ਸਾਰੀਆਂ ਆਪਣੀਆਂ ਵਿੱਦਿਅਕ ਸੰਸਥਾਵਾਂ ਵੀ ਗਰੀਬ ਅਤੇ ਅਮੀਰ ਸਿੱਖਾਂ ਵਿਚਾਲੇ ਵਿਤਕਰਾ ਕਰ ਰਹੀਆਂ ਹਨ। ਸ਼੍ਰੋਮਣੀ ਕਮੇਟੀ ਦੇ ਪੰਜਾਬ ਵਿਚ 50 ਤੋਂ ਵੱਧ ਸਕੂਲ ਹਨ, ਜਿਨ੍ਹਾਂ ਵਿਚੋਂ ਬਹੁਤੇ ਸੀ. ਬੀ. ਐਸ. ਈ. ਨਾਲ ਜੁੜ ਕੇ ਮਾਣ ਮਹਿਸੂਸ ਕਰਦੇ ਹਨ ਜਦਕਿ ਚੀਫ ਖਾਲਸਾ ਦੀਵਾਨ ਦੇ ਬਹੁਤੇ ਸਕੂਲ ਪਹਿਲਾਂ ਹੀ ਸੀ. ਬੀ. ਐਸ. ਈ. ਜਾਂ ਆਈ. ਸੀ. ਐਸ. ਆਈ. ਨਾਲ ਜੁੜੇ ਹੋਏ ਹਨ।

ਜਦੋਂ ਮੈਂ ਸ਼੍ਰੋਮਣੀ ਕਮੇਟੀ ਦੇ ਵਿਦਿਅਕ ਵਿਭਾਗ ਦੇ ਮੁਖੀ ਸ. ਜਤਿੰਦਰ ਸਿੰਘ ਸਿੱਧੂ ਨਾਲ ਮੁਲਾਕਾਤ ਕੀਤੀ ਤਾਂ ਉਨ੍ਹਾਂ ਨੇ ਸਵੀਕਾਰ ਕੀਤਾ ਕਿ ਬੱਚਿਆਂ ਦੇ ਮਾਪੇ ਵੀ ਸੀ. ਬੀ. ਐਸ. ਈ. ਨਾਲ ਆਪਣੇ ਬੱਚਿਆਂ ਨੂੰ ਜੋੜਨਾ ਚਾਹੁੰਦੇ ਹਨ। ਇਤਿਹਾਸ ਦੇ ਸਿਲੇਬਸ ਵਿਚ ਵੱਡੀਆਂ ਤਬਦੀਲੀਆਂ ਵਿਰੁਧ ਰੋਸ ਪ੍ਰਗਟ ਕਰਨ ਵਾਲੇ ਆਗੂਆਂ ਨੂੰ ਸ਼ਾਇਦ ਇਹ ਪਤਾ ਹੀ ਨਹੀਂ ਕਿ ਸੀ. ਬੀ. ਐਸ. ਈ. ਵਿਚ ਪੰਜਾਬ ਦੇ ਇਤਿਹਾਸ ਦੇ ਸਿਲੇਬਸ ਵਿਚ ਕਿੰਨੀ ਕੁ ਹਿੱਸੇਦਾਰੀ ਹੈ ਅਤੇ ਉਨ੍ਹਾਂ ਨੂੰ ਇਹ ਜਾਣਨ ਦੀ ਕੋਈ ਲੋੜ ਵੀ ਨਹੀਂ। ਉਨ੍ਹਾਂ ਨੂੰ ਭਰਮ ਹੈ ਕਿ ਸੀ. ਬੀ. ਐਸ. ਈ. ਰਾਹੀਂ ਪੜ੍ਹ ਕੇ ਉਹ ਮੁਕਾਬਲੇ ਦੀਆਂ ਪ੍ਰੀਖਿਆਵਾਂ 'ਚ ਅਸਾਨੀ ਨਾਲ ਸਫਲ ਹੋ ਸਕਣਗੇ।

ਇੱਕ ਦਿਲਚਸਪ ਹਕੀਕਤ ਇਹ ਵੀ ਹੈ ਕਿ ਸੀ. ਬੀ. ਐਸ. ਈ. ਦੇ ਇਤਿਹਾਸ ਦੇ ਸਿਲੇਬਸ ਵਿਚ ਪੰਜਾਬ ਨੂੰ ਇੱਕ ਫੀਸਦੀ ਥਾਂ ਵੀ ਨਹੀਂ ਦਿੱਤੀ ਗਈ ਜਦਕਿ ਉਥੇ ਮਹਾਂਭਾਰਤ ਨੂੰ 'ਸਮਾਜਕ ਇਤਿਹਾਸ' ਦੇ ਵਰਗ ਵਿਚ ਰੱਖਿਆ ਗਿਆ ਹੈ। ਅਜੇ ਅਸੀਂ ਬੜੂ ਸਾਹਿਬ ਸੰਸਥਾ ਅਤੇ ਸਿੱਖਾਂ ਦੀਆਂ ਹੋਰ ਸੰਸਥਾਵਾਂ ਦਾ ਜ਼ਿਕਰ ਨਹੀਂ ਕੀਤਾ ਜਿਥੇ ਇੱਕ ਤਰ੍ਹਾਂ ਨਾਲ ਬੱਚੇ ਸ਼ੁਰੂ ਤੋਂ ਹੀ ਅੰਗਰੇਜ਼ੀ ਪੜ੍ਹਦੇ ਹਨ ਅਤੇ ਉਹ ਵੀ ਬਹੁਤਾ ਕਰ ਕੇ ਸੀ. ਬੀ. ਐਸ. ਈ. ਨਾਲ ਹੀ ਜੁੜੇ ਹੋਏ ਹਨ। ਅਜੇ ਉਨ੍ਹਾਂ ਕਾਨਵੈਂਟਨੁਮਾ ਸਕੂਲਾਂ ਦਾ ਵੀ ਸਰਵੇਖਣ ਕਰਨਾ ਬਾਕੀ ਹੈ, ਜਿਥੇ ਸਿੱਖਾਂ ਦੇ ਬੱਚੇ ਵਿੱਦਿਆ ਪ੍ਰਾਪਤ ਕਰਦੇ ਹਨ। ਕਹਿ ਸਕਦੇ ਹਾਂ ਕਿ ਹਜ਼ਾਰਾਂ ਬੱਚੇ ਜਿਹੜੇ ਬਹੁਤਾ ਕਰ ਕੇ ਖਾਂਦੇ ਪੀਂਦੇ ਘਰਾਂ ਦੇ ਅਤੇ ਅਮੀਰ ਪਰਿਵਾਰਾਂ 'ਚੋਂ ਹਨ, ਆਪਣੇ ਇਤਿਹਾਸ ਤੋਂ ਸੱਖਣੇ ਹਨ ਜਾਂ ਮਹਿਰੂਮ ਰਹਿ ਜਾਂਦੇ ਹਨ।

ਇਸ ਪੱਤਰਕਾਰ ਨੇ ਸੀ. ਬੀ. ਐਸ. ਈ. ਦੇ ਗਿਆਰਵੀਂ ਅਤੇ ਬਾਰ੍ਹਵੀਂ ਦੇ ਇਤਿਹਾਸ ਦੇ ਸਿਲੇਬਸਾਂ ਨੂੰ ਚੰਗੀ ਤਰ੍ਹਾਂ ਪੜ੍ਹਿਆ ਤੇ ਘੋਖਿਆ। ਵੈਸੇ ਉਨ੍ਹਾਂ ਸਿਲੇਬਸਾਂ ਦੇ ਹਰ ਕਾਂਡ ਦੀ ਤਰਤੀਬ ਅਤੇ ਵੇਰਵੇ ਇਸ ਹੱਦ ਤੱਕ ਸਪਸ਼ਟ ਹਨ ਕਿ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸੰਖੇਪ ਜਿਹੇ ਸਿਲੇਬਸ ਨੂੰ ਵੇਖ ਕੇ ਸਿਰ ਸ਼ਰਮ ਨਾਲ ਝੁਕ ਜਾਂਦਾ ਹੈ। ਸੀ. ਬੀ. ਐਸ. ਈ. ਦੇ ਸਿਲੇਬਸ ਵਿਚ ਬਾਕਾਇਦਾ ਏ. ਬੀ. ਸੀ. ਡੀ. ਸੈਕਸ਼ਨ ਹਨ ਅਤੇ ਅੱਗੋਂ ਉਹ ਕੋਈ 18 ਯੂਨਿਟਾਂ 'ਚ ਵੰਡੇ ਗਏ ਹਨ।

ਪਰ ਪੰਜਾਬ ਸਕੂਲ ਬੋਰਡ ਦਾ ਤਾਂ ਰੱਬ ਹੀ ਰਾਖਾ ਹੈ। ਸਿੱਖਿਆ ਬੋਰਡ ਦੇ ਇਤਿਹਾਸ ਦੇ ਸਿਲੇਬਸ ਵਿਚ ਸਬੰਧਤ ਅਧਿਕਾਰੀ 45 ਸ਼ਬਦ ਲਿਖ ਕੇ ਆਪਣੀ ਜ਼ਿੰਮੇਵਾਰੀ ਤੋਂ ਵਿਹਲੇ ਹੋ ਗਏ ਹਨ ਜਦਕਿ ਸੀ. ਬੀ. ਐਸ. ਈ. ਦੇ ਇਤਿਹਾਸ ਦੇ ਸਿਲੇਬਸ ਵਿਚ 500 ਤੋਂ ਵੀ ਵੱਧ ਸ਼ਬਦ ਹਨ ਜਿਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੇ ਸਿਲੇਬਸ ਦੇ ਸਾਰੇ ਪਹਿਲੂਆਂ ਨੂੰ ਸ਼ਾਮਿਲ ਕੀਤਾ ਹੈ।

ਪੰਜਾਬ ਦੇ ਸਿਆਸੀ ਤੇ ਸਮਾਜਕ ਹਲਕਿਆਂ ਵਿਚ ਬਾਰ੍ਹਵੀਂ ਦੇ ਸਿਲੇਬਸ ਵਿਚ ਚੱਲ ਰਹੀ ਗਰਮਾ ਗਰਮ ਬਹਿਸ ਵਿਚ ਸ਼ੱਤ-ਪ੍ਰਤੀਸ਼ਤ ਸਿਆਸਤਦਾਨ, ਵਿਦਵਾਨ, ਸਮਾਜ ਨਾਲ ਜੁੜੇ ਸੰਜੀਦਾ ਵਿਅਕਤੀ ਅਤੇ ਦੂਜੀ ਕਤਾਰ ਦੇ ਧਾਰਮਿਕ ਤੇ ਰਾਜਸੀ ਆਗੂਆਂ ਨੇ ਜੇ ਨਾਰਾਜ਼ ਨਹੀਂ ਹੋਣਾ ਤਾਂ ਉਹ ਸਾਰੇ ਦੇ ਸਾਰੇ ਹਵਾ ਵਿਚ ਹੀ ਤੀਰ ਚਲਾ ਰਹੇ ਹਨ। ਜਿਥੋਂ ਤੱਕ ਆਰ. ਐਸ. ਐਸ. ਦੀ ਦਖਲਅੰਦਾਜ਼ੀ ਦਾ ਸਬੰਧ ਹੈ, ਉਹ ਕਿਤੇ ਨਾ ਕਿਤੇ ਹੈ ਤਾਂ ਸਹੀ ਪਰ ਠੋਸ ਸਬੂਤ ਲੱਭਣੇ ਵੀ ਇੰਨੇ ਅਸਾਨ ਨਹੀਂ ਅਤੇ ਇਸ ਦਿਸ਼ਾ ਵਿਚ ਇਨ੍ਹਾਂ ਆਗੂਆਂ ਦੀ ਦਿਲਚਸਪੀ ਘੱਟ ਹੈ। ਸਿਰਫ ਸਮਾਜ ਵਿਗਿਆਨ ਦੇ ਇੱਕ ਸੀਨੀਅਰ ਪ੍ਰੋਫੈਸਰ ਡਾ. ਗੁਰਮੀਤ ਸਿੰਘ ਸਿੱਧੂ ਦੀ ਬੌਧਿਕ ਟੀਮ ਦੇ ਵਿਸ਼ਲੇਸ਼ਣ ਨੇ ਹੀ ਇਹ ਗੱਲ ਨਿਤਾਰ ਕੇ ਸਾਹਮਣੇ ਲਿਆਂਦੀ ਹੈ ਕਿ ਸਿਧਾਂਤਕ ਅਤੇ ਇਤਿਹਾਸਕ ਪੱਖ ਤੋਂ ਸਿਲੇਬਸ ਵਿਚ ਬੱਜਰ ਗਲਤੀਆਂ ਹਨ ਤੇ ਇਤਿਹਾਸਕ ਸਮੱਗਰੀ ਦੀ ਪੇਸ਼ਕਾਰੀ ਵੀ ਇੰਨੀ ਕਮਜ਼ੋਰ ਤੇ ਬੇਰਸ ਹੈ ਜੋ ਵਿਦਿਆਰਥੀਆਂ ਦੇ ਦਿਲਾਂ ਉਤੇ ਰਾਜ ਨਹੀਂ ਕਰਦੀ ਜਾਂ ਉਨ੍ਹਾਂ ਅੰਦਰ ਆਪਣੇ ਇਤਿਹਾਸ ਦੀ ਸਿਰਜਣਾ ਦੀ ਰੌਸ਼ਨੀ ਹੀ ਪੈਦਾ ਨਹੀਂ ਹੁੰਦੀ।

ਹੁਣ ਆਪਣੇ ਅੰਦਰ ਝਾਤੀ ਪਾਉਣ ਵਾਲਾ ਇੱਕ ਦੁੱਖਵਾਂ, ਅਣਸੁਖਾਵਾਂ ਤੇ ਦਰਦਨਾਕ ਸੁਆਲ ਖੜ੍ਹਾ ਹੋ ਗਿਆ ਹੈ ਕਿ ਸਾਡੇ ਸਿਆਸੀ ਆਗੂ ਅਤੇ ਧਾਰਮਿਕ ਤੇ ਸਮਾਜਕ ਆਗੂਆਂ ਨੇ ਹੁਣ ਕਿਹੜੇ ਬੱਚਿਆਂ ਨੂੰ ਇਤਿਹਾਸ ਪੜ੍ਹਾਉਣ ਲਈ ਆਪਣੇ ਸਿਰਾਂ 'ਤੇ ਕਫਨ ਬੰਨ੍ਹ ਰੱਖੇ ਹਨ? ਜਦੋਂ ਉਹ ਆਪਣੇ ਬੱਚਿਆਂ ਨੂੰ ਹੀ ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਹੀ ਨਹੀਂ ਜੋੜ ਸਕੇ ਅਤੇ ਪੰਜਾਬ ਦੀ ਧਰਤੀ 'ਤੇ ਖੁੰਭਾਂ ਵਾਂਗ ਉਗੇ ਪਬਲਿਕ ਸਕੂਲਾਂ, ਅੰਗਰੇਜ਼ੀ ਸਕੂਲਾਂ ਤੇ ਕਾਨਵੈਂਟ ਸਕੂਲਾਂ ਵਿਚ ਬੱਚੇ ਭੇਜ ਕੇ ਮਾਣ ਮਹਿਸੂਸ ਕਰਦੇ ਹਨ, ਜਿਥੇ ਸਿੱਖ ਇਤਿਹਾਸ ਦਾ ਨਾਮੋ ਨਿਸ਼ਾਨ ਹੀ ਨਹੀਂ, ਤਾਂ ਇਹ ਕਹਿਣਾ ਸਵਾਬ ਹੀ ਹੈ ਕਿ ਇਨ੍ਹਾਂ ਆਗੂਆਂ ਵਿਚ ਜਾਂ ਸਿੱਖ ਸਮਾਜ ਦੇ ਵੱਡੇ ਹਿੱਸੇ 'ਚ ਵੀ ਦੋਗਲੇਪਣ ਦੀ ਲਹਿਰ ਚੱਲ ਰਹੀ ਹੈ।

ਪੰਜਾਬ ਦੀ ਸਰਜ਼ਮੀਨ 'ਤੇ ਹੋਏ ਇਸ ਸਦਾਚਾਰਕ ਜੁਰਮ ਲਈ ਕਿਸ ਨੂੰ ਦੋਸ਼ੀ ਠਹਿਰਾਇਆ ਜਾਵੇ? ਕੀ ਸਾਡੀ ਲੀਡਰਸ਼ਿਪ ਨੂੰ? ਕੀ ਸਰਕਾਰ ਨੂੰ? ਕੀ ਸਾਡੀਆਂ ਨੀਤੀਆਂ ਨੂੰ? ਇੱਕ ਦਿਲਚਸਪ ਸਰਵੇਖਣ ਇਹ ਵੀ ਕਹਿੰਦਾ ਹੈ ਕਿ ਹੁਣ ਦੱਬੇ ਕੁਚਲੇ ਤੇ ਨਿਆਸਰੇ ਬੱਚੇ ਹੀ ਸਰਕਾਰੀ ਸਕੂਲਾਂ ਵਿਚ ਇਤਿਹਾਸ ਪੜ੍ਹਨਗੇ ਅਤੇ ਇਹ ਹੈਰਾਨੀ ਵਾਲੀ ਗੱਲ ਨਹੀਂ ਹੋਵੇਗੀ ਕਿ ਇਹੋ ਬੱਚੇ ਭਵਿੱਖ ਦੇ ਸਿੱਖ ਇਨਕਲਾਬ ਦੀ ਸਿਰਜਣਾ ਕਰਨਗੇ।

ਹੁਣ ਇਹ ਜਾਂਚ ਕਰਾਉਣ ਦੀ ਲੋੜ ਹੈ ਕਿ ਸਿੱਖ ਯਾਦ ਵਿਚ ਇਤਿਹਾਸ ਨੂੰ ਮਨਫੀ ਕਰਨ ਪਿੱਛੇ ਕਿਸ ਦਾ ਹੱਥ ਹੈ? ਕੌਣ ਹਨ ਉਹ ਲੋਕ ਜੋ ਇਸ ਇਤਿਹਾਸ ਨੂੰ ਸਾਡੀਆਂ ਨਜ਼ਰਾਂ ਤੋਂ ਓਹਲੇ ਕਰ ਰਹੇ ਹਨ ਅਤੇ ਸਾਡੇ ਇਤਿਹਾਸ ਦੇ ਜਿਉਂਦੇ ਜਾਗਦੇ ਤੱਥਾਂ ਨੂੰ ਤੋੜ ਮਰੋੜ ਕੇ ਪੇਸ਼ ਕਰ ਰਹੇ ਹਨ? ਇਹ ਜਾਣਨ ਦੀ ਵੀ ਲੋੜ ਹੋਵੇਗੀ ਕਿ ਇਸ ਵਿਚ ਸਾਡੇ ਆਪਣਿਆਂ ਤੇ ਬਿਗਾਨਿਆਂ ਦਾ ਕਿੰਨਾ ਕੁ ਰੋਲ ਹੈ?

ਇਸੇ ਦੌਰਾਨ ਇੱਕ ਖਬਰ ਕਾਫੀ ਹੌਸਲਾ ਵਧਾਉਂਦੀ ਹੈ ਜਿਸ ਵਿਚ ਚਾਹ ਦੀ ਦੁਕਾਨ ਕਰਨ ਵਾਲੇ ਜਸਬੀਰ ਸਿੰਘ ਦੀ ਬੇਟੀ ਅਮਨਪ੍ਰੀਤ ਕੌਰ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਬਾਰ੍ਹਵੀਂ ਜਮਾਤ ਦੇ ਨਤੀਜੇ ਵਿਚ 97.38 ਫੀਸਦੀ ਨੰਬਰ ਲੈ ਕੇ ਪੰਜਾਬ ਸਕੂਲ ਸਿੱਖਿਆ ਬੋਰਡ ਵਿਚ ਤੀਜੇ ਨੰਬਰ 'ਤੇ ਰਹੀ। ਪਰ ਇਹ ਖਬਰ ਵੀ ਉਦਾਸ ਕਰਨ ਵਾਲੀ ਹੈ ਕਿ ਕਿਉਂਕਿ ਜਸਬੀਰ ਸਿੰਘ ਨੂੰ ਇਹ ਚਿੰਤਾ ਹੈ ਕਿ ਉਨ੍ਹਾਂ ਦੀ ਬੇਟੀ ਇੰਨੇ ਨੰਬਰ ਹਾਸਲ ਕਰ ਕੇ ਵੀ ਮੈਡੀਕਲ ਲਾਈਨ ਵਿਚ ਦਾਖਲ ਹੋ ਸਕੇਗੀ? ਅਤੇ ਜੇ ਹੋ ਵੀ ਜਾਵੇ ਤਾਂ ਇਸ ਉਚੀ ਪੜ੍ਹਾਈ ਦਾ ਖਰਚਾ ਕੌਣ ਦੇਵੇਗਾ? ਜਸਬੀਰ ਸਿੰਘ 10000 ਤੋਂ 12000 ਮਹੀਨੇ ਦੇ ਕਮਾਉਂਦਾ ਹੈ। ਜਦਕਿ ਇੰਨੇ ਰਕਮ ਨਾਲ ਇਸ ਉਚੀ ਪੜ੍ਹਾਈ ਨੂੰ ਜਾਰੀ ਰੱਖਣਾ ਮੁਸ਼ਕਿਲ ਹੀ ਹੋਵੇਗਾ।

# ਨਿਜੀ ਜਾਇਦਾਦ 'ਤੇ ਬਣੇ ਗੁਰਦੁਆਰੇ

**ਸੰਪਾਦਕ ਦੀ ਡਾਕ**

**ਸੰਪਾਦਕ ਜੀ,**

ਪਿਛਲੇ ਦਿਨੀਂ 'ਪੰਜਾਬ ਟਾਈਮਜ਼' ਵਿਚ ਇਕ ਐਡ ਛਪੀ ਜਿਸ ਦਾ ਸਿਰਲੇਖ ਸੀ "ਨਿਜੀ ਗੁਰਦੁਆਰਿਆਂ (ਨਿਜੀ ਜਾਇਦਾਦ ਤੇ ਬਣੇ ਗੁਰਦੁਆਰਿਆਂ) ਦੀਆਂ ਸੰਗਤਾਂ ਨੂੰ ਅਪੀਲ।" ਪੜ੍ਹ ਕੇ ਦੁੱਖ ਹੋਇਆ ਕਿ ਕਿਵੇਂ ਸਾਡੇ ਲੋਕਾਂ ਨੇ ਧਾਰਮਿਕ ਅਸਥਾਨ ਵੀ ਆਪਣੇ ਨਿਜੀ ਮੁਫਾਦ ਲਈ ਵਰਤਣੇ ਸ਼ੁਰੂ ਕੀਤੇ ਹੋਏ ਹਨ। ਪਹਿਲਾਂ ਆਪਣੀਆਂ ਨਿਜੀ ਬਿਲਡਿੰਗਾਂ ਖਰੀਦਦੇ ਹਨ, ਫਿਰ ਅੱਧੀ ਵਿਚ ਕਾਰੋਬਾਰ ਕਰਦੇ ਹਨ ਤੇ ਅੱਧੇ ਹਿੱਸੇ ਵਿਚ ਧਾਰਮਿਕ ਅਸਥਾਨ (ਗੁਰਦੁਆਰੇ) ਖੋਲ੍ਹ ਲੈਂਦੇ ਹਨ। ਇਕ ਪਾਸੇ ਸਰਕਾਰ ਤੋਂ ਪੂਰੀ ਪ੍ਰਾਪਰਟੀ ਟੈਕਸ ਮੁਕਤ ਕਰਵਾ ਲੈਂਦੇ ਹਨ, ਦੂਜੇ ਪਾਸੇ ਸੰਗਤ ਦੇ ਚੜ੍ਹਾਵੇ ਨਾਲ ਆਪਣੀ ਪ੍ਰਾਪਰਟੀ ਨੂੰ ਕਰਜੇ ਤੋਂ ਮੁਕਤ ਕਰਵਾ ਲੈਂਦੇ ਹਨ। ਅਜਿਹੇ ਸ਼ਾਤਰ ਦਿਮਾਗ ਲੋਕਾਂ ਦੇ ਦੋਵੇਂ ਹੱਥੀਂ ਲੱਡੂ ਹੁੰਦੇ ਹਨ। ਚੜ੍ਹਾਵਾ ਸਾਂਭਣ ਲਈ ਉਨ੍ਹਾਂ ਸੰਗਤਾਂ ਦੇ ਅੱਖੀਂ ਘੱਟਾ ਪਾਉਣ ਵਾਸਤੇ ਜਾਂ ਉਨ੍ਹਾਂ ਦੇ ਮੂੰਹ ਬੰਦ ਕਰਨ ਲਈ ਆਪਣੇ ਚਾਰ-ਪੰਜ ਚਹੇਤਿਆਂ ਦੀ ਇੱਕ ਵਰਕਿੰਗ ਕਮੇਟੀ ਬਣਾਈ ਹੋਈ ਹੁੰਦੀ ਹੈ ਤਾਂ ਕਿ ਕੋਈ ਸ਼ੱਕ ਨਾ ਕਰੇ ਕਿ ਇਥੇ ਕੋਈ ਪ੍ਰਬੰਧਕੀ ਕਮੇਟੀ ਨਹੀਂ, ਪਰ ਇਨ੍ਹਾਂ ਦੀ ਅਸਲ ਸੱਚਾਈ ਉਦੋਂ ਸਾਹਮਣੇ ਆਉਂਦੀ ਹੈ, ਜਦੋਂ ਉਥੋਂ ਦੀ ਸੰਗਤ ਹਿਸਾਬ-ਕਿਤਾਬ ਮੰਗਦੀ ਹੈ ਜਾਂ ਮਰਿਆਦਾ ਸਬੰਧੀ ਪ੍ਰਸ਼ਨ ਉਠਦੇ ਹਨ। ਉਸ ਸਮੇਂ ਮਸੰਦਾਂ ਦੇ ਵਾਰਸ ਇਹ ਲੋਕ ਆਪਣੀ ਔਕਾਤ 'ਤੇ ਉਤਰ ਆਉਂਦੇ ਹਨ ਤੇ ਆਪਣੀ ਮਸੰਦਗਿਰੀ ਦਿਖਾਉਂਦੇ ਹਨ। ਉਦੋਂ ਫਿਰ ਸੰਗਤਾਂ ਕੋਲ ਦੋ ਹੀ ਰਸਤੇ ਰਹਿ ਜਾਂਦੇ ਹਨ ਜਾਂ ਤਾਂ ਪੂਰੀ ਤਰ੍ਹਾਂ ਇਨ੍ਹਾਂ ਮਸੰਦਾਂ ਦੇ ਵਿਰੁਧ ਮੈਦਾਨ ਵਿਚ ਆ ਕੇ ਡਟ ਜਾਣ ਜਾਂ ਫਿਰ ਉਨ੍ਹਾਂ ਮਸੰਦਾਂ ਅੱਗੇ ਧੌਣਾਂ ਸੁੱਟ ਕੇ ਬੈਠੇ ਰਹੋ ਤੇ ਕੋਈ ਵੀ ਨੁਕਤਾਚੀਨੀ ਜਾਂ ਪ੍ਰਬੰਧ ਵਿਚ ਦਖਲਅੰਦਾਜ਼ੀ ਨਾ ਕਰੋ।

ਇਹ ਹੁਣ ਸੰਗਤਾਂ ਨੇ ਵਿਚਾਰਨਾ ਹੈ ਕਿ ਉਨ੍ਹਾਂ ਆਪਣੀ ਦਸਾਂ ਨਹੁੰਆਂ ਦੀ ਕਿਰਤ ਕਮਾਈ ਮਸੰਦਾਂ ਦੀ ਝੋਲੀ ਪਾ ਕੇ ਉਨ੍ਹਾਂ ਦੇ ਨਿਜੀ ਕਾਰੋਬਾਰ ਨੂੰ ਪ੍ਰਫੁਲਿਤ ਕਰਨਾ ਹੈ ਜਾਂ ਉਨ੍ਹਾਂ ਦੇ ਕਬਜੇ ਵਿਚੋਂ ਗੁਰਦੁਆਰੇ ਆਜ਼ਾਦ ਕਰਵਾਉਣੇ ਹਨ ਤੇ ਪ੍ਰਬੰਧ ਆਪਣੇ ਹੱਥਾਂ ਵਿਚ ਲੈਣਾ ਹੈ।

ਇਨ੍ਹਾਂ ਲੋਕਾਂ ਦਾ ਪੰਥ, ਪੰਥਕ ਕਾਰਜਾਂ, ਮਰਿਆਦਾ, ਸਿੱਖੀ ਪਹਿਰਾਵੇ ਜਾਂ ਕੌਮੀ ਸ਼ਹੀਦਾਂ ਨਾਲ ਦੂਰ ਦਾ ਵੀ ਰਿਸ਼ਤਾ ਨਹੀਂ ਹੁੰਦਾ ਤੇ ਬਸ ਇਨ੍ਹਾਂ ਨੂੰ ਤਾਂ ਸਿਰਫ ਸੰਗਤਾਂ ਦੀ ਦਸਾਂ ਨਹੁੰਆਂ ਦੀ ਕਮਾਈ ਹੜੱਪਣ ਤਕ ਮਤਲਬ ਹੁੰਦਾ ਹੈ। ਅਜਿਹੇ ਬਿਜਨਿਸ ਅਮਰੀਕਾ-ਕੈਨੇਡਾ ਦੇ ਵੱਡੇ ਵੱਡੇ ਸ਼ਹਿਰਾਂ ਵਿਚ ਆਮ ਚਲਦੇ ਹਨ।

ਸੰਗਤਾਂ ਨੂੰ ਬੇਨਤੀ ਹੈ ਕਿ ਇਕ ਮੁੱਠ ਹੋ ਕੇ ਗੁਰਦੁਆਰੇ ਇਨ੍ਹਾਂ ਮਸੰਦਾਂ ਤੋਂ ਮੁਕਤ ਕਰਵਾਏ ਜਾਣ ਅਤੇ ਆਪਣੀ ਕਿਰਤ ਕਮਾਈ ਨੂੰ ਇਨ੍ਹਾਂ ਦੀ ਲੁੱਟ ਤੋਂ ਬਚਾਇਆ ਜਾਵੇ।

*-ਮੱਖਣ ਸਿੰਘ ਕਲੇਰ, ਸ਼ਿਕਾਗੋ*

ਪੰਜਾਬ ਟਾਈਮਜ਼

*ਸਨਿਚਰਵਾਰ, 19 ਮਈ 2018*

## ਕਰਨਾਟਕ ਦਾ ਸਿਆਸੀ ਨਾਟਕ

ਕਰਨਾਟਕ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਸਭ ਸਿਆਸੀ ਧਿਰਾਂ ਅਤੇ ਚੋਣ ਮਾਹਿਰਾਂ ਨੂੰ ਹੈਰਾਨ ਕੀਤਾ ਹੈ। ਇਨ੍ਹਾਂ ਚੋਣਾਂ ਉਤੇ ਸਭ ਦੀਆਂ ਨਜ਼ਰਾਂ ਲੱਗੀਆਂ ਹੋਈਆਂ ਸਨ ਕਿਉਂਕਿ ਰਾਜਸਥਾਨ, ਛਤੀਸਗੜ੍ਹ ਤੇ ਮੱਧ ਪ੍ਰਦੇਸ਼ ਵਿਧਾਨ ਸਭਾਵਾਂ ਦੀਆਂ ਚੋਣਾਂ ਸਿਰ ਉਤੇ ਹਨ ਅਤੇ ਲੋਕ ਸਭਾ ਚੋਣਾਂ ਨੂੰ ਵੀ ਹੁਣ ਸਿਰਫ ਇਕ ਸਾਲ ਰਹਿ ਗਿਆ ਹੈ। ਇਸੇ ਕਰ ਕੇ ਇਨ੍ਹਾਂ ਚੋਣਾਂ ਨੂੰ ਆ ਰਹੀਆਂ ਚੋਣਾਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਸੀ। ਬਿਨਾ ਸ਼ੱਕ, ਕਰਨਾਟਕ ਦੇ ਨਤੀਜਿਆਂ ਦਾ ਅਸਰ ਆਉਣ ਵਾਲੀਆਂ ਚੋਣਾਂ ਉਤੇ ਜ਼ਰੂਰ ਪੈਣਾ ਹੈ। ਨਤੀਜਿਆਂ ਤੋਂ ਬਾਅਦ ਜਿਸ ਤਰ੍ਹਾਂ ਦੀ ਸਿਆਸਤ ਅਤੇ ਜੋੜ-ਤੋੜ ਸ਼ੁਰੂ ਹੋ ਗਏ ਹਨ, ਉਸ ਤੋਂ ਸਾਫ ਜਾਹਰ ਹੈ ਕਿ ਕੋਈ ਵੀ ਧਿਰ ਆਪਣਾ ਦਾਅਵਾ ਛੱਡਣ ਲਈ ਤਿਆਰ ਨਹੀਂ ਜਾਪਦੀ। ਭਾਰਤੀ ਜਨਤਾ ਪਾਰਟੀ ਬਹੁਮਤ ਜੋਗੀਆਂ ਸੀਟਾਂ ਜਿੱਤਣ ਵਿਚ ਤਾਂ ਨਾਕਾਮ ਰਹੀ ਹੈ ਪਰ ਸਭ ਤੋਂ ਵੱਡੀ ਪਾਰਟੀ ਵਜੋਂ ਸਾਹਮਣੇ ਆਈ ਹੈ। ਉਂਜ, ਵੱਡੀ ਗੱਲ ਇਹ ਹੋਈ ਹੈ ਕਿ ਕਾਂਗਰਸ ਅਤੇ ਜਨਤਾ ਦਲ (ਐਸ) ਨੇ ਫਿਲਹਾਲ ਰਲ ਕੇ ਚੱਲਣ ਦਾ ਫੈਸਲਾ ਕੀਤਾ ਹੈ। ਚੋਣ ਮੁਹਿੰਮ ਦੌਰਾਨ ਭਾਵੇਂ ਇਹ ਦੋਵੇਂ ਪਾਰਟੀਆਂ ਇਕ-ਦੂਜੇ ਦੇ ਖਿਲਾਫ ਦੂਸ਼ਣ ਲਾਉਂਦੀਆਂ ਰਹੀਆਂ ਹਨ ਪਰ ਭਾਰਤੀ ਜਨਤਾ ਪਾਰਟੀ ਨੂੰ ਸੱਤਾ ਤੋਂ ਬਾਹਰ ਰੱਖਣ ਲਈ ਇਨ੍ਹਾਂ ਨੇ ਤੁਰੰਤ, ਬਿਨਾ ਕਿਸੇ ਦੇਰੀ ਤੋਂ ਹੱਥ ਮਿਲਾ ਲਏ ਹਨ। ਇਸ ਅਮਲ ਵਿਚ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ, ਬਹੁਜਨ ਸਮਾਜ ਪਾਰਟੀ ਦੀ ਆਗੂ ਮਾਇਆਵਤੀ, ਸੀ.ਪੀ.ਐਮ. ਦੇ ਆਗੂ ਸੀਤਾ ਰਾਮ ਯੇਚੁਰੀ ਅਤੇ ਕੌਮੀ ਪੱਧਰ ਦੇ ਕੁਝ ਹੋਰ ਆਗੂਆਂ ਨੇ ਅਹਿਮ ਭੂਮਿਕਾ ਨਿਭਾਈ ਹੈ। ਇਨ੍ਹਾਂ ਸਾਰਿਆਂ ਦਾ ਦਾਈਆ ਭਾਰਤੀ ਜਨਤਾ ਪਾਰਟੀ ਨੂੰ ਰਲ ਕੇ ਘੇਰਾ ਪਾਉਣਾ ਸੀ। ਇਹ ਅਸਲ ਵਿਚ ਅਗਲੀਆਂ ਲੋਕ ਸਭਾ ਚੋਣਾਂ ਦੀ ਹੀ ਕਵਾਇਦ ਸੀ ਜਿਸ ਦਾ ਸਾਰ-ਤੱਤ ਇਹ ਹੈ ਕਿ ਭਾਰਤੀ ਜਨਤਾ ਪਾਰਟੀ ਅਤੇ ਨਰੇਂਦਰ ਮੋਦੀ ਨੂੰ ਕੇਂਦਰ ਵਿਚ ਸੱਤਾ ਤੋਂ ਬਾਹਰ ਰੱਖਣ ਲਈ ਸਾਰੀਆਂ ਪਾਰਟੀਆਂ ਇਕਜੁਟ ਹੋ ਜਾਣ। ਇਸ ਤੋਂ ਪਹਿਲਾਂ ਉਤਰ ਪ੍ਰਦੇਸ਼ ਵਿਚ ਬਹੁਜਨ ਸਮਾਜ ਪਾਰਟੀ ਅਤੇ ਸਮਾਜਵਾਦੀ ਪਾਰਟੀ ਨੇ ਆਪਸੀ ਮੱਤਭੇਦ ਮਿਟਾ ਕੇ ਭਾਰਤੀ ਜਨਤਾ ਪਾਰਟੀ ਨੂੰ ਸਿੱਧੀ ਟੱਕਰ ਦਿੱਤੀ ਅਤੇ ਇਹ ਪਾਰਟੀਆਂ ਇਸ ਕਾਰਜ ਵਿਚ ਕਾਮਯਾਬ ਵੀ ਰਹੀਆਂ ਹਨ। ਇਸੇ ਕਰ ਕੇ ਹੀ ਭਾਰਤੀ ਜਨਤਾ ਪਾਰਟੀ ਦੇ ਫਿਕਰ ਕੁਝ ਵਧ ਗਏ ਹਨ ਅਤੇ ਹੁਣ ਇਸ ਦੀ ਕੋਸ਼ਿਸ਼ ਇਹੀ ਸੀ ਕਿ ਇਹ ਪਾਰਟੀਆਂ ਇਕੱਠੀਆਂ ਨਾ ਹੋ ਸਕਣ। ਕਰਨਾਟਕ ਵਿਚ ਵੀ ਇਸ ਨੇ ਅੱਜ ਤੱਕ ਜਨਤਾ ਦਲ (ਐਸ) ਦੇ ਆਗੂਆਂ ਪ੍ਰਤੀ ਆਪਣਾ ਵਿਹਾਰ ਨਰਮ ਹੀ ਰੱਖਿਆ ਹੈ।

ਕਰਨਾਟਕ ਵਿਚ ਕਾਂਗਰਸ ਅਤੇ ਜਨਤਾ ਦਲ (ਐਸ) ਵੱਲੋਂ ਹੱਥ ਮਿਲਾਉਣ ਦੀ ਕਾਰਵਾਈ ਨੂੰ ਭਾਰਤੀ ਜਨਤਾ ਪਾਰਟੀ ਨੇ ਸਿਰਫ ਤੇ ਸਿਰਫ ਸੱਤਾ ਲਈ ਕੀਤਾ ਗਠਜੋੜ ਐਲਾਨਿਆ ਹੈ ਅਤੇ ਇਸ ਨੂੰ ਕਾਂਗਰਸ ਵੱਲੋਂ ਪਿਛਲੇ ਦਰਵਾਜਿਓਂ ਸੱਤਾ ਹਥਿਆਉਣ ਦੀ ਕਾਵਰਾਈ ਵੀ ਕਿਹਾ ਹੈ ਪਰ ਅਜੇ ਸਾਲ ਹੀ ਹੋਇਆ ਹੈ ਜਦੋਂ ਇਹੀ ਖੇਡ ਭਾਰਤੀ ਜਨਤਾ ਪਾਰਟੀ ਨੇ ਗੋਆ ਅਤੇ ਮਨੀਪੁਰ ਵਿਚ ਖੇਡੀ ਸੀ। ਇਨ੍ਹਾਂ ਦੋਹਾਂ ਰਾਜਾਂ ਵਿਚ ਕਾਂਗਰਸ ਵੱਡੀ ਪਾਰਟੀ ਵਜੋਂ ਉਭਰੀ ਸੀ ਪਰ ਭਾਰਤੀ ਜਨਤਾ ਪਾਰਟੀ ਨੇ ਰਾਤੋ-ਰਾਤ ਹੋਰ ਪਾਰਟੀਆਂ ਨਾਲ ਸਿਆਸੀ ਤਾਲਮੇਲ ਬਿਠਾ ਕੇ ਕਾਂਗਰਸ ਹੱਥੋਂ ਸੱਤਾ ਖੋਹ ਲਈ। ਐਤਕੀਂ ਕਾਂਗਰਸ, ਭਾਰਤੀ ਜਨਤਾ ਪਾਰਟੀ ਦੇ ਇਸ ਪੁਰਾਣੇ ਤੇ ਲੁਕਵੇਂ ਵਾਰ ਤੋਂ ਚੌਕਸ ਸੀ। ਸ਼ਾਇਦ ਇਸੇ ਕਰ ਕੇ ਇਸ ਨੇ ਨਤੀਜੇ ਆਉਣ ਤੋਂ ਦੋ ਦਿਨ ਪਹਿਲਾਂ ਹੀ, ਭਾਵ ਐਤਵਾਰ ਨੂੰ ਹੀ ਜਨਤਾ ਦਲ (ਐਸ) ਦੇ ਆਗੂਆਂ ਨਾਲ ਸੰਪਰਕ ਕਰ ਲਿਆ ਅਤੇ ਜਿਉਂ ਹੀ ਸਥਿਤੀ ਸਪਸ਼ਟ ਹੋਈ ਕਿ ਕਿਸੇ ਵੀ ਪਾਰਟੀ ਨੂੰ ਪੂਰਨ ਬਹੁਮਤ ਨਹੀਂ ਮਿਲਣਾ, ਕਾਂਗਰਸ ਨੇ ਜਨਤਾ ਦਲ (ਐਸ) ਨੂੰ ਬਿਨਾ ਸ਼ਰਤ ਹਮਾਇਤ ਦੇਣ ਦਾ ਐਲਾਨ ਕਰ ਦਿੱਤਾ। ਕਰਨਾਟਕ ਦੀ ਸਿਆਸਤ ਹੁਣ ਕਿਸ ਕਰਵਟ ਬੈਠਦੀ ਹੈ, ਇਹ ਤਾਂ ਆਉਣ ਵਾਲਾ ਸਮਾਂ ਹੀ ਦੱਸੇਗਾ ਪਰ ਇਕ ਗੱਲ ਦਾ ਨਿਤਾਰਾ ਹੋ ਗਿਆ ਹੈ ਕਿ ਕੌਮੀ ਪੱਧਰ ਉਤੇ ਭਾਰਤੀ ਜਨਤਾ ਪਾਰਟੀ ਅਤੇ ਨਰੇਂਦਰ ਮੋਦੀ ਦਾ ਬਦਲ ਲੱਭਣ ਦੀ ਕਵਾਇਦ ਅਰੰਭ ਹੋ ਗਈ ਹੈ।

ਕੁਝ ਸਿਆਸੀ ਮਾਹਿਰਾਂ ਨੇ ਤਾਂ ਕਾਂਗਰਸ ਨੂੰ ਕਰਨਾਟਕ ਵਿਚ ਘੱਟ ਸੀਟਾਂ ਮਿਲਣ ਨੂੰ ਵੀ ਸ਼ੁਭ ਸ਼ਗਨ ਹੀ ਆਖਿਆ ਹੈ। ਇਨ੍ਹਾਂ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਕਾਂਗਰਸ ਨੂੰ ਵੱਧ ਸੀਟਾਂ ਮਿਲ ਜਾਂਦੀਆਂ ਤਾਂ ਇਸ ਨੇ ਗਠਜੋੜ ਲਈ ਸਹਿਮਤੀ ਨਹੀਂ ਸੀ ਦੇਣੀ ਅਤੇ ਕੌਮੀ ਪੱਧਰ 'ਤੇ ਸਾਂਝੇ ਗਠਜੋੜ ਲਈ ਉਹ ਰਾਹ ਨਹੀਂ ਸੀ ਖੱਲ੍ਹਣਾ ਜੋ ਹੁਣ ਸਾਲ ਪਹਿਲਾਂ ਹੀ ਖੁੱਲ੍ਹ ਗਿਆ ਹੈ। ਇਸ ਲਈ ਹੁਣ ਕਰਨਾਟਕ ਵਿਚ ਜਿਸ ਧਿਰ ਦੀ ਮਰਜ਼ੀ ਸਰਕਾਰ ਬਣੇ, ਮੋਦੀ ਖਿਲਾਫ ਮੋਰਚਾ ਬਣਨਾ ਅਰੰਭ ਹੋ ਗਿਆ ਹੈ। ਉਂਜ, ਕਰਨਾਟਕ ਦੀਆਂ ਚੋਣਾਂ ਨੇ ਇਕ ਵਾਰ ਫਿਰ ਸਾਬਤ ਕਰ ਦਿੱਤਾ ਹੈ ਕਿ ਚੋਣਾਂ ਦੇ ਮਾਮਲੇ ਵਿਚ ਭਾਰਤੀ ਜਨਤਾ ਪਾਰਟੀ ਕਿੰਨੀ ਜਥੇਬੰਦ ਹੈ ਅਤੇ ਹੇਠਲੇ ਪੱਧਰ ਤੱਕ ਇਸ ਦਾ ਕਿੰਨਾ ਜ਼ਿਆਦਾ ਅਸਰ ਹੈ। ਇਸ ਦੇ ਨਾਲ ਹੀ ਲੋਕਪ੍ਰਿਯਤਾ ਘਟਣ ਅਤੇ ਮੁਲਕ ਭਰ ਵਿਚ ਹੋ ਰਹੀ ਤਿੱਖੀ ਨੁਤਕਾਚੀਨੀ ਦੇ ਬਾਵਜੂਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਜਾਦੂ ਅਜੇ ਵੀ ਚੱਲ ਰਿਹਾ ਹੈ। ਕਰਨਾਟਕ ਵਿਚ ਕਿਸੇ ਕਿਸਮ ਦੀ ਕੋਈ ਲਹਿਰ ਨਹੀਂ ਸੀ ਅਤੇ ਸਾਰਿਆਂ ਨੂੰ ਲੱਗ ਰਿਹਾ ਸੀ ਕਿ ਕਾਂਗਰਸ ਨੂੰ ਭਾਵੇਂ ਬਹੁਮਤ ਨਾ ਮਿਲੇ ਪਰ ਇਹ ਭਾਰਤੀ ਜਨਤਾ ਪਾਰਟੀ ਨੂੰ ਬਰਾਬਰ ਦੀ ਟੱਕਰ ਦੇਵੇਗੀ ਪਰ ਚੋਣ ਮੁਹਿੰਮ ਦੇ ਆਖਰੀ ਪੜਾਅ ਦੌਰਾਨ, ਕੁਝ ਹੀ ਦਿਨਾਂ ਵਿਚ ਮੋਦੀ ਦੀਆਂ 21 ਰੈਲੀਆਂ ਨੇ ਪਾਸਾ ਪਲਟ ਦਿੱਤਾ। ਉਸ ਉਤੇ ਭਾਵੇਂ ਵਾਰ ਵਾਰ ਝੂਠ ਬੋਲਣ ਅਤੇ ਤੱਥਾਂ ਨੂੰ ਤੋੜ-ਮਰੋੜ ਕੇ ਪੇਸ਼ ਕਰਨ ਦੇ ਦੋਸ਼ ਲੱਗੇ ਪਰ ਉਹ ਨੌਜਵਾਨਾਂ ਨੂੰ ਆਪਣੇ ਵੱਲ ਖਿੱਚਣ ਵਿਚ ਪੂਰੀ ਤਰ੍ਹਾਂ ਕਾਮਯਾਬ ਰਿਹਾ। ਕਰਨਾਟਕ ਦੀਆਂ ਚੋਣਾਂ ਨੇ ਵਿਰੋਧੀ ਧਿਰ ਨੂੰ ਇਕ ਹੋਰ ਮੌਕਾ ਮੁਹੱਈਆ ਕਰਵਾਇਆ ਹੈ। ਇਸ ਪ੍ਰਸੰਗ ਵਿਚ ਇਨ੍ਹਾਂ ਚੋਣਾਂ ਨੂੰ ਭਾਰਤੀ ਚੋਣਾਂ ਦੇ ਇਤਿਹਾਸ ਵਿਚ ਦੇਰ ਤੱਕ ਯਾਦ ਰੱਖਿਆ ਜਾਵੇਗਾ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਕਾਨੂੰਨ ਨੂੰ ਸਰਕਾਰੀ ਰਗੜੇ!*

ਲੋਕ-ਰਾਜ ਦਾ ਵਿਗੜਿਆ ਰੂਪ ਸਾਰਾ, 'ਬੋਕ-ਰਾਜ' ਹੁਣ ਦੇਸ਼ ਵਿਚ ਚੱਲਦਾ ਏ।
ਕੰਮ ਪਹਿਲਿਆਂ ਵਾਲੇ ਹੀ ਕਰੀ ਜਾਵੇ, ਕੋਈ ਦੂਸਰਾ ਗੱਦੀ ਜਦ ਮੱਲਦਾ ਏ।
ਜਿਹੜਾ ਜਿੱਤਦਾ ਤੋੜ ਵਿਸ਼ਵਾਸ ਦੇਵੇ, ਦੁੱਖ ਲੋਕਾਂ ਨੂੰ ਏਸੇ ਹੀ ਗੱਲ ਦਾ ਏ।
ਜਿਹੜਾ ਕਰੇ ਇਸ਼ਾਰਾ ਕੋਈ ਨਾਬਰੀ ਦਾ, ਹਾਕਮ ਉਸੇ ਨੂੰ ਜੇਲ੍ਹ 'ਚ ਘੱਲਦਾ ਏ।
ਸੁਣਦੇ ਆਏ ਕਾਨੂੰਨ ਦੇ ਹੱਥ ਲੰਮੇ, ਕਾਰੇ ਕਿਸੇ ਤੋਂ ਗੁੱਝੇ ਨਾ ਰੱਖ ਹੋਏ।
ਹੁਣ ਕਾਨੂੰਨ ਦੇ ਗਲੇ ਤੱਕ ਪਹੁੰਚ ਜਾਂਦੇ, ਐਡੇ ਲੰਮੇ ਸਰਕਾਰਾਂ ਦੇ ਹੱਥ ਹੋਏ!

# ਰਵਾਇਤੀ ਖੱਬੇ ਪੱਖੀ ਲਹਿਰ ਦਾ ਪੰਜਾਬ ਵਿਚ ਭਵਿਖ

### *ਆਜ਼ਾਦੀ ਦੇ 70 ਸਾਲਾਂ ਪਿਛੋਂ ਵੀ ਖੱਬੀਆਂ ਧਿਰਾਂ ਦੇ ਪੈਰ ਕਿਉਂ ਨਹੀਂ ਲੱਗ ਸਕੇ?*

ਇਹ ਸਵਾਲ ਅਕਸਰ, ਗਾਹੇ-ਬਗਾਹੇ ਸਾਹਮਣੇ ਆ ਜਾਂਦਾ ਹੈ ਕਿ ਭਾਰਤ ਦੀ ਆਜ਼ਾਦੀ ਦੇ 70 ਸਾਲਾਂ ਬਾਅਦ ਵੀ ਪੰਜਾਬ 'ਚ ਖੱਬੀਆਂ ਧਿਰਾਂ ਦੇ ਪੈਰ ਕਿਉਂ ਨਹੀਂ ਲੱਗ ਸਕੇ? ਇਸ ਬਾਰੇ ਅੱਡ-ਅੱਡ ਧਿਰਾਂ ਦੇ ਅੱਡ-ਅੱਡ ਵਿਚਾਰ ਹਨ। ਇਸ ਸੁਆਲ ਦਾ ਇਕ ਅਰਥ ਇਹ ਵੀ ਨਿਕਲਦਾ ਹੈ ਕਿ ਲੋਕਾਂ ਨੂੰ ਖੱਬੀਆਂ ਧਿਰਾਂ ਤੋਂ ਸਦਾ ਹੀ ਬੜੀਆਂ ਆਸਾਂ ਅਤੇ ਉਮੀਦਾਂ ਰਹੀਆਂ ਹਨ। ਉਂਹ ਇਹ ਵੀ ਵੱਡਾ ਸੁਆਲ ਹੈ ਕਿ ਪੰਜਾਬ ਦੇ ਲੋਕ ਚਹੁੰਤਰਫੀ ਸੰਕਟ ਵਿਚ ਘਿਰੇ ਹੋਣ ਦੇ ਬਾਵਜੂਦ, ਖੱਬੇ ਪੱਖੀ ਧਿਰਾਂ ਉਤੇ ਭਰੋਸਾ ਕਰਨ ਨੂੰ ਤਿਆਰ ਕਿਉਂ ਨਹੀਂ?

ਦਰਅਸਲ ਪੰਜਾਬ ਦੀ ਖੱਬੇ ਪੱਖੀ ਲਹਿਰ ਮੁੱਢੋਂ ਹੀ ਘੁਥੀ ਹੋਈ ਹੈ। ਇਸ ਲਹਿਰ ਨੇ ਨਾ ਸਿਰਫ ਮਾਰਕਸਵਾਦ ਦੀਆਂ ਕੁਝ ਕੁ ਸੁਣੀਆਂ-

**ਗੁਰਬਚਨ ਸਿੰਘ, ਜਲੰਧਰ**
ਫੋਨ: 91-98156-98451

ਸੁਣਾਈਆਂ ਧਾਰਨਾਵਾਂ ਨੂੰ ਮਸ਼ੀਨੀ ਢੰਗ ਨਾਲ ਲਾਗੂ ਕਰਨ ਦੇ ਯਤਨ ਕੀਤੇ, ਸਗੋਂ ਮਾਰਕਸਵਾਦ ਦੀਆਂ ਬੁਨਿਆਦੀ ਧਾਰਨਾਵਾਂ ਨੂੰ ਜਾਣਨ ਦਾ ਕਦੇ ਗੰਭੀਰ ਯਤਨ ਹੀ ਨਹੀਂ ਕੀਤਾ। ਮਾਰਕਸ ਦੀ ਵਿਕਸਿਤ ਕੀਤੀ ਭੌਤਿਕਵਾਦੀ ਫਿਲਾਸਫੀ ਦਾ ਭਾਰਤ ਦੀ ਵੈਦਿਕ ਫਿਲਾਸਫੀ ਦੀ ਆਤਮਾ ਜਾਂ ਪੰਜਾਬ ਦੇ ਗੁਰਮਤਿ ਦੀ ਆਤਮਾ ਨਾਲ ਸੁਮੇਲ ਕਰਨ ਦੇ ਯਤਨ ਕਰਨਾ ਤਾਂ ਹੋਰ ਵੀ ਦੂਰ ਦੀ ਗੱਲ ਹੈ। ਮਾਰਕਸ ਦੀ ਫਿਲਾਸਫੀ ਤੋਂ ਟੁੱਟੀ ਲਹਿਰ ਭਲਾ ਲੋਕਾਂ ਨੂੰ ਸਹੀ ਰਾਜਨੀਤਕ ਅਗਵਾਈ ਕਿਵੇਂ ਦੇ ਸਕਦੀ ਹੈ? ਉਹ ਸਾਮਰਾਜੀ ਖਪਤਕਾਰੀ ਦੀ ਵਹਿਸ਼ਤ ਅਤੇ ਵਾਤਾਵਰਣ ਦੀ ਹੋ ਰਹੀ ਭਾਰੀ ਤਬਾਹੀ ਦਾ ਸਬੰਧ ਕਿਵੇਂ ਜੋੜ ਸਕਦੀ ਹੈ? ਆਤਮਿਕ ਤੌਰ 'ਤੇ ਕੰਗਾਲ ਲਹਿਰ ਅਜੋਕੇ ਸਾਮਰਾਜੀ ਸੰਕਟ ਦੀ ਥਾਹ ਪਾ ਕੇ ਲੋਕਾਂ ਨੂੰ ਲਾਮਬੰਦ ਕਰਨ ਦਾ ਉਤਸ਼ਾਹ ਕਿਵੇਂ ਦਿਖਾ ਸਕਦੀ ਹੈ? ਜਿਹੜੇ ਲੋਕ ਪਰਵਾਸ ਵਿਚ ਲੋਕਾਂ ਦੀ ਮੁਕਤੀ ਦੇਖਦੇ ਹਨ, ਉਹ ਪਰਵਾਸ ਦੀ ਮਾਨਸਿਕ ਪੀੜ ਬਾਰੇ ਲੋਕਾਂ ਨੂੰ ਲਾਮਬੰਦ ਕਿਵੇਂ ਕਰ ਸਕਦੇ ਹਨ? ਉਹ ਕੁਦਰਤ ਤੇ ਮਨੁੱਖ ਪੱਖੀ ਵਿਕਾਸ ਦੀ ਥਾਹ ਕਿਵੇਂ ਪਾ ਸਕਦੇ ਹਨ? ਦਿਲਚਸਪ ਗੱਲ ਇਹ ਹੈ ਕਿ ਪਿਛਲੇ ਛੇ ਦਹਾਕਿਆਂ ਤੋਂ ਖੱਬੀ ਲਹਿਰ ਦੀ ਏਕਤਾ ਦੀ ਗੱਲ ਕੀਤੀ ਜਾ ਰਹੀ ਹੈ, ਪਰ ਇਹ ਏਕਤਾ ਕਿਉਂ ਨਹੀਂ ਹੁੰਦੀ, ਇਸ ਬਾਰੇ ਕਦੇ ਲਹਿਰ ਨੇ ਗੰਭੀਰ ਤੇ ਜਚਵੀਂ ਸਵੈ-ਪੜਚੋਲ ਨਹੀਂ ਕੀਤੀ। ਪੜਚੋਲ, ਸਵੈ-ਪੜਚੋਲ ਦਾ ਮਾਰਕਸੀ ਸੰਕਲਪ ਤਾਂ ਉਂਜ ਹੀ ਵਿਸਰ ਗਿਆ ਜਾਪਦਾ ਹੈ।

ਕਮਿਊਨਿਸਟ ਪਾਰਟੀ ਦੇ ਮੈਨੀਫੈਸਟੋ ਵਿਚ ਦਰਜ ਹੈ ਕਿ ਫਰਾਂਸ ਦਾ ਸਮਾਜਵਾਦੀ ਤੇ ਕਮਿਊਨਿਸਟ ਸਾਹਿਤ, ਐਸਾ ਸਾਹਿਤ ਜੋ ਪੂੰਜੀਵਾਦੀ ਰਾਜ ਦੇ ਦਬਾਅ ਅਧੀਨ ਹੋਂਦ ਵਿਚ ਆਇਆ ਸੀ ਅਤੇ ਜੋ ਪੂੰਜੀਵਾਦ ਦੀ ਰਾਜਸੱਤਾ ਵਿਰੁਧ ਸੰਘਰਸ਼ ਦਾ ਪ੍ਰਗਟਾਵਾ ਸੀ, ਜਰਮਨੀ ਵਿਚ ਉਸ ਸਮੇਂ ਲਿਆਂਦਾ ਗਿਆ, ਜਦੋਂ ਜਰਮਨੀ ਵਿਚ ਪੂੰਜੀਵਾਦ ਨੇ ਹਾਲੇ ਜਗੀਰੂ ਤਾਨਾਸ਼ਾਹੀ ਦੇ ਵਿਰੋਧ ਵਿਚ ਸ਼ੁਰੂਆਤ ਹੀ ਕੀਤੀ ਸੀ। ਜਰਮਨ ਫਿਲਾਸਫਰਾਂ, ਬਣਨ ਵਾਲੇ ਫਿਲਾਸਫਰਾਂ, ਚੌਪੜੀ ਭਾਸ਼ਾ ਵਿਚ ਗੱਲਾਂ ਕਰਨ ਵਾਲਿਆਂ, ਸਭ ਨੇ ਇਸ ਸਾਹਿਤ ਨੂੰ ਫੌਰੀ ਹਥਿਆ ਲਿਆ। ਉਹ ਸਿਰਫ ਏਨੀ ਕੁ ਗੱਲ ਵਿਸਰ ਗਏ ਕਿ ਜਦੋਂ ਇਹ ਲਿਖਤਾਂ ਫਰਾਂਸ ਤੋਂ ਜਰਮਨੀ ਵਿਚ ਆਈਆਂ ਤਾਂ ਉਹ ਆਪਣੇ ਨਾਲ ਫਰਾਂਸੀਸੀ ਸਮਾਜੀ ਹਾਲਤਾਂ ਨਹੀਂ ਸਨ ਲਿਆਈਆਂ। ਜਰਮਨੀ ਦੀਆਂ ਸਮਾਜੀ ਹਾਲਤਾਂ ਨਾਲ ਸੰਪਰਕ ਵਿਚ ਆਉਂਦਿਆਂ ਹੀ, ਇਹ ਫਰਾਂਸੀਸੀ ਸਾਹਿਤ ਆਪਣੀ ਫੌਰੀ ਅਮਲਯੋਗ ਮਹੱਤਤਾ ਗੁਆ ਬੈਠਾ। ਜਰਮਨ ਸਾਹਿਤਕਾਰਾਂ ਨੇ ਨਵੇਂ ਫਰਾਂਸੀਸੀ ਵਿਚਾਰਾਂ ਦਾ ਆਪਣੀ ਪ੍ਰਾਚੀਨ ਫਿਲਾਸਫੀ ਦੀ ਆਤਮਾ ਨਾਲ ਸੁਮੇਲ ਕਰਨ ਜਾਂ ਫਿਲਾਸਫੀ ਦੇ ਆਪਣੇ ਪੁਰਾਣੇ ਦ੍ਰਿਸ਼ਟੀਕੋਣ ਨੂੰ ਤਿਆਗੇ ਬਿਨਾ ਹੀ ਫਰਾਂਸੀਸੀ ਵਿਚਾਰਾਂ ਉਤੇ ਕਬਜ਼ਾ ਕਰਨ ਦਾ ਯਤਨ ਕੀਤਾ। ਇਹ ਕਬਜ਼ਾ ਕਰਨ ਦਾ ਢੰਗ ਉਹੀ ਸੀ, ਜਿਵੇਂ ਅਨੁਵਾਦ ਰਾਹੀਂ ਕੋਈ ਵਿਦੇਸ਼ੀ ਭਾਸ਼ਾ ਹਥਿਆਈ ਜਾਂਦੀ ਹੈ।

ਇਹੀ ਤੱਥ ਇੰਨ-ਬਿੰਨ ਪੰਜਾਬ ਦੀ ਖੱਬੇ ਪੱਖੀ ਲਹਿਰ ਉਤੇ ਢੁਕਦਾ ਹੈ। ਇਨ੍ਹਾਂ ਨੇ ਕਦੇ ਵੀ ਇਹ ਜਾਣਨ ਦਾ ਯਤਨ ਨਹੀਂ ਕੀਤਾ ਕਿ ਮਾਰਕਸਵਾਦ ਦੀਆਂ ਜੋ ਸੁਣੀਆਂ-ਸੁਣਾਈਆਂ ਧਾਰਨਾਵਾਂ ਨੂੰ ਇਹ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ, ਉਨ੍ਹਾਂ ਦਾ ਪੰਜਾਬੀ ਸਮਾਜ ਨਾਲ ਕੋਈ ਸਬੰਧ ਹੈ ਵੀ ਜਾਂ ਨਹੀਂ? ਅਜਿਹੀਆ ਕੋਸ਼ਿਸ਼ਾਂ ਦਾ ਮਾਰਕਸ ਨੇ ਕਮਿਊਨਿਸਟ ਮੈਨੀਫੈਸਟੋ ਵਿਚ ਹੀ ਬੜਾ ਖੂਬਸੂਰਤ ਮਜ਼ਾਕ ਉਡਾਇਆ ਹੈ। ਇਹੀ ਕਾਰਨ ਹੈ ਕਿ ਪੰਜਾਬ ਦੀ ਖੱਬੇ ਪੱਖੀ ਲਹਿਰ ਲੋਕਾਂ ਵਿਚ ਆਪਣੀਆਂ ਜੜ੍ਹਾਂ ਨਹੀਂ ਜਮਾ ਸਕੀ। ਸਮਾਜਵਾਦੀ ਸਮਾਜ ਦੀ ਉਸਾਰੀ ਲਈ ਗੁਰੂ ਸਾਹਿਬ ਦੀ ਏਨੀ ਮਹਾਨ ਫਿਲਾਸਫੀ ਅਤੇ ਗਦਰੀ ਬਾਬਿਆਂ ਦੇ ਏਨੇ ਸ਼ਾਨਦਾਰ ਵਿਰਸੇ ਦੇ ਬਾਵਜੂਦ ਖੱਬੇ ਪੱਖੀ ਲਹਿਰ ਪੰਜਾਬ ਵਿਚ ਆਪਣੀ ਹੋਂਦ ਬਚਾਉਣ ਲਈ ਤਰਲੇ ਲੈ ਰਹੀ ਹੈ।

ਮਾਰਕਸਵਾਦੀ ਵਿਚਾਰਧਾਰਾ ਦਾ ਸਭ ਤੋਂ ਮੁਢਲਾ ਸੁਆਲ ਹੈ ਕਿ ਭੌਤਿਕਵਾਦੀ ਕੌਣ ਹੈ ਅਤੇ ਆਦਰਸ਼ਵਾਦੀ ਕੌਣ ਹੈ? ਕਿਉਂਕਿ ਇਹੀ ਸੁਆਲ ਹੈ, ਜੋ ਮਨੁੱਖ ਦੀ ਸੋਚ ਦਾ ਫੈਸਲਾ ਕਰਦਾ ਹੈ ਕਿ ਉਸ ਨੇ ਹਕੀਕਤ ਨੂੰ ਮੰਨ ਕੇ ਆਪਣੀਆਂ ਕੁਦਰਤੀ ਲੋੜਾਂ ਅਨੁਸਾਰ ਜ਼ਿੰਦਗੀ ਜਿਉਣੀ ਹੈ ਜਾਂ ਸਾਮਰਾਜੀ ਖਪਤਕਾਰੀ ਦੀਆਂ ਇੱਛਾਵਾਂ ਦੀ ਪੂਰਤੀ ਲਈ ਭਟਕਦਿਆਂ ਸਾਰੀ ਉਮਰ ਮਾਨਸਿਕ ਕਲਪਨਾ ਵਿਚ ਜਿਉਂਦਿਆ ਹੀ ਲੰਘਾ ਦੇਣੀ ਹੈ।

ਫ੍ਰੈਡਰਿਕ ਏਂਗਲਜ ਨੇ ਇਨ੍ਹਾਂ ਦੋਹਾਂ ਦ੍ਰਿਸ਼ਟੀਕੋਣਾਂ ਵਿਚ ਬੜਾ ਸਪਸ਼ਟ ਨਿਖੇੜਾ ਕੀਤਾ ਹੈ, "ਇਹ ਸੁਆਲ ਕਿ ਬੁਨਿਆਦੀ ਕੀ ਹੈ? ਮਨੁੱਖੀ ਮਨ ਜਾਂ ਕੁਦਰਤ ਨੇ ਚਰਚ (ਮਜ਼੍ਹਬ) ਨੂੰ ਸੰਬੋਧਨ ਹੁੰਦਿਆਂ, ਇਸ ਧਾਰਨਾ ਦਾ ਰੂਪ ਲਿਆ? ਕੀ ਸੰਸਾਰ ਦੀ ਰਚਨਾ ਰੱਬ ਨੇ ਕੀਤੀ ਹੈ? ਜਾਂ ਅੰਤਹੀਣ ਆਦਿ ਕਾਲ ਤੋਂ ਸੰਸਾਰ ਇਵੇਂ ਹੀ ਹੋਂਦ ਵਿਚ ਹੈ? ਇਸ ਸੁਆਲ ਦਾ ਜੁਆਬ ਦੇਣ ਵਾਲੇ ਫਿਲਾਸਫਰ ਦੋ ਵੱਡੇ ਧੜਿਆਂ ਵਿਚ ਵੰਡੇ ਹੋਏ ਸਨ। ਜਿਹੜੇ ਕੁਦਰਤ ਨਾਲੋਂ ਮਨੁੱਖੀ ਮਨ ਨੂੰ ਸਿਰਮੌਰ ਮੰਨਦੇ ਸਨ ਅਤੇ ਅੰਤਿਮ ਤੌਰ 'ਤੇ ਕਿਸੇ ਵੀ ਤਰ੍ਹਾਂ ਸੰਸਾਰ ਦੀ ਰਚਨਾ ਹੋਈ ਮੰਨਦੇ ਸਨ, ਉਹ ਸਾਰੇ ਆਦਰਸ਼ਵਾਦੀ ਧੜਾ ਬਣੇ ਅਤੇ ਦੂਜੇ ਜਿਹੜੇ ਕੁਦਰਤ ਨੂੰ ਸਿਰਮੌਰ ਮੰਨਦੇ ਸਨ, ਉਹ ਸਾਰੇ ਭੌਤਿਕਵਾਦੀਆਂ ਦੀਆਂ ਅੱਡ-ਅੱਡ ਧਿਰਾਂ ਵਿਚ ਸ਼ੁਮਾਰ ਹੁੰਦੇ ਸਨ। ਆਦਰਸ਼ਵਾਦ ਅਤੇ ਭੌਤਿਕਵਾਦ, ਇਹ ਦੋ ਧਾਰਨਾਵਾਂ ਮੌਲਿਕ ਰੂਪ ਵਿਚ ਇਸ ਤੋਂ ਬਿਨਾ ਹੋਰ ਕੋਈ ਅਹਿਮੀਅਤ ਨਹੀਂ ਸਨ ਰੱਖਦੀਆਂ ਅਤੇ ਇਥੇ ਵੀ ਅਸੀਂ ਇਨ੍ਹਾਂ ਦੀ ਵਰਤੋਂ ਇਸ ਤੋਂ ਬਿਨਾ ਹੋਰ ਕਿਸੇ ਭਾਵਨਾ ਨਾਲ ਨਹੀਂ ਕਰ ਰਹੇ; ਪਰ ਸੋਚ ਵਿਚ ਉਲਝਣਾਂ ਉਦੋਂ ਪੈਦਾ ਹੁੰਦੀਆਂ ਹਨ, ਜਦੋਂ ਇਨ੍ਹਾਂ ਧਾਰਨਾਵਾਂ ਨੂੰ ਕੁਝ ਹੋਰ ਅਰਥ ਦਿਤੇ ਜਾਂਦੇ ਹਨ।" ਏਂਗਲਜ ਦੇ ਇਸ ਪੈਮਾਨੇ ਉਤੇ ਗੁਰਮਤਿ ਅਤੇ ਡਾ. ਅੰਬੇਡਕਰ ਦੀ ਫਿਲਾਸਫੀ ਪੂਰੇ ਉਤਰਦੇ ਹਨ ਪਰ ਇਨ੍ਹਾਂ ਖੱਬੇ ਪੱਖੀਆਂ ਨੇ ਇਹ ਸਾਂਝ ਲੱਭਣ ਦਾ ਕਦੇ ਯਤਨ ਨਹੀਂ ਕੀਤਾ।

ਭੌਤਿਕਵਾਦ ਅਤੇ ਆਦਰਸ਼ਵਾਦ ਵਿਚਾਲੇ ਸਪਸ਼ਟ ਨਿਖੇੜਾ ਕਰਨ ਤੋਂ ਬਾਅਦ ਮਾਰਕਸਵਾਦੀ ਵਿਚਾਰਧਾਰਾ ਭੌਤਿਕਵਾਦੀਆਂ ਦੀਆਂ ਦੋ ਧਾਰਾਵਾਂ ਵਿਚ ਵੀ ਸਪਸ਼ਟ ਨਿਖੇੜਾ ਕਰਦੀ ਹੈ। ਭੌਤਿਕਵਾਦੀਆਂ ਦੀ ਪਹਿਲੀ ਧਾਰਾ ਜ਼ਿੰਦਗੀ ਨੂੰ ਮਹਿਜ ਸਰੀਰਕ ਪੱਧਰ ਉਤੇ ਜਿਊਣ ਵਾਲੇ ਤੇ ਸਾਮਰਾਜੀ ਖਪਤਕਾਰੀ ਦੇ ਸ਼ਿਕਾਰ ਲੋਕਾਂ ਦੀ ਹੈ, ਜਿਨ੍ਹਾਂ ਬਾਰੇ ਫ੍ਰੈਡਰਿਕ ਏਂਗਲਜ ਨੇ ਲਿਖਿਆ ਹੈ, "ਜ਼ਿੰਦਗੀ ਨੂੰ ਸਿਰਫ ਇਕਹਿਰੇ ਸਰੀਰਕ ਪੱਧਰ ਉਤੇ ਜਿਊਣ ਵਾਲੇ ਸਿੱਧੜ ਮਨੁਖ ਲਈ ਭੌਤਿਕਵਾਦ ਦਾ ਮਤਲਬ ਪੇਟੂਪੁਣਾ, ਨਸ਼ੇਖੋਰੀ, ਅੱਖਾਂ ਦੀ ਹਵਸ ਅਤੇ ਕਾਮੁਕ ਲਾਲਸਾਵਾਂ ਦੀ ਪੂਰਤੀ ਕਰਨਾ, ਵਿਖਾਵੇ ਭਰੀ ਜ਼ਿੰਦਗੀ ਜਿਊਣਾ ਤੇ ਹਰ ਤਰ੍ਹਾਂ ਦੇ ਲਾਭ ਮਗਰ ਦੌੜਨਾ ਹੈ। ਲਾਲਸਾਵਾਂ ਨਾਲ ਭਰਿਆ ਲੋਭੀ, ਹਿਰਸੀ, ਸ਼ੇਅਰ ਬਾਜ਼ਾਰੂ ਠੱਗੀ ਅਤੇ ਇਸ ਤਰ੍ਹਾਂ ਦੇ ਸਾਰੇ ਨੀਚ ਐਬਾਂ ਨਾਲ ਗ੍ਰਸਤ ਮਨੁਖ ਆਪਣੀ ਜਾਤੀ ਜ਼ਿੰਦਗੀ ਵਿਚ ਇਨ੍ਹਾਂ ਸਭ ਅਲਾਮਤਾਂ ਦਾ ਲੁਕਵੇਂ ਰੂਪ ਵਿਚ ਸ਼ਿਕਾਰ ਹੁੰਦਾ ਹੈ। ਆਦਰਸ਼ਵਾਦ ਤੋਂ ਉਸ ਦਾ ਭਾਵ ਨੇਕ ਗੁਣਾਂ ਵਿਚ ਭਰੋਸਾ, ਸਰਬਤ ਦੇ ਭਲੇ ਦੀ ਭਾਵਨਾ ਅਤੇ ਆਮ ਤੌਰ 'ਤੇ 'ਨੇਕ ਸੰਸਾਰ' ਤੋਂ ਹੁੰਦਾ ਹੈ। ਇਸ ਦੀਆਂ ਉਹ ਦੂਜਿਆਂ ਲੋਕਾਂ ਸਾਹਮਣੇ ਬੜੀਆਂ ਫੜ੍ਹਾਂ ਮਾਰਦਾ ਹੈ, ਪਰ ਜਿਨ੍ਹਾਂ ਵਿਚ ਖੁਦ ਉਹ ਓਨਾ ਚਿਰ ਹੀ ਯਕੀਨ ਕਰਦਾ ਹੈ, ਜਿੰਨਾ ਚਿਰ ਉਹ ਇਕਹਿਰੇ ਭੌਤਿਕਵਾਦ ਦੇ ਭੋਗੀ ਅਤਿ ਦੇ ਸਿਟੇ ਵਜੋਂ, ਜਾਂ ਤਾਂ ਇਨ੍ਹਾਂ ਦਾ ਖਮਿਆਜਾ ਭੁਗਤ ਰਿਹਾ ਹੁੰਦਾ ਹੈ ਜਾਂ ਫਿਰ ਇਨ੍ਹਾਂ ਦੇ ਦੀਵਾਲੀਏਪਣ ਦੇ ਦੌਰ ਵਿਚੋਂ ਲੰਘ ਰਿਹਾ ਹੁੰਦਾ ਹੈ। ਉਦੋਂ ਹੀ ਉਹ ਆਪਣਾ ਮਨਪਸੰਦ ਗੀਤ ਗਾਉਂਦਾ ਹੈ, ਮਨੁਖ ਕੀ ਹੈ? ਅੱਧਾ ਪਸ਼ੂ, ਅੱਧਾ ਦੇਵਤਾ।"

ਆਪਣੀਆਂ ਕੁਦਰਤੀ ਲੋੜਾਂ ਤੋਂ ਆਤਮਿਕ ਤੌਰ 'ਤੇ ਸੁਚੇਤ, ਭੌਤਿਕਵਾਦੀਆਂ ਦੀ ਦੂਜੀ ਧਾਰਾ ਬਾਰੇ ਮਾਰਕਸ ਨੇ ਕਿਹਾ ਹੈ ਕਿ ਬਾਕੀ ਜੀਵਾਂ ਨੇ ਕਿਵੇਂ ਜਿਊਣਾ ਹੈ, ਇਸ ਦਾ ਘੇਰਾ ਕੁਦਰਤ ਨੇ ਮਿਥ ਦਿਤਾ ਹੈ। ਇਸ ਘੇਰੇ ਨੂੰ ਤੋੜੇ ਬਿਨਾ ਉਹ ਬੜੀ ਸ਼ਾਂਤੀ ਨਾਲ ਇਸ ਘੇਰੇ ਵਿਚ ਵਿਚਰਦੇ ਹਨ ਪਰ ਦੈਵੀ ਸ਼ਕਤੀ ਨੇ ਮਨੁਖ ਲਈ ਆਮ ਨਿਸ਼ਾਨਾ ਮਿਥਿਆ ਹੈ ਕਿ ਉਹ ਖੁਦ ਅਤੇ ਮਨੁਖਤਾ ਨੂੰ ਹੋਰ ਉਚਾ ਚੁੱਕੇ ਅਤੇ ਨੇਕ ਬਣਾਏ। ਯਕੀਨਨ ਇਸ ਦਾ ਮੁਖ ਮੰਤਵ ਸਰਬੱਤ ਦਾ ਭਲਾ ਅਤੇ ਸਾਡੀ ਖੁਦ ਦੀ ਪੂਰਨਤਾ ਹੋਣਾ ਚਾਹੀਦਾ ਹੈ। ਇਹ ਕਦੀ ਸਾਡੀ ਸੋਚ ਵਿਚ ਹੀ ਨਹੀਂ ਆਉਣਾ ਚਾਹੀਦਾ ਕਿ ਇਹ ਦੋਵੇਂ ਪੱਖ ਟਕਰਾਵੇਂ ਹਨ ਜਾਂ ਇਕ ਦੂਜੇ ਦੇ ਵਿਰੋਧੀ ਹਨ। ਸਗੋਂ ਇਸ ਦੇ ਐਨ ਉਲਟ ਮਨੁਖ ਦਾ ਕੁਦਰਤੀ ਸੁਭਾਅ ਹੀ ਇਸ ਤਰ੍ਹਾਂ ਦਾ ਹੈ ਕਿ ਉਹ ਆਪਣੇ ਸੰਗੀ ਮਨੁਖਾਂ ਦੀ ਪੂਰਨਤਾ ਲਈ ਅਤੇ ਉਨ੍ਹਾਂ ਦੇ ਭਲੇ ਲਈ ਕੰਮ ਕਰਦਾ ਹੋਇਆ ਹੀ, ਆਪਣੀ ਖੁਦ ਦੀ ਪੂਰਨਤਾ ਪ੍ਰਾਪਤ ਕਰ ਸਕਦਾ ਹੈ। ਇਤਿਹਾਸ ਉਨ੍ਹਾਂ ਨੂੰ ਸਭ ਤੋਂ ਵੱਧ ਮਹਾਨ ਮਨੁਖ ਕਹਿੰਦਾ ਹੈ, ਜੋ ਸਰਬ-ਸਾਂਝੀਵਾਲਤਾ ਲਈ ਕੰਮ ਕਰਦੇ ਹੋਏ ਆਪਣੇ ਆਪ ਨੂੰ ਨੇਕ ਬਣਾਉਂਦੇ ਹਨ। ਧਰਮ ਵੀ ਸਾਨੂੰ ਇਹੀ ਸਿਖਾਉਂਦਾ ਹੈ ਕਿ ਮਨੁਖਤਾ ਖਾਤਰ ਆਪਣੇ ਆਪ ਨੂੰ ਕੁਰਬਾਨ ਕਰ ਦੇਣ ਵਾਲੇ ਆਦਰਸ਼ ਪੁਰਖ ਦੀ ਹੀ ਸਾਰੇ ਨਕਲ ਕਰਨਾ ਚਾਹੁੰਦੇ ਹਨ।

ਜ਼ਿੰਦਗੀ ਵਿਚ ਜੇ ਅਸੀਂ ਬਹੁਤਾ ਕੰਮ ਮਨੁਖਤਾ ਦੇ ਭਲੇ ਲਈ ਕਰੀਏ ਤਾਂ ਕੋਈ ਵੀ ਬੋਝ ਸਾਨੂੰ ਝੁਕਾ ਨਹੀਂ ਸਕੇਗਾ ਕਿਉਂਕਿ ਉਹ ਸਰਬੱਤ ਦੇ ਭਲੇ ਲਈ ਕੀਤੀ ਕੁਰਬਾਨੀ ਹੋਵੇਗੀ। ਫਿਰ ਅਸੀਂ ਨਿਗੂਣਾ, ਸੀਮਤ ਅਤੇ ਸੁਆਰਥੀ ਅਨੰਦ ਨਹੀਂ ਮਾਣਾਂਗੇ, ਸਗੋਂ ਸਾਡੀ ਖੁਸ਼ੀ ਦਾ ਸਬੰਧ ਕਰੋੜਾਂ ਲੋਕਾਂ ਦੀ ਖੁਸ਼ੀ ਨਾਲ ਹੋਵੇਗਾ। ਸਾਡੇ ਕੀਤੇ ਕੰਮ ਚੁਪ-ਚੁਪੀਤੇ ਪਰ ਨਿਰੰਤਰ ਕਾਰਜਸ਼ੀਲ ਰਹਿਣਗੇ ਅਤੇ ਸਾਡੇ ਮਰਨ ਤੋਂ ਬਾਅਦ ਸਾਡੀ ਰਾਖ ਉਤੇ ਨੇਕ ਲੋਕਾਂ ਦੇ ਕੋਸੇ-ਕੋਸੇ ਹੰਝੂ ਡਿਗਣਗੇ ਪਰ ਭੌਤਿਕਵਾਦੀਆਂ ਦੀ ਇਸ ਧਾਰਾ ਬਾਰੇ ਮਾਰਕਸ ਨੇ ਨਾਲ ਮਨੁੱਖ ਦੀ ਆਤਮਿਕ ਆਜ਼ਾਦੀ ਦੀ ਸ਼ਰਤ ਵੀ ਲਾਈ ਹੈ। ਭੌਤਿਕਵਾਦੀਆਂ ਦੀ ਇਹੀ ਵੰਡ ਭਾਰਤੀ ਫਿਲਾਸਫੀ ਵਿਚ ਚਾਰਵਾਕੀਆਂ ਨੇ ਕੀਤੀ ਹੈ। ਇਹੀ ਵੰਡ ਗੁਰਮਤਿ ਨੇ ਗੁਰਮੁਖ ਅਤੇ ਮਨਮੁਖ ਵਿਚਕਾਰ ਕੀਤੀ ਹੈ।

ਅੱਜ ਦੁਨੀਆਂ ਭਰ ਵਿਚ ਤਮਾਕੂ ਵਿਰੋਧੀ ਲਹਿਰ ਚਲ ਰਹੀ ਹੈ। ਦੁਨੀਆਂ ਭਰ ਦੇ ਕਰੀਬ ਸਾਰੇ ਦੇਸ਼ਾਂ ਦੇ ਸਿਆਣੇ ਲੋਕ ਅਰਬਪਤੀ ਤਮਾਕੂ ਕੰਪਨੀਆਂ ਦੀਆਂ ਧੱਕੜ ਨੀਤੀਆਂ ਵਿਰੁਧ ਆਵਾਜ਼ ਉਠਾ ਰਹੇ ਹਨ। ਸਿੱਖ ਗੁਰੂ ਸਾਹਿਬਾਨ ਦੀ ਪ੍ਰੇਰਨਾ ਸਦਕਾ ਹੁਣ ਤੱਕ ਸਿੱਖ ਵਧ ਘਟ ਇਸ ਜੂਠ ਤੋਂ ਬਚੇ ਆ ਰਹੇ ਸਨ ਪਰ ਨਾਗੀਰੈਡੀ ਗਰੁਪ ਦੇ ਜਨਰਲ ਸਕੱਤਰ ਪ੍ਰੋ. ਹਰਭਜਨ ਸੋਹੀ ਨਾ ਸਿਰਫ ਆਪ ਲਗਾਤਾਰ ਸਿਗਰਟਾਂ ਪੀਣ ਦੇ ਆਦੀ ਸਨ, ਸਗੋਂ ਉਨ੍ਹਾਂ ਨੇ ਇਹ ਮੰਦੀ ਆਦਤ ਸਾਰੇ ਨਕਸਲੀ ਗਰੁਪਾਂ ਤਕ ਫੈਲਾਈ। ਹਾਲਤ ਇਹ ਸੀ ਕਿ ਬੜੀਆਂ ਅਹਿਮ ਬੈਠਕਾਂ ਕਰਨ ਵੇਲੇ ਵੀ ਇਹ ਖਿਆਲ ਰਖਿਆ ਜਾਂਦਾ ਸੀ ਕਿ ਬੈਠਕ ਉਥੇ ਕੀਤੀ ਜਾਏ ਜਿਥੇ ਇਹ ਖੁਲ੍ਹ ਮਿਲੇ। ਇਸੇ ਆਦਤ ਕਾਰਨ ਨਕਸਲੀ ਲਹਿਰ ਸਿੱਖ ਆਧਾਰ ਤੋਂ ਟੁੱਟ ਗਈ। ਮਾਰਕਸ ਦਾ ਕਮਿਊਨਿਜ਼ਮ ਕੁਦਰਤ ਨਾਲ ਇਕਮਿਕ ਹੈ ਜਾਂ ਇਸ ਦਾ ਅੰਤਿਮ ਨਿਸ਼ਾਨਾ ਮਨੁੱਖ ਦੀ ਆਤਮਿਕ ਆਜ਼ਾਦੀ ਹੈ, ਇਸ ਦੀ ਥਾਂ ਉਨ੍ਹਾਂ ਦਾ ਆਪਣਾ ਆਦਰਸ਼ ਪੱਛਮੀ ਸਮਾਜ ਦੀਆਂ ਖੁੱਲ੍ਹਾ ਮਾਣਨ ਤਕ ਸੀਮਤ ਸੀ।

# ਸਿੱਖ ਭਾਈਚਾਰੇ ਦੇ ਮਾਮਲਿਆਂ ਵਿਚ ਹਿੰਦੂਤਵੀ ਦਖਲ

*ਘੱਟ ਗਿਣਤੀਆਂ ਉਪਰ ਹਮਲਿਆਂ ਦੇ ਮਾਮਲੇ ਵਿਚ ਆਰ.ਐਸ.ਐਸ. ਅਤੇ ਇਸ ਦੀਆਂ ਜੋਟੀਆਂ ਜਥੇਬੰਦੀਆਂ ਨਿੱਤ ਵਿਵਾਦਾਂ ਵਿਚ ਘਿਰੀਆਂ ਰਹਿੰਦੀਆਂ ਹਨ। ਪੱਤਰਕਾਰ ਰਾਜੀਵ ਖੰਨਾ ਨੇ ਆਪਣੇ ਇਸ ਲੇਖ ਵਿਚ ਸੰਘ ਪਰਿਵਾਰ ਵਲੋਂ ਸਿੱਖ ਭਾਈਚਾਰੇ ਦੇ ਅੰਦਰੂਨੀ ਮਾਮਲਿਆਂ ਵਿਚ ਕੀਤੀ ਜਾ ਰਹੀ ਦਖਲਅੰਦਾਜ਼ੀ ਦੀ ਚਰਚਾ ਕੀਤੀ ਹੈ। ਮਾਮਲੇ ਦੀ ਗੰਭੀਰਤਾ ਦੇ ਮੱਦੇਨਜ਼ਰ ਇਸ ਦਾ ਪੰਜਾਬੀ ਅਨੁਵਾਦ ਪਾਠਕਾਂ ਨਾਲ ਸਾਂਝਾ ਕੀਤਾ ਜਾ ਰਿਹਾ ਹੈ। -ਸੰਪਾਦਕ*

ਆਪਣੇ ਧਾਰਮਿਕ-ਰਾਜਸੀ ਮਾਮਲਿਆਂ ਵਿਚ ਹਿੰਦੂਤਵ ਤਾਕਤਾਂ ਵਲੋਂ ਕੀਤੀ ਜਾ ਰਹੀ ਦਖਲਅੰਦਾਜ਼ੀ ਨੂੰ ਲੈ ਕੇ ਸਿੱਖ ਭਾਈਚਾਰੇ ਅੰਦਰੋਂ ਰੋਸ ਦੀ ਆਵਾਜ਼ ਇਕ ਵਾਰ ਫਿਰ ਉਠਣੀ ਸ਼ੁਰੂ ਹੋ ਗਈ ਹੈ। ਪੰਜਾਬ ਅੰਦਰ 12ਵੀਂ ਜਮਾਤ ਦੀਆਂ ਇਤਿਹਾਸ ਦੀਆਂ ਕਿਤਾਬਾਂ ਵਿਚ ਸਿੱਖ ਇਤਿਹਾਸ ਨੂੰ ਵਿਗਾੜ ਕੇ ਪੇਸ਼ ਕੀਤੇ ਜਾਣ ਨੂੰ ਲੈ ਕੇ ਹਾਲੀਆ ਵਿਵਾਦ ਅਜੇ ਥੰਮ੍ਹਿਆ ਨਹੀਂ, ਹੁਣ ਉਨ੍ਹਾਂ ਕਿਤਾਬਾਂ ਉਪਰ ਉਂਗਲਾਂ ਉਠ ਰਹੀਆਂ ਹਨ ਜੋ ਨਾਗਪੁਰ ਵਿਖੇ 'ਭਾਰਤ ਭਾਰਤੀ' ਲੜੀ ਤਹਿਤ ਛਾਪੀਆਂ ਜਾ ਰਹੀਆਂ ਹਨ। ਇਨ੍ਹਾਂ ਕਿਤਾਬਾਂ ਉਪਰ ਛਪਿਆ

**ਰਾਜੀਵ ਖੰਨਾ**
**ਅਨੁਵਾਦ: ਬੂਟਾ ਸਿੰਘ**

ਪ੍ਰਕਾਸ਼ਨ ਪਤਾ ਹੈ: 'ਸ੍ਰੀ ਭਾਰਤੀ ਪ੍ਰਕਾਸ਼ਨ, ਡਾ. ਹੈਡਗੇਵਾਰ ਭਵਨ ਪਰਿਸਰ, ਨਾਗਪੁਰ'।

ਹਿੰਦੀ ਵਿਚ ਇਹ ਕਿਤਾਬਾਂ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿਚ ਵੰਡੀਆਂ ਜਾ ਰਹੀਆਂ ਹਨ ਅਤੇ ਸਿੱਖਾਂ ਦਰਮਿਆਨ ਇਨ੍ਹਾਂ ਵਿਚ ਤੋਲੇ 'ਕੁਫ਼ਰ' ਨੂੰ ਲੈ ਕੇ ਗੁੱਸਾ ਹੈ; ਖਾਸ ਕਰ ਕੇ 'ਗੁਰੂ ਪੁੱਤਰ ਫ਼ਤਹਿ ਸਿੰਘ ਜ਼ੋਰਾਵਰ ਸਿੰਘ', 'ਗੁਰੂ ਤੇਗ ਬਹਾਦਰ' ਅਤੇ 'ਗੁਰੂ ਗੋਬਿੰਦ ਸਿੰਘ' ਨਾਂ ਦੀਆਂ ਤਿੰਨ ਕਿਤਾਬਾਂ ਹਨ ਜਿਨ੍ਹਾਂ ਦੀ ਸਮੱਗਰੀ ਪ੍ਰੇਸ਼ਾਨ ਕਰਨ ਵਾਲੀ ਹੈ। ਮੁੱਦਾ ਇਹ ਉਠਾਇਆ ਗਿਆ ਹੈ ਕਿ 'ਗੁਰੂ ਤੇਗ ਬਹਾਦਰ' ਨਾਂ ਦੀ ਕਿਤਾਬ ਦੀ ਜਿਲਦ ਉਪਰ ਜੋ ਤਸਵੀਰ ਦਿੱਤੀ ਗਈ ਹੈ, ਉਸ ਵਿਚ ਸਿੱਖ ਗੁਰੂ ਨੂੰ ਤਕਰੀਬਨ ਮੁਗ਼ਲ ਪਹਿਰਾਵੇ ਵਿਚ ਦਿਖਾਇਆ ਗਿਆ ਹੈ। ਇਸ ਨੇ ਇਕ ਵਾਰ ਫਿਰ ਮੂਰਤੀ ਪੂਜਾ ਅਤੇ ਸਿੱਖ ਗੁਰੂਆਂ ਦੀਆਂ ਤਸਵੀਰਾਂ ਨੂੰ ਉਤਸ਼ਾਹਤ ਕਰਨ ਨੂੰ ਲੈ ਕੇ ਚੱਲ ਰਹੇ ਵਿਵਾਦ ਨੂੰ ਸਾਹਮਣੇ ਲੈ ਆਂਦਾ ਹੈ।

ਇਸ ਤੋਂ ਅੱਗੇ ਇਨ੍ਹਾਂ ਕਿਤਾਬਾਂ ਦੀ ਸਮੱਗਰੀ ਨੂੰ ਲੈ ਕੇ ਵੀ ਰੋਸ ਹੈ। ਸੂਤਰਾਂ ਦਾ ਕਹਿਣਾ ਹੈ ਕਿ ਇਨ੍ਹਾਂ ਵਿਚ ਵਿਚ ਕਿਹਾ ਗਿਆ ਹੈ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾ ਜੀ ਨੇ ਤੁਰਕਾਂ ਦੀ ਰਾਜਨੀਤਕ ਸੱਤਾ ਵਿਰੁਧ ਲੜਾਈ ਲੜੀ। ਤੁਰਕਾਂ ਦਾ ਜ਼ਿਕਰ 'ਮਲੇਛ' ਵਜੋਂ ਕੀਤਾ ਗਿਆ ਹੈ ਜੋ ਖ਼ਾਸ ਵੈਦਿਕ ਲਫ਼ਜ਼ ਹੈ ਜਿਸ ਦਾ ਭਾਵ ਹੈ 'ਵਹਿਸ਼ੀਪਣ'। ਦੂਜੇ ਪਾਸੇ, ਸਿੱਖੀ ਐਸੇ ਲਫ਼ਜ਼ ਇਸਤੇਮਾਲ ਕਰ ਕੇ ਕਿਸੇ ਭਾਈਚਾਰੇ ਵਿਰੁਧ ਵਿਤਕਰਾ ਕੀਤੇ ਜਾਣ ਦੇ ਖ਼ਿਲਾਫ਼ ਹੈ। ਇਨ੍ਹਾਂ ਕਿਤਾਬਾਂ ਵਿਚ ਗੁਰੂ ਅਰਜਨ ਦੇਵ ਦਾ ਜ਼ਿਕਰ 'ਗਊ ਭਗਤ' ਵਜੋਂ ਕੀਤਾ ਗਿਆ ਹੈ ਅਤੇ ਇਹ ਲਿਖਿਆ ਗਿਆ ਹੈ ਕਿ ਉਨ੍ਹਾਂ ਦਾ ਕਤਲ 'ਸੰਪੂਰਨ ਹਿੰਦੂ ਸਮਾਜ' ਖ਼ਾਤਰ ਦਿੱਤੀ ਕੁਰਬਾਨੀ ਸੀ। ਇਨ੍ਹਾਂ ਕਿਤਾਬਾਂ ਵਿਚ ਦਿੱਤੇ ਕੁਝ ਇਤਿਹਾਸਕ ਤੱਥਾਂ ਨੂੰ ਲੈ ਕੇ ਵੀ ਇਤਰਾਜ਼ ਹਨ।

ਸ. ਬਲਦੇਵ ਸਿੰਘ ਸਿਰਸਾ ਜੋ ਸਿੱਖ ਇਤਿਹਾਸ ਨੂੰ ਤੋੜ-ਮਰੋੜ ਕੇ ਪੇਸ਼ ਕੀਤੇ ਜਾਣ ਨਾਲ ਸਬੰਧਤ ਮੁੱਦੇ ਲਗਾਤਾਰ ਉਠਾਉਂਦੇ ਰਹੇ ਹਨ, ਮੁਤਾਬਕ, "ਪਹਿਲੀ ਗੱਲ ਤਾਂ ਇਹ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸ਼ਿਵਾ ਜੀ ਦੀ ਤੁਲਨਾ ਕੀਤੀ ਗਈ ਹੈ ਜੋ ਸਾਧਾਰਨ ਇਨਸਾਨ ਸੀ ਅਤੇ ਉਨ੍ਹਾਂ ਨੂੰ ਇਕੋ ਪੱਲੜੇ ਵਿਚ ਰੱਖਿਆ ਗਿਆ ਹੈ। ਅਗਲੀ ਗੱਲ ਗੁਰੂ ਅਰਜਨ ਦੇਵ ਜੀ ਨੂੰ 'ਗਊ ਭਗਤ' ਦੱਸਿਆ ਗਿਆ ਹੈ ਜੋ ਪੂਰੀ ਤਰ੍ਹਾਂ ਗ਼ਲਤ ਹੈ ਕਿਉਂਕਿ ਹਿੰਦੂਵਾਦ ਦੇ ਉਲਟ, ਸਿੱਖੀ ਵਿਚ ਗਊ ਦੀ ਪੂਜਾ ਲਈ ਕੋਈ ਥਾਂ ਨਹੀਂ। ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ 'ਸੰਪੂਰਨ ਹਿੰਦੂ ਸਮਾਜ' ਲਈ ਦਿੱਤੀ ਕੁਰਬਾਨੀ ਕਹਿਣਾ ਬਹੁਤ ਗ਼ਲਤ ਹੈ ਕਿਉਂਕਿ ਇਹ ਤਾਂ ਦਾਬੇ ਵਿਰੁਧ ਮਨੁੱਖਤਾ ਲਈ ਦਿੱਤੀ ਕੁਰਬਾਨੀ ਸੀ ਜੋ ਕੋਈ ਵੀ ਹੋ ਸਕਦਾ ਸੀ।"

ਉਸ ਨੇ ਨੁਕਤਾ ਉਠਾਇਆ ਕਿ ਸਿੱਖ ਆਮ ਹੀ ਇਹ ਮਹਿਸੂਸ ਕਰਦੇ ਹਨ ਕਿ ਆਰ.ਐਸ.ਐਸ. ਸਮੇਤ ਹਿੰਦੂਤਵ ਜਥੇਬੰਦੀਆਂ ਖ਼ਾਲਸਾ ਪੰਥ ਨੂੰ ਹਿੰਦੂਆਂ ਦੇ ਇਕ ਮੱਤ ਦੇ ਤੌਰ 'ਤੇ ਲੈਂਦੀਆਂ ਹਨ ਕਿ ਇਸ ਦੀ ਸਿਰਜਣਾ ਗੁਰੂ ਗੋਬਿੰਦ ਸਿੰਘ ਵਲੋਂ ਇਸਲਾਮ ਦਾ ਮੁਕਾਬਲਾ ਕਰਨ ਲਈ ਕੀਤੀ ਗਈ ਸੀ ਅਤੇ ਉਨ੍ਹਾਂ ਵਲੋਂ ਸਿੱਖਾਂ ਨੂੰ ਇਕ ਹੋਰ ਹਿੰਦੂ 'ਸ਼ਕਤੀ ਕੇਂਦਰ' ਵਜੋਂ ਪੇਸ਼ ਕੀਤਾ ਜਾਂਦਾ ਹੈ।

ਇਹ ਇਕੋ-ਇਕ ਹਾਲੀਆ ਮਿਸਾਲ ਨਹੀਂ ਜਿਸ ਨੂੰ ਲੈ ਕੇ ਤੂਫ਼ਾਨ ਉਠਿਆ ਹੈ। ਕੁਝ ਦਿਨ ਪਹਿਲਾਂ ਦਿੱਲੀ ਦੇ ਦਿਆਲ ਸਿੰਘ ਕਾਲਜ (ਈਵਨਿੰਗ) ਦਾ ਨਾਂ ਬਦਲ ਕੇ 'ਬੰਦੇ ਮਾਤਰਮ ਦਿਆਲ ਸਿੰਘ ਕਾਲਜ' ਰੱਖਣ ਨੂੰ ਲੈ ਕੇ ਵਿਵਾਦ ਪੈਦਾ ਹੋਇਆ ਸੀ। ਇਕ ਵਾਰ ਫਿਰ ਇਹ ਕੇਂਦਰੀ ਮਨੁੱਖੀ ਸਰੋਤਾਂ ਦੇ ਵਿਕਾਸ ਦੇ ਮੰਤਰੀ ਪ੍ਰਕਾਸ਼ ਜਾਵੜੇਕਰ ਦੀ ਦਖ਼ਲਅੰਦਾਜ਼ੀ ਅਤੇ ਇਸ ਯਕੀਨਦਹਾਨੀ ਉਪਰ ਛੱਡ ਦਿੱਤਾ ਗਿਆ ਕਿ ਸਰਕਾਰ ਕਾਲਜ ਦਾ ਨਾਂ ਬਦਲਣ ਦੀ ਇਜਾਜ਼ਤ ਨਹੀਂ ਦੇਵੇਗੀ।

ਜਾਵੜੇਕਰ ਦੀ ਯਕੀਨਦਹਾਨੀ ਦੇ ਬਾਵਜੂਦ ਰਿਪੋਰਟ ਇਹ ਹੈ ਕਿ ਕਾਲਜ ਦੀ ਗਵਰਨਿੰਗ ਕੌਂਸਲ ਦੇ ਪ੍ਰਧਾਨ ਅਮਿਤਾਭ ਸਿਨਹਾ ਨੇ ਕਿਹਾ ਹੈ ਕਿ ਸਰਕਾਰ ਦਿੱਲੀ ਯੂਨੀਵਰਸਿਟੀ, ਜਿਸ ਨਾਲ ਇਹ ਕਾਲਜ ਸਬੰਧਤ ਹੈ, ਦੇ ਪ੍ਰਸ਼ਾਸਨਿਕ




ਮਾਮਲਿਆਂ ਵਿਚ ਦਖਲ ਨਹੀਂ ਦੇ ਸਕਦੀ, ਕਿਉਂਕਿ ਇਹ ਖ਼ੁਦਮੁਖਤਿਆਰ ਯੂਨੀਵਰਸਿਟੀ ਹੈ। ਉਸ ਨੇ ਕਿਹਾ ਸੀ ਕਿ ਨਾਂ ਬਦਲਣਾ ਕਾਨੂੰਨ ਦੇ ਦਾਇਰੇ ਵਿਚ ਰਹਿ ਕੇ ਕੀਤਾ ਜਾ ਰਿਹਾ ਸੀ। ਸਿੱਖਾਂ ਵਿਚੋਂ ਬਹੁਤ ਸਾਰੇ ਇਸ ਨੂੰ ਸੰਘ ਪਰਿਵਾਰ ਦੀ ਭਾਈਚਾਰੇ ਅੰਦਰ ਘਚੋਲਾ ਪੈਦਾ ਕਰਨ ਦੀ ਯੁੱਧਨੀਤੀ ਦੇ ਤੌਰ 'ਤੇ ਦੇਖਦੇ ਹਨ।

ਨਾਂ ਅਜੇ ਭਾਵੇਂ ਬਦਲਿਆ ਨਹੀਂ ਗਿਆ, ਨੁਕਸਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ। ਸ਼੍ਰੋਮਣੀ ਅਕਾਲੀ ਦਲ ਦੀਆਂ ਵਿਰੋਧੀ ਪਾਰਟੀਆਂ ਨੇ ਮੁੜ ਇਹ ਮੰਗ ਕੀਤੀ ਹੈ ਕਿ ਕੇਂਦਰੀ ਵਜ਼ਾਰਤ ਵਿਚ ਅਕਾਲੀ ਦਲ ਦੀ ਇਕੋ-ਇਕ ਪ੍ਰਤੀਨਿਧ ਹਰਸਿਮਰਤ ਕੌਰ ਬਾਦਲ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਿਚੋਂ ਬਾਹਰ ਆਵੇ। ਹਰਸਿਮਰਤ ਕੌਰ ਵਲੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਕੋਲ ਇਹ ਮਾਮਲਾ ਉਠਾ ਕੇ ਮੰਗ ਕੀਤੀ ਗਈ ਕਿ ਮਨੁੱਖੀ ਸਰੋਤ ਵਿਕਾਸ ਮੰਤਰਾਲੇ ਵਲੋਂ ਕੀਤੇ ਇਸ ਵਾਅਦੇ ਦੀ ਉਲੰਘਣਾ ਕਰਨ ਲਈ ਅਮਿਤਾਭ ਸਿਨਹਾ ਨੂੰ ਕੱਢਿਆ ਜਾਵੇ ਕਿ ਦਿਆਲ ਸਿੰਘ ਕਾਲਜ ਦਿੱਲੀ ਦਾ ਨਾਂ ਬਦਲਿਆ ਨਹੀਂ ਜਾਵੇਗਾ।

ਉਸ ਨੇ ਧਿਆਨ ਵਿਚ ਲਿਆਂਦਾ ਕਿ ਇਸ ਸਾਲ 16 ਜਨਵਰੀ ਨੂੰ ਜਾਵੜੇਕਰ ਵਲੋਂ ਕੀਤੇ ਲਿਖਤੀ ਵਾਅਦੇ ਦੇ ਬਾਵਜੂਦ ਕਿ ਕਾਲਜ ਦਾ ਨਾਂ ਬਦਲਿਆ ਨਹੀਂ ਜਾਵੇਗਾ, ਇਸ ਦੀ ਮੈਨੇਜਮੈਂਟ ਵਲੋਂ 25 ਅਪਰੈਲ ਦੇ ਸਾਲਾਨਾ ਇਨਾਮ ਵੰਡ ਸਮਾਰੋਹ ਵਿਖੇ ਕਾਲਜ ਦੇ ਨਾਂ ਦੀ ਥਾਂ ਜਾਣ-ਬੁਝ ਕੇ 'ਵੰਦੇ ਮਾਤਰਮ ਦਿਆਲ ਸਿੰਘ ਕਾਲਜ' ਦੇ ਬੈਨਰ ਲਗਾ ਕੇ ਸਿੱਖ ਭਾਈਚਾਰੇ ਦੇ ਜਜ਼ਬਾਤ ਨੂੰ ਠੇਸ ਪਹੁੰਚਾਈ ਗਈ। ਉਸ ਨੇ ਕਿਹਾ ਕਿ ਅਮਿਤਾਭ ਸਿਨਹਾ ਮਸ਼ਹੂਰ ਮਾਨਵਪ੍ਰੇਮੀ ਦਿਆਲ ਸਿੰਘ ਮਜੀਠੀਆ ਦੀ ਵਿਰਾਸਤ ਨੂੰ ਤਬਾਹ ਕਰਨ ਲਈ 'ਵੰਦੇ ਮਾਤਰਮ' ਨਾਂ ਦੀ ਦੁਰਵਰਤੋਂ ਜਾਣ-ਬੁਝ ਕੇ ਕਰ ਰਿਹਾ ਹੈ ਜੋ ਸਮਾਜ ਸੁਧਾਰਕ ਸੀ ਅਤੇ ਜਿਸ ਨੇ ਆਪਣੀ ਕੁਲ ਜਾਇਦਾਦ ਲੋਕ ਭਲਾਈ ਲਈ ਦਾਨ ਕਰ ਦਿੱਤੀ ਸੀ।

ਹਰਸਿਮਰਤ ਕੌਰ ਨੇ ਮੋਦੀ ਨੂੰ ਦਿੱਲੀ ਯੂਨੀਵਰਸਿਟੀ ਦੇ ਉਪ ਕੁਲਪਤੀ ਯੋਗੇਸ਼ ਕੇ. ਤਿਆਗੀ ਵਿਰੁਧ ਸਖ਼ਤ ਕਾਰਵਾਈ ਕਰਨ ਦੀ ਗੁਜ਼ਾਰਿਸ਼ ਵੀ ਕੀਤੀ ਜਿਸ ਨੇ ਅਮਿਤਾਭ ਸਿਨਹਾ ਦੀ ਅਸਿੱਧੀ ਹਮਾਇਤ ਕੀਤੀ ਅਤੇ ਕਈ ਸ਼ਿਕਾਇਤਾਂ ਦੇ ਬਾਵਜੂਦ ਉਸ ਦੇ ਖ਼ਿਲਾਫ਼ ਕਾਰਵਾਈ ਨਹੀਂ ਕੀਤੀ। ਪਿਛਲੇ ਸਾਲ ਸ਼੍ਰੋਮਣੀ ਅਕਾਲੀ ਦਲ ਦੇ ਆਗੂ ਨਰੇਸ਼ ਗੁਜਰਾਲ ਨੇ ਇਹ ਮਾਮਲਾ ਰਾਜ ਸਭਾ ਵਿਚ ਵੀ ਉਠਾਇਆ ਸੀ ਜਿਸ ਬਾਬਤ ਜਾਵੜੇਕਰ ਵਲੋਂ ਸਪਸ਼ਟ ਯਕੀਨ ਦਿਵਾਇਆ ਗਿਆ ਸੀ।

ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਦੇ ਘੇਰੇ ਤੋਂ ਬਾਹਰਲੇ ਸਿੱਖ ਧੜਿਆਂ ਦੀ ਨੁਮਾਇੰਦਾ ਹੋਣ ਦੇ ਦਾਅਵੇ ਕਰਨ ਵਾਲੀ ਜਥੇਬੰਦੀ ਯੂਨਾਈਟਿਡ ਸਿੱਖ ਮੂਵਮੈਂਟ ਦੇ ਕੈਪਟਨ ਚੰਨਣ ਸਿੰਘ ਦਾ ਕਹਿਣਾ ਹੈ, "ਆਰ.ਐਸ.ਐਸ. ਸਮੇਤ ਹਿੰਦੂਤਵ ਜਥੇਬੰਦੀਆਂ ਵਲੋਂ ਸੰਸਥਾਵਾਂ ਉਪਰ ਹਮਲਾ ਜਾਰੀ ਹੈ। ਸਿੱਖਾਂ ਉਪਰ ਚਾਰ-ਚੁਫੇਰਿਓਂ ਹਮਲਾ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਭੜਕਾਇਆ ਜਾ ਰਿਹਾ ਹੈ; ਇਹ ਭਾਵੇਂ ਦਿਆਲ ਸਿੰਘ ਕਾਲਜ ਦਾ ਮਾਮਲਾ ਹੋਵੇ, ਭਾਵੇਂ ਨਾਨਕ ਸ਼ਾਹ ਫ਼ਕੀਰ ਵਰਗੀਆਂ ਫਿਲਮਾਂ ਹੋਣ ਅਤੇ ਭਾਵੇਂ ਕਿਤਾਬਾਂ ਵਿਚ ਗੁਰੂ ਸਾਹਿਬਾਨ ਦੇ ਹਵਾਲੇ ਹੋਣ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਕਿ ਲਾਹੌਰ ਵਿਚ ਦਿਆਲ ਸਿੰਘ ਖ਼ਾਲਸਾ ਕਾਲਜ ਦਾ ਨਾਂ ਪਹਿਲਾਂ ਵਾਲਾ ਹੀ ਹੈ ਜਦਕਿ ਦਿੱਲੀ ਵਿਚ ਇਹ ਹਾਲੀਆ ਸ਼ਰਾਰਤ ਕੀਤੀ ਗਈ ਹੈ।"

ਆਰ.ਐਸ.ਐਸ. ਵਲੋਂ ਆਪਣੇ ਨਾਲ ਸਬੰਧਤ ਰਾਸ਼ਟਰੀ ਸਿੱਖ ਸੰਗਤ ਰਾਹੀਂ 25 ਅਕਤੂਬਰ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ 350 ਗੁਰਪੁਰਬ ਮਨਾਉਣ ਲਈ ਵੱਖੋ-ਵੱਖਰੇ ਵਿਸ਼ਵਾਸਾਂ ਵਾਲਿਆਂ ਦੀ ਜੋ ਇਕੱਤਰਤਾ ਕੀਤੀ ਗਈ, ਉਸ ਦਾ ਹਵਾਲਾ ਦਿੰਦਿਆਂ ਉਹ ਕਹਿੰਦੇ ਹਨ, "ਸਾਨੂੰ ਇਹ ਸੁਨੇਹਾ ਭੇਜ ਕੇ ਧਮਕਾਇਆ ਗਿਆ ਸੀ ਕਿ ਜੇ ਅਸੀਂ ਉਨ੍ਹਾਂ ਦੇ ਨਕਸ਼ੇ-ਕਦਮਾਂ ਉਪਰ ਨਾ ਚੱਲੇ ਤਾਂ ਅਸੀਂ ਇਕ ਸੂਬੇ ਤਕ ਸੁੰਗੜ ਕੇ ਰਹਿ ਜਾਵਾਂਗੇ। ਅਸੀਂ ਉਨ੍ਹਾਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਉਹ ਆਪਣੇ ਅੰਦਰ ਝਾਤ ਮਾਰ ਲੈਣ ਕਿ ਉਨ੍ਹਾਂ ਦਾ ਸਨਾਤਨ ਹਿੰਦੂਵਾਦ ਮਹਿਜ਼ ਇਕ ਮੁਲਕ ਤਕ ਕਿਉਂ ਸੁੰਗੜਿਆ। ਜੇ ਉਹ ਆਪਣੇ ਤੌਰ-ਤਰੀਕੇ ਨਹੀਂ ਸੁਧਾਰਦੇ, ਭਾਰਤ ਵਿਚ ਇਹ ਹੋਰ ਵੀ ਸੁੰਗੜੇਗਾ।" ਯਾਦ ਰਹੇ ਕਿ ਸਿੱਖ ਜਥੇਬੰਦੀਆਂ ਨੇ ਇਸ ਸਮਾਰੋਹ ਦਾ ਬਾਈਕਾਟ ਕੀਤਾ ਸੀ।

ਸਮੀਖਿਆਕਾਰ ਵਾਰ-ਵਾਰ ਕਹਿ ਰਹੇ ਹਨ ਕਿ ਬਾਹਰੀ ਤਾਕਤਾਂ ਵਲੋਂ ਸਿੱਖਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖਲ ਨਹੀਂ ਦਿੱਤਾ ਜਾਣਾ ਚਾਹੀਦਾ। ਇਹ ਦਿਮਾਗ ਵਿਚ ਰੱਖਣਾ ਚਾਹੀਦਾ ਹੈ ਕਿ ਪੰਜਾਬ ਦੀਆਂ ਕੁਝ ਨਿਆਰੀਆਂ ਵਿਸ਼ੇਸ਼ਤਾਵਾਂ ਹਨ। ਇਹ ਸਰਹੱਦੀ ਸੂਬਾ ਹੈ ਜਿਥੇ ਕੌਮੀ ਧਾਰਮਿਕ ਘੱਟ ਗਿਣਤੀ, ਬਹੁ ਗਿਣਤੀ ਵਿਚ ਹੈ। ਇਹ ਉਹ ਸੂਬਾ ਹੈ ਜਿਥੇ ਪਛਾਣ ਦੇ ਮੁੱਦਿਆਂ ਨੂੰ ਬਹੁਤ ਗੰਭੀਰਤਾ ਨਾਲ ਲਿਆ ਜਾਂਦਾ ਹੈ ਅਤੇ ਕੋਈ ਵੀ ਭੜਕਾਊ ਹਰਕਤ ਵੱਡੀ ਭੜਕਾਹਟ ਵਿਚ ਬਦਲ ਸਕਦੀ ਹੈ।

# ਨਸ਼ਾ ਵਿਰੋਧੀ ਮੁਹਿੰਮ: ਹੁਣ ਹੱਲਾ ਬੋਲਣ ਦਾ ਵੇਲਾ

ਕਿਸੇ ਸਮੇਂ ਨਸ਼ੇ ਪੰਜਾਬ ਵਿਚ ਜਨਤਕ ਚਰਚਾ ਦਾ ਮੁੱਖ ਮੁੱਦਾ ਸਨ। ਇਹ ਚਰਚਾ ਚੋਣਾਂ ਤੋਂ ਐਨ ਪਹਿਲਾਂ ਸਿਖਰ 'ਤੇ ਪੁੱਜ ਗਈ ਸੀ। ਚੋਣਾਂ ਮਗਰੋਂ ਸਰਕਾਰ ਬਣਿਆਂ ਸਾਲ ਤੋਂ ਵੱਧ ਹੋ ਗਿਆ ਹੈ ਅਤੇ ਅਗਲੀਆਂ ਚੋਣਾਂ ਅਜੇ ਚਹੁੰ ਸਾਲਾਂ ਨੂੰ ਹੋਣੀਆਂ ਹਨ। ਲਿਹਾਜ਼ਾ, ਸਿਆਸੀ ਭਾਸ਼ਣਬਾਜ਼ੀ ਛੱਡ ਕੇ ਕਾਂਗਰਸ ਸਰਕਾਰ ਦੀ ਨਸ਼ਾ ਵਿਰੋਧੀ ਮੁਹਿੰਮ 'ਤੇ ਘੋਖਵੀਂ ਨਜ਼ਰ ਮਾਰਨ ਅਤੇ ਇਸ ਵਿਚ ਲੋੜੀਂਦੀਆਂ ਸੋਧਾਂ ਸਬੰਧੀ ਵਿਚਾਰਨ ਲਈ

**ਕੁਲਜੀਤ ਬੈਂਸ**

ਇਹ ਚੰਗਾ ਵੇਲਾ ਹੈ। ਅਖ਼ਬਾਰਾਂ ਵਿਚ ਇਸ ਮਸਲੇ ਸਬੰਧੀ ਨਸ਼ਰ ਹੋਈਆਂ ਰਿਪੋਰਟਾਂ ਦੇ ਆਧਾਰ ਉਤੇ ਕੁਝ ਬਿੰਦੂਆਂ ਨੂੰ ਜੋੜ ਕੇ ਸਹੀ ਤਸਵੀਰ ਉਘਾੜਨ ਦੀ ਜ਼ਰੂਰਤ ਹੈ।

ਸੂਬਾਈ ਪੁਲਿਸ ਅਤੇ ਸਿਹਤ ਵਿਭਾਗ ਦੀ ਚੋਖੀ ਮਸ਼ੀਨਰੀ ਚੋਣਾਂ ਤੋਂ ਪਹਿਲਾਂ ਹੀ ਹਰਕਤ ਵਿਚ ਸੀ, ਪਰ ਨਵੀਂ ਸਰਕਾਰ ਬਣਨ ਮਗਰੋਂ ਇਸ ਅਮਲ ਵਿਚ ਵਧੇਰੇ ਜੋਸ਼ ਦੇਖਣ ਨੂੰ ਮਿਲਿਆ। ਉਂਜ, ਪੁਲਿਸ ਦੀ ਸਪੈਸ਼ਲ ਟਾਸਕ ਫੋਰਸ ਕਾਇਮ ਕਰਨ ਤੋਂ ਇਲਾਵਾ ਕੋਈ ਹੋਰ ਨਵੀਂ ਰਣਨੀਤੀ ਨਹੀਂ ਬਣਾਈ ਗਈ। ਜ਼ਿਆਦਾਤਰ ਯਤਨ ਰਵਾਇਤੀ ਲੀਹਾਂ ਮੁਤਾਬਿਕ ਹੀ ਹੋਏ; ਜਿਵੇਂ ਤਸਕਰਾਂ ਦੀ ਫੜੋ-ਫੜੀ ਅਤੇ ਨਸ਼ਾ ਛੁਡਾਊ ਕੇਂਦਰਾਂ ਦੀ ਗਿਣਤੀ ਵਧਾਉਣਾ। ਇਸ ਦਾ ਪ੍ਰਭਾਵ ਵੀ ਪਿਆ। ਨਸ਼ਿਆਂ ਦੇ ਭਾਅ ਵਧ ਗਏ, ਨਸ਼ਾ ਛੁਡਾਊ ਕੇਂਦਰਾਂ ਵਿਚ ਮਰੀਜ਼ਾਂ ਦੀ ਗਿਣਤੀ ਅਤੇ ਐਨ.ਡੀ.ਪੀ.ਐਸ. ਕਾਨੂੰਨ ਤਹਿਤ ਮਾਮਲਿਆਂ ਦੀ ਗਿਣਤੀ ਵਧ ਗਈ। ਇਸ ਦੇ ਨਾਲ ਹੀ ਵਧੇਰੇ ਖ਼ਤਰਨਾਕ ਨਸ਼ਿਆਂ ਦੀ ਬਜਾਏ ਮੁਕਾਬਲਤਨ ਹਲਕੇ ਨਸ਼ੇ ਵਰਤਣ ਦਾ ਰੁਝਾਨ ਸ਼ੁਰੂ ਹੋਇਆ।

ਇਹ ਸਭ ਕੁਝ ਸ਼ਲਾਘਾਯੋਗ ਹੈ, ਪਰ ਇਸ ਮੁਹਿੰਮ ਵਿਚ ਹੁਣ ਖੜੋਤ ਆ ਗਈ ਜਾਪਦੀ ਹੈ ਅਤੇ ਸੂਬੇ ਵਿਚ ਅਜੇ ਵੀ ਨਸ਼ੇੜੀਆਂ ਦੀ ਗਿਣਤੀ ਖ਼ਤਰੇ ਦੀ ਹੱਦ ਤੋਂ ਜ਼ਿਆਦਾ ਹੈ। ਇਸ ਤੋਂ ਇਲਾਵਾ ਜ਼ਮਾਨਤ 'ਤੇ ਬਾਹਰ ਆਉਣ ਮਗਰੋਂ ਤਸਕਰ ਮੁੜ ਨਸ਼ਿਆਂ ਦੇ ਧੰਦੇ ਵਿਚ ਲੱਗ ਜਾਂਦੇ ਹਨ ਅਤੇ ਇਲਾਜ ਮਗਰੋਂ ਨਸ਼ੇੜੀ ਫਿਰ ਨਸ਼ਾ ਕਰਨ ਲੱਗਦੇ ਹਨ। ਪਹਿਲਾਂ ਨਾਲੋਂ ਭਾਵੇਂ ਘੱਟ ਪੱਧਰ 'ਤੇ ਹੀ ਸਹੀ, ਪਰ ਨਸ਼ਿਆਂ ਦੀ ਮੰਗ ਅਤੇ ਪੂਰਤੀ ਦਾ ਨਵਾਂ ਤਵਾਜ਼ਨ ਕਾਇਮ ਹੋ ਗਿਆ ਹੈ। ਇਹ ਹਾਲਾਤ ਨਵੇਂ ਸਿਰਿਓਂ ਧਿਆਨ ਮੰਗਦੇ ਹਨ।

ਨਸ਼ਿਆਂ ਖ਼ਿਲਾਫ਼ ਇਸ ਲੜਾਈ ਵਿਚ ਪੁਲਿਸ ਨੂੰ ਮੂਹਰਲੀ ਕਤਾਰ ਵਿਚ ਤਾਇਨਾਤ ਕੀਤਾ ਗਿਆ ਹੈ। ਪੁਲਿਸ ਨੇ ਕੁਝ ਹੱਦ ਤਕ ਕਾਰਗੁਜ਼ਾਰੀ ਦਿਖਾਈ, ਪਰ ਸਿਹਤ, ਸਮਾਜਿਕ ਅਤੇ ਆਰਥਿਕ ਪੱਖਾਂ ਵਾਲੇ ਇਸ ਮਸਲੇ ਨੂੰ ਇਹ ਇਕੱਲੇ ਤੌਰ 'ਤੇ ਨਹੀਂ ਨਜਿੱਠ ਸਕਦੀ। ਆਪਣਾ ਕੰਮ ਕਰਦਿਆਂ ਵੀ ਪੁਲਿਸ, ਗਵਾਹਾਂ ਦੀ ਅਣਹੋਂਦ ਵਿਚ ਨਸ਼ਾ ਵੇਚਣ ਵਾਲਿਆਂ ਅਤੇ ਤਸਕਰਾਂ ਦੇ ਦੋਸ਼ ਸਾਬਿਤ ਕਰਨ ਵਿਚ ਨਾਕਾਮ ਰਹਿੰਦੀ ਹੈ। ਸਿੱਟੇ ਵਜੋਂ 2016 ਦੇ ਮੁਕਾਬਲੇ 2017 ਵਿਚ ਇਨ੍ਹਾਂ ਮਾਮਲਿਆਂ ਵਿਚ ਹੋਈਆਂ ਗ੍ਰਿਫ਼ਤਾਰੀਆਂ ਦੀ




ਗਿਣਤੀ ਪ੍ਰਤੀ ਦਿਨ 35 'ਤੇ ਸਥਿਰ ਰਹੀ। ਇਸ ਦਾ ਕਾਰਨ ਇਹ ਹੈ ਕਿ ਜ਼ਿਆਦਾਤਰ ਮੁਲਜ਼ਮਾਂ ਦੇ ਆਦਤਨ ਅਪਰਾਧੀ ਹੋਣ ਕਰ ਕੇ ਪੁਲਿਸ ਦੇ ਯਤਨ ਕਾਰਗਰ ਨਹੀਂ ਹੁੰਦੇ। ਪੁਲਿਸ ਹੁਣ ਇਹ ਕਹਿੰਦਿਆਂ ਸਿਹਤ ਵਿਭਾਗ ਸਿਰ ਦੋਸ਼ ਮੜ੍ਹਨ ਲੱਗੀ ਹੈ ਕਿ ਨਸ਼ਾ ਵੇਚਣ ਵਾਲੇ ਉਦੋਂ ਹੀ ਕਾਰੋਬਾਰ ਬੰਦ ਕਰਨਗੇ, ਜਦੋਂ ਮੰਗ ਖ਼ਤਮ ਹੋ ਜਾਵੇਗੀ; ਭਾਵ ਨਸ਼ੇੜੀਆਂ ਦਾ ਇਲਾਜ ਕੀਤੇ ਬਿਨਾਂ ਇਹ ਸੰਭਵ ਨਹੀਂ। ਇਹ ਗੱਲ ਭਾਵੇਂ ਕੁਝ ਹੱਦ ਤਕ ਸਹੀ ਹੈ, ਫਿਰ ਵੀ ਪੁਲਿਸ ਨੂੰ ਵਧੇਰੇ ਪਦਾਰਥਕ ਅਤੇ ਵਿਗਿਆਨਕ ਸਬੂਤਾਂ ਦੇ ਆਧਾਰ ਉਤੇ ਮੁਲਜ਼ਮਾਂ ਦੇ ਦੋਸ਼ ਸਾਬਿਤ ਕਰ ਸਕਣ ਦੇ ਯੋਗ ਬਣਾਉਣਾ ਚਾਹੀਦਾ ਹੈ।

ਸਿਹਤ ਵਿਭਾਗ ਹੋਰ ਵੀ ਵਧੇਰੇ ਮਸਲਿਆਂ ਨਾਲ ਜੂਝ ਰਿਹਾ ਹੈ। ਇਹ ਅਜੇ ਸਿਰਫ਼ ਵਿਚਾਰਨ ਹੀ ਲੱਗਾ ਹੈ ਕਿ ਇਸ ਮਸਲੇ ਨੂੰ ਕਿਵੇਂ ਨਜਿਠਿਆ ਜਾਵੇ। ਇਸ ਦੇ ਪ੍ਰੋਗਰਾਮਾਂ ਅਤੇ ਨੀਤੀਆਂ ਸਬੰਧੀ ਅਜੇ ਬਹਿਸ ਹੀ ਚੱਲ ਰਹੀ ਹੈ। ਇਸ ਦੇ ਨਾਲ ਹੀ ਇਹ ਮਨੁੱਖੀ ਸ਼ਕਤੀ ਅਤੇ ਸਿਖਲਾਈ ਦੇ ਪੱਖ ਤੋਂ ਵੀ ਪੂਰੀ ਤਰ੍ਹਾਂ ਸੰਪੂਰਨ ਨਹੀਂ। ਇਸ ਯੋਜਨਾ ਲਈ ਲੋੜੀਂਦੇ ਮਨੋਰੋਗ ਮਾਹਿਰ ਵੀ ਉਪਲਬਧ ਨਹੀਂ ਹਨ।

ਸਰਕਾਰ ਨੂੰ ਤਰਜੀਹੀ ਤੌਰ 'ਤੇ ਮਾਹਿਰਾਂ ਦਾ ਪ੍ਰਬੰਧ ਕਰਨ ਦੀ ਲੋੜ ਹੈ, ਚਾਹੇ ਇਹ ਨਸ਼ਾ ਛੁਡਾਊ ਕੇਂਦਰਾਂ ਲਈ ਕੰਮ ਦੇ ਘੰਟਿਆਂ ਦੇ ਹਿਸਾਬ ਨਾਲ ਪ੍ਰਾਈਵੇਟ ਡਾਕਟਰਾਂ ਦੀਆਂ ਸੇਵਾਵਾਂ ਹੀ ਲਵੇ। ਨਸ਼ਾ ਛੁਡਾਊ ਕੇਂਦਰਾਂ ਦੀ ਕਾਇਮੀ ਸਬੰਧੀ ਪੀ.ਜੀ.ਆਈ. ਚੰਡੀਗੜ੍ਹ ਸਮੇਤ ਹੋਰ ਮਾਹਿਰਾਂ ਦਰਮਿਆਨ ਮਤਭੇਦਾਂ ਨੂੰ ਦੂਰ ਕਰਨਾ ਚਾਹੀਦਾ ਹੈ, ਪਰ ਉਨ੍ਹਾਂ ਉਤੇ ਜਬਰੀ ਸਰਬਸੰਮਤੀ ਨਹੀਂ ਥੋਪਣੀ ਚਾਹੀਦੀ। ਜੇ ਪੂਰੇ ਮਸਲੇ ਨੂੰ ਮੁੜ ਵਿਚਾਰਨ ਦੀ ਜ਼ਰੂਰਤ ਹੋਵੇ ਤਾਂ ਸਿਹਤ ਮੰਤਰੀ ਦੀ ਨਿਗਰਾਨੀ ਹੇਠ ਅਜਿਹਾ ਕੀਤਾ ਜਾ ਸਕਦਾ ਹੈ। ਦੂਜੇ ਪਾਸੇ, ਸਿਹਤ ਵਿਭਾਗ ਪੁਲਿਸ 'ਤੇ ਦੋਸ਼ ਲਗਾਉਂਦਾ ਹੈ ਕਿ ਜਿੰਨਾ ਚਿਰ ਨਸ਼ੇ ਉਪਲਬਧ ਹਨ, ਨਸ਼ੇੜੀ ਇਨ੍ਹਾਂ ਤੋਂ ਦੂਰ ਰਹਿ ਹੀ ਨਹੀਂ ਸਕਦੇ। ਨਸ਼ਾ ਛੁਡਾਉਣ ਮਗਰੋਂ ਠੀਕ ਹੋਏ ਮਰੀਜ਼ਾਂ ਦੇ ਮੁੜ ਵਸੇਬੇ ਦਾ ਵਿਸ਼ਾ ਪੂਰੀ ਤਰ੍ਹਾਂ ਅਣਗੌਲਿਆ ਰਹਿੰਦਾ ਹੈ, ਕਿਉਂਕਿ ਕਿਸੇ ਵਿਭਾਗ ਨੂੰ ਖ਼ਾਸ ਤੌਰ 'ਤੇ ਇਹ ਜ਼ਿੰਮੇਵਾਰੀ ਸੌਂਪੀ ਨਹੀਂ ਗਈ।

ਇਸ ਕੁਚੱਕਰ ਨੂੰ ਤੋੜਨ ਅਤੇ ਨਸ਼ਿਆਂ ਵਿਰੋਧੀ ਮੁਹਿੰਮ ਨੂੰ ਅਗਲੇਰੇ ਪੱਧਰ 'ਤੇ ਲਿਜਾਣ ਲਈ ਸਮਰਪਿਤ ਮੁਖੀ ਦੀ ਅਗਵਾਈ ਵਿਚ ਆਲ੍ਹਾ-ਅਖ਼ਤਿਆਰੀ ਪੈਨਲ ਬਣਾਇਆ ਜਾ ਸਕਦਾ ਹੈ ਜਿਸ ਦੇ ਘੇਰੇ ਵਿਚ ਸਾਰੇ ਸਬੰਧਿਤ ਵਿਭਾਗ ਆਉਣ। ਇਹ ਮਾਹਿਰਾਂ ਨਾਲ ਮਸ਼ਵਰਾ ਕਰੇ ਅਤੇ ਕੌਮਾਂਤਰੀ ਨਿਯਮਾਂ ਤੇ ਤਜਰਬਿਆਂ ਮੁਤਾਬਿਕ ਤਕਨੀਕੀ ਅਤੇ ਨੀਤੀਗਤ ਵਿਵਾਦ ਸੁਲਝਾਵੇ। ਨਸ਼ਿਆਂ ਨੂੰ ਠੱਲ੍ਹ ਪਾਉਣਾ ਨਾ ਸਿਰਫ਼ ਸੂਬੇ ਦੇ ਲੋਕਾਂ ਦੀ ਸੇਵਾ ਹੋਵੇਗਾ ਸਗੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਸਰਕਾਰ ਲਈ ਹਾਸਲ ਕੀਤਾ ਜਾ ਸਕਣ ਵਾਲਾ ਹਕੀਕੀ ਸਿਆਸੀ ਟੀਚਾ ਵੀ ਹੋਵੇਗਾ।

# ਪੰਜਾਬ ਟਾਈਮਜ਼ ਨਾਈਟ

*(ਸਫਾ 3 ਦੀ ਬਾਕੀ)*

ਅਤੇ ਇਸ ਵਲੋਂ ਪੰਜਾਬੀ ਬੋਲੀ ਨੂੰ ਪ੍ਰਫੁਲਿਤ ਕਰਨ ਲਈ ਕੀਤੇ ਜਾ ਰਹੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਬੋਲਦਿਆਂ ਪ੍ਰਿੰ. ਸਰਵਣ ਸਿੰਘ ਨੇ ਪੰਜਾਬ ਟਾਈਮਜ਼ ਨੂੰ ਉਤਰੀ ਅਮਰੀਕਾ ਦਾ ਸਿਰਮੌਰ ਅਖਬਾਰ ਕਰਾਰ ਦਿੰਦਿਆਂ ਕਿਹਾ ਕਿ ਪੰਜਾਬ ਟਾਈਮਜ਼ ਹਰ ਵਰਗ ਦੇ ਪਾਠਕਾਂ ਨੂੰ ਖੁੱਲੀ ਚਰਚਾ, ਆਪਣੇ ਵਿਚਾਰ ਕਹਿਣ ਦਾ ਮੌਕਾ ਦਿੰਦਾ ਹੈ। ਗੰਭੀਰ ਮਸਲਿਆਂ ਬਾਰੇ ਲੇਖਕਾਂ ਦੀ ਸੋਚ ਨੂੰ ਪਾਠਕਾਂ ਤੱਕ ਪਹੁੰਚਾਉਣ ਲਈ ਆਪਣੇ ਕਾਲਮਾਂ ਵਿਚ ਸਹੀ ਥਾਂ ਦਿੰਦਾ ਹੈ। ਉਨ੍ਹਾਂ ਕਿਹਾ ਕਿ ਉਹ ਦੁਨੀਆਂ 'ਚ ਕਿਤੇ ਵੀ ਹੋਣ, ਵੈਬਸਾਈਟ 'ਤੇ ਇਹ ਅਖਬਾਰ ਜਰੂਰ ਪੜ੍ਹਦੇ ਹਨ। ਉਨ੍ਹਾਂ ਸਭ ਨੂੰ ਅਪੀਲ ਕੀਤੀ ਕਿ ਪੰਜਾਬ ਟਾਈਮਜ਼ ਦੇ ਜਗਦੇ ਦੀਵੇ ਵਿਚ ਇੰਨਾ ਤੇਲ ਪਾ ਦਿਓ ਕਿ ਇਹ ਹਮੇਸ਼ਾਂ ਜਗਦਾ ਰਹੇ।

ਕਲੀਵਲੈਂਡ, ਓਹਾਇਓ ਤੋਂ ਪਹੁੰਚੇ ਪੰਜਾਬ ਟਾਈਮਜ਼ ਦੇ ਕਾਲਮਨਵੀਸ ਡਾ. ਗੁਰਬਖਸ਼ ਸਿੰਘ






ਭੰਡਾਲ ਨੇ ਕਿਹਾ ਕਿ ਪੰਜਾਬ ਟਾਈਮਜ਼ ਪੰਜਾਬੀ ਸਾਹਿਤ ਤੇ ਮਾਂ ਬੋਲੀ ਦੇ ਸਰੋਕਾਰਾਂ ਨਾਲ ਪ੍ਰਤੀਬੱਧ ਹੈ। ਅਮੋਲਕ ਸਿੰਘ ਦੀ ਸਾਧਨਾ, ਸਿਰੜ ਤੇ ਸਮਰਪਿਤਾ ਦੀ ਮਿਸਾਲ ਕਿਤੇ ਨਹੀਂ ਮਿਲਦੀ। ਪੰਜਾਬ ਟਾਈਮਜ਼ ਵਾਲਾ ਉਚਾ ਮਿਆਰ ਹੋਰ ਕਿਸੇ ਅਖਬਾਰ ਦੇ ਹਿੱਸੇ ਨਹੀਂ ਆਇਆ। ਉਨ੍ਹਾਂ ਪਰਵਾਸੀ ਪੰਜਾਬੀਆਂ ਦੇ ਦਰਦ ਨੂੰ ਬਿਆਨਦੀ ਇਕ ਨਜ਼ਮ 'ਪੁੱਤ ਕਦੋਂ ਆਵੇਂਗਾ' ਵੀ ਸੁਣਾਈ ਜੋ ਸਰੋਤਿਆਂ ਦੇ ਦਿਲਾਂ ਨੂੰ ਟੁੰਬ ਗਈ।

ਨਿਊ ਯਾਰਕ ਤੋਂ ਇੰਡੋ ਅਮੈਰੀਕਨ ਹੈਰੀਟੇਜ ਫਾਉਂਡੇਸ਼ਨ ਦੇ ਨੁਮਾਇੰਦੇ ਅਤੇ ਪੰਜਾਬ ਟਾਈਮਜ਼







ਦੇ ਵੱਡੇ ਮੱਦਾਹ ਮਨਮੋਹਨ ਸਿੰਘ ਪੁਨੀ ਨੇ ਪੰਜਾਬ ਟਾਈਮਜ਼ ਦੀ ਲੋਕਪ੍ਰਿਯਤਾ ਦੀ ਗੱਲ ਕਰਦਿਆਂ ਕਿਹਾ ਕਿ ਨਿਊ ਯਾਰਕ ਤੋਂ ਦਸ ਦੇ ਕਰੀਬ ਅਖਬਾਰ ਨਿਕਲਦੇ ਹਨ ਪਰ ਪਾਠਕ ਸਭ ਤੋਂ ਵੱਧ ਇਸ ਪਰਚੇ ਨੂੰ ਹੀ ਬੇਸਬਰੀ ਨਾਲ ਉਡੀਕਦੇ ਹਨ ਅਤੇ ਬੁਧਵਾਰ ਨੂੰ ਹੀ ਸਟੋਰਾਂ ਤੋਂ ਪੇਪਰ ਮੁਕ ਜਾਂਦਾ ਹੈ। ਗਦਰੀ ਬਾਬਿਆਂ ਦੀ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਅਮਰੀਕਾ ਵਿਚ ਅਜ ਜੋ ਆਜ਼ਾਦੀਆਂ ਅਸੀਂ ਮਾਣ ਰਹੇ ਹਾਂ, ਉਹ ਗਦਰੀ ਬਾਬਿਆਂ ਦੇ ਸੰਘਰਸ਼ ਸਦਕਾ ਹੈ। ਉਨ੍ਹਾਂ ਨੂੰ ਯਾਦ ਕਰਨਾ ਸਾਡਾ ਫਰਜ਼ ਹੈ।

ਪੰਜਾਬ ਟਾਈਮਜ਼ ਨਾਲ ਪਿਛਲੇ 18 ਸਾਲ ਤੋਂ ਜੁੜੇ ਹੋਏ ਅਤੇ ਨਾ ਸਿਰਫ ਇਸ਼ਤਿਹਾਰਾਂ ਦੇ ਜਰੀਏ ਸਗੋਂ ਹਰ ਤਰ੍ਹਾਂ ਨਾਲ ਮਦਦ ਕਰਦੇ ਆ ਰਹੇ ਕੈਲੀਫੋਰਨੀਆ ਤੋਂ ਸ. ਜਸਵਿੰਦਰ ਸਿੰਘ (ਜੱਸੀ) ਗਿੱਲ ਨੇ ਬੜੇ ਜੋਰ ਨਾਲ ਪੰਜਾਬ ਟਾਈਮਜ਼ ਦੇ ਸਹਿਯੋਗੀਆਂ ਨੂੰ ਇਸ ਦੇ ਮੋਢੇ ਬਣਨ ਦੀ ਅਪੀਲ ਕਰਦਿਆਂ ਬੜੇ ਭਾਵੁਕ ਹੁੰਦਿਆਂ ਕਿਹਾ ਕਿ ਜਦ ਤਕ ਸਾਡਾ ਚੁਲ੍ਹਾ ਬਲਦਾ ਹੈ, ਪੰਜਾਬ ਟਾਈਮਜ਼ ਦਾ ਦੀਵਾ ਬੁਝਣ ਨਹੀਂ ਦੇਵਾਂਗੇ।

ਓਹਾਇਓ ਤੋਂ ਆਏ ਪੰਜਾਬ ਟਾਈਮਜ਼ ਦੇ ਵੱਡੇ ਪ੍ਰਸ਼ੰਸਕ ਅਵਤਾਰ ਸਿੰਘ ਸਪਰਿੰਗਫੀਲਡ ਨੇ ਪੰਜਾਬ ਟਾਈਮਜ਼ ਦੇ ਮਿਆਰਾਂ ਦੀ ਤਾਰੀਫ ਕਰਦਿਆਂ ਹਮੇਸ਼ਾਂ ਇਸ ਦੇ ਨਾਲ ਖੜਨ ਦਾ ਵਾਅਦਾ ਕੀਤਾ। ਉਨ੍ਹਾਂ ਅੰਗਰੇਜ਼ੀ ਅਤੇ ਹਿੰਦੀ ਦੇ ਗਲਬੇ ਕਾਰਨ ਪੰਜਾਬੀ ਦੀ ਹੋ ਰਹੀ ਬੇਕਦਰੀ 'ਤੇ ਰੁਦਨ ਕਰਦਿਆਂ ਇਕ ਕਵਿਤਾ "ਪੰਜਾਬੀਏ ਨੀ ਤੈਨੂੰ ਹੁਣ ਨਾਗ ਵਲ ਪਾ ਲਿਆ, ਅੰਗਰੇਜ਼ੀ ਅਤੇ ਹਿੰਦੀ ਦੋਵਾਂ ਰਲ ਤੈਨੂੰ ਢਾਹ ਲਿਆ..." ਵੀ ਪੇਸ਼ ਕੀਤੀ।

ਗੁਰਦੁਆਰਾ ਸੈਨ ਹੋਜੇ ਦੇ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ, ਜਿਨ੍ਹਾਂ ਪੰਜਾਬ ਟਾਈਮਜ਼ ਦਾ ਕੈਲੀਫੋਰਨੀਆ ਐਡੀਸ਼ਨ ਸ਼ੁਰੂ ਕਰਨ ਵਿਚ ਅਹਿਮ ਭੂਮਿਕਾ ਨਿਭਾਈ, ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਧੰਦੇ (ਰੋਜਗਾਰ) ਨਾਲ ਧਰਮ ਨਿਭਾਉਣਾ ਔਖਾ ਕੰਮ ਹੈ ਅਤੇ ਬਹੁਤੇ ਲੋਕ ਤਾਂ ਧਰਮ ਦਾ ਧੰਦਾ ਹੀ ਕਰਦੇ ਹਨ। ਉਨ੍ਹਾਂ ਭਗਤ ਰਵਿਦਾਸ, ਭਗਤ ਨਾਮਦੇਵ ਅਤੇ ਭਗਤ ਕਬੀਰ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਨ੍ਹਾਂ ਆਪਣੇ ਧੰਦੇ ਨਾਲ ਧਰਮ ਨਿਭਾਇਆ। ਉਨ੍ਹਾਂ ਜੋਰ ਦੇ ਕੇ ਕਿਹਾ ਕਿ ਸਾਨੂੰ ਮਾਣ ਹੈ ਕਿ ਪੰਜਾਬ ਟਾਈਮਜ਼ ਆਪਣੇ ਧੰਦੇ ਨਾਲ ਧਰਮ ਵੀ ਪਾਲ ਰਿਹਾ ਹੈ।

ਕੈਲੀਫੋਰਨੀਆ ਤੋਂ ਆਏ ਰੇਡੀਓ ਚੜ੍ਹਦੀ ਕਲਾ ਦੇ ਸੰਚਾਲਕ ਸ. ਗੁਰਚਰਨ ਸਿੰਘ ਮਾਨ ਨੇ ਪੰਜਾਬ ਟਾਈਮਜ਼ ਦੇ ਅਸੂਲਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੇ ਅਖਬਾਰ ਦਾ ਮਨੋਰਥ ਸਿਰਫ ਪੈਸਾ ਕਮਾਉਣਾ ਹੋਵੇ ਤਾਂ ਅਸੂਲਾਂ ਨਾਲ ਸਮਝੌਤਾ ਕਰਕੇ ਬਥੇਰਾ ਪੈਸਾ ਕਮਾਇਆ ਜਾ ਸਕਦਾ ਹੈ ਪਰ ਅਮੋਲਕ ਸਿੰਘ ਦਾ ਬਾਬੇ ਨਾਨਕ ਨਾਲ, ਤੁਹਾਡੇ ਨਾਲ ਵਾਅਦਾ ਹੈ ਕਿ ਉਹ ਸਿਧਾਂਤਾਂ ਨਾਲ ਖਿਲਵਾੜ ਨਹੀਂ ਕਰੇਗਾ। ਪੰਜਾਬ ਟਾਈਮਜ਼ ਨਾਲ ਆਪਣੀ ਲੰਬੀ ਸਾਂਝ ਦੀ ਗੱਲ ਕਰਦਿਆਂ ਉਨ੍ਹਾਂ ਸਮਾਗਮ ਵਿਚ ਪਹੁੰਚੇ ਪੰਜਾਬ ਟਾਈਮਜ਼ ਦੇ ਹਮਾਇਤੀਆਂ ਨੂੰ ਅਪੀਲ ਕੀਤੀ ਕਿ ਇਸ ਅਖਬਾਰ ਨੂੰ ਚਲਦਾ ਰਖਣ ਲਈ ਵੱਧ ਤੋਂ ਵੱਧ ਵਿਤੀ ਮਦਦ ਦੇਣ।

ਹਿਊਸਟਨ ਤੋਂ ਪਹੁੰਚੇ ਡਾ. ਇਨਕਲਾਬੀ ਥਾਂਦੀ ਨੇ ਆਪਣੇ ਵਲਵਲੇ ਸਾਂਝੇ ਕਰਦਿਆਂ ਕਿਹਾ ਕਿ ਮੈਂ ਅਮੋਲਕ ਸਿੰਘ ਦੇ ਸਿਰੜ ਤੇ ਸਿਦਕ ਨੂੰ ਸਿਜਦਾ ਕਰਨ ਲਈ ਉਚੇਚਾ ਪਹੁੰਚੀ ਹਾਂ। ਪੰਜਾਬ ਟਾਈਮਜ਼ ਦੇ ਪੱਤਰਕਾਰੀ ਮਿਆਰ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਇੰਨਾ ਮਿਆਰੀ ਤੇ ਸੁਲਝਿਆ ਪੇਪਰ ਨਾ ਉਨ੍ਹਾਂ ਪੰਜਾਬ ਵਿਚ, ਨਾ ਅਮਰੀਕਾ ਵਿਚ ਅਤੇ ਨਾ ਹੀ ਕੈਨੇਡਾ ਵਿਚ ਦੇਖਿਆ ਹੈ। ਉਨ੍ਹਾਂ ਹੋਕਾ ਦਿੱਤਾ ਕਿ ਪੰਜਾਬੀ ਸਾਹਿਤ ਤੇ ਪੰਜਾਬੀ ਬੋਲੀ ਨੂੰ ਜਿਉਂਦਾ ਰਖਣ ਲਈ ਇਸ ਨੂੰ ਚਲਦਾ ਰੱਖਣਾ ਸਾਡਾ ਸਭ ਦਾ ਫਰਜ਼ ਹੈ।

ਕੈਨੇਡਾ, ਅਮਰੀਕਾ ਦੇ ਦੌਰੇ 'ਤੇ ਆਏ ਹੋਏ ਪੰਜਾਬ ਕਾਂਗਰਸ ਦੇ ਐਨ. ਆਰ. ਆਈ. ਵਿੰਗ ਦੇ ਜਨਰਲ ਸਕੱਤਰ ਭਗਤ ਸਿੰਘ ਖਹਿਰਾ ਨੇ ਪੰਜਾਬ ਟਾਈਮਜ਼ ਦੀ 18ਵੀਂ ਵਰ੍ਹੇਗੰਢ ਦੀ ਵਧਾਈ ਦਿੰਦਿਆਂ ਪੰਜਾਬ ਸਰਕਾਰ ਵਲੋਂ ਪਰਵਾਸੀਆਂ ਦੇ



ਮਸਲੇ ਹੱਲ ਕਰਨ ਲਈ ਪੁੱਟੇ ਗਏ ਕਦਮਾਂ ਬਾਰੇ ਦੱਸਦਿਆਂ ਕਿਹਾ ਕਿ ਉਹ ਪਰਵਾਸੀਆਂ ਦੀ ਸੇਵਾ ਲਈ ਪੰਜਾਬ ਟਾਈਮਜ਼ ਦਾ ਸਹਿਯੋਗ ਲੈਣਗੇ।

ਸਮਾਗਮ ਦੇ ਮੁੱਖ ਮਹਿਮਾਨ ਪ੍ਰੋ. ਜਗਿੰਦਰ ਸਿੰਘ ਰਮਦੇਵ ਸਨ। ਉਨ੍ਹਾਂ ਦੀ ਤਰਫੋਂ ਬੋਲਦਿਆਂ ਉਨ੍ਹਾਂ ਦੀ ਨੂੰਹ ਕ੍ਰਿਸ ਰਮਦੇਵ ਨੇ ਪ੍ਰੋ. ਰਮਦੇਵ ਦੀ ਪੰਜਾਬ ਟਾਈਮਜ਼ ਨਾਲ ਲੰਬੀ ਸਾਂਝ ਬਾਰੇ ਗੱਲ ਕੀਤੀ ਅਤੇ ਕਿਹਾ ਕਿ ਉਹ ਪੰਜਾਬ ਟਾਈਮਜ਼ ਦੇ ਅਰੰਭ ਤੋਂ ਹੀ ਇਸ ਨਾਲ ਜੁੜੇ ਹੋਏ ਹਨ। ਕ੍ਰਿਸ ਨੇ ਪੰਜਾਬੀ ਭਾਈਚਾਰੇ ਤੋਂ ਆਪਣੇ ਪਰਿਵਾਰ ਨੂੰ ਮਿਲੇ ਪਿਆਰ ਸਤਿਕਾਰ ਲਈ ਧੰਨਵਾਦ ਕੀਤਾ। ਪੰਜਾਬ ਟਾਈਮਜ਼ ਦੀ ਸਲਾਹਕਾਰ ਕਮੇਟੀ ਅਤੇ




ਵਰਿਆਮ ਸਿੰਘ ਸੰਧੂ, ਪ੍ਰਿੰ. ਸਰਵਣ ਸਿੰਘ ਤੇ ਡਾ. ਗੁਰਬਖਸ਼ ਸਿੰਘ ਭੰਡਾਲ ਨੇ ਇਕ ਪਲੇਕ ਅਤੇ ਸ਼ਾਲ ਦੇ ਕੇ ਸਨਮਾਨ ਕੀਤਾ। ਇਸ ਮੌਕੇ ਪ੍ਰੋ. ਰਮਦੇਵ ਨੇ ਆਪਣੀ ਵਸੀਅਤ ਮੁਤਾਬਕ ਪੰਜਾਬ ਟਾਈਮਜ਼ ਨੂੰ 10 ਹਜ਼ਾਰ ਡਾਲਰ ਦਾ ਚੈਕ ਭੇਟ ਕੀਤਾ।

ਇਸ ਮੌਕੇ ਗੁਲਜ਼ਾਰ ਸਿੰਘ ਮੁਲਤਾਨੀ ਤੇ ਅਵਤਾਰ ਸਿੰਘ ਸਪਰਿੰਗਫੀਲਡ ਨੂੰ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਵਿਚ ਸ਼ਾਮਿਲ ਕੀਤਾ ਗਿਆ।

ਇਸ ਮੌਕੇ ਸਿੱਖ ਸੀਨੀਅਰ ਸਿਟੀਜ਼ਨ ਵਲੋਂ ਸ. ਜੰਮੂ ਦਾ ਬੇਬਾਕ, ਬੇਲਾਗ ਤੇ ਜਿੰਮੇਵਾਰ ਪੱਤਰਕਾਰੀ ਤੇ ਸਤਿਕਾਰ ਵਜੋਂ ਪਲੈਕ ਦੇ ਕੇ ਸਨਮਾਨ ਕੀਤਾ ਗਿਆ।

ਪੰਮੀ ਗਿੱਲ ਨੇ ਸ਼ਿਵ ਬਟਾਲਵੀ ਦੀ ਕਵਿਤਾ 'ਤੈਨੂੰ ਦਿਆਂ ਹੰਝੂਆਂ ਦਾ ਭਾੜਾ, ਪੀੜਾਂ ਦਾ ਪਰਾਗਾ ਭੁੰਨ ਦੇ' ਪੇਸ਼ ਕਰਕੇ ਹਾਜਰੀ ਲੁਆਈ।

ਪ੍ਰੋਗਰਾਮ ਦੇ ਅਖੀਰ ਵਿਚ ਲੋਕ ਗਾਇਕ ਤਾਰਾ ਮੁਲਤਾਨੀ ਨੇ ਇਕ ਧਾਰਮਿਕ ਗੀਤ 'ਤੇਰਾ ਇੱਕ ਆਸਰਾ ਹੋਵੇ ਤਾਂ ਸਹਾਰੇ ਹੀ ਸਹਾਰੇ ਨੇ' ਨਾਲ ਸ਼ੁਰੂਆਤ ਕਰ ਕੇ 'ਤਿੰਨ ਰੰਗ ਨਹੀਂ ਲੱਭਣੇ ਬੀਬਾ, ਹੁਸਨ, ਜਵਾਨੀ ਤੇ ਮਾਪੇ', ਯਮਲਾ ਜੱਟ ਦਾ ਗੀਤ 'ਤੇਰੇ ਹੀ ਕਰਾਰਾਂ ਮੈਨੂੰ ਪੱਟਿਆ', ਗੁਰਦਾਸ ਮਾਨ ਦੇ ਗੀਤ 'ਕੀ ਬਣੂ ਦੁਨੀਆਂ ਦਾ' ਆਦਿ ਕਈ ਗੀਤ ਪੇਸ਼ ਕਰਕੇ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ।

ਮੰਚ ਸੰਚਾਲਨ ਗੁਰਮੁਖ ਸਿੰਘ ਭੁੱਲਰ ਅਤੇ ਮਨਜੀਤ ਸਿੰਘ ਗਿੱਲ ਨੇ ਕੀਤਾ। ਪੰਜਾਬ ਟਾਈਮਜ਼ ਦੇ ਵਿਸ਼ੇਸ਼ ਸਹਿਯੋਗੀ ਜੈਰਾਮ ਸਿੰਘ (ਨੀਟੂ) ਕਾਹਲੋਂ ਤੇ ਸੁਰਿੰਦਰ ਸਿੰਘ ਭਾਟੀਆ ਪ੍ਰਬੰਧ ਸੰਭਾਲਣ ਵਿਚ ਮਸ਼ਰੂਫ ਸਨ।

ਸਮਾਗਮ ਵਿਚ ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ ਡਾ. ਗੁਰਦਿਆਲ ਸਿੰਘ ਬਸਰਾਨ, ਹਰਦਿਆਲ ਸਿੰਘ ਦਿਓਲ, ਡਾ. ਹਰਗੁਰਮੁਖਪਾਲ ਸਿੰਘ, ਜੈਦੇਵ ਸਿੰਘ ਭੱਠਲ, ਬਲਵਿੰਦਰ ਕੌਰ (ਨਿੱਕੀ) ਸੇਖੋਂ, ਡਾ. ਨਵਦੀਪ ਕੌਰ ਸੰਧੂ, ਜਗਦੀਸ਼ਰ ਸਿੰਘ ਕਲੇਰ, ਜੱਸੀ ਗਿੱਲ, ਡਾ. ਤੇਜਿੰਦਰ ਸਿੰਘ ਮੰਡੇਰ, ਹਰਜੀਤ ਸਿੰਘ ਸਾਹੀ, ਦਰਸ਼ਨ ਸਿੰਘ ਦਰੜ, ਪ੍ਰੋ. ਜੋਗਿੰਦਰ ਸਿੰਘ ਰਮਦੇਵ ਅਤੇ ਦੋ ਨਵੇਂ ਸ਼ਾਮਲ ਕੀਤੇ ਗਏ ਮੈਂਬਰ ਗੁਲਜ਼ਾਰ ਸਿੰਘ ਮੁਲਤਾਨੀ ਤੇ ਅਵਤਾਰ ਸਿੰਘ ਸਪਰਿੰਗਫੀਲਡ ਹਾਜ਼ਰ ਸਨ। ਦਰਸ਼ਨ ਸਿੰਘ ਗਰੇਵਾਲ, ਸਰਵਣ ਸਿੰਘ ਟਿਵਾਣਾ, ਮਨਦੀਪ ਸਿੰਘ ਭੂਰਾ, ਰਘਬੀਰ ਸਿੰਘ ਘੁੰਨ, ਬਲਵਿੰਦਰ

**(ਬਾਕੀ ਸਫਾ 19 ਉਤੇ)**

**ਤਸਵੀਰਾਂ: ਏਸ਼ੀਅਨ ਮੀਡੀਆ ਤੇ ਕਮਲਜੀਤ ਸਿੰਘ ਵਿਰਦੀ**

**(ਹੋਰ ਤਸਵੀਰਾਂ ਸਫਾ 15-16 ਉਤੇ)**













# ਪੰਜਾਬ ਟਾਈਮਜ਼ ਨਾਈਟ-2018

## ਤਸਵੀਰਾਂ ਦੀ ਜ਼ੁਬਾਨੀ

























# ਪੰਜਾਬ ਟਾਈਮਜ਼ ਨਾਈਟ-2018: ਤਸਵੀਰਾਂ ਦੀ ਜ਼ੁਬਾਨੀ



# ਅਮਰੀਕੀ ਅੱਡੇ 'ਤੇ ਸਿੱਖ ਮੰਤਰੀ ਨੂੰ ਪੱਗ ਲਾਹੁਣ ਲਈ ਕੀਤਾ ਮਜਬੂਰ

**ਟੋਰਾਂਟੋ:** ਕੈਨੇਡਾ ਦੇ ਇਕ ਸਿੱਖ ਮੰਤਰੀ ਨੂੰ ਹਵਾਈ ਯਾਤਰਾ ਦੌਰਾਨ ਅਮਰੀਕਾ ਦੇ ਡੈਟਰੌਇਟ ਹਵਾਈ ਅੱਡੇ ਉਤੇ ਸੁਰੱਖਿਆ ਸਬੰਧੀ ਜਾਂਚ ਲਈ ਆਪਣੀ ਪੱਗ ਲਾਹੁਣ ਲਈ ਕਿਹਾ ਗਿਆ ਜਦੋਂ ਕਿ ਹਵਾਈ ਅੱਡੇ ਦਾ ਮੈਟਲ ਡਿਟੈਕਟਰ ਬਿਲਕੁਲ ਸਹੀ ਕੰਮ ਕਰ ਰਿਹਾ ਸੀ। ਕੈਨੇਡਾ ਦੇ ਸਾਇੰਸ, ਖੋਜ ਅਤੇ ਆਰਥਿਕ ਵਿਕਾਸ ਮੰਤਰੀ ਨਵਦੀਪ ਬੈਂਸ ਨੇ ਇਥੇ ਫਰੈਂਚ ਭਾਸ਼ਾ ਦੇ ਇਕ ਅਖਬਾਰ ਨੂੰ ਦੱਸਿਆ ਕਿ ਉਹ ਅਪਰੈਲ ਵਿੱਚ ਜਦੋਂ ਮਿਸ਼ੀਗਨ ਸਟੇਟ ਦੇ ਆਗੂਆਂ ਨਾਲ ਮੀਟਿੰਗ ਤੋਂ ਬਾਅਦ ਟੋਰਾਂਟੋ ਪਰਤ ਰਹੇ ਸਨ ਤਾਂ ਡੈਟਰੌਇਟ ਮੈਟਰੋ ਹਵਾਈ ਅੱਡੇ 'ਤੇ ਉਨ੍ਹਾਂ ਸਾਰੀ ਸੁਰੱਖਿਆ ਪ੍ਰਕਿਰਿਆ ਪੂਰੀ ਕਰ ਲਈ ਪਰ ਪੱਗ ਬੰਨ੍ਹੇ ਹੋਣ ਕਾਰਨ ਉਨ੍ਹਾਂ ਨੂੰ ਵਾਧੂ ਸੁਰੱਖਿਆ ਜਾਂਚ ਕਰਾਉਣ ਲਈ ਕਿਹਾ ਗਿਆ।

ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਆਪਣੀ ਪੱਗ ਲਾਹ ਕੇ ਜਾਂਚ ਕਰਾਉਣ। ਇਸ 'ਤੇ ਸ੍ਰੀ ਬੈਂਸ ਨੇ ਕਿਹਾ, ''ਜਦੋਂ ਤੁਹਾਡੇ ਸਾਰੇ ਮੈਟਲ ਡਿਟੈਕਟਰ ਸਹੀ ਕੰਮ ਕਰ ਰਹੇ ਹਨ ਤਾਂ ਮੈਂ ਆਪਣੀ ਪੱਗ ਕਿਉਂ ਲਾਹਵਾਂ।'' ਅਮਰੀਕਾ ਨੇ 2007 ਵਿੱਚ ਆਪਣੀ ਯਾਤਰਾ ਪਾਲਸੀ ਵਿੱਚ ਬਦਲਾਅ ਕੀਤਾ ਸੀ ਜਿਸ ਵਿੱਚ ਸਿੱਖਾਂ ਨੂੰ ਪੱਗ ਸਮੇਤ ਸੁਰੱਖਿਆ ਪ੍ਰਕਿਰਿਆ 'ਚੋਂ ਨਿਕਲਣ ਦੀ



ਆਗਿਆ ਦਿੱਤੀ ਗਈ ਸੀ। ਸ੍ਰੀ ਬੈਂਸ ਨੇ ਕਿਹਾ ਕਿ ਜਦੋਂ ਉਹ ਯਾਤਰਾ ਕਰਦੇ ਹਨ ਤਾਂ ਆਮ ਤੌਰ 'ਤੇ ਕੈਬਨਿਟ ਮੰਤਰੀ ਵਜੋਂ ਆਪਣੀ ਪਛਾਣ ਜਨਤਕ ਨਹੀਂ ਕਰਦੇ ਕਿਉਂ ਜੋ ਇਸ ਨਾਲ ਆਮ ਜਨਤਾ ਵੱਲੋਂ ਯਾਤਰਾ ਦੌਰਾਨ ਝੱਲੀਆਂ ਜਾਂਦੀਆਂ ਪਰੇਸ਼ਾਨੀਆਂ ਦਾ ਪਤਾ ਲੱਗਦਾ ਹੈ। ਇਸ ਘਟਨਾ ਨੂੰ ਲੈ ਕੇ ਕੈਨੇਡਾ ਦੇ ਵਿਦੇਸ਼ ਮੰਤਰੀ ਨੇ ਅਮਰੀਕਾ ਕੋਲ ਰੋਸ ਪ੍ਰਗਟ ਕੀਤਾ ਜਿਸ 'ਤੇ ਅਮਰੀਕਾ ਦੇ ਸੁਰੱਖਿਆ ਅਤੇ ਟਰਾਂਸਪੋਰਟ ਵਿਭਾਗ ਦੇ ਅਧਿਕਾਰੀਆਂ ਨੇ ਮੁਆਫੀ ਮੰਗੀ।

### ਸ਼੍ਰੋਮਣੀ ਕਮੇਟੀ ਵੱਲੋਂ ਨਿੰਦਾ

**ਅੰਮ੍ਰਿਤਸਰ:** ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕੈਨੇਡਾ ਦੀ ਸਰਕਾਰ 'ਚ ਸਿੱਖ ਮੰਤਰੀ ਨਵਦੀਪ ਸਿੰਘ ਬੈਂਸ ਨੂੰ ਅਮਰੀਕਾ ਦੇ ਇਕ ਹਵਾਈ ਅੱਡੇ ਉਤੇ ਦਸਤਾਰ ਉਤਾਰਨ ਲਈ ਮਜਬੂਰ ਕਰਨ ਦੀ ਨਿੰਦਾ ਕੀਤੀ ਹੈ। ਉਨ੍ਹਾਂ ਹੈਰਾਨੀ ਪ੍ਰਗਟਾਈ ਕਿ ਕੈਨੇਡਾ ਦੇ ਮੰਤਰੀ ਹੁੰਦਿਆਂ ਵੀ ਸ੍ਰੀ ਬੈਂਸ ਨੂੰ ਨਸਲੀ ਵਿਤਕਰੇ ਦਾ ਸ਼ਿਕਾਰ ਹੋਣਾ ਪਿਆ ਹੈ।

### ਜਾਂਚ ਵੇਲੇ ਦਸਤਾਰ ਉਤਾਰਨ ਦਾ ਕਾਨੂੰਨ ਨਹੀਂ: ਸੱਜਣ

**ਟੋਰਾਂਟੋ:** ਕੈਨੇਡਾ ਦੇ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਨੇ ਕਿਹਾ ਹੈ ਕਿ ਅਮਰੀਕਾ 'ਚ ਹਵਾਈ ਅੱਡਿਆਂ ਅੰਦਰ ਸੁਰੱਖਿਆ ਜਾਂਚ ਸਮੇਂ ਕਦੇ-ਕਦੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ। ਸੁਰੱਖਿਆ ਕਰਮਚਾਰੀ ਅਕਸਰ ਕਾਨੂੰਨ ਦੀ ਆੜ ਹੇਠ ਦਸਤਾਰ ਉਤਾਰਨ ਨੂੰ ਆਖ ਦਿੰਦੇ ਹਨ। ਉਨ੍ਹਾਂ ਕਿਹਾ ਕਿ ਸੁਰੱਖਿਆ ਜਾਂਚ ਵੇਲੇ ਸਿੱਖ ਦੀ ਦਸਤਾਰ ਉਤਾਰਨ ਦਾ ਕਾਨੂੰਨ ਨਹੀਂ ਹੈ।

# ਮੁੰਬਈ ਹਮਲੇ ਬਾਰੇ ਕਬੂਲਨਾਮੇ 'ਤੇ ਘਿਰਿਆ ਸ਼ਰੀਫ

**ਇਸਲਾਮਾਬਾਦ:** ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਵੱਲੋਂ ਮੁੰਬਈ ਹਮਲੇ ਦੇ ਕਬੂਲਨਾਮੇ ਮਗਰੋਂ ਪਾਕਿਸਤਾਨ ਦੀ ਸਿਵਲ ਅਤੇ ਫੌਜੀ ਲੀਡਰਸ਼ਿਪ ਵਿਚ ਹਲਚਲ ਮੱਚ ਗਈ ਹੈ। ਸ਼ਰੀਫ ਦੇ ਵਿਵਾਦਤ ਬਿਆਨ ਕਰ ਕੇ ਕੌਮੀ ਸੁਰੱਖਿਆ ਕਮੇਟੀ (ਐਨ.ਐਸ.ਸੀ.) ਨੂੰ ਉਚ ਪੱਧਰੀ ਬੈਠਕ ਸੱਦਣੀ ਪੈ ਗਈ ਅਤੇ ਉਨ੍ਹਾਂ ਦੇ ਬਿਆਨ ਨੂੰ ਸਰਬਸੰਮਤੀ ਨਾਲ ਗਲਤ ਅਤੇ ਗੁੰਮਰਾਹਕੁਨ ਕਰਾਰ ਦਿੱਤਾ ਗਿਆ।

ਬਿਆਨ 'ਚ ਕਿਹਾ ਗਿਆ ਕਿ ਮੁੰਬਈ ਹਮਲੇ ਦੇ ਮੁਕੱਦਮੇ ਵਿਚ ਦੇਰੀ ਲਈ ਪਾਕਿਸਤਾਨ ਨਹੀਂ ਭਾਰਤ ਜ਼ਿੰਮੇਵਾਰ ਹੈ। ਐਨ.ਐਸ.ਸੀ. ਦੀ ਬੈਠਕ ਮਗਰੋਂ ਪ੍ਰਧਾਨ ਮੰਤਰੀ ਸ਼ਾਹਿਦ ਖਾਕਾਨ ਅੱਬਾਸੀ ਨੇ ਸ਼ਰੀਫ਼ ਨਾਲ ਮੁਲਾਕਾਤ ਕਰ ਕੇ ਉਨ੍ਹਾਂ ਨੂੰ ਫ਼ੌਜੀ ਲੀਡਰਸ਼ਿਪ ਦੇ ਖਦਸ਼ਿਆਂ ਤੋਂ ਜਾਣੂ ਕਰਵਾਇਆ।

'ਡਾਅਨ ਨਿਊਜ਼ ਟੀਵੀ' ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਦੋਹਾਂ ਆਗੂਆਂ ਦਰਮਿਆਨ ਤਕਰੀਬਨ ਅੱਧੇ ਘੰਟੇ ਤਕ ਬੈਠਕ ਹੋਈ ਅਤੇ ਸ਼ਰੀਫ਼ ਆਪਣੇ ਬਿਆਨ ਉਤੇ ਡੱਟੇ ਰਹੇ ਅਤੇ ਉਨ੍ਹਾਂ ਕਿਹਾ ਕਿ ਬਿਆਨ 'ਚ ਕੁਝ ਵੀ ਗਲਤ ਨਹੀਂ ਸੀ। ਸੂਤਰਾਂ ਮੁਤਾਬਕ ਸ਼ਰੀਫ਼ ਨੇ ਕਿਹਾ ਕਿ ਅਜਿਹੇ ਬਿਆਨ ਪਹਿਲਾਂ ਵੀ ਦਿੱਤੇ ਗਏ ਹਨ ਤਾਂ ਇਸ ਉਤੇ ਹੁਣ ਇੰਨਾ ਰੌਲਾ ਕਿਉਂ ਪਾਇਆ ਜਾ ਰਿਹਾ ਹੈ।

ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਪਹਿਲਾਂ ਪਰਵੇਜ਼ ਮੁਸ਼ੱਰਫ, ਸਾਬਕਾ ਗ੍ਰਹਿ ਮੰਤਰੀ ਰਹਿਮਾਨ ਮਲਿਕ ਅਤੇ ਸਾਬਕਾ ਕੌਮੀ ਸੁਰੱਖਿਆ



ਸਲਾਹਕਾਰ ਮੇਜਰ ਜਨਰਲ (ਸੇਵਾ ਮੁਕਤ) ਮਹਿਮੂਦ ਦੁਰਾਨੀ ਉਨ੍ਹਾਂ ਦੇ ਬਿਆਨ ਦੀ ਤਸਦੀਕ ਕਰ ਚੁੱਕੇ ਹਨ।

ਸ਼ਰੀਫ਼ ਨੇ ਮੀਡੀਆ ਉਤੇ ਵੀ ਹਮਲੇ ਕਰਦਿਆਂ ਕਿਹਾ ਕਿ ਉਹ ਉਨ੍ਹਾਂ ਨੂੰ ਦੇਸ਼ ਧ੍ਰੋਹੀ ਦੱਸ ਰਿਹਾ ਹੈ ਪਰ ਜਿਨ੍ਹਾਂ ਮੁਲਕ ਅਤੇ ਸੰਵਿਧਾਨ 'ਚ ਵੰਡੀਆਂ ਪਾ ਦਿੱਤੀਆਂ ਹਨ ਕੀ ਉਹ ਦੇਸ਼ ਭਗਤ ਹਨ? 'ਮੈਂ ਸੱਚ ਬੋਲ ਕੇ ਰਹਾਂਗਾ, ਉਸ ਦੇ ਭਾਵੇਂ ਕੁਝ ਵੀ ਨਤੀਜੇ ਨਿਕਲਣ।' ਡਾਅਨ ਅਖਬਾਰ ਮੁਤਾਬਕ ਇਸ ਮੁੱਦੇ ਉਤੇ ਹੁਕਮਰਾਨ ਪਾਰਟੀ ਵਿਚ ਵੀ ਮਤਭੇਦ ਪੈਦਾ ਹੋ ਗਏ ਹਨ।

# ਹਰਿਆਣੇ ਦਾ ਅੜਬ ਮੰਤਰੀ ਅਨਿਲ ਵਿਜ ਮੁੜ ਚਰਚਾ ਵਿਚ

**ਕੁਰੂਕਸ਼ੇਤਰ:** ਆਪਣੀ ਅੜਬਾਈ ਕਾਰਨ ਚਰਚਾ ਵਿਚ ਰਹਿਣ ਵਾਲੇ ਹਰਿਆਣਾ ਦੇ ਸਿਹਤ ਮੰਤਰੀ ਅਨਿਲ ਵਿਜ ਮੂਹਰੇ ਅਧਿਕਾਰੀ ਆਪਣਾ ਪੱਖ ਰੱਖਣ ਦਾ ਮੌਕਾ ਦੇਣ ਦੀ ਚਾਰਾਜੋਈ ਕਰਦਾ ਰਿਹਾ ਪਰ ਮੰਤਰੀ ਨੇ 'ਭ੍ਰਿਸ਼ਟ' ਐਸ.ਡੀ.ਓ. ਨੂੰ ਗ੍ਰਿਫਤਾਰ ਕਰਨ ਦੇ ਹੁਕਮ ਚਾੜ੍ਹ ਦਿੱਤੇ। ਸੋਸ਼ਲ ਮੀਡੀਆ ਉਤੇ ਇਸ ਸਬੰਧੀ ਵੀਡੀਓ ਚੱਲ ਰਹੀ ਹੈ ਜਿਸ 'ਚ ਜਿਲ੍ਹਾ ਸ਼ਿਕਾਇਤ ਨਿਵਾਰਣ ਕਮੇਟੀ ਦੀ ਕੈਥਲ 'ਚ ਹੋਈ ਮਾਸਿਕ ਬੈਠਕ ਦੌਰਾਨ ਵਿਜ ਪੁਲਿਸ ਵਾਲਿਆਂ ਨੂੰ ਐਸ.ਡੀ.ਓ. ਨੂੰ ਗ੍ਰਿਫਤਾਰ ਕਰਨ ਲਈ ਆਖਦੇ ਹਨ।

ਜਨ ਸਿਹਤ ਇੰਜੀਨੀਅਰਿੰਗ ਵਿਭਾਗ ਦੇ ਐਸ.ਡੀ.ਓ. ਵੇਦ ਪਾਲ ਖਿਲਾਫ਼ ਠੇਕੇਦਾਰ ਦਿਗਵਿਜੈ ਸਿੰਘ ਨੇ ਰਿਸ਼ਵਤ ਸਬੰਧੀ ਸ਼ਿਕਾਇਤ



ਕੀਤੀ ਸੀ। ਸੁਪਰਟੈਂਡਿੰਗ ਇੰਜੀਨੀਅਰ ਏ.ਕੇ. ਪਾਹਵਾ ਨੇ ਵੀ ਐਸ.ਡੀ.ਓ. ਦਾ ਪੱਖ ਪੂਰਿਆ ਪਰ ਵਿਜ ਨੇ ਉਨ੍ਹਾਂ ਦੀ ਵੀ ਗੱਲ ਨਾ ਸੁਣੀ। ਐਸ.ਡੀ.ਓ. ਜਦੋਂ ਸੁਰੱਖਿਆ ਅਮਲੇ ਨੂੰ ਧੱਕਾ ਮਾਰਦਿਆਂ ਕੁਝ ਦਸਤਾਵੇਜ਼ ਦਿਖਾਉਣ ਲਈ ਅੱਗੇ ਵਧਿਆ ਤਾਂ ਵਿਜ ਗੁੱਸੇ 'ਚ ਆ ਗਏ ਅਤੇ ਉਸ ਨੂੰ ਗ੍ਰਿਫਤਾਰ ਕਰਨ ਲਈ ਆਖਿਆ।

ਵਿਜ ਨੇ ਕਿਹਾ, "ਓ ਭਾਈ, ਮੇਰਾ ਨਾਮ ਅਨਿਲ ਵਿਜ ਹੈ। ਪਤਾ ਹੈ ਤੇਰੇ ਕੋ।" ਐਸ.ਡੀ.ਓ. ਨੇ ਵਿਜ ਦੇ ਵਤੀਰੇ ਦੀ ਤੁਲਨਾ ਮੁਗਲ ਬਾਦਸ਼ਾਹ ਔਰੰਗਜ਼ੇਬ ਨਾਲ ਕਰਦਿਆਂ ਕਿਹਾ, "ਔਰੰਗਜ਼ੇਬ ਦਾ ਸ਼ਾਸਨ ਵੀ ਇਨ੍ਹਾਂ ਨਾਲੋਂ ਬਿਹਤਰ ਸੀ।"

### ਸੁਨੰਦਾ ਦੀ ਮੌਤ ਲਈ ਥਰੂਰ ਮੁਲਜ਼ਮ ਕਰਾਰ

**ਨਵੀਂ ਦਿੱਲੀ:** ਦਿੱਲੀ ਪੁਲਿਸ ਨੇ ਕਾਂਗਰਸ ਆਗੂ ਸ਼ਸ਼ੀ ਥਰੂਰ ਨੂੰ ਪਤਨੀ ਸੁਨੰਦਾ ਪੁਸ਼ਕਰ ਨੂੰ ਖੁਦਕੁਸ਼ੀ ਲਈ ਮਜਬੂਰ ਕਰਨ ਦਾ ਮੁਲਜ਼ਮ ਦੱਸਦਿਆਂ ਅਦਾਲਤ ਵਿਚ ਉਸ ਖਿਲਾਫ਼ ਦੋਸ਼ ਪੱਤਰ ਦਾਖਲ ਕੀਤਾ ਹੈ। ਜ਼ਿਕਰਯੋਗ ਹੈ ਕਿ 17 ਜਨਵਰੀ 2014 ਦੀ ਰਾਤ ਨੂੰ ਸੁਨੰਦਾ ਪੁਸ਼ਕਰ ਇਕ ਲਗਜ਼ਰੀ ਹੋਟਲ ਵਿਚ ਮ੍ਰਿਤ ਮਿਲੀ ਸੀ।




# ਟੈਲੀ ਫਿਲਮ 'ਸਿਦਕ' ਦੀ ਭਰਵੀਂ ਸ਼ਲਾਘਾ

**ਨਿਊਵਾਰਕ, ਕੈਲੀਫੋਰਨੀਆ (ਬਿਊਰੋ):** ਬੀਤੇ ਦਿਨੀਂ ਨਿਊਵਾਰਕ ਵਿਖੇ ਪੰਜਾਬੀ ਟੈਲੀ ਫਿਲਮ 'ਸਿਦਕ' ਦਿਖਾਈ ਗਈ। ਫਿਲਮ ਦੇਖਣ ਪਿਛੋਂ ਹਾਲ ਤਾੜੀਆਂ ਨਾਲ ਗੂੰਜ ਉਠਿਆ। ਫਿਲਮ ਦੀ ਕਹਾਣੀ ਦਰਸ਼ਨ ਸਿੰਘ ਔਜਲਾ ਨੇ ਲਿਖੀ ਹੈ ਅਤੇ ਬਾਪ ਦੇ ਅਹਿਮ ਰੋਲ ਵਿਚ ਆਪਣੀ ਕਲਾ ਦਾ ਸਫਲ ਪ੍ਰਦਰਸ਼ਨ ਵੀ ਕੀਤਾ। ਇਸ ਤੋਂ ਇਲਾਵਾ ਪੰਮੀ ਮਿਨਹਾਸ, ਸੈਂਡੀ ਗਰੇਵਾਲ, ਅੰਮ੍ਰਿਤ ਗਿੱਲ ਅਤੇ ਛਾਬੜਾ ਪਰਿਵਾਰ ਦੀ ਅਦਾਕਾਰੀ ਇਸ ਫਿਲਮ ਨੂੰ ਸਫਲ ਬਣਾਉਣ ਵਿਚ ਕਾਮਯਾਬ ਰਹੀ।



ਜਸਵੀਰ ਸਿੰਘ ਭੰਵਰਾ ਵਲੋਂ ਤਿਆਰ ਕੀਤੀ ਗਈ ਇਸ ਟੈਲੀ ਫਿਲਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਇਹ ਪਰਿਵਾਰਕ ਕਦਰਾਂ ਕੀਮਤਾਂ ਦੇ ਅਰਥ ਰੂਪਮਾਨ ਕਰਦੀ ਸਮੇਂ ਦੀ ਲੋੜ ਸਿੱਧ ਹੋਈ। ਇਸ ਮੌਕੇ ਹਾਜ਼ਰ ਦਰਸ਼ਕਾਂ ਨੇ ਆਪਣੇ ਪ੍ਰਤੀਕਰਮ ਵਿਚ ਵੱਡਮੁੱਲੇ ਸੁਝਾਅ ਵੀ ਦਿੱਤੇ। ਸਮੁੱਚੇ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਲਈ ਗੋਲਡਨ ਪੰਜਾਬ ਕਲੱਬ ਅਤੇ ਗਲੋਬਲ ਵੂਮੈਨ ਪਾਵਰ ਵਲੋਂ ਅਹਿਮ ਭੂਮਿਕਾ ਨਿਭਾਈ ਗਈ।

**Drivers Wanted**

For Ngl Out Of Clinton Township, Michigan
Pays 50c Single, 55c Team
Empty Loaded. from Calefornia to hook & drop in Joplin, MO or Des Monies, IA. Hook & Drop In Michigan & Joplin, MO or Des Monis, IA. Weakly Home.
Minimum 2 Years Experience Required. Automatic Trucks
Call, Ajay Parmar Ph: 440-334-7318 Or
Prince Parmar Ph:425-362-4592
Nataraj Gold Lines DBA NGL
44543 N Gratiot, Clinton Twp, MI 48038 Fax: 216-763-0496
20-23

# ਤਿੰਨ ਰੰਗਾਂ ਦਾ ਸੁਮੇਲ

## ਮਾਣ ਮੱਤਾ ਅਧਿਆਪਕ, ਕਲਾਕਾਰ ਤੇ ਸਾਹਿਤਕਾਰ: ਪ੍ਰਿੰਸੀਪਲ ਅਮਰਜੀਤ ਸਿੰਘ ਸੁੱਖੀ

**ਕਲਾ ਪਰਿਕਰਮਾ**

ਮੇਜਰ ਸਿੰਘ ਨਾਭਾ
ਫੋਨ: 91-94635-53962

'ਕਲਾ ਜ਼ਿੰਦਗੀ ਹੈ।' ਇਹ ਸ਼ਬਦ ਜ਼ਿੰਦਗੀ ਨੂੰ ਅਨੰਦਮਈ ਬਣਾਉਣ ਲਈ ਅਹਿਮ ਥਾਂ ਰੱਖਦੇ ਹਨ। ਸ਼ਬਦਾਂ ਨੂੰ ਜ਼ਿੰਦਗੀ ਵਿਚ ਸਮੋ ਲੈਣ ਵਾਲੇ ਅਮਰਜੀਤ ਸਿੰਘ ਸੁੱਖੀ ਨੇ ਪੜ੍ਹਾਈ ਵੇਲੇ ਹੀ ਚਿੱਤਰਕਾਰੀ ਦਾ ਸ਼ੌਕ ਪਾਲ ਲਿਆ ਅਤੇ ਚਿੱਤਰ ਪ੍ਰਦਰਸ਼ਨੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹੀ ਸ਼ੌਕ ਉਨ੍ਹਾਂ ਨੂੰ ਮੈਟ੍ਰਿਕ ਪਿਛੋਂ ਆਰਟ ਕਾਲਜ, ਚੰਡੀਗੜ੍ਹ ਲੈ ਗਿਆ ਜਿਥੋਂ ਉਨ੍ਹਾਂ 1970 'ਚ ਆਰਟ ਵਿਚ ਡਿਗਰੀ ਕੀਤੀ।

ਪਿਤਾ ਸ. ਜਸਵੰਤ ਸਿੰਘ ਟੁਟੇਜਾ ਅਤੇ ਮਾਤਾ ਬੀਬੀ ਹਰਭਜਨ ਕੌਰ ਦੇ ਘਰ ਸ਼ਿਮਲਾ 'ਚ ਜੰਮੇ ਅਮਰਜੀਤ ਸਿੰਘ ਸੁੱਖੀ ਨੇ 1977 ਵਿਚ ਗੌਰਮਿੰਟ ਆਰਟ ਐਂਡ ਕਰਾਫਟ ਟੀਚਰਜ਼ ਸੰਸਥਾ 'ਚ ਲੈਕਚਰਾਰ ਦੀ ਸੇਵਾ ਨਿਭਾਉਣੀ ਸ਼ੁਰੂ ਕੀਤੀ। ਸਰਕਾਰੀ ਆਈ. ਟੀ. ਆਈ. (ਲੜਕੀਆਂ), ਸਮਾਣਾ ਤੋਂ ਉਹ 2011 ਵਿਚ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਉਨ੍ਹਾਂ ਦੇ ਪੜ੍ਹਾਏ ਬਹੁਤ ਸਾਰੇ ਵਿਦਿਆਰਥੀ ਡਰਾਇੰਗ ਅਧਿਆਪਕ ਦੀ ਸੇਵਾ ਨਿਭਾ ਰਹੇ ਹਨ ਤੇ ਕਈ ਉਚ ਅਹੁਦਿਆਂ 'ਤੇ ਵੀ ਕੰਮ ਕਰ ਰਹੇ ਹਨ।


ਅਮਰਜੀਤ ਸਿੰਘ ਸੁੱਖੀ

ਪ੍ਰਿੰ. ਸੁੱਖੀ ਨੇ ਵਾਟਰ ਕਲਰ, ਆਇਲ ਕਲਰ, ਪੋਸਟਰ ਕਲਰ ਅਤੇ ਪੈਨਸਿਲ ਸ਼ੇਡ ਵਿਚ ਅਨੇਕਾਂ ਚਿੱਤਰ ਬਣਾਏ, ਜੋ ਕਈ ਨੁਮਾਇਸ਼ਾਂ ਦਾ ਸ਼ਿੰਗਾਰ ਬਣੇ। ਇੱਕ ਚਿੱਤਰਕਾਰ ਹੁੰਦਿਆਂ ਉਹ ਸਾਹਿਤਕ ਰੁਚੀਆਂ ਵੀ ਆਪਣੇ ਅੰਦਰ ਸਮੋਈ ਬੈਠੇ ਹਨ ਜਿਸ ਦੀ ਮਿਸਾਲ ਉਨ੍ਹਾਂ ਦੇ ਕਲਾ ਨਾਲ ਸਬੰਧਤ ਮਾਟੋਆਂ ਵਿਚ ਪ੍ਰਤੱਖ ਰੂਪ ਵਿਚ ਵੇਖਣ ਨੂੰ ਮਿਲਦੀ ਹੈ। ਉਨ੍ਹਾਂ ਪੰਜਾਬੀ ਸਾਹਿਤ ਦੀ ਝੋਲੀ ਤਿੰਨ ਗਜ਼ਲ ਸੰਗ੍ਰਿਹ 'ਜਾਗਦੀਆਂ ਅੱਖਾਂ ਦੇ ਸੁਪਨੇ', 'ਕਲਮਾਂ ਦੀ ਪਰਵਾਜ਼' ਅਤੇ 'ਕਲਮਾਂ ਦਾ ਸਫਰ' ਪਾਉਣ ਦੇ ਨਾਲ ਨਾਲ ਕਹਾਣੀ ਸੰਗ੍ਰਿਹ 'ਕਹਾਣੀ ਅੱਗੇ ਤੁਰਦੀ ਗਈ' ਵੀ ਪਾਠਕਾਂ ਦੇ ਰੂਬਰੂ ਕੀਤੀ ਹੈ। 'ਜਾਗਦੀਆਂ ਅੱਖਾਂ ਦੇ ਸੁਪਨੇ' ਨੂੰ ਆਲ ਇੰਡੀਆ ਮੀਆਂ ਵਾਲੀ ਜਿਲ੍ਹਾ ਐਸੋਸੀਏਸ਼ਨ, ਦਿੱਲੀ ਵਲੋਂ 'ਆਊਟਸਟੈਂਡਿੰਗ ਅਚੀਵਮੈਂਟ ਅਵਾਰਡ' ਦਾ ਸਨਮਾਨ ਦਿੱਤਾ ਗਿਆ। ਨਾਮੀ ਲੇਖਕ ਸੁਖਮਿੰਦਰ ਸੇਖੋਂ ਵਲੋਂ ਸੰਪਾਦਿਤ ਕਿਤਾਬ 'ਮੁੱਠੀ ਕੁ ਤਾਰੇ' ਵਿਚ ਪ੍ਰਿੰ. ਸੁੱਖੀ ਦੀਆਂ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ।

ਸਮਾਜ ਸੇਵਾ ਅਤੇ ਬੱਚਿਆਂ ਅੰਦਰ ਕਲਾ ਪ੍ਰਤੀ ਰੁਚੀ ਪੈਦਾ ਕਰਨ ਲਈ ਪ੍ਰਿੰ. ਸੁੱਖੀ ਨੇ ਆਪਣੇ ਸਵਰਗੀ ਪਿਤਾ ਜਸਵੰਤ ਸਿੰਘ ਟੁਟੇਜਾ ਦੀ ਯਾਦ ਵਿਚ ਆਰਟ ਐਂਡ ਕਲਚਰ ਸੁਸਾਇਟੀ, ਨਾਭਾ ਦੀ ਸਥਾਪਨਾ ਕੀਤੀ ਜੋ 15 ਸਾਲਾਂ ਤੋਂ ਵੱਖੋ-ਵੱਖਰੇ ਸਕੂਲਾਂ ਵਿਚ ਹਰ ਸਾਲ ਪੇਂਟਿੰਗ ਮੁਕਾਬਲੇ ਕਰਵਾਉਂਦੀ ਆ ਰਹੀ ਹੈ।


ਗੁਰੂ ਨਾਨਕ ਦੇਵ ਜੀ ਦਾ ਚਿੱਤਰ ਬਣਾਉਂਦੇ ਹੋਏ ਪ੍ਰਿੰ. ਸੁੱਖੀ


ਆਲ ਇੰਡੀਆ ਮੀਆਂ ਵਾਲੀ ਐਸੋਸੀਏਸ਼ਨ, ਦਿੱਲੀ ਵਲੋਂ ਪ੍ਰਿੰ. ਸੁੱਖੀ ਦਾ ਸਨਮਾਨ

ਚੜ੍ਹਦੀ ਉਮਰੇ ਅਮਰਜੀਤ ਸਿੰਘ ਸੁੱਖੀ ਨੇ ਆਪਣੇ ਚਿੱਤਰਾਂ ਦੀ ਪਹਿਲੀ ਨੁਮਾਇਸ਼ 1975 ਵਿਚ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਵਿਖੇ ਲਾਈ ਜਿਸ ਦਾ ਉਦਘਾਟਨ ਉਸ ਸਮੇਂ ਦੇ ਵਾਈਸ ਚਾਂਸਲਰ ਮਹਿੰਦਰ ਸਿੰਘ ਰੰਧਾਵਾ ਨੇ ਕੀਤਾ। ਪ੍ਰਿੰ. ਅਮਰਜੀਤ ਸਿੰਘ ਦੇ ਦੱਸਣ ਮੁਤਾਬਕ ਮਹਿੰਦਰ ਸਿੰਘ ਰੰਧਾਵਾ ਨੇ ਉਨ੍ਹਾਂ ਦੀਆਂ ਕਲਾਕ੍ਰਿਤਾਂ ਦੀ ਭਰਵੀਂ ਸਰਾਹਨਾ ਕੀਤੀ, ਜਿਸ ਨਾਲ ਉਨ੍ਹਾਂ ਦਾ ਹੌਸਲਾ ਹੋਰ ਵੀ ਵਧ ਗਿਆ।

ਅਮਰਜੀਤ ਸਿੰਘ ਸੁੱਖੀ ਵਿਹਲੇ ਸਮੇਂ ਕੋਈ ਨਾ ਕੋਈ ਪੇਂਟਿੰਗ ਬਣਾਉਣ 'ਚ ਰੁਝੇ ਰਹਿੰਦੇ ਹਨ। ਉਨ੍ਹਾਂ ਸਿੱਖ ਇਤਿਹਾਸ ਅਤੇ ਪੰਜਾਬੀ ਸਭਿਆਚਾਰ ਨੂੰ ਪੇਸ਼ ਕਰਦੇ ਕਈ ਚਿੱਤਰ ਬਣਾਏ ਹਨ। ਉਨ੍ਹਾਂ ਆਪਣੇ ਘਰ ਅੰਦਰ ਸਾਰੇ ਕਮਰਿਆਂ 'ਚ ਆਪਣੀਆਂ ਕਲਾਕ੍ਰਿਤਾਂ ਨੂੰ ਬੜੇ ਸੁਚੱਜੇ ਢੰਗ ਨਾਲ ਟਿਕਾਇਆ ਹੋਇਆ ਹੈ ਜੋ ਪ੍ਰਦਰਸ਼ਨੀ ਦਾ ਭੁਲੇਖਾ ਪਾਉਂਦਾ ਹੈ। ਉਨ੍ਹਾਂ ਦੀ ਕਲਾ ਦੀ ਕਦਰ ਕਰਦਿਆਂ ਅਕਸਰ ਨਾਮੀ ਵਿਦਿਅਕ ਸੰਸਥਾਵਾਂ ਪੇਂਟਿੰਗ ਮੁਕਾਬਲਿਆਂ ਵਿਚ ਉਨ੍ਹਾਂ ਨੂੰ ਬਤੌਰ ਜੱਜ ਸੱਦਦੀਆਂ ਹਨ। ਕਈ ਸੰਸਥਾਵਾਂ ਉਨ੍ਹਾਂ ਦਾ ਸਨਮਾਨ ਕਰ ਚੁਕੀਆਂ ਹਨ। ਘਰ 'ਚ ਪਏ ਢੇਰ ਸਾਰੇ ਸਨਮਾਨ ਉਨ੍ਹਾਂ ਦੀ ਕਲਾ ਅਤੇ ਸਾਹਿਤ ਪ੍ਰਾਪਤੀਆਂ ਦੀ ਗਵਾਹੀ ਭਰਦੇ ਪ੍ਰਤੱਖ ਦਿਖਾਈ ਦਿੰਦੇ ਹਨ। ਨਾਭਾ ਵਿਚ ਸਾਲ 2012 'ਚ ਹੋਏ 34ਵੇਂ ਪ੍ਰੋ. ਮੋਹਨ ਸਿੰਘ ਯਾਦਗਾਰੀ ਮੇਲੇ 'ਚ ਪੇਂਟਿੰਗ ਪ੍ਰਦਰਸ਼ਨੀ ਵਿਚ ਸ਼ਮੂਲੀਅਤ ਕਰਨ ਲਈ ਵੀ ਉਨ੍ਹਾਂ ਦਾ ਉਚੇਚਾ ਸਨਮਾਨ ਕੀਤਾ ਗਿਆ। ਨਾਭਾ ਦੀਆਂ ਪੰਜਾਬ ਪ੍ਰਦੇਸ਼ ਸੰਸਕ੍ਰਿਤ ਅਕਾਦਮੀ ਅਤੇ ਮਾਡਰਨ ਖੇਤੀ ਐਗਰੋ ਸੁਸਾਇਟੀ ਤੋਂ ਇਲਾਵਾ ਸ਼੍ਰੋਮਣੀ ਪੰਜਾਬੀ ਲਿਖਾਰੀ ਸਭਾ ਪੰਜਾਬ ਅਤੇ ਸ. ਸੋਭਾ ਸਿੰਘ ਮੈਮੋਰੀਅਲ ਚਿੱਤਰਕਾਰ ਸੁਸਾਇਟੀ, ਬਠਿੰਡਾ ਵਲੋਂ ਵੀ ਉਨ੍ਹਾਂ ਦਾ ਸਨਮਾਨ ਕੀਤਾ ਜਾ ਚੁਕਾ ਹੈ। ਉਹ ਦੂਰਦਰਸ਼ਨ ਤੋਂ ਆਰਟ ਬਾਰੇ 20 ਮਿੰਟ ਦਾ ਪ੍ਰੋਗਰਾਮ ਵੀ ਪੇਸ਼ ਕਰ ਚੁਕੇ ਹਨ।

ਪ੍ਰਿੰ. ਸੁੱਖੀ ਨੇ ਆਪਣੀਆਂ ਪ੍ਰਾਪਤੀਆਂ ਲਈ ਆਪਣੀ ਸੁਪਤਨੀ, ਉਘੇ ਲੇਖਕ ਬੀ. ਐਸ. ਬੀਰ (ਮਹਿਰਮ ਗਰੁਪ ਪਬਲੀਕੇਸ਼ਨ), ਸੇਵਾ ਮੁਕਤ ਐਸ.ਡੀ.ਐਮ. ਹਰਪਾਲ ਸਿੰਘ, ਦਲਜੀਤ ਸਿੰਘ ਕਰਨਸ਼ੇਰ ਐਮ.ਡੀ. ਅਤੇ ਪੱਤਰਕਾਰ ਕਰਮਜੀਤ ਸਿੰਘ ਮਹਿਰਮ ਦੀ ਭੈਣ ਬੀਬੀ ਕ੍ਰਿਪਾਲ ਕੌਰ (ਰਿਟਾਇਰਡ ਪ੍ਰਿੰਸੀਪਲ) ਦੇ ਸਹਿਯੋਗ ਨੂੰ ਹਮੇਸ਼ਾ ਸਲਾਹਿਆ ਹੈ। ਉਨ੍ਹਾਂ ਦੇ ਭਰਾ ਹਰਿੰਦਰਪਾਲ ਸਿੰਘ ਐਮ.ਡੀ. ਇੱਕ ਕਾਰੋਬਾਰੀ ਹੋਣ ਦੇ ਬਾਵਜੂਦ ਸਾਹਿਤ ਅਤੇ ਚਿਤਰਕਾਰੀ ਨਾਲ ਜੁੜੇ ਹੋਏ ਹਨ।

ਪ੍ਰਿੰ. ਸੁੱਖੀ ਦੀਆਂ ਤਿੰਨ ਬੇਟੀਆਂ ਅਤੇ ਦੋਵੇਂ ਬੇਟੇ ਪੜ੍ਹਾਈ ਦੇ ਨਾਲ ਨਾਲ ਚਿਤਰਕਾਰੀ ਵਿਚ ਵੀ ਰੁਚੀ ਰੱਖਦੇ ਹਨ। ਉਹ ਅੱਜ ਕੱਲ੍ਹ ਮੋਹਾਲੀ ਆਪਣੇ ਪਰਿਵਾਰ ਨਾਲ ਰਹਿ ਰਹੇ ਹਨ। ਉਨ੍ਹਾਂ ਆਪਣੀ ਕਲਾ ਤੇ ਸਾਹਿਤ ਨਾਲ ਜੁੜੀਆਂ ਤੰਦਾਂ ਨੂੰ ਪਹਿਲਾਂ ਦੀ ਤਰ੍ਹਾਂ ਹੀ ਜੋੜੀ ਰੱਖਿਆ ਹੈ ਅਤੇ ਕੋਈ ਨਾ ਕੋਈ ਨਵੀਂ ਰਚਨਾ ਜਾਂ ਕਲਾਕ੍ਰਿਤ ਤ੍ਰਾਸ਼ਦੇ ਰਹਿੰਦੇ ਹਨ।

# ਆਖ ਤਸਵੀਰਾਂ ਬੋਲਦੀਆਂ

ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਮਈ 2018 ਹੈ। -ਸੰਪਾਦਕ

## ਕੈਪਸ਼ਨ ਮੁਕਾਬਲਾ-326


ਜੁੱਤੀਆਂ ਗੰਢਣ ਵਾਲਾ ਯਾਰੋ, ਹੈ ਮੈਰਾ ਰੁਜ਼ਗਾਰ।
ਨਾਲ ਕਿਤਾਬਾਂ ਫਿਰ ਵੀ ਰੱਖਾਂ ਤਹਿ ਦਿਲੋਂ ਮੈਂ ਪਿਆਰ।

## ਕੈਪਸ਼ਨ ਮੁਕਾਬਲਾ-324



ਖੇਡਣ ਦੀ ਉਮਰੇ ਵੇਚ ਖਿਡਾਉਣੇ
ਬਚਪਨ ਸਾਡੇ ਚਾਅ ਵਿਹੂਣੇ।
ਨਾ ਸਕੂਲ, ਨਾ ਘਰ ਹੈ ਕੋਈ
ਮਿੱਠੇ ਨਾ ਸਾਡੇ ਸੁਆਦ ਸਲੂਣੇ।
*-ਪੋਰਿੰਦਰ ਸਿੰਗਲਾ ਢਪਾਲੀ, ਬਠਿੰਡਾ*

---

ਖੇਡਣ ਦੇ ਦਿਨ ਚਾਰ ਨੀ ਮਾਏ
ਸਾਡੇ ਪੱਲੇ ਕਿਉਂ ਵਪਾਰ ਨੀ ਮਾਏ?
ਸਾਡੇ ਹਿੱਸੇ ਨਾ ਆਈਆਂ ਗੁੱਡੀਆਂ
ਭਾਗਾਂ ਵਾਲੀਆਂ ਪਾਵਣ ਲੁੱਡੀਆਂ।
ਦਿੱਤਾ ਬਚਪਨ ਵਿਸਾਰ ਨੀ ਮਾਏ
ਕੀਤਾ ਰੋਜ਼ੀ ਦਾ ਆਹਰ ਨੀ ਮਾਏ!
*-ਸੇਵਾ ਸਿੰਘ ਨੂਰਪੁਰੀ*
*ਫੋਨ: 408-912-3438*

---

ਜਿਸ ਦੇਸ਼ ਦੀਆਂ ਨੰਨ੍ਹੀਆਂ ਛਾਂਵਾਂ
ਵੇਚਦੀਆਂ ਫਿਰਨ ਖਿਡਾਉਣੇ।
ਝੂਠੇ ਲੀਡਰ ਲੱਖ ਟਾਹਰਾਂ ਮਾਰਨ
'ਅੱਛੇ ਦਿਨ' ਨਾ ਉਥੇ ਆਉਣੇ।
*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

---

ਅੱਖਾਂ ਵਿਚ ਗਰੀਬੀ ਦਿਸਦੀ
ਹੱਥ ਵਿਚ ਵੇਚ ਰਹੀ ਖਿਡੌਣੇ।
ਆ ਕੇ ਵੇਖ ਵੀਰ ਭਗਤ ਸਿਆਂ
ਆ ਦਿਨ ਪੈ ਗਏ ਅੱਜ ਹਢਾਉਣੇ।
ਇੱਕ ਵਾਰ ਤਾਂ ਦੱਸੋ ਸਰਕਾਰੇ
ਸਾਡੇ ਅੱਛੇ ਦਿਨ ਕਦ ਆਉਣੇ?
*-ਹਰਜਿੰਦਰ ਸਿੰਘ*
*ਫੋਨ: 91-96538-96528*

---

ਖਿਡਾਉਣੇ ਮੈਨੂੰ ਲੱਗਣ ਪਿਆਰੇ
ਵੇਚਣੇ ਪੈਂਦੇ ਵੱਸ ਮਜਬੂਰੀ।
ਘਰ ਦਾ ਗੁਜਾਰਾ ਕਰੇ ਨਾ ਪੂਰਾ
ਬਾਪੂ ਦੀ ਮਿਹਨਤ ਮਜ਼ਦੂਰੀ।
*-ਗੁਰਦੇਵ ਸਿੰਘ ਢਪਾਲੀ*
*ਫੋਨ: 91-94176-49275*

---

ਗਰੀਬੀ ਸਿਖਾਉਂਦੀ ਬਹੁਤ ਕੁਝ
ਕਲਯੁਗ 'ਚ ਭੱਜ-ਦੌੜ ਹੋਈ ਜਾਵੇ।
ਪੜ੍ਹਨ ਵਾਲੀ ਉਮਰੇ ਕੁੜੀ
ਗੁਜ਼ਾਰੇ ਲਈ ਫੜ੍ਹੀ ਢੋਈ ਜਾਵੇ।
ਸਮੇਂ ਨਾਲ ਰਲ ਕੇ ਚੱਲਣ ਵਾਸਤੇ
ਗਿਆਨ ਦਾ ਖਜ਼ਾਨਾ ਖੋਈ ਜਾਵੇ।
*-ਅਮਰਜੀਤ ਸਿੰਘ ਤੂਰ*
*ਪਿੰਡ ਕੁਲਬੁਰਛਾ, ਪਟਿਆਲਾ।*

---

ਬਚਪਨ ਦੇ ਵਿਚ ਛੋਟੀ ਜਿੰਦ ਨੂੰ
ਆਹ ਦਿਨ ਵੀ ਪੈ ਗਏ ਵੇਖਣੇ।
ਸਿੱਖਣ-ਪੜ੍ਹਨ ਦੀ ਬਾਲੜੀ ਉਮਰੇ
ਪੈ ਗਏ ਖਿਡਾਉਣੇ ਵੇਚਣੇ।
ਸਿਆਸਤ ਵਾਲੇ ਸ਼ੋਰ ਮਚਾਉਂਦੇ
ਪਤਾ ਨ੍ਹੀਂ ਅੱਛੇ ਦਿਨ ਕਦੋਂ ਆਉਣੇ?
*-ਜਗਜੀਤ ਕੌਰ ਤੂਰ, ਚੰਡੀਗੜ੍ਹ*

---

ਭੁੱਖਾ ਢਿੱਡ ਸਭ ਕਾਰ ਕਰਾਵੇ
ਪੜ੍ਹਨ ਲਿਖਣ ਦੀ ਉਮਰੇ
ਗਲੀ ਗਲੀ ਦੇਣਾ ਪੈਂਦਾ ਹੋਕਾ
ਲੈ ਲਓ ਭੰਬੀਰੀਆਂ, ਖਿਡਾਉਣੇ।
ਸੋਚਿਆਂ ਦਿਲ ਨੂੰ ਸੱਟ ਵੱਜਦੀ
ਭੁੱਖ ਨੰਗ ਨਾਲ ਕਿੰਨਾ ਘੁਲਦੇ ਰਹਾਂਗੇ।
*-ਦਰਸ਼ਨਪਾਲ ਦੋਸਾਂਝ*

---

ਬਸਤੇ ਦੀ ਥਾਂ ਚੁੱਕ ਕੇ ਤੁਰ ਪਈ
ਵੇਚਣ ਖੇਡ-ਖਿਡੌਣੇ।
ਨਿੱਕੇ ਭਰਾ ਨੂੰ ਸਾਂਭਦੀ ਜਾਵੇ
ਨਾਲ ਸਿਖਾਵੇ ਕਿੰਜ ਫੜ੍ਹਾਉਣੇ।
ਬੇਟੀ ਪੜ੍ਹਾਓ, ਕਹਿਣਾ ਸੌਖਾ
ਜਦ ਘਰ ਖਾਣ ਨੂੰ ਨਹੀਂ ਦਾਣੇ।
*-ਦਵਿੰਦਰ ਕੌਰ*

---

ਲਾਰੇ ਲਾ ਕੇ ਲੈ ਲਈਆਂ ਵੋਟਾਂ
ਨੇਤਾ ਸਾਡੇ ਕਰਦੇ ਧੋਖਾ।
ਪੰਦਰਾਂ ਲੱਖ ਦੇ ਲਾ ਕੇ ਲਾਰੇ
ਅੱਛੇ ਦਿਨਾਂ ਦੇ ਮਾਰ ਕੇ ਨਾਅਰੇ।
ਕੀ ਬੰਦਾ ਤੇ ਕੀ ਨਿਆਣੇ
ਉਪਰ ਵੱਲ ਮੂੰਹ ਕਰ ਕੇ ਪੁੱਛਦੇ
ਅੱਛੇ ਦਿਨ ਕਦੋਂ ਹਨ ਆਉਣੇ?
*-ਗੋਰਾ ਪ੍ਰਜਾਪਤ, ਨਿਊ ਯਾਰਕ*

# ਬੁੱਲ੍ਹਾ ਇੱਕ ਤੇ ਬੁੱਲੇ ਸੌ ਲੱਖਾਂ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਬਾਬਾ ਬੁੱਲ੍ਹੇ ਸ਼ਾਹ ਦਾ ਕਲਾਮ ਪੜ੍ਹਦਿਆਂ ਸਵੇਰ ਦੀ ਹਵਾ ਦੇ ਬੁੱਲ੍ਹੇ ਵਰਗਾ ਅਹਿਸਾਸ ਹੁੰਦਾ ਹੈ। ਉਸ ਦੇ ਧੀਮੇ ਬੋਲਾਂ ਵਿਚ ਮਿੱਠਤ ਹੀ ਨਹੀਂ, ਨਕੋਰ ਵੀ ਹੈ। ਸੂਫੀ ਧਾਰਾ ਨੂੰ ਪ੍ਰਣਾਇਆ ਬੁੱਲ੍ਹੇ ਸ਼ਾਹ ਸ਼ਬਦਾਂ ਤੇ ਸੁਰਾਂ ਦੇ ਸੁਮੇਲ ਰਾਹੀਂ 17ਵੀਂ ਸਦੀ ਦੇ ਪਹਿਲੇ ਅੱਧ ਵਿਚ ਲੋਕ ਮਨਾਂ ਨੂੰ ਠੰਢਕ ਪਹੁੰਚਾਉਂਦਾ ਰਿਹਾ ਹੈ। ਉਸ ਦੇ ਬੋਲਾਂ ਵਿਚ 'ਮਾਸ ਝੜੇ ਝੜ ਪਿੰਜਰ ਹੋਇਆ ਕੜਕਣ ਲੱਗੀਆਂ ਹੱਡੀਆਂ' ਦੇ ਲੇਖਕ ਸ਼ਾਹ ਹੁਸੈਨ ਜਿੰਨੀ ਵੀ ਉਚੀ ਸੁਰ ਨਹੀਂ ਮਿਲਦੀ। 'ਤੈਂ ਬਾਝੋਂ ਮੇਰਾ ਕੌਣ ਹੈ, ਦਿਲ ਢਾਹ ਨਾ ਮੇਰਾ' ਦੀ ਧੀਮੀ ਸੁਰ ਵਿਚ ਉਹ ਆਸ਼ਕੀ-ਮਾਸ਼ੂਕੀ ਦੇ ਸੰਸਾਰ ਨੂੰ ਸਹਿਜ ਪ੍ਰਦਾਨ ਕਰਦਾ ਹੈ। ਇਥੋਂ ਤੱਕ ਕਿ ਇਸ਼ਕ ਦਾ ਘਾਇਲ ਮਾਸ਼ੂਕ ਵੀ 'ਬਹੁੜੀਂ ਵੇ ਤਬੀਬਾ ਮੇਰੀ ਖਬਰ ਗਈ ਆਂ' ਦਾ ਵਾਸਤਾ ਪਾਉਂਦੇ ਸਮੇਂ 'ਝਬਦੇ ਆਵੀਂ' ਦਾ ਅਲਾਪ ਕਰਕੇ ਸੁੱਖ ਦੀ ਨੀਂਦੇ ਸੌਂ ਜਾਂਦਾ ਹੈ। 'ਗੱਲ ਨਾ ਬਣਦੀ ਤੇਰੀ ਮੇਰੀ' ਦਾ ਅਹਿਸਾਸ ਉਸ ਨੂੰ ਹੇਠ ਲਿਖੇ ਬੋਲ ਲਿਖਣ ਲਈ ਪ੍ਰੇਰਦਾ ਹੈ:

ਵੇਖੋ ਨੀ ਕੀ ਕਰ ਗਿਆ ਮਾਹੀ
ਲੈਂਦਾ ਹੀ ਦਿਲ ਹੋ ਗਿਆ ਰਾਹੀ
ਅੰਮ ਝਿੜਕੇ ਬਾਬਲ ਮਾਰੇ
ਤਾਹਨੇ ਦੇਂਦੇ ਵੀਰ ਪਿਆਰੇ
ਮੈਂ ਤੇਰੀ ਬੁਰਿਆਰ ਵੇ ਵੋਕਾਂ...।

ਬਾਬਾ ਬੁੱਲ੍ਹੇ ਸ਼ਾਹ ਨੇ 'ਝਬਦੇ ਆਵੀਂ', 'ਬੁਰਿਆਰ' ਤੇ 'ਥਈਆ ਥਈਆ' ਦੇ ਸ਼ਬਦਾਂ ਨੂੰ ਸੁੱਚੇ ਅਰਥ ਹੀ ਨਹੀਂ ਦਿੱਤੇ, ਇਨ੍ਹਾਂ ਵਿਚ ਸਵੇਰ ਦੀ ਹਵਾ ਦੇ ਬੁੱਲ੍ਹੇ ਵਾਲੀ ਤਾਜ਼ਗੀ ਵੀ ਭਰੀ ਹੈ। ਅਜਿਹੀ ਤਾਜ਼ਗੀ, ਜਿਸ ਨੂੰ ਗਾ-ਸੁਣ ਕੇ ਲੱਖਾਂ ਲੋਕ ਠੰਢੀ ਹਵਾ ਦੇ ਬੁੱਲ੍ਹੇ ਲੈਂਦੇ ਹਨ। ਇਥੇ ਹੀ ਬਸ ਨਹੀਂ, ਉਸ ਨੇ ਸਮਾਜਕ ਅਡੰਬਰਾਂ ਤੇ ਮਾਨਵੀ ਅਸਹਿਣਸ਼ੀਲਤਾ ਵਿਰੁਧ ਬੇਬਾਕ ਹੋ ਕੇ ਲਿਖਦੇ



ਬਾਬਾ ਬੁੱਲ੍ਹੇ ਸ਼ਾਹ

ਸਮੇਂ ਵੀ ਉਚੀ ਸੁਰ ਦੀ ਮੁਥਾਜੀ ਨਹੀਂ ਕੀਤੀ। ਉਸ ਨੇ ਰੱਬ ਨੂੰ ਇੱਕ ਕਰਕੇ ਜਾਣਿਆ ਤੇ ਆਪਣੇ ਮਨ ਵਿਚ ਵਾਹਦ ਕਹਿ ਕੇ ਵਸਾਈ ਰੱਖਿਆ। ਹੇਠ ਲਿਖੇ ਬੋਲ ਇਸ ਦੀ ਸ਼ਾਹਦੀ ਭਰਦੇ ਹਨ। ਆਪਣੇ ਮਨ ਦੀ ਭਾਵਨਾ ਨੂੰ ਬੋਲ ਦਿੰਦੇ ਸਮੇਂ ਬੁੱਲ੍ਹੇ ਸ਼ਾਹ ਨੇ ਹੀਰ-ਰਾਂਝੇ ਦੇ ਇਸ਼ਕ ਨੂੰ ਚਿਨ੍ਹ ਵਜੋਂ ਵਰਤਿਆਂ ਹੈ। ਇਥੇ ਰਾਂਝਾ ਰੱਬ ਹੈ ਤੇ ਉਸ ਦੀ ਇਛੁੱਕ ਹੀਰ:

ਹੀਰ ਰਾਂਝੇ ਦੇ ਹੋ ਗਏ ਮੇਲੇ
ਭੁੱਲੀ ਹੀਰ ਢੂਡੇਂਦੀ ਬੇਲੇ
ਰਾਂਝਾ ਯਾਰ ਬੁੱਕਲ ਵਿਚ ਖੇਲੇ
ਮੈਨੂੰ ਖਬਰ ਰਹੀ ਨਾ ਸਾਰ...।

ਵੇਦ ਪੁਰਾਨਾ ਪੜ੍ਹ ਪੜ੍ਹ ਥੱਕੇ
ਸਜਦੇ ਕਰਦਿਆਂ ਘਸ ਗਏ ਮੱਥੇ
ਨਾ ਰੱਬ ਤੀਰਥ, ਨਾ ਰੱਬੇ ਮੱਕੇ
ਜਿਸ ਪਾਇਆ ਤਿਸ ਨਵਾਂ ਨਵਾਰ...।

ਉਮਰ ਗਵਾਈ ਵਿਚ ਮਸੀਤੀ
ਅੰਦਰ ਭਰਿਆ ਨਾਲ ਪਲੀਤੀ
ਕਦੇ ਨਮਾਜ਼ ਤੌਹੀਦ ਨਾ ਕੀਤੀ
ਹੁਣ ਕੀ ਕਰਨਾ ਏਂ ਸ਼ੋਰ ਪੁਕਾਰ...।

ਬੁੱਲ੍ਹੇ ਸ਼ਾਹ ਦੇ ਇਨ੍ਹਾਂ ਬੋਲਾਂ ਨੂੰ ਸੁਰ ਤਾਲ ਦਿੰਦੇ ਸਮੇਂ ਨੁਸਰਤ ਫਤਹਿ ਅਲੀ ਖਾਨ, ਆਬਿਦਾ ਪ੍ਰਵੀਨ, ਰਹਿਮਤ ਅਲੀ, ਬਰਕਤ ਸਿੱਧੂ ਵਰਗੇ ਸੈਂਕੜੇ ਫਨਕਾਰਾਂ ਨੇ ਸਰਾਹਿਆ ਤੇ ਗਾਇਆ ਹੈ। ਨਿਸ਼ਚੇ ਹੀ ਇਸ ਲੜੀ ਵਿਚ ਗੈਰ-ਮੁਸਲਿਮ ਫਨਕਾਰਾਂ ਦੀ ਲਿਸਟ ਵੀ ਬਹੁਤ ਲੰਮੀ ਹੈ। ਮੇਰੇ ਮਿੱਤਰ ਬਰਜਿੰਦਰ ਸਿੰਘ ਹਮਦਰਦ ਦੀ ਸੁਰੀਲੀ ਦਰਦ ਭਿੱਜੀ ਆਵਾਜ਼ ਦਾ ਜਾਦੂ ਵੀ ਸਾਡੇ ਸਿਰ ਚੜ੍ਹ ਕੇ ਬੋਲਦਾ ਹੈ। ਝਬਦੇ ਆਵੀ ਦੀ ਲੈਅ ਤੇ ਸੁਰ ਧੁਰ ਅੰਦਰ ਤੱਕ ਉਤਰ ਜਾਂਦੀ ਹੈ। ਬਰਜਿੰਦਰ ਸਿੰਘ ਨੂੰ ਪੱਤਰਕਾਰ ਵਜੋਂ ਜਾਣਨ ਵਾਲੇ ਪਾਠਕ ਤੇ ਸਰੋਤੇ ਇਹ ਨਹੀਂ ਜਾਣਦੇ ਕਿ ਪੱਤਰਕਾਰਤਾ ਉਸ ਦੀ ਪਤਨੀ ਹੈ ਤੇ ਗਾਇਕੀ ਉਸ ਦੀ ਮਾਸ਼ੂਕਾ। ਉਸ ਨੇ ਆਪਣਾ ਇਸ਼ਕ ਕਈ ਕੈਸਿਟਾਂ ਭਰਵਾ ਕੇ ਪੁਗਾਇਆ ਹੈ। ਧੀਮੀ ਸੁਰ ਵਾਲੀ ਗਾਇਕੀ ਦੇ ਮੱਦਾਹਾਂ ਨੂੰ ਚਾਹੀਦਾ ਹੈ ਕਿ ਉਸ ਦੀ 'ਕਸੁੰਭੜਾ' ਨਾਂ ਦੀ ਕੈਸਿਟ ਸੁਣ ਕੇ ਆਪ ਹੀ ਫੈਸਲਾ ਕਰਨ ਕਿ ਮੇਰੇ ਕਥਨ ਵਿਚ ਕਿੰਨਾ ਕੁ ਸੱਚ ਹੈ। ਮੇਰੀ ਉਮਰ ਦੇ ਸਰੋਤੇ ਇਨ੍ਹਾਂ ਬੋਲਾਂ ਦਾ ਰਸ ਵਧੇਰੇ ਮਾਣ ਸਕਦੇ ਹਨ। ਘਰ ਬੈਠ ਕੇ ਹੀ ਨਹੀਂ, ਆਪਣੀ ਕਾਰ ਵਿਚ ਸਫਰ ਕਰਦੇ ਸਮੇਂ ਵੀ ਮੈਨੂੰ ਇਹ ਅਹਿਸਾਸ ਕਈ ਵਰ੍ਹੇ ਪਹਿਲਾਂ ਸੁਣੀ ਇਸ ਕੈਸਟ ਨੂੰ ਨਵੇਂ ਸਿਰਿਓਂ ਸੁਣਨ ਨਾਲ ਹੋਇਆ ਹੈ। ਜੇ ਚਾਹੋ ਤਾਂ ਮੈਥੋਂ ਲੈ ਸਕਦੇ ਹੋ।

**ਦਿਆਲ ਸਿਘ ਬਨਾਮ ਵੰਦੇ ਮਾਤ੍ਰਮ:** ਦਿਆਲ ਸਿੰਘ ਕਾਲਜ ਦੇ ਨਾਂ ਅੱਗੇ ਕੌਮੀ ਤਰਾਨੇ ਦੇ ਵੰਦੇ ਮਾਤ੍ਰਮ ਸ਼ਬਦ ਜੋੜਨ ਦਾ ਮਸਲਾ 25 ਅਪਰੈਲ ਨੂੰ ਕਾਲਜ ਦੇ ਇੱਕ ਸਮਾਗਮ ਨੇ ਮੁੜ ਭਖਾ ਦਿੱਤਾ ਹੈ। ਕਾਲਜ ਦੀ ਗਵਰਨਿੰਗ ਬਾਡੀ ਦਾ ਮੁਖੀ ਅਮਿਤਾਬ ਸਿਨਹਾ ਖੁਦਮੁਖਤਾਰੀ ਦਾ ਬੁਰਕਾ ਪਾ ਕੇ ਆਪਣੇ ਛੇ ਮਹੀਨੇ ਪੁਰਾਣੇ ਬੋਲ ਪੁਗਾਉਣ ਦਾ ਯਤਨ ਕਰ ਰਿਹਾ ਹੈ। ਉਹ ਜਾਣਦਾ ਹੈ ਕਿ ਉਸ ਦੇ ਇਸ ਪੈਂਤੜੇ ਨਾਲ ਦੇਸ਼ ਦੀ ਭਾਜਪਾ ਸਰਕਾਰ ਵਿਚ ਨੰਬਰ ਬਣਨਗੇ, ਜਿਸ ਦੇ ਸਿੱਟੇ ਵਜੋਂ ਕੌਂਸਲ ਮੁਖੀ ਦੀ ਕੁਰਸੀ ਖੁਸ ਜਾਣ ਉਤੇ ਵੀ ਉਸ ਨੂੰ ਵਡੇਰੀ ਉਪਾਧੀ ਮਿਲ ਸਕਦੀ ਹੈ।

ਸਿਨਹਾ ਨੂੰ ਆਪਣੇ ਨੰਬਰ ਬਣਾਉਣ ਦੀ ਏਨੀ ਕਾਹਲ ਹੈ ਕਿ ਉਸ ਨੇ ਦਿੱਲੀ ਯੂਨੀਵਰਸਿਟੀ ਦੀ ਪ੍ਰਵਾਨਗੀ ਉਡੀਕੇ ਬਿਨਾ ਹੀ ਇਹ ਗੰਭੀਰ ਕਦਮ ਪੁਟ ਲਿਆ ਹੈ। ਉਹ ਭੁੱਲ ਜਾਂਦਾ ਹੈ ਕਿ ਉਸ ਦੀ ਇਹ ਪਿਰਤ ਕੱਲ੍ਹ ਨੂੰ ਸੇਂਟ ਸਟੀਫਨ, ਐਸ. ਜੀ. ਟੀ. ਬੀ. ਤੇ ਇੰਦਰ ਪ੍ਰਸਥਾ ਆਦਿ ਮਹਾਂਵਿਦਿਆਲਿਆਂ ਵਿਚ ਵੀ ਤਰੇੜਾਂ ਪਾ ਸਕਦੀ ਹੈ, ਜੋ ਦੇਸ਼ ਲਈ ਅਤਿਅੰਤ ਭਿਅੰਕਰ ਹੈ। ਇਹ ਵੀ ਸਮਝ ਨਹੀਂ ਆਉਂਦੀ ਕਿ ਗੌਰਵਮਈ ਵਿਦਿਆਲੇ ਦੇ ਨਾਂ ਨਾਲ ਛੇੜਖਾਨੀ ਕਰਕੇ ਉਹ ਕੌਮੀ ਤਰਾਨੇ ਦਾ ਕੱਦ ਛੋਟਾ ਕਰ ਰਿਹਾ ਹੈ ਜਾਂ 19ਵੀਂ ਸਦੀ ਦੇ ਉਚ ਦੁਮਾਲੜੇ ਸਮਾਜ ਸੇਵਕ ਦਿਆਲ ਸਿੰਘ ਦਾ! ਇਹ ਮਾਮਲਾ ਸੰਵੇਦਨਸ਼ੀਲਤਾ ਦੀ ਮੰਗ ਕਰਦਾ ਹੈ ਤੇ ਕੇਂਦਰ ਸਰਕਾਰ ਨੂੰ ਖੁਦਮੁਖਤਿਆਰੀ ਦਾ ਬੁਰਕਾ ਚੁੱਕ ਕੇ ਸਿਨਹਾ ਦਾ ਚਿਹਰਾ ਨੰਗਾ ਕਰਨਾ ਬਣਦਾ ਹੈ।

**ਅੰਤਿਕਾ:** (ਗੁਰਦਿਆਲ ਰੌਸ਼ਨ)
ਕੈਦ ਹੋ ਜਾਵੇ ਖੁਦਾ
ਉਸ ਕੋਲ ਸੋਚੇ ਮੌਲਵੀ,
ਸੋਚੇ ਪੰਡਤ ਆ ਵੜੇ ਰੱਬ
ਉਸ ਦੀ ਗੜਵੀ 'ਚ ਕਾਸ਼।

# ਪੰਜਾਬ ਟਾਈਮਜ਼ ਨਾਈਟ-2018

*(ਸਫਾ 14 ਦੀ ਬਾਕੀ)*

(ਬਾਬ) ਸਿੰਘ ਸੰਧੂ, ਅਮੋਲਕ ਸਿੰਘ ਗਾਖਲ, ਰਾਜਿੰਦਰ ਸਿੰਘ ਬੈਂਸ ਅਤੇ ਵਰਿੰਦਰ ਕੌਰ ਗਿੱਲ (ਸੁਪਤਨੀ ਮਰਹੂਮ ਗੁਰਿੰਦਰ ਸਿੰਘ ਗਿੱਲ) ਜਰੂਰੀ ਰੁਝੇਵਿਆਂ ਕਾਰਨ ਪਹੁੰਚ ਨਾ ਸਕੇ ਪਰ ਉਨ੍ਹਾਂ ਸ਼ੁਭ ਇਛਾਵਾਂ ਭੇਜੀਆਂ। ਸਵਰਨਜੀਤ ਸਿੰਘ ਢਿੱਲੋਂ ਸਿਹਤ ਦੀ ਮਜਬੂਰੀ ਕਾਰਨ ਨਾ ਪਹੁੰਚ ਸਕੇ ਪਰ ਉਨ੍ਹਾਂ ਦੀ ਨੁਮਾਇੰਗੀ ਉਨ੍ਹਾਂ ਦੀ ਧਰਮ ਪਤਨੀ ਜਸਬੀਰ ਕੌਰ ਢਿੱਲੋਂ ਨੇ ਕੀਤੀ।

ਸਥਾਨਕ ਸਭਿਆਚਾਰਕ ਸੰਸਥਾਵਾਂ-ਪੰਜਾਬੀ ਕਲਚਰਲ ਸੁਸਾਇਟੀ (ਪੀ.ਸੀ.ਐਸ), ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ (ਪੀ.ਐਚ.ਓ), ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.); ਖੇਡ ਸੰਸਥਾਵਾਂ-ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਅਤੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸ਼ਿਕਾਗੋ ਦੇ ਨੁਮਾਇੰਦੇ ਵੀ ਹਾਜ਼ਰ ਸਨ।

ਸਿਨਸਿਨੈਟੀ, ਓਹਾਇਓ ਤੋਂ ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਸੁਸਾਇਟੀ ਦੇ ਸੁਰਜੀਤ ਸਿੰਘ ਮਾਵੀ, ਗੁਰਮਿੰਦਰ ਸੰਧੂ, ਗੁਰਪ੍ਰੀਤ ਗਿੱਲ, ਬਹਾਦਰ ਸਿੰਘ ਮੁੰਡੀ, ਨਰਿੰਦਰ ਤਾਤਲਾ, ਪਰਮਿੰਦਰ ਤੱਖਰ ਆਪਣੇ ਹੋਰ ਸਾਥੀਆਂ ਨਾਲ ਪਹੁੰਚੇ।

ਮਿਲਵਾਕੀ ਤੋਂ ਅੰਮ੍ਰਿਤਪਾਲ ਗਿੱਲ, ਅਮਰਜੀਤ ਸਿੰਘ ਸੰਧਰ, ਗੁਰਦੇਵ ਸਿੰਘ ਜੌੜਾ, ਮੇਜਰ ਸਿੰਘ ਕੈਲੇ ਤੇ ਸਾਥੀ ਅਤੇ 'ਗੁਰੂ ਲਾਧੋ ਰੇ ਸੇਵਾ ਸੁਸਾਇਟੀ ਬਾਬਾ ਮੱਖਣ ਸ਼ਾਹ ਲੁਬਾਣਾ' ਦੇ ਜਰਨੈਲ ਸਿੰਘ, ਪਰਮਿੰਦਰ ਸਿੰਘ ਗੋਲਡੀ, ਜੱਗੀ ਸਿੰਘ ਘੋਤੜਾ, ਸਤਪਾਲ ਸਿੰਘ ਬੈਂਸਾ ਤੇ ਸਾਥੀ ਤੋਂ ਇਲਾਵਾ ਗਾਇਕਾ ਪੂਜਾ ਧਾਲੀਵਾਲ ਤੇ ਉਨ੍ਹਾਂ ਦਾ ਪਤੀ ਕੁਲਵਿੰਦਰ ਧਾਲੀਵਾਲ ਹਾਜ਼ਰ ਹੋਏ।

ਪੰਜਾਬੀ ਹੈਰੀਟੇਜ ਸੁਸਾਇਟੀ, ਕੈਲਮਜ਼ੂ (ਮਿਸ਼ੀਗਨ) ਵਲੋਂ ਦਲਬਾਰਾ ਸਿੰਘ ਮਾਂਗਟ, ਰਨਬੀਰ ਸਿੰਘ (ਲਾਲੀ) ਧਾਲੀਵਾਲ, ਜਸਪਾਲ ਸਿੰਘ ਸਰਾਂ, ਸੁਖਬੀਰ ਸੋਹੀ ਤੇ ਸਾਥੀ ਰੌਣਕ ਵਧਾ ਰਹੇ ਸਨ। ਕੈਨੇਡਾ ਤੋਂ ਜਸਵਿੰਦਰ ਕੌਰ ਗਿੱਲ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਹਿੱਸਾ ਪਾਉਣ ਪਹੁੰਚੇ।

ਹੋਰ ਮੁਅੱਜ਼ਜ਼ ਮਹਿਮਾਨਾਂ 'ਚ ਸ਼ਿਕਾਗੋ ਤੋਂ ਪ੍ਰੋ. ਰਮਦੇਵ ਦੇ ਪੁੱਤਰ-ਰਿੱਕ ਤੇ ਰਾਜੂ, ਨੂੰਹਾਂ-ਸੀਮਾ ਤੇ ਕ੍ਰਿਸ ਤੋਂ ਇਲਾਵਾ ਉਨ੍ਹਾਂ ਦੀਆਂ ਪੋਤੀਆਂ ਪਹੁੰਚੀਆਂ ਹੋਈਆਂ ਸਨ। ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਡਾ. ਪਰਦੀਪ ਸਿੰਘ ਗਿੱਲ, ਸਾਬਕਾ ਪ੍ਰਧਾਨ ਮਹਾਂਬੀਰ ਸਿੰਘ ਬਰਾੜ, ਜਸਬੀਰ ਕੌਰ ਸਲੂਜਾ ਤੇ ਇਕਬਾਲ ਸਿੰਘ ਚੋਪੜਾ, ਬੋਰਡ ਮੈਂਬਰ ਅਮਰਦੇਵ ਸਿੰਘ ਬਦੇਸ਼ਾ, ਇਰਵਿਨਪ੍ਰੀਤ ਸਿੰਘ, ਹਰਜੀਤ ਸਿੰਘ ਗਿੱਲ ਤੇ ਗੁਰਮੀਤ ਸਿੰਘ ਬੈਂਸ, ਗੁਰਦੁਆਰਾ ਪੈਲਾਟਾਈਨ ਦੇ ਸਾਬਕਾ ਬੋਰਡ ਮੈਂਬਰ ਗਿਆਨ ਸਿੰਘ ਸੀਹਰਾ, ਗੁਰਦੁਆਰਾ ਪੈਲਾਟਾਈਨ ਵਿਚ ਕਾਰ ਸੇਵਾ ਪ੍ਰਾਜੈਕਟ ਦੇ ਕਨਵੀਨਰ ਸਤਨਾਮ ਸਿੰਘ ਔਲਖ, ਓਂਕਾਰ ਸਿੰਘ ਲਾਲ ਤੇ ਸਾਥੀ; ਪੀ.ਸੀ.ਐਸ. ਦੇ ਪ੍ਰਧਾਨ ਸੁਰਿੰਦਰ ਸਿੰਘ ਪਾਲੀਆ, ਸਾਬਕਾ ਪ੍ਰਧਾਨ ਸੁਖਮੇਲ ਸਿੰਘ ਅਟਵਾਲ, ਹਰਿੰਦਰਪਾਲ ਸਿੰਘ ਲੈਲ, ਸੁਰਿੰਦਰ ਸਿੰਘ ਸੰਘਾ, ਬਲਵਿੰਦਰ ਸਿੰਘ ਗਿਰਨ, ਭੁਪਿੰਦਰ ਸਿੰਘ ਧਾਲੀਵਾਲ ਤੇ ਗੁਰਮੀਤ ਸਿੰਘ ਢਿੱਲੋਂ; ਅਕਾਲੀ ਆਗੂ ਤੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਪ੍ਰਧਾਨ ਗੁਰਮੀਤ ਸਿੰਘ ਭੋਲਾ, ਸਾਬਕਾ ਪ੍ਰਧਾਨ ਜਸਕਰਨ ਸਿੰਘ ਧਾਲੀਵਾਲ, ਅੰਮ੍ਰਿਤਪਾਲ ਸਿੰਘ ਸੰਘਾ, ਯਾਦਵਿੰਦਰ ਸਿੰਘ ਗਰੇਵਾਲ; ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਦੇ ਪ੍ਰਧਾਨ ਦਰਸ਼ਨ ਸਿੰਘ ਪੰਮਾ, ਸਾਬਕਾ ਪ੍ਰਧਾਨ ਬਲਵਿੰਦਰ ਸਿੰਘ ਚੱਠਾ, ਗੁਰਦੇਵ ਸਿੰਘ ਗਿੱਲ ਤੇ ਪਰਮਿੰਦਰ ਸਿੰਘ ਵਾਲੀਆ, ਲਖਵਿੰਦਰ ਬਿਹਾਰੀਪੁਰੀਆ, ਦੀਪਾ ਬਦੇਸ਼ਾ ਤੇ ਸਾਥੀ; ਨਿੱਕ ਗਾਖਲ, ਸਵਰਨ ਸਿੰਘ ਸੇਖੋਂ, ਦਰਸ਼ਨ ਸਿੰਘ ਬੈਨੀਪਾਲ, ਭੁਪਿੰਦਰ ਸਿੰਘ ਬਾਵਾ, ਸਵੀ ਅਟੱਲ, ਗੁਰਬਚਨ ਸਿੰਘ ਸੰਧੂ, ਮੱਤ ਸਿੰਘ ਢਿੱਲੋਂ, ਲਾਲ ਸਿੰਘ, ਲਖਬੀਰ ਸਿੰਘ ਸੰਧੂ, ਸ਼ਿਵਿੰਦਰ ਸਿੰਘ ਬਰਾੜ ਤੇ ਸਾਥੀ; ਸਿੱਖ ਸੀਨੀਅਰ ਸਿਟੀਜ਼ਨ ਗਰੁਪ ਵਲੋਂ ਬਜੁਰਗ ਦੌੜਾਕ ਕੁਲਦੀਪ ਸਿੰਘ ਸਿੱਬਲ, ਅਮੋਲਕ ਸਿੰਘ ਗਿੱਧਾ, ਨਰਿੰਦਰ ਸੂਦ, ਸੁਰਿੰਦਰ ਸਿੰਘ ਕਾਲੜਾ ਤੇ ਸਾਥੀ; ਹਰਜਿੰਦਰ ਸਿੰਘ ਸੰਧੂ, ਓਂਕਾਰ ਸਿੰਘ ਸੰਘਾ ਤੇ ਪਰਿਵਾਰ, ਸੰਨੀ ਕੁਲਾਰ, ਰੌਨੀ ਕੁਲਾਰ, ਪੀਟ ਦਿਓਲ, ਜਸਵੀਰ ਸਿੰਘ ਪਾਲੀਆ, ਸਰਵਣ ਸਿੰਘ ਰਾਜੂ, ਮਿੱਕੀ ਕਾਹਲੋਂ, ਸੰਤੋਖ ਸਿੰਘ ਭਟਨੂਰਾ, ਕਿਰਪਾਲ ਸਿੰਘ ਰੰਧਾਵਾ, ਡਾ. ਸਰਬਜੀਤ ਸਿੰਘ ਭੰਡਾਲ, ਸੰਤੋਖ ਸਿੰਘ ਡੀ. ਸੀ, ਅਜੈਬ ਸਿੰਘ ਲੱਖਣ, ਅਮਰਜੀਤ ਸਿੰਘ ਢੀਂਡਸਾ, ਢੋਲ ਰੇਡੀਓ ਦੇ ਸੁਖਪਾਲ ਗਿੱਲ ਤੇ ਅਮਨ, ਸਿੱਖ ਟੀ. ਵੀ. ਦੇ ਇੰਦਰਮੋਹਨ ਸਿੰਘ ਛਾਬੜਾ, ਮਹਿੰਦਰ ਸਿੰਘ ਰਕਾਲਾ ਅਤੇ ਕਮਲਜੀਤ ਸਿੰਘ ਵਿਰਦੀ ਤੋਂ ਇਲਾਵਾ ਹੋਰ ਬਹੁਤ ਸਾਰੇ ਪਤਵੰਤੇ ਸੱਜਣ ਅਖਬਾਰ ਪ੍ਰਤੀ ਆਪਣੀ ਸਾਂਝ ਪ੍ਰਗਟਾਉਣ ਲਈ ਪਹੁੰਚੇ।

ਸੈਕਰਾਮੈਂਟੋ, ਕੈਲੀਫੋਰਨੀਆ ਤੋਂ ਸ਼ਹੀਦ ਊਦਮ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੇ ਪ੍ਰਧਾਨ ਗੁਲਿੰਦਰ ਸਿੰਘ ਗਿੱਲ ਦੀ ਨੁਮਾਇੰਦਗੀ ਕਰਨ ਲਈ ਗੁਰਜਿੰਦਰ ਸਿੰਘ ਗਰੇਵਾਲ ਆਪਣੇ ਸਾਥੀਆਂ ਸਮੇਤ ਪਹੁੰਚੇ। ਫਾਊਂਡੇਸ਼ਨ ਦੇ ਮੋਹਰੀ ਆਗੂ ਚਰਨ ਸਿੰਘ ਜੱਜ ਪਹੁੰਚ ਨਾ ਸਕੇ ਪਰ ਉਨ੍ਹਾਂ ਸ਼ੁਭ ਕਾਮਨਾਵਾਂ ਅਤੇ ਮਾਲੀ ਮਦਦ ਵੀ ਭੇਜੀ। ਸੈਨ ਹੋਜੇ ਤੋਂ ਡਾ. ਦਲਬੀਰ ਸਿੰਘ ਪੰਨੂ ਆਏ ਹੋਏ ਸਨ। ਇੰਡੀਅਨਐਪੋਲਿਸ, ਇੰਡੀਆਨਾ ਤੋਂ ਗੁਰਬਖਸ਼ ਸਿੰਘ ਰਾਹੀ ਤੇ ਉਨ੍ਹਾਂ ਦੇ ਸਾਥੀ ਅਤੇ ਕਰਾਊਨ ਪੁਆਇੰਟ, ਇੰਡੀਆਨਾ ਤੋਂ ਹਰਜੀਤ ਸਿੰਘ ਸਾਹੀ ਦਾ ਪਰਿਵਾਰ ਤੇ ਹੋਰ ਸਾਥੀ ਹੁੰਮ ਹੁਮਾ ਕੇ ਪਹੁੰਚੇ।

ਨਿਊ ਯਾਰਕ ਤੋਂ ਗੁਰਦੁਆਰਾ ਸੰਤ ਸਾਗਰ, ਬੈਲਰੋਜ਼ ਦੇ ਮੁੱਖ ਸੇਵਾਦਾਰ ਸ੍ਰੀ ਹਰਿਮੰਦਰ ਸਾਹਿਬ ਦੇ ਸਾਬਕਾ ਹਜ਼ੂਰੀ ਰਾਗੀ ਭਾਈ ਸੱਜਣ ਸਿੰਘ ਨੇ ਅਖਬਾਰ ਲਈ ਸ਼ੁਭ ਕਾਮਨਾਵਾਂ ਭੇਜੀਆਂ ਤੇ ਸੰਪਾਦਕ ਅਮੋਲਕ ਸਿੰਘ ਜੰਮੂ ਦੀ ਸਿਹਤਯਾਬੀ ਲਈ ਵਾਹਿਗੁਰੂ ਅੱਗੇ ਅਰਦਾਸ ਕੀਤੀ।

ਇੰਡੋ ਅਮੈਰਿਕਨ ਸੀਨੀਅਰ ਸੁਸਾਇਟੀ, ਇੰਡੀਅਨਐਪੋਲਿਸ ਦਾ ਜਥਾ ਸਮਾਗਮ ਵਿਚ ਨਹੀਂ ਆ ਸਕਿਆ ਪਰ ਇਸ ਦੇ ਮੈਂਬਰ ਚਰਨਜੀਤ ਸਿੰਘ ਸਾਹੀ, ਚੇਅਰਮੈਨ ਮਲਕੀਤ ਸਿੰਘ ਕੁਲਾਰ, ਅਜੀਤ ਸਿੰਘ ਗਿੱਲ ਸਮਾਗਮ ਤੋਂ ਪਹਿਲਾਂ ਜਥੇਬੰਦੀ ਵਲੋਂ ਸ਼ੁਭਕਾਮਨਾਵਾਂ ਦੇ ਕੇ ਗਏ। ਲਾਇਲਪੁਰ ਖਾਲਸਾ ਕਾਲਜ, ਜਲੰਧਰ ਦੇ ਸਾਬਕਾ ਪ੍ਰੋਫੈਸਰ ਨਿਰੰਜਨ ਸਿੰਘ ਢੇਸੀ ਨੇ ਆਪਣੀਆਂ ਅਸੀਸਾਂ ਭੇਜੀਆਂ।

ਸਵਾਦੀ ਖਾਣਾ ਕੇ. ਕੇ. ਪੰਮਾ ਨੇ ਪਰੋਸਿਆ।

## ਜਬਰ ਜਨਾਹ: ਦੋਸ਼ੀ ਨੂੰ 22 ਦਿਨਾਂ ਵਿਚ ਸੁਣਾਈ ਮੌਤ ਦੀ ਸਜ਼ਾ

**ਇੰਦੌਰ:** ਜਿਲ੍ਹਾ ਅਦਾਲਤ ਨੇ ਤਿੰਨ ਮਹੀਨਿਆਂ ਦੀ ਬੱਚੀ ਦੀ ਜਬਰ ਜਨਾਹ ਬਾਅਦ ਹੱਤਿਆ ਦੇ ਦੋਸ਼ ਹੇਠ 26 ਸਾਲਾ ਨੌਜਵਾਨ ਨੂੰ ਮੌਤ ਦੀ ਸਜ਼ਾ ਸੁਣਾਈ ਹੈ।

ਅਦਾਲਤ ਦਾ ਇਹ ਫੈਸਲਾ ਘਟਨਾ ਦੇ 22 ਦਿਨਾਂ ਬਾਅਦ ਆਇਆ ਹੈ। ਵਧੀਕ ਸੈਸ਼ਨ ਜੱਜ ਵਰਸ਼ਾ ਸ਼ਰਮਾ ਨੇ ਦੋਸ਼ੀ ਨਵੀਨ ਗੜਕੇ ਨੂੰ ਮੌਤ ਦੀ ਸਜ਼ਾ ਸੁਣਾਈ। ਮੁਲਜ਼ਮ ਖਿਲਾਫ਼ 28 ਅਪਰੈਲ ਨੂੰ ਦੋਸ਼ ਆਇਦ ਕੀਤੇ ਗਏ ਸਨ ਅਤੇ ਪਹਿਲੀ ਮਈ ਤੋਂ ਮਾਮਲੇ ਦੀ ਰੋਜ਼ਾਨਾ ਸੁਣਵਾਈ ਸ਼ੁਰੂ ਹੋਈ ਸੀ। ਦੋਸ਼ੀ ਨੇ ਬੱਚੀ ਨੂੰ 20 ਅਪਰੈਲ ਨੂੰ ਉਸ ਦੇ ਘਰੋਂ ਅਗਵਾ ਕੀਤਾ ਸੀ ਜਦੋਂ ਉਸ ਦੇ ਮਾਪੇ ਸੁੱਤੇ ਹੋਏ ਸਨ। ਬੱਚੀ ਨੂੰ ਅਗਵਾ ਕਰਨ ਦੀ ਘਟਨਾ ਸੀ.ਸੀ.ਟੀ.ਵੀ. ਵਿਚ ਕੈਦ ਹੋ ਗਈ ਸੀ।

## ਨੇਹਾ ਤੇ ਅੰਗਦ ਦਾ ਹੋਇਆ ਅਨੰਦ ਕਾਰਜ

**ਨਵੀਂ ਦਿੱਲੀ:** ਬਾਲੀਵੁੱਡ ਅਦਾਕਾਰਾ ਨੇਹਾ ਧੂਪੀਆ ਅਤੇ ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦੇ ਬੇਟੇ ਤੇ ਅਦਾਕਾਰ ਅੰਗਦ ਬੇਦੀ ਨੇ ਦਿੱਲੀ ਵਿਚ ਇਕ ਸਾਦੇ ਸਮਾਰੋਹ ਦੌਰਾਨ ਅਨੰਦ ਕਾਰਜ ਕਰਵਾਇਆ। 37 ਸਾਲਾ ਨੇਹਾ ਧੂਪੀਆ 'ਇਕ ਚਾਲੀਸ ਕੀ ਲਾਸਟ ਲੋਕਲ', 'ਫਸ ਗਏ ਰੇ ਓਬਾਮਾ', 'ਚੁਪ ਚੁਪ ਕੇ' ਤੇ 'ਤੁਮਾਰੀ ਸੁੱਲੂ' ਵਰਗੀਆਂ ਫਿਲਮਾਂ 'ਚ ਨਜ਼ਰ ਆ ਚੁੱਕੀ ਹੈ। 35 ਸਾਲਾ ਅੰਗਦ ਬੇਦੀ ਪਿੰਕ ਅਤੇ ਸਲਮਾਨ ਖਾਨ ਦੀ ਫਿਲਮ 'ਟਾਈਗਰ ਜ਼ਿੰਦਾ ਹੈ' ਵਿਚ ਕੰਮ ਕਰ ਚੁੱਕੇ ਹਨ।



ਪਿਛਲੇ ਕੁਝ ਦਿਨਾਂ ਤੋਂ ਸੋਸ਼ਲ ਮੀਡੀਆ ਉਤੇ ਅਨਿਲ ਕਪੂਰ ਦੀ ਬੇਟੀ ਤੇ ਅਦਾਕਾਰਾ ਸੋਨਮ ਕਪੂਰ ਅਤੇ ਆਨੰਦ ਆਹੂਜਾ ਦਾ ਵਿਆਹ ਕਾਫੀ ਸੁਰਖੀਆਂ 'ਚ ਰਿਹਾ, ਪਰ ਇਸੇ ਵਿਚਕਾਰ ਅਚਾਨਕ ਇਕ ਹੋਰ ਬਾਲੀਵੁੱਡ ਅਦਾਕਾਰਾ ਨੇ ਵਿਆਹ ਕਰਵਾ ਲਿਆ ਹੈ ਅਤੇ ਇਸ ਗੱਲ ਦਾ ਖੁਲਾਸਾ ਸਿੱਧਾ ਸੋਸ਼ਲ ਮੀਡੀਆ 'ਤੇ ਹੀ ਹੋਇਆ। ਇਸ ਵਿਆਹ ਦੀ ਪਹਿਲੀ ਤਸਵੀਰ ਅੰਗਦ ਬੇਦੀ ਤੇ ਨੇਹਾ ਧੂਪੀਆ ਨੇ ਟਵਿੱਟਰ ਅਕਾਊਂਟ ਉਤੇ ਆਪਣੇ ਵਿਆਹ ਤੋਂ ਕੁਝ ਸਮਾਂ ਪਹਿਲਾਂ ਹੀ ਸਾਂਝੀ ਕੀਤੀ।

Jammu Chiropractic

ਕੀ ਤੁਹਾਨੂੰ ਲਗਾਤਾਰ ਕਮਰ, ਗਰਦਨ, ਗੋਡਿਆਂ, ਸਿਰ ਦਰਦ ਜਾਂ ਕਿਸੇ ਵੀ ਕਿਸਮ ਦੇ ਜੋੜਾਂ ਦੇ ਦਰਦ ਜਾਂ ਪੱਠਿਆਂ ਦੇ ਦਰਦ ਨੇ ਸਤਾਇਆ ਹੋਇਆ ਹੈ?

ਅਸੀਂ ਤੁਹਾਨੂੰ ਇਸ ਦਰਦ ਤੋਂ ਛੁਟਕਾਰਾ ਦਿਵਾ ਸਕਦੇ ਹਾਂ।

*We Accept Personal Injury (PI) Cases*





*Contact:*
**Dr. Baljit Jammu**
*Doctor of Chiropractic*
**Ph: 510-940-8236**
40000 Fremont Blvd., Suite H
Fremont, CA 94538

# ‘ਇਕ ਪਿੰਡ ਇਕ ਗੁਰਦੁਆਰਾ’ ਮੁਹਿੰਮ ਨੂੰ ਮਿਲਿਆ ਹੁੰਗਾਰਾ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੀ ‘ਇਕ ਪਿੰਡ ਇਕ ਗੁਰਦੁਆਰਾ’ ਮੁਹਿੰਮ ਨੂੰ ਹੁੰਗਾਰਾ ਮਿਲਣ ਲੱਗਾ ਹੈ। ਹੁਣ ਤੱਕ ਪੰਜਾਬ ਦੇ 9 ਪਿੰਡਾਂ ਵਿਚ ਇਕ-ਇਕ ਗੁਰਦੁਆਰਾ ਪ੍ਰਵਾਨ ਕਰ ਲਿਆ ਗਿਆ ਹੈ ਤੇ ਖਾਲੀ ਹੋਏ ਗੁਰੂ ਘਰਾਂ ਦੀਆਂ ਇਮਾਰਤਾਂ ਨੂੰ ਦੂਸਰੇ ਸੁਚੱਜੇ ਕਾਰਜਾਂ ਲਈ ਵਰਤਿਆ ਜਾਣ ਲੱਗਾ ਹੈ। ਸ਼੍ਰੋਮਣੀ ਕਮੇਟੀ ਨੇ ਹੁਣ ‘ਇਕ ਪਿੰਡ ਇਕ ਸ਼ਮਸ਼ਾਨਘਾਟ’ ਨਾਂ ਦੀ ਮੁਹਿੰਮ ਵੀ ਵਿੱਢੀ ਹੈ ਤੇ ਇਸ ਲਈ ਪ੍ਰਚਾਰ ਵੀ ਸ਼ੁਰੂ ਕਰ ਦਿੱਤਾ ਗਿਆ ਹੈ। ਜਿਲ੍ਹਾ ਗੁਰਦਾਸਪੁਰ ਦੇ ਪਿੰਡ ਸਰਫਕੋਟ ਵਿਚ ਪੰਜ ਗੁਰੂ ਘਰ ਸਨ, ਜਿਥੇ ਹੁਣ ਸੰਗਤਾਂ ਨੇ ਸਰਬਸੰਮਤੀ ਨਾਲ ਇਕ ਗੁਰੂ ਘਰ ਪ੍ਰਵਾਨ ਕਰ ਲਿਆ ਹੈ।

ਇਸੇ ਤਰ੍ਹਾਂ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪਿੰਡ ਕੰਮੋਵਾਲ ਵਿਚ 2 ਗੁਰੂ ਘਰ ਸਨ। ਜਨਰਲ ਵਰਗ ਨੇ ਖੂਬਸੂਰਤ ਮਿਸਾਲ ਦਿੰਦਿਆਂ ਦਲਿਤ ਭਾਈਚਾਰੇ ਵੱਲੋਂ ਉਸਾਰੇ ਗੁਰੂ ਘਰ ਨੂੰ ਅਪਨਾ ਲਿਆ ਹੈ। ਜਿਲ੍ਹਾ ਪੁਲਿਸ ਬਟਾਲਾ ਅਧੀਨ ਆਉਂਦੇ ਪਿੰਡ ਸਰਫਕੋਟ ਵਿਖੇ ਪੰਜ ਗੁਰਦੁਆਰਿਆਂ ਨੂੰ ਇਕ ਗੁਰਦੁਆਰੇ ‘ਚ ਸੁਸ਼ੋਭਿਤ ਕਰਨ ਲਈ ਲਏ ਗਏ ਫੈਸਲੇ ਸਬੰਧੀ ਨਗਰ ਕੀਰਤਨ ਸਜਾਇਆ ਗਿਆ। ਇਲਾਕੇ ਦੀ ਸਮੂਹ ਸੰਗਤ ਤੇ ਨੌਜਵਾਨ ਭਲਾਈ ਸਭਾ ਵੱਲੋਂ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਜਾਏ ਇਸ ਨਗਰ ਕੀਰਤਨ ਵਿਚ ਪਿੰਡ ਦੇ ਵੱਖ-ਵੱਖ ਗੁਰਦੁਆਰਿਆਂ ਵਿਚੋਂ ਗੁਰੂ ਗ੍ਰੰਥ ਸਾਹਿਬ ਦੇ ਸਰੂਪਾਂ ਨੂੰ ਫੁੱਲਾਂ ਨਾਲ ਸਜਾਈ ਪਾਲਕੀ ਵਿਚ ਰੱਖ ਕੇ ਨਵ ਨਿਰਮਾਣ ਗੁਰਦੁਆਰਾ ਸੰਗਤਸਰ ਵਿਖੇ ਸੁਸ਼ੋਭਿਤ ਕੀਤਾ ਗਿਆ। ਅਖੰਡ ਪਾਠ ਦੇ ਭੋਗ ਉਪਰੰਤ ਰਾਗੀ ਢਾਡੀ ਕਥਾ ਵਾਚਕ ਤੇ ਸ਼ਬਦੀ ਜਥਿਆਂ ਨੇ ਧੁਰ ਕੀ ਬਾਣੀ ਨਾਲ ਸੰਗਤਾਂ ਨੂੰ ਨਿਹਾਲ ਕੀਤਾ।



ਗੌਰਤਲਬ ਹੈ ਕਿ ਫਤਿਹਗੜ੍ਹ ਚੂੜੀਆਂ ਅਧੀਨ ਪੈਂਦਾ ਸਰਫਚੱਕ ਇਕ ਛੋਟਾ ਜਿਹਾ ਪਿੰਡ ਹੈ, ਪਰ ਇਸ ਦੇ ਬਾਵਜੂਦ ਉਥੇ ਪੰਜ ਗੁਰਦੁਆਰੇ ਸਨ। ਅਜਿਹੇ ਵਿਚ ਪਿੰਡ ਵਿਚ ਬਣੀ ਨੌਜਵਾਨ ਭਲਾਈ ਸਭਾ ਨੇ ਸਮਾਜ ਨੂੰ ਸੇਧ ਦਿੰਦਿਆਂ ਸਮੂਹ ਗੁਰਦੁਆਰਿਆਂ ਦਾ ਇਕ ਗੁਰਦੁਆਰਾ ਬਣਾ ਕੇ ਪਹਿਲਾਂ ਸਥਾਪਤ ਹਰੇਕ ਕਮੇਟੀ ਦੇ 2-2 ਮੈਂਬਰ ਲੈ ਕੇ 10 ਮੈਂਬਰੀ ਕਮੇਟੀ ਦਾ ਗਠਨ ਕਰਦਿਆਂ ਪ੍ਰਬੰਧ ਚਲਾਉਣ ਦੀ ਜਿੰਮੇਵਾਰੀ ਸੌਂਪੀ ਹੈ। ਸਮੁੱਚੇ ਕਾਰਜ ਵਿਚ ਅਹਿਮ ਰੋਲ ਨਿਭਾਉਣ ਵਾਲੇ ਪਿੰਡ ਦੇ ਸਾਬਕਾ ਸਰਪੰਚ ਤੇ ਕਥਾਵਾਚਕ ਭਾਈ ਲਖਵਿੰਦਰ ਸਿੰਘ ਨੇ ਦੱਸਿਆ ਕਿ ਇਸ ਫੈਸਲੇ ਦਾ ਐਨ.ਆਰ.ਆਈਜ਼., ਨੌਜਵਾਨ ਭਲਾਈ ਸਭਾ, ਸਿੱਖ ਜਥੇਬੰਦੀਆਂ, ਕਿਸਾਨ ਜਥੇਬੰਦੀਆਂ ਤੇ ਹੋਰ ਸੰਸਥਾਵਾਂ ਵੱਲੋਂ ਵੀ ਭਰਵਾਂ ਸਵਾਗਤ ਕੀਤਾ ਗਿਆ ਹੈ। ਇਸ ਫੈਸਲੇ ਨਾਲ ਇਹ ਸੰਦੇਸ਼ ਦਿੱਤਾ ਗਿਆ ਕਿ ਜਾਤ ਪਾਤ ਤੇ ਮਤਭੇਦਾਂ ਨੂੰ ਠੱਲ੍ਹ ਪਵੇਗੀ ਤੇ ਪਿੰਡ ਵਿਚ ਆਪਸੀ ਪਿਆਰ ਵਧੇਗਾ।

### ‘ਸਿੱਖ ਪੰਥ ‘ਚ ਜਾਤ-ਪਾਤ ਦੀ ਕੋਈ ਥਾਂ ਨਹੀਂ’

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸਿੱਖ ਪੰਥ ਵਿਚ ਜਾਤ-ਪਾਤ ਲਈ ਕੋਈ ਸਥਾਨ ਨਹੀਂ, ਜਿਸ ਕਾਰਨ ਜਾਤਾਂ ਜਾਂ ਵਰਗਾਂ ਦੇ ਨਾਂ ਉਤੇ ਗੁਰੂ ਘਰ ਨਹੀਂ ਉਸਾਰਨੇ ਚਾਹੀਦੇ। ਜਿਹੜੇ ਪਿੰਡਾਂ ਵਿਚ ਇਕ ਤੋਂ ਵੱਧ ਸ਼ਮਸ਼ਾਨਘਾਟ ਹਨ, ਉਥੇ ਇਕ ਸ਼ਮਸ਼ਾਨਘਾਟ ਰੱਖ ਕੇ ਦੂਸਰੀਆਂ ਥਾਂਵਾਂ ਨੂੰ ਸਕੂਲਾਂ, ਹਸਪਤਾਲਾਂ, ਪਾਰਕਾਂ ਜਾਂ ਖੇਡ ਮੈਦਾਨਾਂ ਲਈ ਵਰਤਿਆ ਜਾ ਸਕਦਾ ਹੈ। ਇਸ ਨਾਲ ਪਿੰਡਾਂ ਦੀਆਂ ਧੜੇਬੰਦੀਆਂ ਖਤਮ ਹੋ ਸਕਦੀਆਂ ਹਨ ਤੇ ਉਸਾਰੂ ਕੰਮਾਂ ਵੱਲ ਧਿਆਨ ਦਿੱਤਾ ਜਾ ਸਕਦਾ ਹੈ।

## ਟਾਈਟਲਰ ਖਿਲਾਫ ਨਵਾਂ ਕੇਸ ਦਰਜ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਵੱਲੋਂ ਟਾਈਟਲਰ ਖਿਲਾਫ਼ ਕਾਪਸਹੇੜਾ ਥਾਣੇ ਵਿਚ 10 ਫਰਵਰੀ ਨੂੰ ਦਿੱਤੀ ਗਈ ਸ਼ਿਕਾਇਤ ਉਤੇ ਕਾਰਵਾਈ ਕਰਦੇ ਹੋਏ ਦਿੱਲੀ ਪੁਲਿਸ ਨੇ ਥਾਣਾ ਕਾਪਸਹੇੜਾ ਵਿਚ ਐਫ.ਆਈ.ਆਰ. ਦਰਜ ਕੀਤੀ ਹੈ।

ਟਾਈਟਲਰ ਦੀ 1984 ਦੇ ਸਿੱਖ ਕਤਲੇਆਮ ‘ਚ ਭਾਗੀਦਾਰੀ ਨੂੰ ਲੈ ਕੇ ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਪ੍ਰੈਸ ਕਾਨਫਰੰਸ ਰਾਹੀਂ ਵੀਡੀਓ ਜਾਰੀ ਕੀਤੇ ਸਨ ਜਿਸ ਉਪਰੰਤ ਟਾਈਟਲਰ ਨੇ ਜੀ.ਕੇ. ਦੇ ਦਾਅਵੇ ਨੂੰ ਝੂਠਾ ਦੱਸਦੇ ਹੋਏ ਥਾਣਾ ਕਾਪਸਹੇੜਾ ‘ਚ ਜੀਕੇ ਖਿਲਾਫ਼ ਸ਼ਿਕਾਇਤ ਦਿੱਤੀ ਸੀ। ਟਾਈਟਲਰ ਵੱਲੋਂ ਪੁਲਿਸ ਨੂੰ ਦਿੱਤੇ ਗਏ ਸ਼ਿਕਾਇਤੀ ਪੱਤਰ ਦੇ ਲੈਟਰ ਹੈੱਡ ਉਤੇ ਰਾਸ਼ਟਰੀ ਚਿੰਨ੍ਹ ਛਾਪਿਆ ਗਿਆ ਸੀ ਜਿਸ ਖਿਲਾਫ ਸ੍ਰੀ ਜੀਕੇ ਨੇ ਥਾਣੇ ‘ਚ ਸ਼ਿਕਾਇਤ ਕੀਤੀ ਸੀ।

# ਮਹਾਰਾਜਾ ਰਣਜੀਤ ਸਿੰਘ ਪਨੋਰਮਾ ਬਦ-ਇੰਤਜ਼ਾਮੀ ਦਾ ਸ਼ਿਕਾਰ

**ਅੰਮ੍ਰਿਤਸਰ:** ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਦੇ ਜੀਵਨ ਉਤੇ ਅਧਾਰਤ ਉਨ੍ਹਾਂ ਦੀ ਯਾਦ ਵਿਚ ਰਾਮ ਬਾਗ (ਕੰਪਨੀ ਬਾਗ) ਵਿਚ ਬਣਾਇਆ ਮਹਾਰਾਜਾ ਰਣਜੀਤ ਸਿੰਘ ਪਨੋਰਮਾ ਪ੍ਰਸ਼ਾਸਨਿਕ ਨਜ਼ਰ ਅੰਦਾਜ਼ੀ ਕਾਰਨ ਪ੍ਰਸਿੱਧੀ ਦਾ ਮੁਕਾਮ ਹਾਸਲ ਕਰਨ ‘ਚ ਸਫਲ ਨਹੀਂ ਹੋ ਸਕਿਆ। ਪਾਣੀਪਤ ਤੋਂ ਬਾਅਦ ਇਹ ਦੂਸਰਾ ਪਨੋਰਮਾ ਬਣਾਇਆ ਗਿਆ ਸੀ ਜਿਸ ਦਾ ਨੀਂਹ ਪੱਥਰ 18 ਨਵੰਬਰ 2001 ਵਿਚ ਤਤਕਾਲੀ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਵੱਲੋਂ ਰੱਖਿਆ ਗਿਆ ਸੀ।



ਕਰੀਬ ਸਾਢੇ 4 ਏਕੜ ‘ਚ ਬਣੇ ਇਸ ਪਨੋਰਮਾ ਉਤੇ ਉਸ ਵੇਲੇ ਸਾਢੇ ਪੰਜ ਕਰੋੜ ਰੁਪਏ ਖਰਚ ਆਏ ਅਤੇ ਇਸ ਨੂੰ ਕੇਂਦਰੀ ਸੈਰ ਸਪਾਟਾ ਤੇ ਸਭਿਆਚਾਰ ਮੰਤਰਾਲੇ ਦੇ ਨੈਸ਼ਨਲ ਕੌਂਸਲ ਆਫ ਸਾਇੰਸ ਮਿਊਜ਼ੀਅਮ ਵੱਲੋਂ 4 ਸਾਲ ‘ਚ ਤਿਆਰ ਕੀਤਾ ਗਿਆ। 20 ਜੁਲਾਈ 2006 ਨੂੰ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਇਸ ਦਾ ਉਦਘਾਟਨ ਕੀਤਾ ਗਿਆ। ਇਸ ਪਨੋਰਮਾ ਵਿਚ 2 ਨਿੱਕੇ ਡਾਇਰੋਮਾ ਹਾਲ ਤੇ ਇਕ ਵੱਡਾ ਮੁੱਖ ਹਾਲ ਹੈ। ਇਸ ਡਾਇਰੋਮਾ ਹਾਲ ਨੰਬਰ ਇਕ ‘ਚ ਮਹਾਰਾਜਾ ਰਣਜੀਤ ਸਿੰਘ ਨਾਲ ਸਬੰਧਤ 4 ਵੱਖ-ਵੱਖ ਇਤਿਹਾਸਕ ਦ੍ਰਿਸ਼ ਪੇਸ਼ ਕੀਤੇ ਗਏ ਹਨ।

ਪਹਿਲੇ ਸਥਾਨ ਉਤੇ ਮਹਾਰਾਜਾ ਰਣਜੀਤ ਦੀ ਬਾਲ ਅਵਸਥਾ, ਉਸ ਦੇ ਅੱਗੇ ਉਨ੍ਹਾਂ ਦੇ ਅਨੰਦ ਕਾਰਜ, ਤੋਪ ਜਮਜਮਾ ਤੇ ਕਬਜ਼ੇ ਅਤੇ ਸ੍ਰੀ ਹਰਿਮੰਦਰ ਸਾਹਿਬ ਉਤੇ ਸੋਨਾ ਚੜ੍ਹਾਉਣ ਦੀ ਸੇਵਾ ਨੂੰ ਦਰਸਾਇਆ ਗਿਆ ਹੈ। ਤੀਸਰੇ ਡਾਇਰੋਮਾ ਹਾਲ ‘ਚ ਕੋਹੇਨੂਰ ਦੀ ਪ੍ਰਾਪਤੀ, ਆਪਣੇ ਸੈਨਿਕਾਂ ਨਾਲ ਅਟਕ ਦਰਿਆ ਨੂੰ ਪਾਰ ਕਰਦੇ ਹੋਏ ਮਹਾਰਾਜਾ ਰਣਜੀਤ ਸਿੰਘ, ਸੈਨਾ ਦਾ ਆਧੁਨਿਕੀਕਰਨ ਤੇ ਰੋਪੜ ਸੰਧੀ ਨੂੰ ਦਿਖਾਇਆ ਗਿਆ ਹੈ। ਇਸ ਤੋਂ ਇਲਾਵਾ ਦੂਸਰਾ ਡਾਇਰੋਮਾ ਹਾਲ ਜੋ ਸਭ ਤੋਂ ਵੱਡਾ ਹੈ ਜਿਸ ‘ਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਲੜੀਆਂ 6 ਵੱਖ-ਵੱਖ ਜੰਗਾਂ ਨੂੰ ਬਿਆਨ ਕੀਤਾ ਗਿਆ ਹੈ। ਇਹ ਪਨੋਰਮਾ ਆਮ ਲੋਕਾਂ ਲਈ 12 ਸਾਲ ਪਹਿਲਾਂ ਖੁੱਲ੍ਹਾ ਸੀ ਪਰ ਇਸ ਦੇ ਪ੍ਰਚਾਰਨ ਸਬੰਧੀ ਜੋ ਮੁਕਾਮ ਇਸ ਨੂੰ ਹਾਸਲ ਹੋਣਾ ਚਾਹੀਦਾ ਸੀ, ਉਹ ਇਸ ਨੂੰ ਨਸੀਬ ਨਹੀਂ ਹੋਇਆ। ਭਾਵੇਂ ਗੁਰੂ ਨਗਰੀ ਨੂੰ ਸੈਰ-ਸਪਾਟੇ ਵਜੋਂ ਵਿਕਸਿਤ ਕਰਨ ਲਈ ਸਰਕਾਰਾਂ ਵੱਲੋਂ ਕਈ ਉਪਰਾਲੇ ਕੀਤੇ ਗਏ ਪਰ ਦੇਸ਼ ਦੇ ਇਸ ਦੂਸਰੇ ਪਨੋਰਮਾ ਵੱਲ ਕਿਸੇ ਵੀ ਝਾਤ ਨਹੀਂ ਪਈ।

ਪਨੋਰਮਾ ਦੇਖਣ ਆਉਣ ਵਾਲਿਆਂ ਦਰਸ਼ਕਾਂ ਦੀ ਸਹੂਲਤ ਲਈ ਇਥੇ ਇਕ ਵੱਡਾ ਏ.ਸੀ. ਲਾਇਆ ਗਿਆ ਹੈ ਪਰ ਇਹ ਏ.ਸੀ. ਲੰਮੇ ਅਰਸੇ ਤੋਂ ਬੰਦ ਪਿਆ ਹੈ ਜਿਸ ਕਰ ਕੇ ਲਾਈਟਾਂ ਦੀ ਤਪਸ਼ ਨਾਲ ਇਹ ਹਾਲ ਗਰਮੀ ਨਾਲ ਤਪ ਜਾਂਦੇ ਹਨ ਤੇ ਜਿਸ ‘ਚ ਖੜ੍ਹੇ ਹੋਣਾ ਮੁਸ਼ਕਿਲ ਹੋ ਜਾਂਦਾ ਹੈ। ਵੱਡੇ ਹਾਲ ‘ਚ ਗਰਮੀ ਵਧੇਰੇ ਹੋਣ ਕਰ ਕੇ ਇਸ ਵਿਚ ਬਣਿਆ ਮਹਾਰਾਜਾ ਰਣਜੀਤ ਸਿੰਘ ਦੀਆਂ ਜੰਗਾਂ ਸਬੰਧੀ ਪੇਂਟਿੰਗਾਂ ਵੀ ਖਰਾਬ ਹੋ ਰਹੀਆਂ ਹਨ। ਦੱਸਿਆ ਜਾਂਦਾ ਹੈ ਕਿ ਇਸ ਪਨੋਰਮਾ ਨੂੰ ਦੇਖਣ ਆਉਣ ਵਾਲਿਆਂ ਦੀ ਔਸਤਨ ਗਿਣਤੀ ਰੋਜ਼ਾਨਾ 150 ਦੇ ਕਰੀਬ ਹੈ।

ਸਰਕਾਰੀ ਤੌਰ ਉਤੇ ਜ਼ਿਆਦਾ ਪ੍ਰਚਾਰ ਨਾ ਹੋਣ ਕਰ ਕੇ ਗੁਰੂ ਨਗਰੀ ‘ਚ ਆਉਣ ਵਾਲੇ ਵਧੇਰੇ ਕਰ ਕੇ ਸੈਲਾਨੀਆਂ ਨੂੰ ਇਸ ਪਨੋਰਮਾ ਬਾਰੇ ਕੋਈ ਇਲਮ ਹੀ ਨਹੀਂ ਹੈ। ਪਨੋਰਮਾ ‘ਚ ਬਣੇ 2 ਹਾਲ ਤਾਂ ਧਰਾਲਤ ਮੰਜ਼ਿਲ ‘ਤੇ ਬਣੇ ਹਨ ਜਦ ਕਿ ਇਕ ਵੱਡਾ ਹਾਲ ਉਪਰ ਵਾਲੀ ਮੰਜ਼ਿਲ ਉਤੇ ਬਣਿਆ ਹੈ, ਜਿਸ ‘ਚ ਜਾਣ ਲਈ ਪੌੜੀਆਂ ਬਣਾਈਆਂ ਗਈਆਂ ਹਨ। ਇਹ ਵੀ ਪਤਾ ਲੱਗਾ ਹੈ ਕਿ ਅਪਾਹਜਾਂ ਲਈ ਦੂਸਰੇ ਹਾਲ ‘ਚ ਜਾਣ ਦਾ ਕੋਈ ਪ੍ਰਬੰਧ ਨਹੀਂ ਹੈ। ਇਸ ਤੋਂ ਇਲਾਵਾ ਪਨੋਰਮਾ ‘ਚ ਲੱਗਾ ਜਨਰੇਟਰ ਵੀ ਬੰਦ ਪਿਆ ਹੈ।

# ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 19 ਮਤੇ ਪਾਸ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ 19 ਫੈਸਲੇ ਲਏ ਗਏ। ਵਿੱਤੀ ਵਰ੍ਹੇ 2018-19 ਲਈ 130 ਕਰੋੜ ਰੁਪਏ ਦਾ ਪਹਿਲੀ ਵਾਰ ਅਨੁਮਾਨਿਤ ਬਜਟ ਪੇਸ਼ ਕੀਤਾ ਗਿਆ। ਪਾਸ ਕੀਤੇ ਗਏ ਮਤਿਆਂ ਵਿਚ ਗੁਰੂ ਹਰਿਕ੍ਰਿਸ਼ਨ ਸਕੂਲਾਂ ਦੀ ਮਾਲੀ ਹਾਲਾਤ ਨੂੰ ਸੁਧਾਰਨ ਲਈ ਕਮੇਟੀ ਦੇ ਸਕੂਲਾਂ ਅਤੇ ਉਚ ਵਿੱਦਿਅਕ ਅਦਾਰਿਆਂ ‘ਚ ਅਹੁਦਿਆਂ ਦੀ ਗਿਣਤੀ ਨਿਰਧਾਰਤ ਕਰ ਕੇ ਮੁਲਾਜ਼ਮਾਂ ਦੀ ਛਾਂਟੀ ਕਰਨਾ, ਸੰਵਿਧਾਨ ਦੀ ਧਾਰਾ 25(ਬੀ) ਵਿਚ ਸੋਧ ਕਰਵਾਉਣ ਲਈ ਕੋਸ਼ਿਸ਼ ਕਰਨਾ, ਹਰਿਆਣਾ ਦੇ ਬੀਘੜ ‘ਚ 300 ਏਕੜ ਦੀ ਜ਼ਮੀਨ ਉਤੇ ਡੇਅਰੀ ਪਲਾਂਟ ਤੇ ਸੋਲਰ ਪਲਾਂਟ ਲਾਉਣ ਦੀ ਮਨਜ਼ੂਰੀ, ਕੁਝ ਜ਼ਮੀਨ ਦੇ ਬਦਲੇ ਦਿੱਲੀ ਨੇੜੇ ਹਰਿਆਣਾ ਦੇ ਇਲਾਕੇ ‘ਚ ਜ਼ਮੀਨ ਲੈਣ ਦੀ ਸੰਭਾਵਨਾ ਤਲਾਸ਼ਣਾ, ਕਿੱਤਾ ਮੁੱਖੀ ਕੇਂਦਰ ਖੋਲ੍ਹਣਾ, ਤਖਤ ਸ੍ਰੀ ਦਮਦਮਾ ਸਾਹਿਬ ਨੂੰ 5ਵੇਂ ਤਖਤ ਵਜੋਂ ਸ਼ਾਮਲ ਕਰਵਾਉਣਾ, ਦਿੱਲੀ ਕਮੇਟੀ ਐਕਟ ‘ਚ ਸੋਧ ਕਰਵਾਉਣਾ, ਗੁਰਦੁਆਰਾ ਕਮੇਟੀ ਚੋਣ ਦਾ ਖਰਚ ਦਿੱਲੀ ਸਰਕਾਰ ਵੱਲੋਂ ਕਮੇਟੀ ਤੋਂ ਲੈਣ ਦੀ ਐਕਟ ‘ਚ ਦਰਜ ਮੱਦ ਨੂੰ ਰੱਦ ਕਰਵਾਉਣਾ, ਦਸਤਾਰ ਦੀ ਪਰਿਭਾਸ਼ਾ ਐਕਟ ‘ਚ ਸ਼ਾਮਲ ਕਰਵਾਉਣਾ, ਗੁਰਦੁਆਰਾ ਜੂਡੀਸ਼ੀਅਲ ਕਮਿਸ਼ਨ ਦੀ ਸਥਾਪਨਾ, ਅਗਲੀਆਂ ਚੋਣਾਂ ਲਈ ਨਵੀਂ ਫੋਟੋ ਵੋਟਰ ਸੂਚੀ ਤੇ ਨਵੀਂ ਹਲਕਾਬੰਦੀ ਦਾ ਕਾਰਜ, ਬੰਗਲਾ ਸਾਹਿਬ ‘ਚ ਲੰਗਰ ਦੀ ਰਸਦ ‘ਗੁਰਦੁਆਰਾ ਬੰਗਲਾ ਸਾਹਿਬ ਬ੍ਰਾਂਡ ਨੇਮ‘ ਤੋਂ ਵੇਚਣ ਲਈ ਰਸਦ ਸੈਂਟਰ ਖੋਲ੍ਹਣਾ, ਸਕੂਲਾਂ ਦੇ ਮਾਲੀ ਹਾਲਾਤ ਬਾਰੇ ਸਫੈਦ ਪੱਤਰ ਜਾਰੀ ਕਰਨਾ ਸ਼ਾਮਲ ਹਨ।

### ਦਿੱਲੀ ਕਮੇਟੀ ਬਜਟ ਦੇ ਵੇਰਵੇ

**ਨਵੀਂ ਦਿੱਲੀ:** ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਇਜਲਾਸ ਵਿਚ ਮਨਜਿੰਦਰ ਸਿੰਘ ਸਿਰਸਾ ਨੇ ਬਜਟ ਪੇਸ਼ ਕਰਦੇ ਹੋਏ ਕਈ ਅੰਕੜੇ ਸਾਹਮਣੇ ਰੱਖੇ। ਜਿਸ ਵਿਚ 2016-17 ‘ਚ ਕਮੇਟੀ ਦੀ ਆਮਦਨ 111 ਕਰੋੜ ਰੁਪਏ ਅਤੇ 2017-18 ਵਿਚ 117 ਕਰੋੜ ਰੁਪਏ ਹੋਣ ਦਾ ਹਵਾਲਾ ਵੀ ਸ਼ਾਮਲ ਸੀ। ਸਿਰਸਾ ਨੇ ਦੱਸਿਆ ਕਿ ਕਮੇਟੀ ਵੱਲੋਂ 2018-19 ਲਈ 119.60 ਕਰੋੜ ਰੁਪਏ ਦੀ ਅਨੁਮਾਨਿਤ ਆਮਦਨ ਦਾ ਹਿਸਾਬ ਲਾਇਆ ਗਿਆ ਹੈ। ਇਸ ਦੇ ਨਾਲ ਹੀ 10.5 ਕਰੋੜ ਰੁਪਏ ਫੁਟਕਲ ਆਮਦਨ ਦੇ ਤੌਰ ਉਤੇ ਆਉਣ ਦੀ ਸੰਭਾਵਨਾ ਹੈ।

## ਪੁਲਿਸ ਵੱਲੋਂ ਦੋ ਖਾੜਕੂ ਫੜਨ ਦਾ ਦਾਅਵਾ

**ਫਰੀਦਕੋਟ:** ਪੁਲਿਸ ਨੇ ਦੋ ਖਾੜਕੂਆਂ ਨੂੰ ਗ੍ਰਿਫਤਾਰ ਕਰਨ ਦਾ ਦਾਅਵਾ ਕੀਤਾ ਹੈ। ਪੁੱਛ-ਪੜਤਾਲ ਦੌਰਾਨ ਪਤਾ ਲੱਗਾ ਕਿ ਸੰਦੀਪ ਸਿੰਘ ਅਤੇ ਅਮਰ ਸਿੰਘ ਸਰਗਰਮ ਖਾੜਕੂ ਹਨ। ਪੁਲਿਸ ਨੇ ਉਨ੍ਹਾਂ ਕੋਲੋਂ 32 ਬੋਰ ਦੇ ਦੋ ਪਿਸਤੌਲ ਅਤੇ 40 ਕਾਰਤੂਸ ਬਰਾਮਦ ਕੀਤੇ ਹਨ। ਸੰਦੀਪ ਸਿੰਘ (26) ਵਾਸੀ ਬੰਗੀ ਨਿਹਾਲ, ਜਿਲ੍ਹਾ ਬਠਿੰਡਾ ਅਤੇ ਅਮਰ ਸਿੰਘ (48) ਪਿੰਡ ਚੱਠਾ ਖਾਲਿਸਤਾਨ ਜ਼ਿੰਦਾਬਾਦ ਜਥੇਬੰਦੀ ਦੇ ਮੈਂਬਰ ਹਨ, ਜਿਨ੍ਹਾਂ ਦਾ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਨਾਲ ਰਾਬਤਾ ਹੈ।

ਪੁਲਿਸ ਨੇ ਦਾਅਵਾ ਕੀਤਾ ਕਿ ਗੁਰਜੰਟ ਸਿੰਘ ਨਾਮੀ ਵਿਅਕਤੀ ਵੱਲੋਂ ਇੰਟਰਨੈਸ਼ਨਲ ਸਿੱਖ ਫੈਡਰੇਸ਼ਨ ਚਲਾਈ ਜਾ ਰਹੀ ਹੈ, ਜੋ ਜਨਵਰੀ ਤੇ ਅਕਤੂਬਰ 2016 ਵਿਚ ਪੰਜਾਬ ‘ਚ ਵਾਪਰੀਆਂ ਘਟਨਾਵਾਂ ਲਈ ਜ਼ਿੰਮੇਵਾਰ ਹੈ। ਪੁਲਿਸ ਨੇ ਦੋਵਾਂ ਖਿਲਾਫ਼ ਦਹਿਸ਼ਤੀ ਸਰਗਰਮੀਆਂ ਰੋਕੂ ਐਕਟ ਅਤੇ ਅਸਲਾ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਜਿਲ੍ਹਾ ਪੁਲਿਸ ਮੁਖੀ ਨੇ ਕਿਹਾ ਕਿ ਇਹ ਗਰੁੱਪ ਪੰਜਾਬ ਤੇ ਗੁਆਂਢੀ ਸੂਬਿਆਂ ਵਿਚ ਫਿਰਕੂ ਤਣਾਅ ਪੈਦਾ ਕਰਨ ਲਈ ਸਰਗਰਮ ਸੀ।

ਪੁਲਿਸ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੂੰ ਵਿਦੇਸ਼ਾਂ ‘ਚ ਬੈਠੀਆਂ ਦਹਿਸ਼ਤੀ ਜਥੇਬੰਦੀਆਂ ਵੱਲੋਂ ਹਥਿਆਰ ਮੁਹੱਈਆ ਕਰਵਾਏ ਜਾ ਰਹੇ ਹਨ। ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਇਸ ਮਾਮਲੇ ਦੀ ਪੜਤਾਲ ਕਰ ਰਹੀ ਹੈ।

# ਜਥੇਦਾਰ ਵੱਲੋਂ ਸਿੱਖ ਪ੍ਰਚਾਰਕਾਂ ਨੂੰ ਸਖਤ ਹਦਾਇਤਾਂ

**ਅੰਮ੍ਰਿਤਸਰ:** ਇੰਗਲੈਂਡ ਦੇ ਸਾਊਥਾਲ ਸਥਿਤ ਗੁਰਦੁਆਰੇ ਵਿਚ ਪ੍ਰਚਾਰਕ ਭਾਈ ਅਮਰੀਕ ਸਿੰਘ ਚੰਡੀਗੜ੍ਹ ਨਾਲ ਦੁਰਵਿਹਾਰ ਅਤੇ ਕੁੱਟਮਾਰ ਕਰਨ ਦਾ ਮਾਮਲਾ ਅਕਾਲ ਤਖਤ ਉਤੇ ਪੁੱਜਣ ਮਗਰੋਂ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸਮੂਹ ਪ੍ਰਚਾਰਕਾਂ ਨੂੰ ਸਖਤ ਹਦਾਇਤ ਕੀਤੀ ਕਿ ਉਹ ਸਟੇਜਾਂ ’ਤੇ ਅਜਿਹਾ ਕੋਈ ਵਿਸ਼ਾ ਨਾ ਪ੍ਰਚਾਰਨ, ਜਿਸ ਨਾਲ ਸੰਗਤ ਵਿਚ ਦੁਬਿਧਾ ਪੈਦਾ ਹੋਵੇ।

ਦੱਸਣਯੋਗ ਹੈ ਕਿ ਭਾਈ ਅਮਰੀਕ ਸਿੰਘ ਚੰਡੀਗੜ੍ਹ ਨਾਲ ਵਾਪਰੀ ਘਟਨਾ ਤੋਂ ਬਾਅਦ ਸਿੱਖ ਭਾਈਚਾਰਾ ਦੋਫਾੜ ਹੋ ਗਿਆ ਹੈ। ਇਕ ਧਿਰ ਭਾਈ ਅਮਰੀਕ ਸਿੰਘ ਦੇ ਹੱਕ ਵਿਚ ਅਤੇ ਦੂਜਾ ਧਿਰ ਉਨ੍ਹਾਂ ਦੇ ਵਿਰੋਧ ਵਿਚ ਹੈ। ਵਿਰੋਧ ਕਰ ਰਹੇ ਦਮਦਮੀ ਟਕਸਾਲ ਦੇ ਪ੍ਰਚਾਰਕਾਂ ਨੇ ਅਕਾਲ ਤਖਤ ਵਿਖੇ ਮੰਗ ਪੱਤਰ ਸੌਂਪ ਕੇ ਸਿੱਖ ਪ੍ਰਚਾਰਕ ਖਿਲਾਫ ਕਾਰਵਾਈ ਕਰਨ ਦੀ ਮੰਗ ਕੀਤੀ ਸੀ।

ਇਸ ਮਾਮਲੇ ਵਿਚ ਆਪਣੀ ਚੁੱਪ ਤੋੜਦਿਆਂ ਗਿਆਨੀ ਗੁਰਬਚਨ ਸਿੰਘ ਨੇ ਸਮੁੱਚੀ ਸਿੱਖ ਕੌਮ ਨੂੰ ਆਦੇਸ਼ ਦਿੱਤਾ ਕਿ ਆਪਸੀ ਭਰਾ ਮਾਰੂ ਜੰਗ ਤੋਂ ਬਚਿਆ ਜਾਵੇ। ਉਨ੍ਹਾਂ ਆਖਿਆ ਕਿ ਜਿਹੜੇ ਵੀ ਪ੍ਰਚਾਰਕ, ਰਾਗੀ, ਢਾਡੀ, ਕਵੀਸ਼ਰ ਤੇ ਕਥਾਵਾਚਕ ਆਦਿ ਦੇਸ਼-ਵਿਦੇਸ਼ ਵਿਚ ਜਾ ਕੇ ਸਿੱਖੀ ਦਾ ਪ੍ਰਚਾਰ ਕਰਦੇ ਹਨ, ਉਨ੍ਹਾਂ ਨੂੰ ਸਖਤ ਹਦਾਇਤ ਹੈ ਕਿ ਉਹ ਪ੍ਰਚਾਰ ਸਮੇਂ ਅਜਿਹੇ ਵਿਸ਼ਿਆਂ ਨੂੰ ਪ੍ਰਚਾਰਨ ਤੋਂ ਗੁਰੇਜ਼ ਕਰਨ, ਜਿਸ ਨਾਲ ਸਿੱਖ ਕੌਮ ਵਿਚ ਦੁਬਿਧਾ ਪੈਦਾ ਹੁੰਦੀ ਹੋਵੇ। ਜੇਕਰ ਇਸ ਦੇ ਬਾਵਜੂਦ ਕੋਈ ਵਿਅਕਤੀ ਜਾਣਬੁਝ ਕੇ ਸੰਗਤ ਵਿਚ ਭੁਲੇਖਾ ਪੈਦਾ ਕਰਨ ਦਾ ਯਤਨ ਕਰਦਾ ਹੈ ਤਾਂ ਉਸ ਨੂੰ ਸੰਗਤ ਦਾ ਵਿਰੋਧ ਝੱਲਣ ਲਈ ਵੀ ਤਿਆਰ ਰਹਿਣਾ ਚਾਹੀਦਾ ਹੈ।

ਉਨ੍ਹਾਂ ਨੇ ਦੇਸ਼-ਵਿਦੇਸ਼ ਦੀਆਂ ਸਮੂਹ



ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨੂੰ ਵੀ ਹਦਾਇਤ ਕੀਤੀ ਹੈ ਕਿ ਅਜਿਹੇ ਪ੍ਰਚਾਰਕਾਂ ਨੂੰ ਸਮਾਂ ਨਾ ਦਿੱਤਾ ਜਾਵੇ, ਜੋ ਪ੍ਰਚਾਰ ਰਾਹੀਂ ਸੰਗਤ ’ਚ ਟਕਰਾਅ ਪੈਦਾ ਕਰਦੇ ਹਨ। ਜੇ ਕਿਸੇ ਨੂੰ ਗੁਰਬਾਣੀ, ਗੁਰ ਇਤਿਹਾਸ, ਧਰਮ ਅਸਥਾਨਾਂ, ਮਰਿਆਦਾ ਅਤੇ ਪਰੰਪਰਾਵਾਂ ਬਾਰੇ ਕਿਸੇ ਵੀ ਤਰ੍ਹਾਂ ਦੀ ਕੋਈ ਸ਼ੰਕਾ ਹੈ ਤਾਂ ਉਹ ਇਸ ਸਬੰਧੀ ਅਕਾਲ ਤਖਤ ਵਿਖੇ ਸੰਪਰਕ ਕਰ ਸਕਦਾ ਹੈ ਤਾਂ ਜੋ ਅੰਦਰ ਮਿਲ ਬੈਠ ਕੇ ਇਸ ਸਬੰਧੀ ਚਰਚਾ ਕੀਤੀ ਜਾ ਸਕੇ। ਉਨ੍ਹਾਂ ਕਿਹਾ ਕਿ ਅਜਿਹੇ ਮੁੱਦਿਆਂ ’ਤੇ ਖੁੱਲੇਆਮ ਪ੍ਰਚਾਰ ਦੀ ਆਗਿਆ ਨਹੀਂ ਦਿੱਤੀ ਜਾ ਸਕਦੀ।

# ਤੱਤੀਆਂ ਹਵਾਵਾਂ ਵਿਚ ਸੀਤ ਪੌਣ ਦਾ ਬੁੱਲਾ

**ਪੁਸਤਕ ਪੜਚੋਲ**

ਗੱਜਣਵਾਲਾ ਸੁਖਮਿੰਦਰ ਸਿੰਘ ਨਾਲ ਮੇਰਾ ਕਈ ਦਹਾਕਿਆਂ ਦਾ ਨੇੜ ਹੈ। ਇਹ ਨੇੜ ਪਹਿਲਾਂ-ਪਹਿਲ ਕਹਾਣੀਕਾਰਾਂ ਵਜੋਂ ਸਾਡੀ ਸਾਂਝ ਵਿਚੋਂ ਉਗਮਿਆ। ਲੰਮਾ ਸਮਾਂ ਉਹ ਨਿਕਟ ਅਨੁਭਵ ਵਿਚੋਂ ਨਿਕਲੀਆਂ ਕਹਾਣੀਆਂ ਲਿਖਦਾ ਰਿਹਾ। ਫੇਰ ਉਹਦੀ ਰੁਚੀ ਪੰਜਾਬ ਦੇ ਪੇਂਡੂ ਸਭਿਆਚਾਰ ਦੇ ਜਾਣਕਾਰ ਇਕ ਕਾਲਮ-ਨਵੀਸ ਵਜੋਂ ਲਿਖਣ ਵੱਲ ਹੋ ਗਈ। ਹੁਣ ਉਹ ਸਿੱਖ ਇਤਿਹਾਸ ਦੇ ਖੋਜ-ਕਾਰਜ ਨਾਲ ਜੁੜਿਆ ਹੋਇਆ ਹੈ। ਕਹਾਣੀਆਂ ਹੋਣ, ਕਾਲਮ ਹੋਵੇ ਜਾਂ ਇਤਿਹਾਸ ਹੋਵੇ, ਸਿਰੜ ਉਹਦੇ ਰਚਨਾਤਮਕ ਸੁਭਾਅ ਦਾ ਗੁਣ ਹੈ। ਸਿੱਖ ਧਰਮ ਦੀ ਖੋਜ ਸਮੇਂ ਇਸ ਗੁਣ ਨਾਲ ਸ਼ਰਧਾ ਵੀ ਜੁੜ ਗਈ। ਸਿੱਖ ਇਤਿਹਾਸ ਦੀ ਖੋਜ ਕਰਦਿਆਂ ਉਹਦੀ ਮਿਹਨਤ ਦਾ ਇਕ ਫਲ ਪੁਸਤਕ 'ਗੁਰੂ ਸਾਹਿਬਾਨ ਦੇ ਮੁਸਲਮਾਨ ਮੁਰੀਦ' ਦੇ ਰੂਪ ਵਿਚ

**ਗੁਰਬਚਨ ਸਿੰਘ ਭੁੱਲਰ**
ਫੋਨ: 011-42502364
bhullargs@gmail.com

ਸਾਹਮਣੇ ਆਇਆ ਹੈ।

ਧਰਮਾਂ ਤੇ ਹੋਰ ਸਭ ਫਰਕਾਂ ਤੋਂ ਪਾਰਲੀ ਨਿਰੋਲ ਮਨੁੱਖੀ ਸਾਂਝ ਦਾ ਬੀਜ ਗੁਰੂ ਨਾਨਕ ਦੇਵ ਜੀ ਤੇ ਭਾਈ ਮਰਦਾਨੇ ਦੇ ਸੰਗ-ਸਾਥ ਨੇ ਹੀ ਡੂੰਘਾ ਬੀਜ ਦਿੱਤਾ ਸੀ। ਅਗਲੇ ਗੁਰੂ ਸਾਹਿਬਾਨ ਨੇ ਇਸ ਮਨੁੱਖੀ ਸਾਂਝ ਨੂੰ ਏਨੇ ਸਿਦਕ ਨਾਲ ਸੰਭਾਲਿਆ-ਸਿੰਜਿਆ ਕਿ ਦਸਮੇਸ਼ ਪਿਤਾ ਵੱਲੋਂ ਗੁਰ-ਗੱਦੀ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੌਂਪੇ ਜਾਣ ਤੱਕ ਇਹ ਅਜਿਹੇ ਬਿਰਛ ਦਾ ਰੂਪ ਧਾਰ ਚੁਕੀ ਸੀ ਜਿਸ ਦੀਆਂ ਜੜ੍ਹਾਂ ਨੂੰ ਮਗਰੋਂ ਦੇ ਟਾਕਰੇ-ਟਕਰਾਵਾਂ, ਯੁੱਧਾਂ, ਸੰਕਟਾਂ ਤੇ ਘੱਲੂਘਾਰਿਆਂ ਦੇ ਝੱਖੜ-ਝਾਂਜੇ ਤੇ ਹੜ੍ਹ-ਤੂਫਾਨ ਵੀ ਹਿਲਾ ਨਹੀਂ ਸਕੇ।

ਭਾਈ ਮਰਦਾਨੇ ਤੋਂ ਤੁਰ ਕੇ ਗੁਰੂ-ਘਰ ਨਾਲ ਸ਼ਰਧਾ-ਸਾਂਝ ਨਿਭਾਉਂਦੇ ਰਹੇ ਇਸਲਾਮ ਨੂੰ ਮੰਨਣ ਵਾਲੇ ਅਨੇਕ ਗੁਰਮੁਖ ਮੁਸਲਮਾਨ ਇਸ ਸਰਬ-ਸਾਂਝੀ ਮਾਲਾ ਦੇ ਹੀ ਮਣਕੇ ਹਨ। ਇਨ੍ਹਾਂ ਵਿਚੋਂ ਭਾਈ ਮਰਦਾਨਾ, ਰਬਾਬੀ ਭਰਾ-ਸੱਤਾ ਤੇ ਬਲਵੰਡ, ਸੂਫੀ ਸੰਤ ਸਾਈਂ ਮੀਆਂ ਮੀਰ, ਪੈਂਦੇ ਖਾਂ ਪਠਾਣ, ਬੀਬੀ ਕੌਲਾਂ, ਨਵਾਬ ਸੈਫੁਦੀਨ, ਪੀਰ ਬੁੱਧੂ ਸ਼ਾਹ, ਨਿਹੰਗ ਖਾਨ ਅਤੇ ਨਬੀ ਖਾਂ, ਗਨੀ ਖਾਂ ਇਸ ਪੁਸਤਕ ਦੇ ਨਾਇਕ ਬਣੇ ਹਨ। ਸਿੱਖ ਧਰਮ ਦੁਨੀਆਂ ਦੇ ਵੱਡੇ ਧਰਮਾਂ ਵਿਚੋਂ ਸਭ ਤੋਂ ਛੋਟੀ ਉਮਰ ਦਾ ਧਰਮ ਹੈ। ਪਰ ਇਸ ਦਾ ਨਿਕਾਸ ਤੇ ਵਿਕਾਸ ਮਾਨਵ ਦੀ ਸਾਰੀ ਜ਼ਾਤ ਨੂੰ ਇਕ ਸਮਝਣ ਦੀ ਅਤੇ 'ਸੀ' ਕੀਤੇ ਬਿਨਾ ਅਣਗਿਣਤ ਸੀਸ ਦਿੰਦਿਆਂ ਤੇ ਹੋਰ ਅਥਾਹ ਕੁਰਬਾਨੀਆਂ ਕਰਦਿਆਂ ਇਸ ਸਮਝ ਉਤੇ ਪਹਿਰਾ ਦੇਣ ਦੀ ਅਜਿਹੀ ਗਾਥਾ ਹੈ ਜਿਸ ਦੀ ਹੋਰ ਕੋਈ ਮਿਸਾਲ ਪੂਰੇ ਸੰਸਾਰ ਦੇ ਇਤਿਹਾਸ ਉਤੇ ਝਾਤ ਪਾਇਆਂ, ਨਾ ਕਿਸੇ ਦੇਸ ਵਿਚ ਮਿਲਦੀ ਹੈ ਤੇ ਨਾ ਕਿਸੇ ਕਾਲ ਵਿਚ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਕਿਸੇ ਨਾ ਕਿਸੇ ਦੌਰ ਵਿਚ ਸੰਕਟ, ਮੁਸ਼ਕਿਲਾਂ, ਵਿਰੋਧ, ਜਬਰ ਤੇ ਕੁਰਬਾਨੀਆਂ ਹਰ ਧਰਮ ਦਾ ਨਸੀਬ ਰਹੀਆਂ ਹਨ। ਪਰ ਵੱਡਾ ਫਰਕ ਇਹ ਹੈ ਕਿ ਜਿਥੇ ਕਿਸੇ ਧਰਮ ਦੀ ਇਹ ਕਥਾ-ਕਹਾਣੀ ਦਰਜਨਾਂ ਪੰਨਿਆਂ ਵਿਚ ਤੇ ਕਿਸੇ ਹੋਰ ਦੀ ਸੈਂਕੜੇ ਪੰਨਿਆਂ ਵਿਚ ਲਿਖੀ ਜਾ ਸਕਦੀ ਹੈ, ਉਥੇ ਸਿੱਖ ਧਰਮ ਦੀ ਇਹ ਅਲੋਕਾਰ ਬੀਰ-ਗਾਥਾ ਲਿਖਣ ਵਾਸਤੇ ਦਰਜਨਾਂ-ਸੈਂਕੜੇ ਨਹੀਂ, ਅਣਗਿਣਤ ਪੰਨੇ ਦਰਕਾਰ ਹਨ। ਲਗਭਗ ਹਰੇਕ ਹੋਰ ਧਰਮ ਆਪਣੇ ਆਪ ਨੂੰ ਦੂਜੇ ਸਭਨਾਂ ਧਰਮਾਂ ਤੋਂ ਉਤਮ ਅਤੇ ਆਪਣੇ ਮਾਰਗ ਨੂੰ ਰੱਬ ਤੱਕ ਪਹੁੰਚਣ ਦਾ ਇਕੋ-ਇਕ ਸਹੀ ਮਾਰਗ ਮੰਨਦਾ ਹੈ। ਇਹ ਸੋਚ ਵੱਡੇ ਬਖੇੜੇ ਖੜ੍ਹੇ ਕਰਦੀ ਹੈ। ਇਸ ਦੇ ਉਲਟ ਸਿੱਖ ਧਰਮ ਦਾ, ਇਸ ਉਤੇ ਕਈ ਪਰ-ਧਰਮਾਂ ਦੇ ਅਕਹਿ-ਅਸਹਿ ਅੱਤਿਆਚਾਰਾਂ ਦੇ ਪਰਛਾਵੇਂ ਹੇਠ ਵੀ, ਇਹ ਵਿਸ਼ਵਾਸ ਕਦੀ ਨਹੀਂ ਡੋਲਿਆ ਕਿ ਕੋਈ ਰਾਮ ਰਾਮ ਬੋਲੇ ਤੇ ਕੋਈ ਖੁਦਾ ਕਹੇ, ਕੋਈ ਵੇਦ ਵਾਚੇ ਤੇ ਕੋਈ ਕਤੇਬ ਪੜ੍ਹੇ, ਇਸ ਨਾਲ ਕੋਈ ਫਰਕ ਨਹੀਂ ਪੈਂਦਾ, ਮੂਲ ਤੇ ਮੁੱਖ ਗੱਲ ਮਾਨਵਜਾਤ ਨੂੰ ਇਕ ਪਛਾਣਨ ਦੀ ਹੈ!

ਇਸ ਮਾਨਵਵਾਦੀ ਵਿਸ਼ਵਾਸ ਦਾ ਸਿੱਕੇਬੰਦ ਸਾਕਾਰ ਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਲਗਭਗ ਹਰ ਧਰਮ ਦੇ ਮੋਢੀ ਆਪਣੇ ਪੈਰੋਕਾਰਾਂ ਦੀ ਰਾਹਨੁਮਾਈ ਵਾਸਤੇ ਆਪਣੇ ਵਿਚਾਰ ਦਰਜ ਕਰ ਕੇ ਗ੍ਰੰਥ ਛੱਡ ਗਏ ਹਨ। ਇਹ ਗ੍ਰੰਥ ਸਬੰਧਤ ਧਰਮ ਦਾ ਆਧਾਰ ਬਣਿਆ ਰਹਿੰਦਾ ਹੈ। ਪਰ ਪੂਰੇ ਸੰਸਾਰ ਦੇ ਧਰਮਾਂ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਇਕੋ-ਇਕ ਮਿਸਾਲ ਹੈ ਜਿਸ ਵਿਚ ਹੋਰ ਧਰਮਾਂ ਦੇ ਸੰਤਾਂ-ਭਗਤਾਂ ਦੀ ਬਾਣੀ ਵੀ ਦਰਜ ਹੈ।

ਵੱਡੀ ਅਹਿਮੀਅਤ ਵਾਲਾ ਤੱਥ ਇਹ ਹੈ ਕਿ ਆਦਿ ਗ੍ਰੰਥ ਸਾਹਿਬ ਦਾ ਸੰਪਾਦਨ ਕਰਦਿਆਂ ਪੰਜਵੇਂ ਗੁਰੂ ਸਾਹਿਬ ਨੇ ਸਾਰੇ ਬਾਣੀਕਾਰਾਂ ਦੀ ਬਾਣੀ ਨੂੰ ਬਰਾਬਰ ਆਦਰ-ਮਾਣ ਦਾ ਅਧਿਕਾਰੀ ਬਣਾ ਦਿੱਤਾ। ਨੌਵੇਂ ਗੁਰੂ ਸਾਹਿਬ ਦੀ ਬਾਣੀ ਸ਼ਾਮਲ ਕਰ ਕੇ ਆਦਿ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਦਿੰਦਿਆਂ ਅਤੇ ਅੱਗੇ ਚੱਲ ਕੇ ਗੁਰ-ਗੱਦੀ ਸੌਂਪ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਦੈਵ ਗੁਰੂ ਥਾਪਦਿਆਂ




ਦਸਵੇਂ ਗੁਰੂ ਸਾਹਿਬ ਨੇ ਸਾਰੇ ਬਾਣੀਕਾਰਾਂ ਦੇ ਆਦਰ-ਮਾਣ ਦੀ ਇਸ ਬਰਾਬਰੀ ਉਤੇ ਮੋਹਰ ਲਾ ਦਿੱਤੀ।

ਦੂਜੇ ਧਰਮਾਂ ਵੱਲ ਅਜਿਹਾ ਅਪਣੱਤ ਭਰਿਆ ਰਵੱਈਆ ਸਿੱਖ ਧਰਮ ਦੀ ਹੀ ਵਿਸ਼ੇਸ਼ਤਾ ਰਿਹਾ ਹੈ।

ਅੰਗਰੇਜ਼ ਲੇਖਿਕਾ ਬੀਟਰਿਸ ਐਵੇਲਿਨ ਹਾਲ ਨੇ 1906 ਵਿਚ ਲਿਖੀ ਵਾਲਟੇਅਰ (1694-1778) ਦੀ ਜੀਵਨੀ ਵਿਚ ਵਿਚਾਰ-ਪ੍ਰਗਟਾਵੇ ਦੀ ਆਜ਼ਾਦੀ ਸਬੰਧੀ ਉਹਦੀ ਸੋਚ ਦਾ ਸਾਰ ਇਨ੍ਹਾਂ ਸ਼ਬਦਾਂ ਵਿਚ ਦੱਸਿਆ ਹੈ, "ਮੈਂ ਤੇਰੇ ਵਿਚਾਰਾਂ ਨਾਲ ਸਹਿਮਤ ਨਹੀਂ ਪਰ ਮੈਂ ਜਾਨ ਵਾਰ ਕੇ ਵੀ ਉਨ੍ਹਾਂ ਦੇ ਪ੍ਰਗਟਾਵੇ ਦੇ ਤੇਰੇ ਹੱਕ ਦਾ ਪੱਖ ਪੂਰਦਾ ਰਹਾਂਗਾ।" ਦੂਜਿਆਂ ਦੇ ਵਿਚਾਰਾਂ ਨੂੰ ਬਰਦਾਸ਼ਤ ਨਾ ਕਰਨ ਵਾਲੇ ਅਜੋਕੇ ਅਸਹਿਣਸ਼ੀਲ ਸੰਸਾਰ ਵਿਚ ਇਹ ਟੂਕ ਅਕਸਰ ਹੀ ਵਾਲਟੇਅਰ ਦੇ ਨਾਂ ਨਾਲ ਦੁਹਰਾਈ ਜਾਂਦੀ ਰਹਿੰਦੀ ਹੈ। ਪਰ ਵਾਲਟੇਅਰ ਦੇ ਵਿਚਾਰ ਅਤੇ ਹਾਲ ਦੇ ਕਥਨ ਤੋਂ ਬਹੁਤ ਪਹਿਲਾਂ ਸ੍ਰੀ ਗੁਰੂ ਤੇਗ ਬਹਾਦਰ (1621-1675) ਨੇ ਆਪਣੇ ਇਸ ਮੱਤ ਉਤੇ ਦ੍ਰਿੜ੍ਹ ਰਹਿੰਦਿਆਂ ਦਿੱਲੀ ਦੇ ਚਾਂਦਨੀ ਚੌਕ ਵਿਚ ਸਰਬ-ਉਚ ਕੁਰਬਾਨੀ ਦੇਣ ਦਾ ਬੇਮਿਸਾਲ ਕਾਰਨਾਮਾ ਕਰ ਦਿਖਾਇਆ ਸੀ ਕਿ ਆਪਣੇ ਵਿਸ਼ਵਾਸ ਦਾ ਪਾਬੰਦ ਰਹਿਣ ਦੀ ਆਜ਼ਾਦੀ ਹਰ ਮਨੁੱਖ ਦਾ ਹੱਕ ਹੈ।

ਇਸੇ ਸੋਚ ਦੇ ਕਲਾਵੇ ਵਿਚ ਆਉਂਦਾ ਇਕ ਨਿਜੀ ਅਨੁਭਵ ਮੇਰੀ ਸਿਮਰਤੀ ਵਿਚ ਲਿਖਿਆ ਨਹੀਂ ਸਗੋਂ ਡੂੰਘਾ ਉਕਰਿਆ ਹੋਇਆ ਹੈ। ਗੱਲ ਕਾਲੇ ਚੁਰਾਸੀ ਦੀ ਹੈ। ਸਾਕਾ ਨੀਲਾ ਤਾਰਾ ਤੇ ਦਿੱਲੀ ਦਾ ਸਿੱਖ ਕਤਲੇਆਮ, ਦੋਵੇਂ ਵਾਪਰ ਚੁਕੇ ਸਨ ਅਤੇ ਨਤੀਜੇ ਵਜੋਂ ਹਿੰਦੂਆਂ ਤੇ ਸਿੱਖਾਂ ਵਿਚਕਾਰ ਖਟਾਸ ਬਹੁਤ ਤਿੱਖੀ ਹੋ ਚੁਕੀ ਸੀ। ਜਦੋਂ ਹਾਲਾਤ ਯਾਤਰਾ ਕਰਨ ਜੋਗੇ ਹੋਏ, ਅਸੀਂ ਅੰਮ੍ਰਿਤਸਰ ਗਏ। ਦਰਬਾਰ ਸਾਹਿਬ ਤੇ ਪਰਿਕਰਮਾ ਵਿਚ ਤਾਂ ਸਿਰਾਂ ਨੂੰ ਰੁਮਾਲਾਂ ਨਾਲ ਕੱਜਣ ਵਾਲੇ ਸ਼ਰਧਾਲੂਆਂ ਦੀ ਚੰਗੀ ਵਾਹਵਾ ਹਾਜ਼ਰੀ ਹੈ ਹੀ ਸੀ, ਜਦੋਂ ਅਸੀਂ ਲੰਗਰ ਛਕਣ ਗਏ ਤਾਂ ਉਸ ਪੰਗਤ ਵਿਚ ਵੱਡੀ ਗਿਣਤੀ ਵਿਚ ਪਰ-ਧਰਮੀ ਸੱਜਣ ਪਹਿਲਾਂ ਵਾਲੇ ਪ੍ਰੇਮ-ਭਾਵ ਤੇ ਆਦਰ-ਭਾਵ ਦੇ ਮਾਹੌਲ ਵਿਚ ਲੰਗਰ ਛਕ ਰਹੇ ਸਨ। ਮੈਂ ਸੰਤੁਸ਼ਟੀ ਦਾ ਸਾਹ ਲਿਆ, ਬਾਬਾ ਨਾਨਕ ਦੀ ਸਾਡੇ ਲਈ ਵਿਰਸੇ ਵਿਚ ਛੱਡੀ ਮਾਨਵਵਾਦੀ ਕਰਾਮਾਤ ਦੀ ਕਿਰਪਾ ਨਾਲ ਆਖਰ ਪੰਜਾਬ ਦੇ ਇਹ ਕਾਲੇ ਦਿਨ ਜ਼ਰੂਰ ਖਤਮ ਹੋ ਜਾਣਗੇ!

ਇਸ ਵਿਚਾਰਧਾਰਾ ਦੇ ਪੰਨਿਆਂ ਵਿਚੋਂ ਲੰਘਦਿਆਂ ਪਾਠਕ ਦਾ ਉਸ ਸਮੇਂ ਹੈਰਾਨ ਹੋਣਾ ਸੁਭਾਵਿਕ ਹੈ ਜਦੋਂ ਉਹ ਦੇਖਦਾ ਹੈ ਕਿ ਆਪਣੇ ਆਪ ਨੂੰ ਇਸਲਾਮ ਧਰਮ ਦੇ ਪੈਰੋਕਾਰ, ਰਖਵਾਲੇ ਤੇ ਪ੍ਰਚਾਰਕ ਅਖਵਾਉਣ ਵਾਲੇ ਹਾਕਮਾਂ ਦੇ ਅੱਤਿਆਚਾਰ ਸਹਿੰਦਿਆਂ ਵੀ ਸਿੱਖ ਸੋਚ ਨੇ ਇਕ ਪਾਸੇ ਇਨ੍ਹਾਂ ਜਾਬਰ ਹਾਕਮਾਂ ਅਤੇ ਦੂਜੇ ਪਾਸੇ ਆਪਣੇ ਧਰਮ ਦਾ ਮਾਨਵੀ ਪੱਖ ਪਛਾਣਨ ਵਾਲੇ ਤੇ ਕਿਰਤ-ਕਮਾਈ ਕਰ ਕੇ ਪੇਟ ਪਾਲਣ ਵਾਲੇ ਮੁਸਲਮਾਨਾਂ ਵਿਚਕਾਰ ਨਿਖੇੜਾ ਕਰਨ ਵਾਲੀ ਨਜ਼ਰ ਧੁੰਦਲੀ ਨਹੀਂ ਸੀ ਪੈਣ ਦਿੱਤੀ। ਇਸ ਨਿਰੋਲ ਮਾਨਵਵਾਦੀ ਰਿਸ਼ਤੇ ਤੇ ਵਰਤੋਂ-ਵਿਹਾਰ ਦੀ ਬੁਨਿਆਦ ਸਿੱਖ ਧਰਮ ਦੇ ਬਾਨੀ ਸ੍ਰੀ ਗੁਰੂ ਨਾਨਕ ਦੇਵ ਨੇ ਹੀ ਏਨੀ ਪੁਖਤਾ ਰੱਖ ਦਿੱਤੀ ਸੀ ਤੇ ਉਨ੍ਹਾਂ ਦੀ ਗੱਦੀ ਉਤੇ ਬਿਰਾਜੇ ਭਵਿੱਖੀ ਗੁਰੂ ਸਾਹਿਬਾਨ ਉਸ ਬੁਨਿਆਦ ਉਤੇ ਅਜਿਹੀ ਉਸਾਰੀ ਕਰਦੇ ਗਏ, ਜੋ ਆਪਣੀ ਮਿਸਾਲ ਆਪ ਹੈ।

ਕੀ ਇਹ ਤੱਥ ਬੇਮਿਸਾਲ ਨਹੀਂ ਕਿ ਬਾਬਰ ਦੀ ਜ਼ੁਲਮੀ ਚੱਕੀ ਪੀਹਣ ਪਿੱਛੋਂ ਵੀ ਬਾਬਾ ਨਾਨਕ ਦਾ ਸਭ ਤੋਂ ਨਿਕਟ ਸਨੇਹੀ ਮਰਦਾਨਾ ਹੀ ਰਹਿੰਦਾ ਹੈ? ਇਹ ਬਾਬਾ ਜੀ ਤੇ ਮਰਦਾਨੇ ਦੀ ਸਾਂਝ ਹੀ ਸੀ ਜਿਸ ਨੇ ਸਿੱਖਾਂ ਨੂੰ ਧਰਮ-ਪਾਰਲੇ ਮਾਨਵਵਾਦ ਦਾ ਵਿਰਸਾ ਸੌਂਪਿਆ। ਕੋਈ ਸਾਂਝ ਵਰਗੀ ਸਾਂਝ ਸੀ ਇਹ! ਮਰਦਾਨੇ ਨੂੰ ਭਾਈ ਮਰਦਾਨਾ ਬਣਾ ਕੇ ਬਾਬਾ ਜੀ ਨੇ ਸਿੱਖੀ ਵਿਚ ਭਾਈ ਦੀ ਉਪਾਧੀ ਨੂੰ ਸਰਬ-ਉਚ ਸਥਾਪਤ ਕਰ ਦਿੱਤਾ।

ਜਨਮ-ਸਾਖੀਆਂ ਵਾਚਦਿਆਂ ਜਿੰਨਾ ਨੇੜਿਓਂ ਇਸ ਰਿਸ਼ਤੇ ਦੇ ਦਰਸ਼ਨ ਕਰਦੇ ਜਾਈਏ, ਮਨ ਓਨਾ ਨਿਰਮਲ ਹੁੰਦਾ ਜਾਂਦਾ ਹੈ। ਜੇ ਬਾਬਾ ਨਾਨਕ ਹਰ ਬੰਦੇ ਵਿਚ ਇਕੋ ਮਹਾਂਨੂਰ ਦੀ ਕਿਰਨ ਨਾ ਦੇਖਦੇ ਹੁੰਦੇ, ਉਹ ਮਰਦਾਨੇ ਨੂੰ ਆਪਣੇ ਮੱਤ ਵੱਲ ਮੋੜਨ ਦਾ ਯਤਨ ਕਰਦੇ। ਪਰ ਅਜਿਹੀ ਸੌੜੀ ਸੋਚ ਉਨ੍ਹਾਂ ਦੀ ਵਿਰਾਟ-ਵਿਸ਼ਾਲ ਬ੍ਰਹਿਮੰਡੀ ਗਿਆਨਵਾਨਤਾ ਦੇ ਨੇੜੇ-ਤੇੜੇ ਵੀ ਨਹੀਂ ਸੀ ਢੁਕ ਸਕਦੀ, ਜਿਸ ਗਿਆਨਵਾਨਤਾ ਸਾਹਮਣੇ ਗਗਨ ਇਕ ਥਾਲ, ਨੂਰ ਦੇ ਸੋਮੇ ਚੰਦ-ਸੂਰਜ ਦੀਪਕ, ਅੰਬਰ ਮੱਲੀ ਬੈਠੇ ਤਾਰੇ ਮੋਤੀ, ਵਣ-ਬਨਸਪਤੀ ਦੀ ਸੁਗੰਧ ਧੂਫ ਅਤੇ ਪੌਣ ਚੌਰ-ਸੇਵਿਕਾ ਬਣ ਜਾਂਦੀ ਹੈ। ਇਕ ਪਾਸੇ ਉਹ ਆਪਣੇ ਸਮਕਾਲੀ ਦੋਵਾਂ ਵੱਡੇ ਧਰਮਾਂ, ਹਿੰਦੂ ਧਰਮ ਤੇ ਇਸਲਾਮ ਵਿਚ ਆਏ ਵਿਗਾੜਾਂ ਤੋਂ ਫਿਕਰਮੰਦ ਹੋ ਕੇ ਦੋਵਾਂ ਤੋਂ ਪਾਰਲੀ ਕਿਸੇ ਵਿਚਾਰਧਾਰਾ ਬਾਰੇ ਸੋਚ ਰਹੇ ਸਨ ਤੇ ਦੂਜੇ ਪਾਸੇ ਭਾਈ ਮਰਦਾਨਾ ਪੰਜਾਂ ਵੇਲਿਆਂ ਦਾ ਨਿਮਾਜ਼ੀ, ਰਮਜ਼ਾਨ ਦੇ ਦਿਨੀਂ ਇਕ ਵੀ ਰੋਜ਼ਾ ਨਾ ਖੁੰਝਾਉਣ ਵਾਲਾ ਪੱਕਾ ਮੁਸਲਮਾਨ! ਉਦਾਸੀ ਸਮੇਂ ਭਾਈ ਜੀ ਦੀ ਨਿਮਾਜ਼ ਦਾ ਵੇਲਾ ਹੋ ਜਾਂਦਾ ਤਾਂ ਬਾਬਾ ਨਾਨਕ ਉਸੇ ਪੈਰ ਯਾਤਰਾ ਨੂੰ ਵਿਸ਼ਰਾਮ ਦੇ ਦਿੰਦੇ। ਉਨ੍ਹਾਂ ਦਾ ਪਰਮਾਤਮਾ ਨਾਲ ਲਿਵ ਲਾਉਣ ਦਾ ਵੇਲਾ ਆਉਂਦਾ ਤਾਂ ਉਨ੍ਹਾਂ ਦੀ ਬਾਣੀ ਦੀ ਸੁਰ ਤੇ ਭਾਈ ਮਰਦਾਨੇ ਦੀ ਰਬਾਬ ਦੀ ਤਾਣ ਦਾ ਸ਼ੀਰ-ਸ਼ੱਕਰ ਹੋ ਕੇ ਇਕ-ਮਿਕ ਹੋ ਹੀ ਜਾਂਦੀਆਂ, ਭਾਈ ਮਰਦਾਨੇ ਦਾ ਖੱਬਾ ਗੋਡਾ ਵੀ ਨਿਕਟ ਆਉਂਦਾ ਆਉਂਦਾ ਬਾਬਾ ਜੀ ਦੇ ਸੱਜੇ ਗੋਡੇ ਨਾਲ ਜੁੜ ਜਾਂਦਾ ਜਿਵੇਂ ਇਸ ਸਪਰਸ਼ ਨਾਲ ਬਾਬਾ ਜੀ ਦਾ ਅਲਾਪ ਹੀ ਦੂਜਾ ਰੂਪ ਧਾਰ ਕੇ ਰਬਾਬ ਦੀ ਤਾਣ ਬਣਨ ਲਗਦਾ ਹੋਵੇ!

ਜਪੁਜੀ ਸਾਹਿਬ ਬਾਰੇ ਲਿਖੀ ਆਪਣੀ ਪੁਸਤਕ '੧ੴ ਸਤਿਨਾਮ' ਵਿਚ ਬਾਬਾ ਨਾਨਕ ਦੀ ਗੁੱਝੀ ਰਮਜ਼ ਪਛਾਣਦਿਆਂ ਤੇ ਉਨ੍ਹਾਂ ਦੇ ਫਲਸਫੇ ਦੇ ਤੱਤ-ਸਾਰ ਨੂੰ ਸਮਝਦਿਆਂ ਓਸ਼ੋ ਕਮਾਲ ਦੀਆਂ ਗੱਲਾਂ ਕਰਦਾ ਹੈ। ਉਹ ਕਹਿੰਦਾ ਹੈ, "ਨਾਨਕ ਨੇ ਯੋਗ ਨਹੀਂ ਕੀਤਾ, ਤਪ ਨਹੀਂ ਕੀਤਾ, ਧਿਆਨ ਨਹੀਂ ਕੀਤਾ, ਨਾਨਕ ਨੇ ਸਿਰਫ ਗਾਇਆ ਅਤੇ ਗਾ ਕੇ ਹੀ ਪਾ ਲਿਆ। ਪਰ ਗਾਇਆ ਉਨ੍ਹਾਂ ਨੇ ਪੂਰੇ ਪ੍ਰਾਣਾਂ ਨਾਲ ਕਿ ਗੀਤ ਹੀ ਧਿਆਨ ਹੋ ਗਿਆ, ਗੀਤ ਹੀ ਯੋਗ ਬਣ ਗਿਆ, ਗੀਤ ਹੀ ਤਪ ਹੋ ਗਿਆ।...ਪਰਮਾਤਮਾ ਦੇ ਰਾਹ ਉਤੇ ਨਾਨਕ ਲਈ ਗੀਤ ਅਤੇ ਫੁੱਲ ਹੀ ਵਿਛੇ ਹਨ। ਇਸ ਲਈ ਉਨ੍ਹਾਂ ਨੇ ਜੋ ਵੀ ਕਿਹਾ ਹੈ, ਗਾ ਕੇ ਕਿਹਾ ਹੈ। ਉਨ੍ਹਾਂ ਦਾ ਰਾਹ ਬਹੁਤ ਮਧੁਰ ਹੈ, ਰਸ-ਭਰਿਆ!"

ਦੇਖਣ ਵਾਲੀ ਗੱਲ ਇਹ ਹੈ ਕਿ ਭਾਈ ਮਰਦਾਨਾ ਬਾਬਾ ਜੀ ਦੇ ਇਸ ਕਰਮ ਵਿਚ ਪੱਕਾ ਭਾਈਵਾਲ ਸੀ। ਜਦੋਂ ਬਾਣੀ ਉਤਰਦੀ, ਉਹ ਆਖਦੇ, "ਭਾਈ ਮਰਦਾਨਿਆ, ਰਬਾਬ ਛੇੜ, ਬਾਣੀ ਆਈ ਏ!" ਤੇ ਮਸਤ ਹੋ ਕੇ ਗਾਵਣ ਲੱਗ ਪੈਂਦੇ! ਲਿਵ ਸਿੱਧੀ ਉਪਰ ਵਾਲੇ ਨਾਲ। ਲਿਵ ਕੀ, ਉਪਰ ਵਾਲੇ ਦਾ ਹੀ ਰੂਪ ਹੋ ਜਾਂਦੇ। ਤਦੇ ਤਾਂ ਭਾਈ ਮਰਦਾਨੇ ਨੇ ਪਰਮਾਤਮਾ ਦਾ ਰੂਪ ਹੋਏ ਬਾਬਾ ਜੀ ਨੂੰ ਬੜੇ ਮਾਣ ਨਾਲ ਹਸਦਿਆਂ ਆਖਿਆ ਸੀ, "ਭਾਈ ਨਾਨਕਾ, ਤੂੰ ਤਾਂ ਰੱਬ ਦੇਖਿਆ ਹੀ ਹੈ, ਮੈਂ ਤਾਂ ਪਾਇਆ ਹੈ!"

ਵੈਸੇ ਤਾਂ ਬਾਬਾ ਨਾਨਕ ਦੀ ਹਰ ਲੀਲ੍ਹਾ ਪੜ੍ਹ ਕੇ ਹੀ ਅਸਚਰਜ ਹੁੰਦਾ ਹੈ ਪਰ ਜੋ ਅਨੰਦ ਭਾਈ ਮਰਦਾਨੇ ਤੇ ਬੇਬੇ ਨਾਨਕੀ ਨਾਲ ਉਨ੍ਹਾਂ ਦੇ ਰਿਸ਼ਤੇ ਨੂੰ ਦੇਖ ਕੇ ਆਉਂਦਾ ਹੈ, ਉਹ ਅਕਥ ਹੈ। ਹਿੰਦੂਆਂ ਦਾ ਗੁਰੂ ਤੇ ਮੁਸਲਮਾਨਾਂ ਦਾ ਪੀਰ ਬਾਬਾ ਜਿਵੇਂ ਇਨ੍ਹਾਂ ਦੋਵਾਂ ਸਾਹਮਣੇ ਨਿੱਕਾ-ਨਿਆਣਾ ਬਣ ਜਾਂਦਾ ਹੈ, ਜਿਵੇਂ ਉਨ੍ਹਾਂ ਦੀ ਹਰ ਗੱਲ ਮੰਨਦਾ ਹੈ, ਜਿਵੇਂ ਉਨ੍ਹਾਂ ਦੇ ਹਰ ਕਹੇ ਉਤੇ ਫੁੱਲ ਚੜ੍ਹਾਉਂਦਾ ਹੈ, ਉਹ ਅਦਭੁਤ ਹੈ!

ਇਕ ਕਿੱਸਾ ਸੁਣੋ। ਨਵੀਂ ਰਬਾਬ ਖਰੀਦਣੀ


*ਗੱਜਣਵਾਲਾ ਸੁਖਮਿੰਦਰ ਸਿੰਘ*

ਹੈ। ਪੈਸੇ ਹੈ ਨਹੀਂ। ਮਰਦਾਨਾ ਆਖਦਾ ਹੈ, "ਜੀ, ਆਪਾਂ ਨੂੰ ਹੁਧਾਰ ਕੋਈ ਨਹੀਂ ਦੇਂਵਦਾ।" ਬਾਬਾ ਜੀ ਬੇਬੇ ਤੋਂ ਪੈਸੇ ਮੰਗਣੋਂ ਆਪ ਸੰਗਦੇ ਨੇ ਤੇ ਗੁੱਝੀ ਹਾਸੀ ਹਸਦੇ ਨੇ, "ਸਵਾਲੀ ਬਣਨਾ ਠੀਕ ਤਾਂ ਨਹੀਂ, ਪਰ ਕੀ ਕਰੀਏ, ਗਰਜ਼ ਕਾਰੇ ਕਰਾਉਂਦੀ ਹੈ, ਬੇਬੇ ਨਾਨਕੀ ਜੀ ਪਾਸ ਜਾਉ, ਉਥੋਂ ਪੈਸੇ ਮਿਲਣਗੇ।"

ਇਕ ਕਿੱਸਾ ਹੋਰ ਸੁਣੋ। ਉਦਾਸੀ ਚੜ੍ਹਨ ਲੱਗੇ ਤਾਂ ਸ਼ਾਇਦ ਮਿਲਣ-ਵਿਛੜਨ ਦੀ ਘੜੀ ਦੇ ਮੋਹ ਦੇ ਉਛਾਲਿਆਂ ਤੋਂ ਝਿਜਕ ਗਏ। ਤਲਵੰਡੀ ਵਾਲੇ ਪਰਿਵਾਰਕ ਜੀਆਂ ਨੂੰ ਮਿਲਣ ਤਾਂ ਕਿਥੋਂ ਜਾਣਾ ਸੀ, ਬੇਬੇ ਨੂੰ ਵੀ ਬਿਨ-ਮਿਲਿਆਂ ਹੀ ਜਾਣ ਵਾਸਤੇ ਤਿਆਰ ਹੋ ਗਏ। ਪਰ ਭਾਈ ਮਰਦਾਨੇ ਨੇ ਪੈਰ ਗੱਡ ਲਏ, "ਬੇਬੇ ਨੂੰ ਮਿਲ ਕੇ ਫੇਰ ਜਾਵਣਾ ਏ!" ਬਾਬਾ ਜੀ ਨੇ ਨੀਵੀਂ ਪਾਈ, "ਤੇਰਾ ਆਖਾ ਮੋੜਨਾ ਨਹੀਂ ਭਾਈ!"

ਕਹਾਵਤ ਹੈ ਕਿ ਇਤਿਹਾਸ ਆਮ ਕਰਕੇ ਰਾਜੇ-ਰਾਣੀਆਂ ਦੇ ਚੰਗੇ-ਮੰਦੇ ਕੰਮਾਂ, ਕਾਰਨਾਮਿਆਂ ਤੇ ਕਰਤੂਤਾਂ ਦਾ ਬਿਰਤਾਂਤ ਹੁੰਦਾ ਹੈ। ਇਸ ਕਰਕੇ ਜਦੋਂ ਕੋਈ ਲੇਖਕ ਰਾਜ-ਨਾਇਕਾਂ ਦੀ ਥਾਂ ਲੋਕ-ਨਾਇਕਾਂ ਦਾ ਜੀਵਨ ਲਿਖਣਾ ਸ਼ੁਰੂ ਕਰਦਾ ਹੈ, ਬਹੁਤੀ ਵਾਰ ਉਹਨੂੰ ਸੰਪੂਰਨ ਕੱਚੀ ਸਮਗਰੀ ਇਕੋ ਥਾਂ ਤੋਂ ਪ੍ਰਾਪਤ ਨਹੀਂ ਹੁੰਦੀ। ਇਹ ਕਾਰਜ ਉਹੋ ਜਿਹੀ ਘੋਖ-ਖੋਜ ਲੋੜਦਾ ਹੈ, ਜਿਸ ਦੀ ਦੱਸ ਇਸ ਪੁਸਤਕ ਵਿਚੋਂ ਪੈਂਦੀ ਹੈ। ਹਰ ਨਾਇਕ ਦੀ ਜੀਵਨ-ਗਾਥਾ ਲਿਖਦਿਆਂ ਲੇਖਕ ਨੇ 'ਗੁਰ ਪ੍ਰਤਾਪ ਸੂਰਜ ਗ੍ਰੰਥ' ਵਿਚੋਂ ਉਸ ਸਬੰਧੀ ਮਿਲੀ ਜਾਣਕਾਰੀ ਨੂੰ ਕੇਂਦਰੀ ਫੁੱਲ ਮਿਥ ਕੇ ਉਸ ਦੁਆਲੇ ਹੋਰ ਸਰੋਤਾਂ ਵਿਚਲੀ ਸੂਚਨਾ ਦੇ ਫੁੱਲ ਗੁੰਦਦਿਆਂ ਖੂਬਸੂਰਤ ਗੁਲਦਸਤਾ ਸਜਾਉਣ ਦੀ ਸਫਲਤਾ ਹਾਸਲ ਕੀਤੀ ਹੈ।

ਹੁਣ ਅਨੇਕ ਸੂਰਤਾਂ ਵਿਚ ਧਰਮਾਂ ਵਿਚਕਾਰ ਹੀ ਨਹੀਂ, ਧਰਮਾਂ ਦੇ ਅੰਦਰ ਵੀ ਵਖਰੇਵੇਂ, ਵਿਰੋਧ, ਟਕਰਾਉ, ਨਫਰਤ, ਹਿੰਸਾ ਆਦਿ ਵਰਤਾਰੇ ਨਿੱਤ ਦਾ ਸੰਕਟ ਬਣੇ ਹੋਏ ਹਨ ਤੇ ਇਸ ਸਭ ਕੁਝ ਲਈ ਇਕ ਸਾਂਝਾ ਨਾਂ 'ਅਸਹਿਣਸ਼ੀਲਤਾ' ਵੀ ਪ੍ਰਚਲਿਤ ਹੋ ਗਿਆ ਹੈ। ਸਮਾਜਕ-ਭਾਈਚਾਰਕ ਸਾਂਝ ਦੀ ਥਾਂ ਹਨੇਰਾ ਵਧਦਾ ਜਾਂਦਾ ਹੈ। ਨਿੱਤ-ਦਿਨ ਸੰਘਣੇ ਹੋ ਰਹੇ ਇਸ ਹਨੇਰੇ ਵਿਚ ਸਿੱਖੀ ਦੀ ਉਪਰੋਕਤ ਪਿਰਤ ਨੂਰ ਦੇ ਸੋਮੇ ਦੀ ਭੂਮਿਕਾ ਨਿਭਾ ਸਕਦੀ ਹੈ। ਮੈਂ ਇਸ ਪੁਸਤਕ ਦਾ ਮੁੱਖ ਮਹੱਤਵ ਇਸੇ ਉਦੇਸ਼ ਵਿਚ ਦੇਖਦਾ ਹਾਂ।

ਗੱਜਣਵਾਲਾ ਸੁਖਮਿੰਦਰ ਸਿੰਘ ਲਗਨ ਤੇ ਮਿਹਨਤ ਨਾਲ ਲਿਖਣ-ਕਾਰਜ ਕੀਤਾ ਹੋਣ ਦੇ ਬਾਵਜੂਦ ਨਿਮਰਤਾ ਦਾ ਪੱਲਾ ਨਹੀਂ ਛਡਦਾ। ਉਹ ਕਹਿੰਦਾ ਹੈ, "ਇਤਿਹਾਸ ਜਾਂ ਧਾਰਮਿਕ ਸਾਹਿਤ ਦੀ ਕਸਵੱਟੀ 'ਤੇ ਇਨ੍ਹਾਂ ਰਚਨਾਵਾਂ ਵਿਚ ਬਹੁਤ ਉਕਾਈਆਂ ਹੋਣਗੀਆਂ।" ਆਪਣੀ ਮਿਹਨਤ ਤੋਂ ਇਲਾਵਾ ਉਹਨੇ ਇਕ ਚੰਗੀ ਗੱਲ ਇਹ ਕੀਤੀ ਹੈ ਕਿ ਪਹਿਲਾਂ ਇਹ ਲੇਖ ਪ੍ਰਸਿੱਧ ਰਸਾਲਿਆਂ ਵਿਚ ਪ੍ਰਕਾਸ਼ਿਤ ਕਰਵਾ ਦਿੱਤੇ। ਇਉਂ ਉਹਨੂੰ ਪਾਠਕਾਂ ਦੇ ਵਿਚਾਰਾਂ ਤੇ ਸੁਝਾਵਾਂ ਤੋਂ ਜਾਣੂ ਹੋਣ ਦਾ ਮੌਕਾ ਮਿਲ ਗਿਆ। ਸਿੱਖ ਇਤਿਹਾਸ, ਸਿੱਖ ਮਰਯਾਦਾ ਤੇ ਗੁਰਬਾਣੀ ਦੇ ਗਿਆਤਾ ਜਥੇਦਾਰ ਗਿਆਨੀ ਜੋਗਿੰਦਰ ਸਿੰਘ ਵੇਦਾਂਤੀ, ਮੰਨੇ ਹੋਏ ਇਤਿਹਾਸਕਾਰ ਡਾ. ਕਿਰਪਾਲ ਸਿੰਘ, ਸਿੱਖ ਫਲਸਫੇ ਤੇ ਸਮੁੱਚੇ ਪੰਜਾਬੀ ਅਧਿਆਤਮ ਤੇ ਸਭਿਆਚਾਰ ਦੇ ਨਿਪੁੰਨ ਪ੍ਰੋ. ਹਰਪਾਲ ਸਿੰਘ ਪੰਨੂ ਅਤੇ ਸਿੱਖ ਰਹਿਤਲ ਦੇ ਜਾਣਕਾਰ ਤੇ ਬਾਰੀਕਬੀਨ ਪੱਤਰਕਾਰ ਕਰਮਜੀਤ ਸਿੰਘ ਦੀ ਬੌਧਿਕ ਛਾਨਣੀ ਵਿਚੋਂ ਇਨ੍ਹਾਂ ਲੇਖਾਂ ਦਾ ਲੰਘਣਾ ਇਨ੍ਹਾਂ ਵਿਚਲੇ ਤੱਥਾਂ ਨੂੰ ਪ੍ਰਮਾਣਿਕਤਾ ਬਖਸ਼ਦਾ ਹੈ।

ਆਸ ਹੈ, ਇਹ ਪੁਸਤਕ ਗੁਰੂ ਸਾਹਿਬਾਨ ਦੇ ਇਨ੍ਹਾਂ ਮੁਸਲਮਾਨ ਸ਼ਰਧਾਲੂਆਂ ਦੇ ਜੀਵਨ ਬਾਰੇ ਜਾਣਕਾਰੀ ਤਾਂ ਦੇਵੇਗੀ ਹੀ, ਦੇਸ਼ ਵਿਚ ਵੱਖ ਵੱਖ ਧਰਮਾਂ ਵਿਚਕਾਰ ਵਗ ਰਹੀਆਂ ਅਸਹਿਣਸ਼ੀਲਤਾ ਦੀਆਂ ਤੱਤੀਆਂ ਹਵਾਵਾਂ ਦੇ ਮਾਹੌਲ ਵਿਚ ਸੀਤ ਪੌਣ ਦੇ ਭਰਾਤਰੀ-ਭਾਵੀ ਬੁੱਲੇ ਦਾ ਕੰਮ ਵੀ ਕਰੇਗੀ।

ਗੱਜਣਵਾਲਾ ਸੁਖਮਿੰਦਰ ਸਿੰਘ ਨਾਲ ਸੰਪਰਕ ਫੋਨ: 91-99151-06449 ਰਾਹੀਂ ਕੀਤਾ ਜਾ ਸਕਦਾ ਹੈ।

---

(ਪੁਸਤਕ SAPATRISHI PUBLICATIONS, 24/9, Industrial Area, Phase 2, Near Tribune Chowk, CHANDIGARH, Tele: 0172-5002591, Mob: 094630-88272, email: sapatrishi94@gmail.com ਤੋਂ ਮਿਲ ਸਕਦੀ ਹੈ।)

## ਜਾਨੋਂ ਪਿਆਰੀ ਮਾਂ

ਲੰਮੀਆਂ ਤਾਣ ਕੇ ਸੁੱਤੀ
ਤੈਨੂੰ ਨੀਂਦ ਨੇ ਪਾ ਲਿਆ ਘੇਰਾ।
ਇਕ ਵਾਰੀ ਮਾਂ ਉਠ ਖਲੋ
ਪੁੱਤ ਲੇਲੜੀਆਂ ਕੱਢੇ ਤੇਰਾ।
ਲੋਕੀਂ ਆਖਣ ਰੱਬ ਦਾ ਭਾਣਾ
ਅਸੀਂ ਆਖੀਏ ਨਾ ਬਈ ਨਾ।
ਅੱਜ ਕਾਹਤੋਂ ਨਹੀਂ ਸੁੱਤੀ ਉਠਦੀ
ਸਾਡੀ ਜਾਨੋਂ ਪਿਆਰੀ ਮਾਂ।

ਨਿੱਕੇ ਹੁੰਦੇ ਗੱਲ ਸੱਚੀ
ਅਸੀਂ ਨਹਾਉਣੋਂ ਵੀ ਕਤਰਾਉਂਦੇ।
ਅੱਜ ਅਸੀਂ ਹਾਂ ਤੜਪ ਰਹੇ
ਜੋ ਤੈਨੂੰ ਅਸੀਂ ਸਤਾਉਂਦੇ।
ਕਹਿੰਦੀ ਸੀ ਪਹਿਲੋਂ ਨਹਾ ਕੇ ਆ
ਰੋਟੀ ਤੈਨੂੰ ਮਿਲੂਗੀ ਤਾਂ...।

ਕਾਲਜਾ ਫਟ ਫਟ ਜਾਂਦੈ
ਕੋਈ ਰੋਣੋਂ ਚੁੱਪ ਕਰਾਵੇ ਨਾ।
ਤੇਰੇ ਬਾਝੋਂ ਮਮਤਾ ਦੀ ਕੋਈ
ਆਣ ਕੇ ਮੱਲ੍ਹਮ ਲਾਵੇ ਨਾ।
ਜਦੋਂ ਕਦੇ ਮੇਰੇ ਠੋਕਰ ਵੱਜੀ
ਤਾਂ ਤੂੰ ਆਖਿਆ ਮੈਂ ਮਰ ਜਾਂ...।

ਭੈਣੋਂ ਭਰਾਵੋ ਰਲ ਕੇ ਸਾਰੇ
ਆਪਾਂ ਵਿਉਂਤ ਬਣਾਈਏ।
ਸਾਥੋਂ ਰੁੱਸ ਕੇ ਤੁਰ'ਗੀ ਕਿੱਥੇ
ਆਪਾਂ ਭਾਲ ਲਿਆਈਏ।
'ਵਹਿਣੀ ਵਾਲੀਏ' ਨੇ ਛੱਡਿਆ ਨਾ
ਰੂਹ ਨੂੰ ਲੱਭਣੋਂ ਕੋਈ ਥਾਂ...।

ਆਉਣ ਜਾਣ ਬਣਿਆ ਦੁਨੀਆਂ 'ਤੇ
ਰੱਬ ਦੀ ਲੀਲਾ ਨਿਆਰੀ।
'ਦਿਆਲ' ਕਿਸੇ ਨਾ ਬੈਠੇ ਰਹਿਣਾ
ਸਭ ਨੇ ਤੁਰਨਾ ਵਾਰੋ ਵਾਰੀ।
ਭਲਿਆ ਲੋਕਾਂ ਦਾ ਜੱਗ ਉਤੇ
ਰਹਿ ਜਾਂਦਾ ਏ ਨਾਓਂ ਵੀ ਨਾਂ।
ਅੱਜ ਕਾਹਤੋਂ ਨਹੀਂ ਸੁੱਤੀ ਉਠਦੀ
ਸਾਡੀ ਜਾਨੋਂ ਪਿਆਰੀ ਮਾਂ।

*-ਹਰਦਿਆਲ ਸਿੰਘ ਚੀਮਾ*
*ਸਿਆਟਲ।*

# ਉਠੁ ਫਰੀਦਾ ਉਜੂ ਸਾਜਿ ਸੁਬਹੁ ਨਿਵਾਜ ਗੁਜਾਰਿ

**ਭਖਦੇ ਮਸਲੇ**

ਬਾਬਾ ਫਰੀਦ ਆਪ ਰੱਬ ਦੀ ਬੰਦਗੀ ਕਰਨ ਵਾਲੇ ਸੂਫੀ ਸੰਤ ਸਨ ਅਤੇ ਮਨੁੱਖ ਨੂੰ ਵੀ ਰੱਬ ਦੀ ਬੰਦਗੀ ਕਰਨ ਦੀ ਪ੍ਰੇਰਨਾ ਕਰਦੇ ਹਨ। ਉਹ ਆਪਣੇ ਆਪ ਨੂੰ ਸੰਬੋਧਨ ਕਰਦੇ ਹਨ, ਹੇ ਫਰੀਦ ਜੋ ਬੰਦੇ ਨਮਾਜ਼ ਨਹੀਂ ਪੜ੍ਹਦੇ ਭਾਵ ਖ਼ੁਦਾ ਦੀ ਬੰਦਗੀ ਨਹੀਂ ਕਰਦੇ ਅਤੇ ਹਿੰਮਤ ਕਰਕੇ ਪੰਜ ਵਕਤ ਦੀ ਨਮਾਜ਼ ਅਦਾ ਕਰਨ ਲਈ ਮਸੀਤ ਨਹੀਂ ਆਉਂਦੇ, ਉਹ ਕੁੱਤਿਆਂ ਸਮਾਨ ਹਨ। ਰੱਬ ਦੀ ਬੰਦਗੀ ਕਰਨ ਤੋਂ ਬਿਨਾ ਜਿਉਣ ਦਾ ਢੰਗ, ਕੋਈ ਚੰਗਾ ਤਰੀਕਾ ਨਹੀਂ ਹੈ। ਇਸਲਾਮ ਵਿਚ ਰੱਬ ਦੀ ਬੰਦਗੀ ਕਰਨ ਦੇ ਪੰਜ ਵਕਤ ਮੁਕੱਰਰ ਕੀਤੇ ਹੋਏ ਹਨ। ਇਸ ਮੁਕੱਰਰ ਸਮੇਂ ਭਾਵੇਂ ਕੋਈ ਮੁਸਲਿਮ ਕੁਝ ਵੀ ਕਰ ਰਿਹਾ ਹੋਵੇ, ਉਸ ਨੂੰ ਹਦਾਇਤ ਹੈ ਕਿ ਜਿੱਥੇ ਵੀ ਉਹ ਹੋਵੇ, ਉਥੇ ਹੀ ਰੱਬ ਦੀ ਇਬਾਦਤ ਜ਼ਰੂਰ ਕਰੇ; ਖ਼ੁਦਾ ਅੱਗੇ ਸਿਰ ਝੁਕਾ ਕੇ ਉਸ ਨੂੰ ਯਾਦ ਕਰੇ। ਇਸੇ ਤੱਥ ਵੱਲ ਇਸ਼ਾਰਾ ਬਾਬਾ ਫਰੀਦ ਨੇ ਆਪਣੇ ਇਸ ਸਲੋਕ 'ਉਠੁ ਫਰੀਦਾ ਉਜੂ ਸਾਜਿ ਸੁਬਹੁ ਨਿਵਾਜ ਗੁਜਾਰਿ' ਵਿਚ ਕੀਤਾ ਹੈ।



ਡਾ. ਗੁਰਨਾਮ ਕੌਰ, ਕੈਨੇਡਾ

ਨਮਾਜ਼ ਪੜ੍ਹਨ ਤੋਂ ਪਹਿਲਾਂ ਪਾਣੀ ਲੈ ਕੇ ਹੱਥ-ਮੂੰਹ ਧੋਤੇ ਜਾਂਦੇ ਹਨ ਜਿਸ ਨੂੰ ਵੁਜ਼ੂ ਕਰਨਾ ਕਹਿੰਦੇ ਹਨ ਅਤੇ ਇਸੇ ਦਾ ਜ਼ਿਕਰ ਬਾਬਾ ਫਰੀਦ ਕਰਦੇ ਹਨ, ਹੇ ਫਰੀਦ! ਨਮਾਜ਼ ਪੜ੍ਹਨ ਦਾ ਵੇਲਾ ਹੋ ਗਿਆ ਹੈ, ਇਸ ਲਈ ਉਠ ਕੇ ਹੱਥ-ਮੂੰਹ ਧੋ ਤੇ ਸੁਬਹਾ ਦੀ ਨਮਾਜ਼ ਪੜ੍ਹ। ਨਮਾਜ਼ ਗੁਜ਼ਾਰਨ ਦਾ ਅਰਥ ਹੈ, ਪਰਵਰਦਿਗਾਰ ਅੱਗੇ ਆਪਣਾ ਸਿਰ ਝੁਕਾਉਣਾ, ਆਪਣੇ ਆਪ ਨੂੰ ਅੱਲਾ ਦੇ ਸਪੁਰਦ ਕਰਨਾ, ਉਸ ਦੀ ਰਜ਼ਾ ਨੂੰ ਮੰਨਣਾ। ਬਾਬਾ ਫਰੀਦ ਦਾ ਕਹਿਣਾ ਹੈ ਕਿ ਜੋ ਸਿਰ ਰੱਬ ਅੱਗੇ ਨਹੀਂ ਝੁਕਦਾ, ਆਪਣੇ ਆਪ ਨੂੰ ਉਸ ਦੇ ਹਵਾਲੇ ਨਹੀਂ ਕਰਦਾ (ਆਪਣੀ ਹਉਮੈ ਵਿਚ ਰਹਿੰਦਾ ਹੈ), ਉਹ ਸਿਰ ਕੱਟ ਕੇ ਆਪਣੇ ਸਰੀਰ ਤੋਂ ਵੱਖ ਕਰ ਦੇਣਾ ਚਾਹੀਦਾ ਹੈ। ਭਾਵ ਰੱਬ ਦੀ ਬੰਦਗੀ ਤੋਂ ਬਿਨਾ ਜਿਉਣਾ ਅਰਥਹੀਣ ਹੈ, ਬੇਮਕਸਦ ਹੈ।

ਬਾਬਾ ਫਰੀਦ ਇਸ ਤੋਂ ਅੱਗੇ ਹੋਰ ਵੀ ਸਖਤੀ ਨਾਲ ਪ੍ਰਸ਼ਨ ਕਰਦੇ ਹਨ ਕਿ ਜੋ ਸਿਰ ਰੱਬ ਅੱਗੇ ਨਹੀਂ ਝੁਕਦਾ, ਉਸ ਸਿਰ ਦਾ ਫਿਰ ਕੀ ਕੀਤਾ ਜਾਵੇ? ਇਥੇ ਆਪ ਹੀ ਉਤਰ ਦਿੰਦਿਆਂ ਆਪਣੇ ਆਪ ਨੂੰ ਕਹਿੰਦੇ ਹਨ ਕਿ ਅਜਿਹੇ ਸਿਰ ਨੂੰ ਉਤਾਰ ਕੇ ਚੁੱਲ੍ਹੇ ਵਿਚ ਬਾਲਣ ਦੀ ਥਾਂ ਅੱਗ ਵਿਚ ਜਲਾ ਦੇਣਾ ਚਾਹੀਦਾ ਹੈ, ਭਾਵ ਹਉਮੈ ਦਾ ਭਰਿਆ ਇਹ ਸਿਰ, ਜੋ ਆਪਣੇ ਪਰਵਰਦਿਗਾਰ ਅੱਗੇ ਨਹੀਂ ਝੁਕਿਆ, ਸੁੱਕੀ ਲੱਕੜ ਵਾਂਗ ਆਕੜਿਆ ਹੋਇਆ ਹੈ, ਇਸ ਨੂੰ ਬਾਲਣ ਦੀ ਥਾਂ ਚੁੱਲ੍ਹੇ ਵਿਚ ਜਲਾ ਦੇਣਾ ਹੀ ਚੰਗਾ ਹੈ:

ਫਰੀਦਾ ਬੇਨਿਵਾਜਾ ਕੁਤਿਆ
ਏਹ ਨ ਭਲੀ ਰੀਤਿ॥
ਕਬਹੀ ਚਲਿ ਨ ਆਇਆ
ਪੰਜੇ ਵਖਤ ਮਸੀਤਿ॥70॥
ਉਠਿ ਫਰੀਦਾ ਉਜੂ ਸਾਜਿ
ਸੁਬਹ ਨਿਵਾਜ ਗੁਜਾਰਿ॥
ਜੋ ਸਿਰੁ ਸਾਂਈ ਨਾ ਨਿਵੈ
ਸੋ ਸਿਰੁ ਕਪਿ ਉਤਾਰਿ॥71॥
ਜੋ ਸਿਰੁ ਸਾਈ ਨਾ ਨਿਵੈ
ਸੋ ਸਿਰੁ ਕੀਜੈ ਕਾਂਇ॥
ਕੁੰਨੇ ਹੇਠਿ ਜਲਾਈਐ
ਬਾਲਣ ਸੰਦੈ ਥਾਇ॥ (ਪੰਨਾ 1381)

ਗੁਰੂ ਨਾਨਕ 'ਵਾਰ ਮਾਝ ਕੀ' ਵਿਚ ਪੰਜ ਵਕਤ ਦੀ ਨਮਾਜ਼ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ ਰੱਬ ਸੱਚੇ ਦੀ ਅਸਲੀ ਬੰਦਗੀ ਤਾਂ ਨੈਤਿਕ ਗੁਣ ਧਾਰਨ ਕਰਨ ਵਿਚ ਹੀ ਹੈ। ਨੈਤਿਕ ਗੁਣਾਂ ਤੋਂ ਬਿਨਾ ਕੋਈ ਬੰਦਗੀ, ਕੋਈ ਨਮਾਜ਼ ਸਾਰਥਕ ਨਹੀਂ ਭਾਵੇਂ ਮਨੁੱਖ ਧਾਰਮਿਕ ਹੋਣ ਦਾ ਜਿੰਨਾ ਮਰਜ਼ੀ ਦਿਖਾਵਾ ਕਰਦਾ ਰਹੇ। ਗੁਰੂ ਨਾਨਕ ਦੱਸਦੇ ਹਨ ਕਿ ਇਸਲਾਮ ਵਿਚ ਪੰਜ ਨਿਮਾਜ਼ਾਂ ਹਨ, ਜਿਨ੍ਹਾਂ ਦੇ ਪੰਜ ਵਕਤ ਤੇ ਪੰਜ ਨਾਮ ਮੁਕੱਰਰ ਹਨ। ਪਹਿਲੀ ਨਮਾਜ਼ ਇਹ ਹੈ ਕਿ ਮਨੁੱਖ ਆਪਣੇ ਅੰਦਰ ਸੱਚ ਨੂੰ ਵਸਾ ਕੇ ਰੱਖੇ (ਇਹ ਸੱਚ ਮਨੁੱਖ ਦੀ ਕਰਨੀ ਵਿਚੋਂ ਪਰਗਟ ਹੋਣਾ ਚਾਹੀਦਾ ਹੈ)। ਦੂਜੇ ਵਕਤ ਦੀ ਨਮਾਜ਼ ਇਹ ਹੈ ਕਿ ਮਨੁੱਖ ਮਿਹਨਤ ਕਰਕੇ ਹੱਕ ਦੀ ਕਮਾਈ ਖਾਵੇ, ਉਸ ਦੀ ਕਿਰਤ ਹੱਕ-ਸੱਚ ਦੀ ਹੋਵੇ। ਤੀਜੀ ਨਮਾਜ਼ ਹੈ, ਖ਼ੁਦਾ ਪਾਸੋਂ ਸਭ ਦੀ ਖ਼ੈਰ ਮੰਗਣੀ ਭਾਵ ਸਰਬੱਤ ਦਾ ਭਲਾ ਮੰਗਣਾ; ਚੌਥੀ, ਆਪਣੀ ਨੀਅਤ ਸਾਫ ਰੱਖਣਾ, ਮਨ ਨੂੰ ਹਰ ਤਰ੍ਹਾਂ ਦੇ ਵਿਕਾਰਾਂ ਦੀ ਮੈਲ ਤੋਂ ਸਾਫ ਰੱਖਣਾ ਅਤੇ ਪੰਜਵੀਂ ਨਮਾਜ਼ ਹੈ, ਰੱਬ ਦੀ ਸਿਫਤਿ-ਸਾਲਾਹ ਤੇ ਵਡਿਆਈ ਕਰਨੀ।

ਇਨ੍ਹਾਂ ਪੰਜ ਨਮਾਜ਼ਾਂ ਦੇ ਨਾਲ ਨਾਲ ਮਨੁੱਖ ਆਪਣੀ ਕਰਨੀ, ਆਪਣੇ ਆਚਰਣ ਨੂੰ ਉਚਾ ਬਣਾਵੇ ਅਤੇ ਇਹ ਹੈ, ਕਲਮਾ ਪੜ੍ਹਨਾ। ਇਸ ਕਿਸਮ ਦੀ ਰਹਿਣੀ-ਸਹਿਣੀ ਵਾਲਾ ਮਨੁੱਖ ਹੀ ਅਸਲੀ ਮੁਸਲਮਾਨ ਅਖਵਾਉਂਦਾ ਹੈ। ਗੁਰੂ ਨਾਨਕ ਕਹਿੰਦੇ ਹਨ ਕਿ ਇਸ ਕਿਸਮ ਦੇ ਗੁਣਾਂ ਤੋਂ ਬਿਨਾ ਤਾਂ ਫਿਰ ਮਨੁੱਖ ਧਾਰਮਿਕ ਹੋਣ ਦਾ ਦਿਖਾਵਾ ਕਰਦਾ ਹੈ ਅਤੇ ਧਰਮ ਕੂੜ ਦਾ ਵਪਾਰ ਬਣ ਜਾਂਦਾ ਹੈ ਜਿਸ ਦਾ ਨਤੀਜਾ ਵੀ ਕੂੜ ਵਿਚ ਵੀ ਨਿਕਲਦਾ ਹੈ। ਇਹ ਸਭ ਗੱਲਾਂ ਹਰ ਉਸ ਮਨੁੱਖ 'ਤੇ ਲਾਗੂ ਹੁੰਦੀਆਂ ਹਨ ਜੋ ਆਪਣੇ ਆਪ ਨੂੰ ਧਾਰਮਿਕ ਕਹਾਉਂਦਾ ਹੈ ਭਾਵੇਂ ਉਹ ਕਿਸੇ ਵੀ ਧਰਮ ਨਾਲ ਸਬੰਧਤ ਹੋਵੇ:

ਪੰਜਿ ਨਿਵਾਜਾ ਵਖਤ ਪੰਜਿ
ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ
ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ
ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ
ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ
ਕੂੜੈ ਕੂੜੀ ਪਾਇ॥3॥ (ਪੰਨਾ 141)

ਮਨੁੱਖ ਦੇ ਜਿਨ੍ਹਾਂ ਮੌਲਿਕ ਅਧਿਕਾਰਾਂ ਦੀ ਆਮ ਗੱਲ ਕੀਤੀ ਜਾਂਦੀ ਹੈ, ਉਨ੍ਹਾਂ ਵਿਚ ਇੱਕ ਇਹ ਆਉਂਦਾ ਹੈ ਕਿ ਇੱਕ ਆਜ਼ਾਦ ਮੁਲਕ ਵਿਚ ਹਰ ਮਨੁੱਖ ਨੂੰ ਆਪਣੇ ਧਰਮ ਅਨੁਸਾਰ ਆਪਣੇ ਇਸ਼ਟ ਦੀ ਇਬਾਦਤ ਕਰਨ ਦਾ ਪੂਰਾ ਪੂਰਾ ਹੱਕ ਹੈ। ਇਸੇ ਮੌਲਿਕ ਹੱਕ ਦੀ ਰਾਖੀ ਕਰਦਿਆਂ ਨੌਵੇਂ ਗੁਰੂ ਤੇਗ ਬਹਾਦਰ ਸਾਹਿਬ ਨੇ ਔਰੰਗਜ਼ੇਬ ਵੱਲੋਂ ਲੋਕਾਂ ਦਾ ਇਹ ਹੱਕ ਖੋਹ ਲੈਣ ਦੇ ਜ਼ੁਲਮ ਦੇ ਖਿਲਾਫ ਦਿੱਲੀ ਜਾ ਕੇ ਸ਼ਹਾਦਤ ਦਿੱਤੀ ਸੀ, ਤੇ ਇਸੇ ਕਾਰਨ ਉਨ੍ਹਾਂ ਨੂੰ 'ਹਿੰਦ ਦੀ ਚਾਦਰ' ਕਹਿ ਕੇ ਯਾਦ ਕੀਤਾ ਜਾਂਦਾ ਹੈ।

ਸੰਨ 1947 ਵਿਚ ਆਜ਼ਾਦੀ ਪਿਛੋਂ ਆਜ਼ਾਦ ਭਾਰਤ ਦਾ ਸੰਵਿਧਾਨ ਦੋ ਕੁ ਸਾਲ ਖਰਚ ਕਰਕੇ ਤਿਆਰ ਕੀਤਾ ਗਿਆ। ਸੰਵਿਧਾਨ ਤਿਆਰ ਕਰਨ ਵਿਚ ਡਾ. ਅੰਬੇਦਕਰ ਨੇ ਵੱਡਾ ਯੋਗਦਾਨ ਪਾਇਆ। ਇਸ ਸੰਵਿਧਾਨ ਵਿਚ ਕੁਝ ਮੌਲਿਕ ਹੱਕ ਉਲੀਕੇ ਗਏ ਜਿਨ੍ਹਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਮਿਲਦੀ ਹੈ ਕਿ ਮੌਲਿਕ ਹੱਕ, ਰਾਜ ਦੀ ਨੀਤੀ ਦੇ ਸਿਧਾਂਤਾਂ ਦਾ ਨਿਰਦੇਸ਼ ਅਤੇ ਮੌਲਿਕ ਫਰਜ਼ ਭਾਰਤ ਦੇ ਸੰਵਿਧਾਨ ਦਾ ਹਿੱਸਾ ਹਨ, ਜੋ ਰਾਜ ਦੇ ਆਪਣੇ ਸ਼ਹਿਰੀਆਂ ਵੱਲ ਇਕਰਾਰਨਾਮਾ ਹੈ ਅਤੇ ਸ਼ਹਿਰੀਆਂ ਦੇ ਹੱਕਾਂ ਅਤੇ ਮੁਲਕ ਪ੍ਰਤੀ ਫਰਜ਼ ਹਨ। ਇਸ ਸੈਕਸ਼ਨ ਵਿਚ ਸਰਕਾਰ ਵੱਲੋਂ ਨੀਤੀਆਂ ਘੜਨ ਵਿਚ ਹੱਕਾਂ ਦਾ ਬਿੱਲ ਅਤੇ ਸ਼ਹਿਰੀਆਂ ਦਾ ਵਰਤਾਉ ਤੇ ਅਚਾਰ-ਵਿਹਾਰ ਸ਼ਾਮਲ ਹੈ। ਇਨ੍ਹਾਂ ਸੈਕਸ਼ਨਾਂ ਨੂੰ ਸੰਵਿਧਾਨ ਦੇ ਮੂਲ ਤੱਤ ਮੰਨਿਆ ਗਿਆ ਹੈ, ਜਿਨ੍ਹਾਂ ਦਾ ਵਿਕਾਸ 1947 ਤੋਂ 1949 ਤੱਕ ਭਾਰਤ ਦੇ ਸੰਵਿਧਾਨ ਰਾਹੀਂ ਕੀਤਾ ਗਿਆ।

ਮੌਲਿਕ ਹੱਕਾਂ ਦੀ ਪਰਿਭਾਸ਼ਾ ਸਾਰੇ ਸ਼ਹਿਰੀਆਂ ਦੇ ਮੂਲ ਹੱਕਾਂ ਦੇ ਤੌਰ 'ਤੇ ਕੀਤੀ ਜਾਂਦੀ ਹੈ। ਇਹ ਹੱਕ ਤੇ ਇਨ੍ਹਾਂ ਦੀ ਪਰਿਭਾਸ਼ਾ ਸੰਵਿਧਾਨ ਦੇ ਤੀਜੇ ਹਿੱਸੇ ਵਿਚ ਕੀਤੀ ਗਈ ਹੈ ਜੋ ਬਿਨਾ ਨਸਲ, ਜਨਮ ਦੀ ਥਾਂ, ਧਰਮ, ਜਾਤ, ਫਿਰਕਾ ਜਾਂ ਲਿੰਗ ਆਦਿ ਦੇ ਪੱਖਪਾਤ ਤੋਂ ਲਾਗੂ ਹੁੰਦੇ ਹਨ। ਇਹ ਖਾਸ ਬੰਦਿਸ਼ਾਂ ਸਮੇਤ ਕਾਨੂੰਨ ਵਜੋਂ ਅਮਲ ਵਿਚ ਲਿਆਂਦੇ ਜਾਂਦੇ ਹਨ। ਰਾਜ ਦੀ ਨੀਤੀ ਦੇ ਸਿਧਾਂਤਾਂ ਦਾ ਨਿਰਦੇਸ਼ ਉਹ ਅਸੂਲ ਹਨ ਜਿਨ੍ਹਾਂ ਦੀ ਅਗਵਾਈ ਵਿਚ ਸਰਕਾਰ ਨੇ ਕਾਨੂੰਨ ਬਣਾਉਣੇ ਹਨ। ਇਹ ਸ਼ਰਤਾਂ, ਜੋ ਸੰਵਿਧਾਨ ਦੇ ਚੌਥੇ ਭਾਗ ਵਿਚ ਰੱਖੀਆਂ ਗਈਆਂ ਹਨ, ਕੋਰਟਾਂ ਰਾਹੀਂ ਲਾਗੂ ਕਰਨਯੋਗ ਨਹੀਂ ਹਨ, ਪ੍ਰੰਤੂ ਸਿਧਾਂਤ ਜਿਨ੍ਹਾਂ 'ਤੇ ਇਹ ਆਧਾਰਤ ਹਨ, ਸ਼ਾਸਨ ਲਈ ਮੂਲ ਦਿਸ਼ਾ-ਨਿਰਦੇਸ਼ ਹਨ ਜੋ ਸਰਕਾਰ ਨੂੰ ਕਾਨੂੰਨ ਬਣਾਉਣ ਤੇ ਪਾਸ ਕਰਨ ਵੇਲੇ ਲਾਗੂ ਕਰਨੇ ਚਾਹੀਦੇ ਹਨ।

ਮੌਲਿਕ ਹੱਕਾਂ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਮਿਲਦੀ ਹੈ: 2.1 ਬਰਾਬਰੀ ਦਾ ਹੱਕ; 2.2 ਆਜ਼ਾਦੀ ਦਾ ਹੱਕ; 2.3 ਸੋਸ਼ਣ ਦੇ ਵਿਰੁਧ ਹੱਕ; 2.4 ਧਰਮ ਦੀ ਆਜ਼ਾਦੀ ਦਾ ਹੱਕ; 2.5 ਸਭਿਆਚਾਰਕ ਅਤੇ ਵਿੱਦਿਆ ਦੇ ਹੱਕ; 2.6 ਸੰਵਿਧਾਨਕ ਉਪਚਾਰਾਂ ਦਾ ਹੱਕ। ਮੂਲ ਹੱਕ, ਜੋ ਭਾਰਤੀ ਸੰਵਿਧਾਨ ਦੇ ਭਾਗ ਤਿੰਨ ਵਿਚ ਦਿੱਤੇ ਹੋਏ ਹਨ, ਸਾਰੇ ਭਾਰਤੀਆਂ ਦੇ ਸ਼ਹਿਰੀ ਹੱਕਾਂ ਦੀ ਗਾਰੰਟੀ ਦਿੰਦੇ ਹਨ ਅਤੇ ਸਟੇਟ ਨੂੰ ਸ਼ਖਸੀ ਆਜ਼ਾਦੀ 'ਤੇ ਦਬਾਉ ਪਾਉਣ ਤੋਂ ਰੋਕਦੇ ਹਨ, ਨਾਲ ਹੀ ਸਟੇਟ 'ਤੇ ਜ਼ਿੰਮੇਵਾਰੀ ਪਾਉਂਦੇ ਹਨ ਕਿ ਸਮਾਜ ਵੱਲੋਂ ਇਨ੍ਹਾਂ ਹੱਕਾਂ 'ਤੇ ਹਮਲੇ ਤੋਂ ਸ਼ਹਿਰੀਆਂ ਦੇ ਹੱਕਾਂ ਦੀ ਰੱਖਿਆ ਕਰੇ।

ਬੇਸ਼ੱਕ 1978 ਦੀ 44ਵੀਂ ਸੋਧ ਦੁਆਰਾ ਜਾਇਦਾਦ ਦੇ ਹੱਕ ਨੂੰ ਸੰਵਿਧਾਨ ਦੇ ਤੀਜੇ ਭਾਗ ਵਿਚੋਂ ਹਟਾ ਦਿੱਤਾ ਗਿਆ ਹੈ, ਪਰ ਮੌਲਿਕ ਹੱਕਾਂ ਦਾ ਉਦੇਸ਼ ਸਮਾਜ ਦੇ ਸਾਰੇ ਮੈਂਬਰਾਂ ਦੇ ਬਰਾਬਰੀ 'ਤੇ ਆਧਾਰਤ ਸ਼ਖਸੀ ਆਜ਼ਾਦੀ ਅਤੇ ਲੋਕਰਾਜੀ ਸਿਧਾਂਤਾਂ ਦੀ ਸੁਰੱਖਿਆ ਮੁਹੱਈਆ ਕਰਾਉਣਾ ਹੈ।



ਡਾ. ਅੰਬੇਦਕਰ ਅਨੁਸਾਰ ਵਿਧਾਨ ਮੰਡਲ ਦੀ ਜ਼ਿੰਮੇਵਾਰੀ ਕੇਵਲ ਮੌਲਿਕ ਹੱਕ ਮੁਹੱਈਆ ਕਰਵਾਉਣਾ ਹੀ ਨਹੀਂ ਬਲਕਿ ਵੱਧ ਅਹਿਮ ਉਨ੍ਹਾਂ ਦੀ ਸੁਰੱਖਿਆ ਕਰਨਾ ਹੈ। ਆਰਟੀਕਲ 13 ਤਹਿਤ ਉਹ ਵਿਧਾਨ ਮੰਡਲ ਅਤੇ ਕਾਰਜਕਰਨੀ ਦੀਆਂ ਤਾਕਤਾਂ ਤੇ ਬੰਦਿਸ਼ ਦਾ ਕੰਮ ਕਰਦੇ ਹਨ ਅਤੇ ਇਨ੍ਹਾਂ ਹੱਕਾਂ ਦੀ ਕਿਸੇ ਵੀ ਤਰ੍ਹਾਂ ਦੀ ਉਲੰਘਣਾ ਦੇ ਮਾਮਲੇ ਵਿਚ ਭਾਰਤ ਦੀ ਸਰਬਉਚ ਅਦਾਲਤ ਤੇ ਸੂਬਿਆਂ ਦੀਆਂ ਉਚ ਅਦਾਲਤਾਂ ਕੋਲ ਅਜਿਹੇ ਵਿਧਾਨ ਮੰਡਲ ਜਾਂ ਕਾਰਜਕਰਨੀ ਦੇ ਅਮਲ ਨੂੰ ਗੈਰ-ਸੰਵਿਧਾਨਕ ਤੇ ਨਿਰਾਰਥਕ ਐਲਾਨਣ ਦੀਆਂ ਸ਼ਕਤੀਆਂ ਹਨ।

ਹਰਿਆਣਾ ਵਿਚ ਵਾਪਰੀ ਸੱਜਰੀ ਘਟਨਾ ਦੀ ਰੌਸ਼ਨੀ ਵਿਚ ਇੱਥੇ ਸਾਡਾ ਮੁੱਖ ਸਰੋਕਾਰ ਧਰਮ ਦੀ ਆਜ਼ਾਦੀ ਦਾ ਹੱਕ ਹੈ। ਧਰਮ ਦੀ ਆਜ਼ਾਦੀ ਦਾ ਹੱਕ, ਜੋ ਆਰਟੀਕਲ 25-28 ਵਿਚ ਕਵਰ ਹੁੰਦਾ ਹੈ, ਭਾਰਤ ਵਿਚ ਸਾਰੇ ਸ਼ਹਿਰੀਆਂ ਨੂੰ ਧਾਰਮਿਕ ਆਜ਼ਾਦੀ ਦਿੰਦਾ ਹੈ ਅਤੇ ਧਰਮ-ਨਿਰਪੱਖਤਾ ਨੂੰ ਸੁਨਿਸ਼ਚਿਤ ਕਰਦਾ ਹੈ। ਸੰਵਿਧਾਨ ਮੁਤਾਬਕ ਸਟੇਟ ਦਾ ਕੋਈ ਸਰਕਾਰੀ ਧਰਮ ਨਹੀਂ ਹੈ, ਤੇ ਸਟੇਟ ਦਾ ਫਰਜ਼ ਹੈ ਕਿ ਸਾਰੇ ਧਰਮਾਂ ਨਾਲ ਨਿਰਪੱਖ ਅਤੇ ਇਕਸਾਰ ਵਰਤਾਉ ਕਰੇ। ਆਰਟੀਕਲ 25 ਸਭ ਨੂੰ ਜ਼ਮੀਰ ਦੀ ਆਜ਼ਾਦੀ ਅਤੇ ਆਪਣੀ ਚੋਣ ਦੇ ਕਿਸੇ ਵੀ ਧਰਮ ਦਾ ਪ੍ਰਚਾਰ ਕਰਨ, ਅਭਿਆਸ ਕਰਨ ਤੇ ਫੈਲਾਉਣ ਦੀ ਆਜ਼ਾਦੀ ਦਿੰਦਾ ਹੈ। ਇਹ ਹੱਕ ਪ੍ਰੰਤੂ ਸਰਵਜਨਿਕ ਵਿਵਸਥਾ, ਨੈਤਿਕਤਾ ਤੇ ਸਿਹਤ ਅਤੇ ਸਟੇਟ ਦੀ ਸ਼ਕਤੀ ਅਧੀਨ ਹੈ, ਤਾਂਕਿ ਸਮਾਜਕ ਭਲਾਈ ਤੇ ਸੁਧਾਰ ਲਈ ਕਦਮ ਚੁਕੇ ਜਾਣ। ਪਸਾਰ ਦਾ ਹੱਕ ਬੇਸ਼ੱਕ ਕਿਸੇ ਦੂਜੇ ਵਿਅਕਤੀ ਦਾ ਧਰਮ ਬਦਲਣ ਦਾ ਹੱਕ ਨਹੀਂ ਦਿੰਦਾ, ਕਿਉਂਕਿ ਇਹ ਦੂਜੇ ਦੀ ਜ਼ਮੀਰ ਦੀ ਆਜ਼ਾਦੀ ਦੇ ਹੱਕ ਦੀ ਉਲੰਘਣਾ ਹੈ।

ਆਰਟੀਕਲ 26 ਜਨਤਕ ਵਿਵਸਥਾ, ਨੈਤਿਕਤਾ ਅਤੇ ਸਿਹਤ ਅਧੀਨ ਇਹ ਗਾਰੰਟੀ ਦਿੰਦਾ ਹੈ ਕਿ ਸਭ ਧਾਰਮਿਕ ਸੰਪਰਦਾਵਾਂ, ਫਿਰਕੇ ਕਾਨੂੰਨ ਅਨੁਸਾਰ ਆਪਣੇ ਧਾਰਮਿਕ ਮਾਮਲਿਆਂ ਦਾ ਪ੍ਰਬੰਧ ਕਰਨ, ਚੈਰੀਟੇਬਲ ਜਾਂ ਧਾਰਮਿਕ ਉਦੇਸ਼ਾਂ ਲਈ ਆਪਣੀਆਂ ਸੰਸਥਾਵਾਂ ਸਥਾਪਤ ਕਰਨ ਲਈ ਸੰਪਤੀ ਲੈਣ, ਸੰਪਤੀ ਦਾ ਪ੍ਰਬੰਧ ਕਰਨ। ਇਹ ਵਿਵਸਥਾਵਾਂ ਕਿਸੇ ਧਾਰਮਿਕ ਸੰਪਰਦਾ ਦੀ ਜਾਇਦਾਦ ਲੈਣ ਤੋਂ ਸਟੇਟ ਦੀਆਂ ਸ਼ਕਤੀਆਂ ਨੂੰ ਘਟਾਉਂਦੀਆਂ ਨਹੀਂ। ਸਟੇਟ ਨੂੰ ਇਹ ਸ਼ਕਤੀ ਦਿੱਤੀ ਗਈ ਹੈ ਕਿ ਉਹ ਸਟੇਟ ਪਾਸੋਂ ਮਦਦ ਲੈਣ ਵਾਲੀ ਕਿਸੇ ਵੀ ਆਰਥਕ, ਸਿਆਸੀ ਜਾਂ ਹੋਰ ਸੰਸਥਾ, ਜਾਂ ਵਿੱਦਿਅਕ ਸੰਸਥਾ ਨੂੰ ਵੀ ਨਿਯਮਤ ਕਰੇ, ਆਪਣੇ ਮੈਂਬਰਾਂ 'ਚੋਂ ਕਿਸੇ ਨੂੰ ਧਾਰਮਿਕ ਹਦਾਇਤਾਂ ਲੈਣ ਜਾਂ ਧਾਰਮਿਕ ਪੂਜਾ 'ਚ ਸ਼ਾਮਲ ਹੋਣ ਲਈ ਉਸ ਜਾਂ ਉਸ ਦੇ ਸਰਪ੍ਰਸਤ ਦੀ ਸਹਿਮਤੀ ਤੋਂ ਬਿਨਾ ਮਜ਼ਬੂਰ ਨਾ ਕਰੇ।

ਖ਼ਬਰਾਂ ਮੁਤਾਬਕ "ਹਰਿਆਣਾ ਦੇ ਗੁਰੂ ਗ੍ਰਾਮ ਅਤੇ ਇਸ ਦੇ ਆਸ ਪਾਸ ਦੇ ਇਲਾਕਿਆਂ ਵਿਚ ਮੁਸਲਮਾਨਾਂ ਦੀ ਨਮਾਜ਼ ਅਦਾਇਗੀ ਵਿਚ ਵਿਘਨ ਪਾਇਆ ਗਿਆ ਜਿਸ ਨਾਲ ਇੱਕ ਹੋਰ ਵਿਵਾਦ ਖੜ੍ਹਾ ਹੋ ਗਿਆ ਹੈ। ਇਸ ਤੋਂ ਵੀ ਵੱਡੀ ਨਮੋਸ਼ੀ ਵਾਲੀ ਗੱਲ ਇਹ ਹੈ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਵੀ ਖ਼ਰੂਦੀਆਂ ਦੇ ਹੱਕ ਵਿਚ ਖੜ੍ਹ ਗਏ ਤੇ ਸਲਾਹ ਦੇ ਦਿੱਤੀ ਕਿ ਨਮਾਜ਼ ਮਸਜਿਦਾਂ ਜਾਂ ਈਦਗਾਹਾਂ ਅੰਦਰ ਹੀ ਅਦਾ ਕੀਤੀ ਜਾਵੇ। ਮੁੱਖ ਮੰਤਰੀ ਦੀ ਹੱਲਾਸ਼ੇਰੀ ਕਾਰਨ ਅਜਿਹੀਆਂ ਹਰਕਤਾਂ ਕਰਨ ਵਾਲੀਆਂ ਕੁਝ ਹਿੰਦੂ ਜਥੇਬੰਦੀਆਂ ਹੋਰ ਜ਼ੋਰ-ਸ਼ੋਰ ਨਾਲ ਅਜਿਹੇ ਵਿਰੋਧ ਕਰਨ ਦੇ ਹੱਕ ਵਿਚ ਨਿੱਤਰ ਆਈਆਂ ਹਨ। ਦੱਸ ਦੇਈਏ, ਕੁਝ ਦਿਨ ਪਹਿਲਾਂ ਕੁਝ ਨੌਜਵਾਨਾਂ ਨੇ ਨਾਅਰੇਬਾਜ਼ੀ ਕਰਕੇ ਨਮਾਜ਼ ਵਿਚ ਵਿਘਨ ਪਾਇਆ ਸੀ।...ਇਸ ਘਟਨਾ ਤੋਂ ਬਾਅਦ ਵੱਖ ਵੱਖ ਹਿੰਦੂ ਜਥੇਬੰਦੀਆਂ ਵੱਲੋਂ ਮੁਸਲਮਾਨਾਂ ਨੂੰ ਖੁੱਲ੍ਹੀਆਂ ਥਾਂਵਾਂ ਉਤੇ ਨਮਾਜ਼ ਅਦਾ ਕਰਨ ਤੋਂ ਰੋਕਿਆ ਜਾ ਰਿਹਾ ਹੈ।"

ਕਿੰਨੇ ਅਫਸੋਸ ਅਤੇ ਨਮੋਸ਼ੀ ਵਾਲੀ ਗੱਲ ਹੈ ਕਿ ਮਨੋਹਰ ਲਾਲ ਖੱਟਰ, ਜਿਸ ਨੇ ਮੁੱਖ ਮੰਤਰੀ ਬਣਨ ਵੇਲੇ ਭਾਰਤੀ ਸੰਵਿਧਾਨ ਦੀ ਸਹੁੰ ਚੁੱਕੀ ਹੈ, ਉਹ ਨਾ ਸਿਰਫ ਇਨ੍ਹਾਂ ਹਿੰਦੂ ਨੌਜਵਾਨਾਂ ਨੂੰ ਭਾਰਤੀ ਸੰਵਿਧਾਨ ਦੀ ਉਲੰਘਣਾ ਕਰਨ ਦੀ ਹੱਲਾਸ਼ੇਰੀ ਦੇ ਰਿਹਾ ਹੈ, ਬਲਕਿ ਸੰਵਿਧਾਨ ਦੀਆਂ ਆਪ ਹੀ ਬਾਖ਼ੂਬੀ ਧੱਜੀਆਂ ਉਡਾ ਰਿਹਾ ਹੈ। ਉਪਰ ਦਿੱਤੀ ਮੌਲਿਕ ਹੱਕਾਂ ਦੀ ਵਿਆਖਿਆ ਅਨੁਸਾਰ ਭਾਰਤ ਦੇ ਹਰ ਸ਼ਹਿਰੀ ਦਾ ਇਹ ਹੱਕ ਬਣਦਾ ਹੈ ਕਿ ਉਹ ਆਪਣੇ ਧਰਮ ਅਨੁਸਾਰ ਆਪਣੇ ਇਸ਼ਟ ਦੀ ਇਬਾਦਤ ਕਰ ਸਕਦਾ ਹੈ, ਉਸ ਦਾ ਪ੍ਰਚਾਰ ਤੇ ਪਸਾਰ ਕਰ ਸਕਦਾ ਹੈ; ਇਹ ਉਸ ਦਾ ਮੌਲਿਕ ਹੱਕ ਹੈ। ਸਟੇਟ ਦਾ ਇਹ ਪਹਿਲਾ ਫਰਜ਼ ਹੈ ਕਿ ਉਹ ਹਰ ਸ਼ਹਿਰੀ ਨੂੰ ਉਸ ਦਾ ਮੌਲਿਕ ਹੱਕ ਮੁਹੱਈਆ ਕਰਾਵੇ ਅਤੇ ਉਸ ਦੀ ਸੁਰੱਖਿਆ ਹਰ ਤਰ੍ਹਾਂ ਨਾਲ ਯਕੀਨੀ ਬਣਾਵੇ।

ਹਿੰਦੂ ਸੰਗਠਨ ਧਰਮ ਦੀ ਆੜ ਵਿਚ ਨਿੱਤ ਨਵੇਂ ਖਲਜਗਣ ਸਹੇੜਦੇ, ਜਨਤਕ ਸ਼ਾਂਤੀ ਭੰਗ ਕਰਦੇ ਤੇ ਲੋਕਾਂ ਦੇ ਮਨਾਂ ਨੂੰ ਠੇਸ ਪਹੁੰਚਾਉਂਦੇ ਹਨ, ਜਾਨ-ਮਾਲ 'ਤੇ ਵੀ ਕਦੀ ਗਊ ਦੇ ਬਹਾਨੇ ਤੇ ਕਦੀ ਕਿਸੇ ਹੋਰ ਬਹਾਨੇ ਹਮਲੇ ਕਰਦੇ ਹਨ। ਕਦੇ ਕਿਸੇ ਹਿੰਦੂ ਸੰਗਠਨ 'ਤੇ ਵੀ ਇਸ ਕਿਸਮ ਦੀ ਪਾਬੰਦੀ ਲੱਗੀ ਹੈ?

ਮਨੋਹਰ ਲਾਲ ਖੱਟਰ ਦੇ ਨੱਕ ਹੇਠਾਂ ਸੌਦਾ ਸਾਧ ਦੇ ਡੇਰੇ ਵਿਚ ਸਾਧਵੀਆਂ ਦੇ ਬਲਾਤਕਾਰ ਹੁੰਦੇ ਰਹੇ, ਆਪਰੇਸ਼ਨ ਕਰਕੇ ਲੋਕਾਂ ਨੂੰ ਨਪੁੰਸਕ ਬਣਾਇਆ ਜਾਂਦਾ ਰਿਹਾ ਪਰ ਖੱਟਰ ਨੂੰ ਉਥੇ ਕੋਈ ਵੀ ਬੁਰਾਈ ਕਿਉਂ ਨਜ਼ਰ ਨਹੀਂ ਆਈ? 'ਸੰਤ' ਰਾਮ ਪਾਲ ਵੀ ਹਰਿਆਣਾ ਵਿਚ ਹੀ ਸਭ ਗੈਰ-ਕਾਨੂੰਨੀ, ਗੈਰ-ਸਮਾਜਕ ਕੰਮ ਕਰਦਾ ਰਿਹਾ ਹੈ। ਸ਼ਾਂਤੀ ਨਾਲ ਰੱਬ ਦੀ ਇਬਾਦਤ ਕਰ ਰਹੇ ਮੁਸਲਮਾਨਾਂ ਦੇ ਇਕੱਠ ਵਿਚ ਉਸ ਨੂੰ ਖੋਟ ਨਜ਼ਰ ਆਇਆ ਹੈ, ਕਿਉਂ? ਜੇ ਮੁੱਖ ਮੰਤਰੀ ਉਸ ਸੰਵਿਧਾਨ ਤਹਿਤ ਹਰ ਸ਼ਹਿਰੀ ਦੇ ਮੌਲਿਕ ਹੱਕਾਂ ਦੀ ਰੱਖਿਆ ਨਹੀਂ ਕਰ ਸਕਦਾ, ਜੇ ਉਹ ਸਰਕਾਰ ਧਰਮ-ਨਿਰਪੱਖਤਾ ਵਾਲਾ ਫਰਜ਼ ਨਹੀਂ ਨਿਭਾ ਸਕਦਾ ਤਾਂ ਉਸ ਨੂੰ ਸੰਵਿਧਾਨ ਅਨੁਸਾਰ ਮੁੱਖ ਮੰਤਰੀ ਬਣੇ ਰਹਿਣ ਦਾ ਕੋਈ ਹੱਕ ਨਹੀਂ ਹੈ।

ਪਿਛਲੇ ਇੱਕ ਲੇਖ ਵਿਚ ਮਹਾਂਭਾਰਤ ਦਾ ਜ਼ਿਕਰ ਕੀਤਾ ਗਿਆ ਸੀ ਜਿਸ ਵਿਚ ਭੀਸ਼ਮ ਪਿਤਾਮਾ ਕਹਿ ਰਿਹਾ ਹੈ ਕਿ ਬਾਂਸ ਦੇ ਬ੍ਰਿਛ ਨੇ ਜਦੋਂ ਖਤਮ ਹੋਣਾ ਹੁੰਦਾ ਹੈ ਤਾਂ ਉਸ ਨੂੰ ਫੁੱਲ ਨਿਕਲ ਆਉਂਦੇ ਹਨ ਅਤੇ ਦੁਰਯੋਧਨ ਕੌਰਵਾਂ ਦਾ ਬਾਂਸ ਦਾ ਬ੍ਰਿਛ ਹੈ, ਕੌਰਵਾਂ ਦੀ ਤਬਾਹੀ ਦਾ ਕਾਰਨ ਬਣੇਗਾ। ਕਿਧਰੇ ਇਹ ਨਾ ਹੋਵੇ ਕਿ ਹਿੰਦੂਤਵੀ ਤੱਤਾਂ ਨੂੰ ਏਨੀ ਸ਼ਹਿ ਦੇ ਕੇ ਖੱਟਰ ਵਰਗੇ ਮੁੱਖ ਮੰਤਰੀ ਭਾਰਤ ਨੂੰ ਹਿੰਦੂ ਰਾਸ਼ਟਰ ਬਣਾਉਂਦੇ ਬਣਾਉਂਦੇ ਉਸ ਨੂੰ ਤੋੜ ਹੀ ਲੈਣ। ਜ਼ਿੰਮੇਵਾਰੀ ਘੱਟ-ਗਿਣਤੀ ਭਾਈਚਾਰਿਆਂ 'ਤੇ ਨਹੀਂ, ਬਹੁ-ਗਿਣਤੀ ਭਾਈਚਾਰੇ ਅਤੇ ਮਨੋਹਰ ਲਾਲ ਖੱਟਰ ਵਰਗਿਆਂ ਦੇ ਮੋਢਿਆਂ 'ਤੇ ਆਵੇਗੀ। ਇਤਿਹਾਸ ਫਿਰ ਸੰਵਿਧਾਨ ਦੀ ਝੂਠੀ ਸਹੁੰ ਚੁੱਕਣ ਵਾਲਿਆਂ ਨੂੰ ਮੁਆਫ ਨਹੀਂ ਕਰੇਗਾ!

# ਰਾਮ ਰਾਮ ਸੰਗਿ ਕਰਿ ਬਿਉਹਾਰ

**ਗੁਰਬਾਣੀ ਗਿਆਨ**

**ਗੋਂਡ ਮਹਲਾ ੫**
ਰਾਮ ਰਾਮ ਸੰਗਿ ਕਰਿ ਬਿਉਹਾਰ॥
ਰਾਮ ਰਾਮ ਰਾਮ ਪ੍ਰਾਨ ਅਧਾਰ॥
ਰਾਮ ਰਾਮ ਰਾਮ ਕੀਰਤਨੁ ਗਾਇ॥
ਰਮਤ ਰਾਮੁ ਸਭ ਰਹਿਓ ਸਮਾਇ॥
ਸੰਤ ਜਨਾ ਮਿਲਿ ਬੋਲਹੁ ਰਾਮ॥
ਸਭ ਤੇ ਨਿਰਮਲ ਪੂਰਨ ਕਾਮ॥ ਰਹਾਉ॥
ਰਾਮ ਰਾਮ ਧਨੁ ਸੰਚਿ ਭੰਡਾਰ॥
ਰਾਮ ਰਾਮ ਰਾਮ ਕਰਿ ਆਹਾਰ॥
ਰਾਮ ਰਾਮ ਵੀਸਰਿ ਨਹੀ ਜਾਇ॥
ਕਰਿ ਕਿਰਪਾ ਗੁਰਿ ਦੀਆ ਬਤਾਇ॥
ਰਾਮ ਰਾਮ ਰਾਮ ਸਦਾ ਸਹਾਇ॥
ਰਾਮ ਰਾਮ ਰਾਮ ਲਿਵ ਲਾਇ॥
ਰਾਮ ਰਾਮ ਜਪਿ ਨਿਰਮਲ ਭਏ॥
ਜਨਮ ਜਨਮ ਕੇ ਕਿਲਬਿਖ ਗਏ॥
ਰਮਤ ਰਾਮ ਜਨਮ ਮਰਣੁ ਨਿਵਾਰੈ॥
ਉਚਰਤ ਰਾਮ ਭੈ ਪਾਰਿ ਉਤਾਰੈ॥
ਸਭ ਤੇ ਊਚ ਰਾਮ ਪਰਗਾਸ॥
ਨਿਸਿ ਬਾਸੁਰ ਜਪਿ ਨਾਨਕ ਦਾਸ॥

ਗੁਰੂ ਅਰਜਨ ਦੇਵ ਆਖਦੇ ਹਨ, ਹੇ ਭਾਈ ਤੂੰ ਇਸ ਸੰਸਾਰ ਵਿਚ ਬਿਉਹਾਰ ਭਾਵ ਵਣਜ ਵਪਾਰ ਕਰਨ ਲਈ ਆਇਆ ਹੈਂ, ਤੂੰ ਪ੍ਰਭੂ ਦੇ ਨਾਮ ਰੂਪੀ ਸਰਮਾਏ ਨਾਲ ਸਿਮਰਨ ਦਾ ਵਣਜ ਵਪਾਰ ਕਰਿਆ ਕਰ ਅਤੇ ਮਿਹਰਬਾਨ ਪਿਤਾ ਦੇ ਨਾਮ ਨੂੰ ਆਪਣੇ ਪ੍ਰਾਣਾਂ ਦਾ ਆਸਰਾ ਬਣਾ ਲੈ। ਭਾਈ! ਪ੍ਰਭੂ ਸਰਬ ਵਿਆਪਕ ਹੈ, ਸਭ ਥਾਂਵਾਂ 'ਤੇ ਵਸਦਾ ਹੈ, ਸਦਾ ਹੀ ਉਸ ਦਾ ਕੀਰਤਨ, ਉਸ ਦੀ ਸਿਫਤਿ ਸਾਲਾਹ ਕਰਿਆ ਕਰ।

ਗੁਰੂ ਜੀ ਬਖਸ਼ਿਸ਼ ਕਰਦੇ ਆਖਦੇ ਹਨ, ਸੰਤ ਜਨਾ ਮਿਲਿ ਬੋਲਹੁ ਰਾਮੁ॥ ਹੇ ਭਾਈ ਉਸ ਮਿਹਰਬਾਨ ਪ੍ਰਭੂ ਦੇ ਪਿਆਰੇ ਸੰਤ ਜਨਾਂ ਦੀ ਸੰਗਤ ਵਿਚ ਮਿਲ-ਬੈਠ ਕੇ ਪਰਮਾਤਮਾ ਦੇ ਨਾਮ ਦਾ ਸਿਮਰਨ ਕਰਿਆ ਕਰੋ। ਨਾਮ ਜਪਣ ਦਾ ਕੰਮ ਦੁਨੀਆਂ ਦੇ ਹੋਰ ਸਾਰੇ ਹੀ ਕੰਮਾਂ ਤੋਂ ਪਾਵਨ ਅਤੇ ਪਵਿੱਤਰ ਹੈ।

ਸਤਿਗੁਰੂ ਆਖਦੇ ਹਨ, ਹੇ ਭਾਈ ਪ੍ਰਭੂ ਦੇ ਨਾਮ ਰੂਪੀ ਧਨ ਨੂੰ ਇਕੱਠਾ ਕਰ ਕਰ ਕੇ ਭੰਡਾਰ ਭਰ ਲੈ; ਉਸ ਦੇ ਨਾਮ ਨੂੰ ਹੀ ਤੂੰ ਆਪਣੀ ਰੂਹ ਦੀ ਖ਼ੁਰਾਕ ਬਣਾ ਲੈ। ਹੇ ਭਾਈ ਮੇਰੇ ਸਤਿਗੁਰੂ ਜੀ ਨੇ ਕਿਰਪਾ ਕਰਕੇ ਮੈਨੂੰ ਇਹ ਗੱਲ ਸਮਝਾ ਦਿੱਤੀ ਹੈ ਕਿ ਵੇਖੀਂ ਕਿਤੇ ਤੈਨੂੰ ਉਸ ਅਕਾਲ ਪੁਰਖ ਪ੍ਰਭੂ ਦਾ ਨਾਮ ਕਦੀ ਵਿਸਰ ਨਾ ਜਾਵੇ, ਉਸ ਨੂੰ ਸਵਾਸ ਸਵਾਸ ਯਾਦ ਰੱਖਣਾ ਹੈ।

ਪੰਚਮ ਪਾਤਸ਼ਾਹ ਕਰਤਾ ਪੁਰਖ ਦੀ ਉਪਮਾ ਕਰਦਿਆਂ ਫੁਰਮਾਉਂਦੇ ਹਨ, ਹੇ ਭਾਈ ਜੋ ਪਰਮੇਸ਼ਰ ਸਦਾ ਹੀ ਜੀਵਾਂ ਦੀ ਮਦਦ ਕਰਦਾ ਹੈ, ਤੂੰ ਉਸ ਮਿਹਰਬਾਨ ਪਿਤਾ ਦੇ ਚਰਨਾਂ ਦਾ ਸਦਾ ਹੀ ਓਟ ਆਸਰਾ ਲਈ ਰੱਖ। ਭਾਈ ਉਸ ਪਤਿਤ ਪਾਵਨ ਪਰਮਾਤਮਾ ਦਾ ਨਾਮ ਜਪ ਜਪ ਕੇ ਜੀਵ ਪਵਿਤਰ ਜੀਵਨ ਵਾਲੇ ਬਣ ਜਾਂਦੇ ਹਨ ਅਤੇ ਉਨ੍ਹਾਂ ਦੇ ਅਨੇਕਾਂ ਜਨਮਾਂ ਦੇ ਕੀਤੇ ਪਾਪ ਦੂਰ ਹੋ ਜਾਂਦੇ ਹਨ।

ਗੁਰੂ ਜੀ ਫੁਰਮਾਉਂਦੇ ਹਨ, ਹੇ ਭਾਈ ਜੋ ਪ੍ਰਭੂ ਦਾ ਨਾਮ ਸਿਮਰਨ ਕਰਦੇ ਹਨ, ਪ੍ਰਭੂ ਉਨ੍ਹਾਂ ਦੇ ਜਨਮ-ਮਰਨ ਦੇ ਗੇੜ ਮੁਕਾ ਦਿੰਦਾ ਹੈ। ਪ੍ਰਭੂ ਦਾ ਨਾਮ ਉਚਾਰਦਿਆਂ ਪ੍ਰਭੂ ਜੀਵ ਨੂੰ ਸਹਿਮ ਭਰੇ ਸੰਸਾਰ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ। ਹੇ ਦਾਸ ਨਾਨਕ ਉਸ ਸਭ ਤੋਂ ਉਚੇ ਪ੍ਰਭੂ ਦੇ ਨਾਮ ਦਾ ਪਰਗਾਸ ਭਾਵ ਚਾਨਣ ਆਪਣੇ ਅੰਦਰ ਪੈਦਾ ਕਰ ਅਤੇ ਦਿਨ ਰਾਤ ਉਸ ਮਾਲਕ ਪ੍ਰਭੂ ਦਾ ਨਾਮ ਸਿਮਰਨ ਕਰਿਆ ਕਰ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

# ਪੋਖਿ ਤੁਖਾਰ ਪੜੈ, ਵਣ ਤ੍ਰਿਣ ਰਸ ਸੋਖੈ

**ਬਾਰਹਮਾਹ**

***ਪੰਜਾਬ ਵਿਚ ਅੱਧ ਦਸੰਬਰ ਵਿਚ ਸ਼ੁਰੂ ਹੋਇਆ ਪੋਹ ਆਉਂਦੇ ਸਾਰ ਹੀ ਆਪਣੇ ਰੰਗ ਦਿਖਾਉਣੇ ਸ਼ੁਰੂ ਕਰ ਦਿੰਦਾ ਹੈ। ਨਿੱਤ ਦਿਨ ਠੰਢ ਦਾ ਜ਼ੋਰ ਵਧਦਾ ਜਾਂਦਾ ਹੈ ਅਤੇ ਇਸ ਠੰਢ ਕਾਰਨ ਦਰੱਖਤਾਂ ਦੀ ਹਰਿਆਲੀ ਝੜ-ਝੜ ਜਾਂਦੀ ਹੈ। ਇਸ ਮਹੀਨੇ ਪਹਿਲਾਂ ਵਿਆਹ ਵਾਲੀਆਂ ਰੌਣਕਾਂ ਵੀ ਨਹੀਂ ਸਨ ਲਗਦੀਆਂ ਹੁੰਦੀਆਂ ਪਰ ਹੁਣ ਇਸ ਮਹੀਨੇ ਵੀ ਬਥੇਰੇ ਵਿਆਹ ਹੋਣ ਲੱਗ ਪਏ ਹਨ। ਇਹ ਦੇਸੀ ਸਾਲ ਦਾ ਦਸਵਾਂ ਮਹੀਨਾ ਹੈ। ਲੇਖਕ ਆਸਾ ਸਿੰਘ ਘੁਮਾਣ ਨੇ ਇਸ ਲੇਖ ਵਿਚ ਤਿਉਹਾਰਾਂ ਅਤੇ ਜੋੜ-ਮੇਲਾਂ ਦਾ ਜ਼ਿਕਰ ਛੇੜਿਆ ਹੈ। -ਸੰਪਾਦਕ***

ਪੋਹ ਦਾ ਮਹੀਨਾ ਪੰਜਾਬ ਵਿਚ ਸਿਰੇ ਦੀ ਠੰਢ ਦਾ ਮਹੀਨਾ ਹੁੰਦਾ ਹੈ। ਰਾਤਾਂ ਲੰਮੀਆਂ ਵੀ ਹੁੰਦੀਆਂ ਹਨ ਅਤੇ ਠੰਢੀਆਂ ਵੀ। ਪਹਿਲੀ ਪੋਹ, ਭਾਵ 16 ਦਸੰਬਰ ਦੇ ਕਰੀਬ ਸੂਰਜ ਸਵੇਰੇ 7:23 ਉਗਦਾ ਹੈ ਅਤੇ 5:29 'ਤੇ ਡੁੱਬਦਾ ਹੈ, ਭਾਵ ਰਾਤ ਕਰੀਬ 14 ਘੰਟੇ ਲੰਮੀ ਹੁੰਦੀ ਹੈ। ਸਵੇਰੇ ਵੀ ਕਿਉਂਕਿ ਧੁੰਦ ਪਈ ਹੁੰਦੀ ਹੈ, ਇਸ ਲਈ ਸੂਰਜ ਦੇ ਦਰਸ਼ਨ ਲੇਟ ਹੀ ਨਸੀਬ ਹੁੰਦੇ ਹਨ। ਸ਼ਾਮ ਨੂੰ ਵੀ ਛੇਤੀ ਹੀ ਧੁੰਦ ਪੈਣ ਲੱਗਦੀ ਹੈ। ਇਸ ਲਈ ਦਿਨ ਹੋਰ ਛਟੇਰਾ ਅਤੇ ਰਾਤ ਹੋਰ ਲੰਮੇਰੀ ਹੋ ਜਾਂਦੀ ਹੈ। ਜ਼ਿਆਦਾ ਸਮਾਂ ਅੰਦਰੀ ਹੀ ਗੁਜ਼ਰਦਾ ਹੈ। ਅੰਦਰਾਂ ਵਿਚ ਵੀ ਭਾਰੇ ਕੱਪੜਿਆਂ ਅਤੇ ਨਿੱਘੀਆਂ ਰਜਾਈਆਂ ਦੀ ਲੋੜ ਪੈਂਦੀ ਹੈ।

ਅਜਿਹੀ ਠੰਢ ਵਿਚ ਮਨੁੱਖ ਤਾਂ ਕੀ, ਹਰ ਜੀਵ ਜੰਤੂ ਅਤੇ ਬਨਸਪਤੀ ਵੀ ਪ੍ਰਭਾਵਤ ਹੁੰਦੇ ਹਨ। ਫਸਲਾਂ ਦਾ ਵਾਧਾ ਰੁਕ ਜਾਂਦਾ ਹੈ। ਕੋਰੇ ਦੀ

ਆਸਾ ਸਿੰਘ ਘੁਮਾਣ
ਫੋਨ: 91-98152-53245

ਮਾਰ ਨਾ ਝਲਦਿਆਂ ਰੁੱਖਾਂ ਦੇ ਪੱਤੇ ਝੜ ਜਾਂਦੇ ਹਨ ਅਤੇ ਰੁੰਡ-ਮੁੰਡ ਟਾਹਣੀਆਂ ਨਿਰ-ਵਸਤਰ ਮਾਯੂਸ ਨਜ਼ਰ ਆਉਂਦੀਆਂ ਹਨ। ਅਜਿਹਾ ਦ੍ਰਿਸ਼ ਵੇਖ ਕਵੀ ਮਨ ਉਦਾਸ ਹੋ ਜਾਂਦਾ ਹੈ ਅਤੇ ਪੁਕਾਰ ਉਠਦਾ ਹੈ:

ਪੋਖਿ ਤੁਖਾਰੁ ਪੜੈ
ਵਣੁ ਤ੍ਰਿਣੁ ਰਸੁ ਸੋਖੈ॥
ਆਵਤ ਕੀ ਨਾਹੀ
ਮਨਿ ਤਨਿ ਵਸਹਿ ਮੁਖੇ॥
ਮਨਿ ਤਨਿ ਰਵਿ ਰਹਿਆ ਜਗ ਜੀਵਨੁ
ਗੁਰ ਸਬਦੀ ਰੰਗੁ ਮਾਣੀ॥
ਅੰਡਜ ਜੇਰਜ ਸੇਤਜ ਉਤਭੁਜ
ਘਟਿ ਘਟਿ ਜੋਤਿ ਸਮਾਣੀ॥
ਦਰਸਨੁ ਦੇਹੁ ਦਇਆ ਪਤਿ ਦਾਤੇ
ਗਤਿ ਪਾਵਉ ਮਤਿ ਦੇਹੋ॥
ਨਾਨਕ ਰੰਗਿ ਰਵੈ ਰਸਿ ਰਸੀਆ
ਹਰਿ ਸਿਉ ਪ੍ਰੀਤ ਸਨੇਹੋ॥

ਇਸ ਤੁਖਾਰ ਭਾਵ ਠੰਢ ਜਾਂ ਬਰਫ ਦਾ ਮੁਕਾਬਲਾ ਕਰਨ ਲਈ ਕੁਦਰਤ ਖੁਦ ਹੀ ਵਸੀਲੇ ਬਣਾਉਂਦੀ ਹੈ-ਬਹਿਰੂਨੀ ਵੀ ਤੇ ਅੰਦਰੂਨੀ ਵੀ। ਇਹ ਦਿਨ ਖਾਣ-ਪੀਣ ਪੱਖੋਂ ਵਧੀਆ ਗਿਣੇ ਜਾਂਦੇ ਹਨ। ਤਾਕਤ ਵਾਲੀ ਖੁਰਾਕ ਤਿਆਰ ਕੀਤੀ ਜਾਂਦੀ ਹੈ, ਜੋ ਅੰਦਰੂਨੀ ਨਿੱਘ ਦਿੰਦੀ ਹੈ। ਅਲਸੀ ਜਾਂ ਮਾਂਹ ਦੀਆਂ ਪਿੰਨੀਆਂ, ਖੋਏ ਦੇ ਪੇੜੇ, ਤਿਲ ਰਲਾ ਕੇ ਤਿਆਰ ਕੀਤਾ ਗਿਆ ਭੁੱਗਾ ਆਦਿ ਸਰਦੀਆਂ ਦੀਆਂ ਨਿਹਮਤਾਂ ਹਨ। ਧਿਆਨ ਨਾਲ ਜਾਣੀਏ ਤਾਂ ਕੁਦਰਤ ਵਾਕਿਆ ਹੀ ਬੇਅੰਤ ਲੱਗਦੀ ਹੈ। ਜਿਸ ਤਰ੍ਹਾਂ ਦਾ ਮੌਸਮ ਹੋਵੇ, ਕੁਦਰਤ ਉਸੇ ਤਰ੍ਹਾਂ ਦਾ ਸਮਾਨ ਮੁਹੱਈਆ ਕਰ ਦਿੰਦੀ ਹੈ। ਗਰਮੀਆਂ ਵਿਚ ਮਨੁੱਖ ਨੂੰ ਪਾਣੀ ਦੀ ਜ਼ਰੂਰਤ ਹੁੰਦੀ ਹੈ ਤਾਂ ਪਾਣੀ ਵਾਲੇ ਪਦਾਰਥ ਉਪਲਬਧ ਹੋ ਜਾਂਦੇ ਹਨ। ਸਰਦੀਆਂ ਵਿਚ ਕਿਉਂਕਿ ਪਾਣੀ ਦੀ ਬਹੁਤੀ ਲੋੜ ਨਹੀਂ, ਕੁਦਰਤ ਵੱਲੋਂ ਉਪਲਬਧ ਕਰਾਈ ਫਰੂਟ, ਬਦਾਮ, ਕਾਜੂ, ਕਿਸ਼ਮਿਸ਼, ਸੌਂਗੀ, ਮੂੰਗਫਲੀ ਆਦਿ ਸਭ ਘੱਟ ਜਲ ਮਾਤਰਾ ਵਾਲੇ ਅਤੇ ਗਰਮ ਤਾਸੀਰ ਵਾਲੇ ਹੁੰਦੇ ਹਨ।

ਸਰਦੀਆਂ ਵਿਚ ਸੂਰਜ ਨਿਕਲੇ ਤਾਂ ਧੁੱਪ ਸੇਕਣ ਦਾ ਆਪਣਾ ਹੀ ਅਨੰਦ ਹੁੰਦਾ ਹੈ। ਹਰ ਪ੍ਰਾਣੀ, ਪਸ਼ੂ-ਪੰਛੀ, ਰੁੱਖ-ਬੂਟੇ ਧੁੱਪ ਦਾ ਅਨੰਦ ਮਾਣਦੇ ਅਤੇ ਊਰਜਾ ਪ੍ਰਾਪਤ ਕਰਦੇ ਹਨ। ਵਿਹੜੇ ਤੇ ਚੌਕੇ ਵਿਚ ਚੁੱਲ੍ਹੇ ਅੱਗੇ ਬੈਠ ਕੇ ਥਾਲੀ ਵਿਚ ਮੱਕੀ ਦੀ ਰੋਟੀ ਅਤੇ ਸਰੋਂ ਦਾ ਸਾਗ, ਉਤੇ ਮੱਖਣ, ਨਾਲ ਦਹੀਂ, ਅਚਾਰੀ ਮਿਰਚ ਅਤੇ ਘਰ ਦੀ ਚਾਟੀ ਦੀ ਲੱਸੀ-ਵਾਹ ਬਈ ਵਾਹ!

ਉਂਜ ਸਰੋਂ ਦਾ ਸਾਗ ਅਤੇ ਮੱਕੀ ਦੀ ਰੋਟੀ ਤਿਆਰ ਕਰਨੇ ਹਰ ਸੁਆਣੀ ਦੇ ਵੱਸ ਦੀ ਗੱਲ ਨਹੀਂ। ਪੁਰਾਣੀਆਂ ਸੁਆਣੀਆਂ ਤਾਂ ਖੁਦ ਖੇਤਾਂ ਵਿਚ ਜਾ ਕੇ ਵਧੀਆ ਗੰਦਲਾਂ ਤੋੜ ਕੇ ਉਨ੍ਹਾਂ ਨੂੰ ਧੋ ਕੇ, ਮੋਟਾ ਛਿਲਕਾ ਲਾਹ ਕੇ, ਦਾਤਰ ਉਪਰ ਬੜੀ ਕਲਾ ਨਾਲ ਬਾਰੀਕ ਚੀਰਦੀਆਂ ਸਨ ਅਤੇ ਫਿਰ ਗੋਹਿਆਂ ਦੀ ਅੱਗ ਨਾਲ ਮੱਠੇ-ਮੱਠੇ ਸੇਕ 'ਤੇ ਸਬਰ-ਸੰਤੋਖ ਨਾਲ ਸਾਗ ਰਿੰਨ੍ਹਦੀਆਂ ਸਨ। ਆਲਣ ਰਲਾਉਣ ਵੇਲੇ ਘੋਟਣੇ ਨਾਲ ਘੋਟ-ਘੋਟ ਕੇ ਸਾਗ ਮਲਾਈ ਵਰਗਾ ਬਣਾ ਦਿੱਤਾ ਜਾਂਦਾ ਸੀ। ਅੱਜ ਕੱਲ੍ਹ ਦੀਆਂ ਕੁੜੀਆਂ ਜਿਵੇਂ ਤੱਕਲੇ 'ਤੇ ਤੰਦ ਪੈਂਦੀ ਦੇਖ ਕੇ ਦੰਗ ਰਹਿ ਜਾਂਦੀਆਂ ਹਨ, ਉਵੇਂ ਹੀ ਉਹ ਸਾਗ ਕੁਤਰਿਆ ਜਾਂਦਾ ਵੇਖ ਹੈਰਾਨ ਰਹਿ ਜਾਂਦੀਆਂ ਹਨ। ਹੁਣ ਤਾਂ ਸਾਗ ਕੁਤਰਨ ਵਾਲੀਆਂ ਮਸ਼ੀਨਾਂ ਵੀ ਚੱਲ ਪਈਆਂ ਹਨ। ਦੇਗੇ ਅਤੇ ਹਾਂਡੀ ਦੀ ਜਗ੍ਹਾ ਕੁੱਕਰ ਹਨ, ਜਿਨ੍ਹਾਂ 'ਸਹਿਜ ਪਕੇ ਸੋ ਮੀਠਾ ਹੋਇ' ਨੂੰ ਚੈਲਿੰਜ ਕਰਨਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿਚ ਠੰਢ ਅਤੇ ਪੋਹ ਦੇ ਮਹੀਨੇ ਬਾਰੇ ਅਖਾਣ ਹੈ:

ਸਾਵਣ ਪਾਲਾ ਨਿੰਮਿਆ
ਭਾਦੋਂ ਜ਼ਾਹਰ ਹੋ।
ਅੱਸੂ ਪਾਲਾ ਜੰਮਿਆ
ਕੱਤੇ ਵੱਡਾ ਹੋ।
ਮੱਘਰ ਫੌਜਾਂ ਚਾੜ੍ਹੀਆਂ
ਪੋਹ ਲੜਾਈ ਹੋ।

ਪੋਹ ਵਿਚ ਘੱਟੋ-ਘੱਟ ਤਾਪਮਾਨ ਕਈ ਵਾਰ ਰਾਤ ਨੂੰ 2-3 ਡਿਗਰੀ ਤੱਕ ਡਿਗ ਜਾਂਦਾ ਹੈ ਅਤੇ ਕਈ ਵਾਰੀ ਕਈ ਥਾਂਵਾਂ 'ਤੇ ਜ਼ੀਰੋ ਨੂੰ ਵੀ ਹੱਥ ਲਾ ਜਾਂਦਾ ਹੈ। ਪੰਜਾਬ ਵਿਚ ਬਰਸਾਤ ਦੋ ਵਾਰ ਆਉਂਦੀ ਹੈ-ਇਕ ਗਰਮੀਆਂ ਵਿਚ ਤੇ ਦੂਜੀ ਸਰਦੀਆਂ ਵਿਚ। ਸਰਦੀਆਂ ਵਿਚ ਹੁੰਦੀ ਬਰਸਾਤ ਫਸਲ-ਵਾੜੀ ਲਈ ਤਾਂ ਭਾਵੇਂ ਲਾਭਦਾਇਕ ਹੁੰਦੀ ਹੈ, ਪਰ ਮਾਲ-ਡੰਗਰ ਤੇ ਕਮਜ਼ੋਰਾਂ ਲਈ ਇਹ ਆਫਤ ਬਣ ਜਾਂਦੀ ਹੈ। ਸਰਦੀਆਂ ਦੀ ਝੜੀ ਆਮ ਤੌਰ 'ਤੇ ਲੰਮੀ ਹੁੰਦੀ ਹੈ ਅਤੇ ਤਾਪਮਾਨ ਹੋਰ ਥੱਲੇ ਡਿੱਗ ਪੈਂਦਾ ਹੈ। ਇਸ ਸੂਰਤ ਵਿਚ ਘਰੇਲੂ ਕੰਮ-ਕਾਰ ਕਰਨੇ ਵੱਡੀ ਮੁਸੀਬਤ ਬਣ ਜਾਂਦੇ ਹਨ।

ਪੋਹ ਮਹੀਨੇ ਨੂੰ ਪੋਖ, ਪੋਖੁ, ਪੋਖਿ ਵੀ ਲਿਖਿਆ ਜਾਂਦਾ ਹੈ। ਇਸ ਮਹੀਨੇ ਦਾ ਇਹ ਨਾਂ ਇਸ ਕਰਕੇ ਹੈ ਕਿਉਂਕਿ ਪੁਸ਼ਯ ਨਛੱਤਰ ਵਾਲੀ ਪੂਰਨਮਾਸ਼ੀ ਇਸ ਮਹੀਨੇ ਆਉਂਦੀ ਹੈ।

ਸਨਾਤਨੀ ਧਾਰਨਾ ਅਨੁਸਾਰ ਇਹ ਮਹੀਨਾ ਵਿਆਹ-ਸ਼ਾਦੀਆਂ ਲਈ ਸ਼ੁਭ ਨਹੀਂ। ਸ਼ੁਭ ਹੋ ਵੀ ਕਿਵੇਂ ਸਕਦਾ ਹੈ, ਜਦੋਂ ਠੰਢ ਕਰ ਕੇ ਸਭ ਸਰਗਰਮੀਆਂ ਧੀਮੀਆਂ ਪੈ ਗਈਆਂ ਹੋਣ! ਬਾਹਰ-ਅੰਦਰ ਆਉਣਾ-ਜਾਣਾ ਔਖਾ ਹੋ ਜਾਂਦਾ ਹੈ। ਦਿਨ ਛੋਟੇ ਹੋਣ ਨਾਲ ਕੰਮ ਨਹੀਂ ਨਿਬੜਦਾ। ਇੰਨੀ ਠੰਢ, ਧੁੰਦ ਤੇ ਕੋਰੇ ਵਿਚ ਮਹਿਮਾਨਾਂ ਲਈ ਰੋਟੀ-ਪਾਣੀ ਦਾ ਪ੍ਰਬੰਧ ਕਰਨਾ ਵੀ ਕਠਿਨ ਕਾਰਜ ਹੁੰਦਾ ਹੈ। ਇਸ ਲਈ ਪੋਹ ਦੇ ਮਹੀਨੇ ਅਜਿਹੇ ਕਾਰਜ ਕਰਨੇ ਔਖੇ ਹੁੰਦੇ ਹਨ। ਉਂਜ, ਇਹ ਗੱਲ ਵੱਖਰੀ ਹੈ ਕਿ ਅੱਜ ਦੇ ਯੁੱਗ ਵਿਚ ਜਦੋਂ ਮੈਰਿਜ ਪੈਲਸਾਂ ਦਾ ਕਲਚਰ ਚੱਲ ਪਿਆ ਹੈ, ਰੋਟੀ-ਟੁੱਕ ਦੇ ਪ੍ਰਬੰਧ ਲਈ ਕੈਟਰਿੰਗ ਸੇਵਾਵਾਂ ਮਿਲ ਜਾਂਦੀਆਂ ਹਨ, ਸਮਾਗਮ ਰਚਾਉਣੇ ਸੌਖੇ ਹੋ ਗਏ ਹਨ। ਪੰਜਾਬੀਆਂ ਦੇ ਗਲੋਬਲ ਹੋ ਜਾਣ ਨਾਲ ਹੁਣ ਸਰੋਕਾਰ ਵੀ ਸਥਾਨਕ ਨਹੀਂ ਰਹੇ। ਬਾਹਰਲੇ ਦੇਸ਼ਾਂ ਵਿਚੋਂ ਪੰਜਾਬੀ ਅਕਸਰ ਦਸੰਬਰ-ਜਨਵਰੀ ਵਿਚ ਹੀ ਪੰਜਾਬ ਆਉਂਦੇ ਹਨ ਅਤੇ ਵਿਆਹ ਰਚਾਉਂਦੇ ਹਨ।

22 ਦਸੰਬਰ ਭਾਵ 7-8 ਪੋਹ ਨੂੰ ਸਭ ਤੋਂ ਲੰਮੀ ਰਾਤ ਹੁੰਦੀ ਹੈ। ਤੇਰਾਂ ਪੋਹ ਨੂੰ ਛੋਟੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਪੁਰਬ ਹੁੰਦਾ ਹੈ। ਅਤਿ ਠੰਢ ਦੇ ਬਾਵਜੂਦ ਸੰਗਤ ਬੜੀ ਸ਼ਰਧਾ ਨਾਲ ਵਹੀਰਾਂ ਘੱਤ ਕੇ ਫਤਿਹਗੜ੍ਹ ਸਾਹਿਬ ਜੋੜ-ਮੇਲ ਵਿਚ ਸ਼ਾਮਲ ਹੋਣ ਲਈ ਪਹੁੰਚਦੀ ਹੈ। ਤੇਰਾਂ ਤੇ ਗਿਆਰਾਂ ਸਾਲ ਦੇ ਅਜੀਤ ਅਤੇ ਜੁਝਾਰ ਤੇ ਉਨ੍ਹਾਂ ਦੀ ਦਾਦੀ ਮਾਤਾ ਗੁਜਰੀ ਨੂੰ ਪੋਹ ਦੇ ਮਹੀਨੇ ਠੰਢੇ ਬੁਰਜ ਵਿਚ ਕੈਦ ਕੀਤਾ ਗਿਆ, ਭੁੱਖੇ ਰੱਖਿਆ ਗਿਆ, ਤਾਂ ਕਿ ਉਹ ਦੀਨ ਬਦਲਣਾ ਮੰਨ ਜਾਣ ਅਤੇ ਮੁਸਲਮਾਨ ਬਣ ਜਾਣ ਪਰ ਨਾ ਉਹ ਬੱਚੇ ਝੁਕੇ ਤੇ ਨਾ ਹੀ ਉਹ ਬਜ਼ੁਰਗ ਮਾਤਾ।

ਗੁਰੂ ਗੋਬਿੰਦ ਸਿੰਘ ਦਾ ਆਗਮਨ ਪੁਰਬ ਵੀ ਇਸੇ ਮਹੀਨੇ ਆਉਂਦਾ ਹੈ। ਠੰਢ ਦੇ ਬਾਵਜੂਦ ਸੰਗਤ ਉਤਸ਼ਾਹ ਨਾਲ ਪ੍ਰਭਾਤ ਫੇਰੀਆਂ ਕੱਢਦੀ ਹੈ, ਲੰਗਰ ਲਾਉਂਦੀ ਹੈ ਅਤੇ ਅੱਧੀ ਰਾਤ ਤੱਕ ਕੀਰਤਨ ਵਿਚ ਸ਼ਾਮਲ ਹੁੰਦੀ ਹੈ।

ਪੋਹ ਦੇ ਅਖੀਰਲੇ ਦਿਨ ਲੋਹੜੀ ਦਾ ਤਿਉਹਾਰ ਮਨਾਇਆ ਜਾਂਦਾ ਹੈ। ਇਹ ਆਮ ਤੌਰ 'ਤੇ 13 ਜਨਵਰੀ ਵਾਲੇ ਦਿਨ ਆਉਂਦਾ ਹੈ। ਪਿੰਡ ਦੇ ਮੁੰਡੇ-ਕੁੜੀਆਂ ਹਫਤਾ ਦਸ ਦਿਨ ਪਹਿਲਾਂ ਹੀ ਉਨ੍ਹਾਂ ਘਰਾਂ ਵਿਚੋਂ ਲੋਹੜੀ ਮੰਗਣ ਲੱਗਦੇ ਹਨ, ਜਿਨ੍ਹਾਂ ਦੇ ਘਰੀ ਮੁੰਡਾ ਵਿਆਹਿਆ ਗਿਆ ਹੋਵੇ ਜਾਂ ਮੁੰਡਾ ਜੰਮਿਆ ਹੋਵੇ। ਲੋਹੜੀ ਵਾਲੇ ਦਿਨ ਖੂਬ ਮੇਲਾ-ਗੇਲਾ ਹੁੰਦਾ ਹੈ। ਮੁੰਡਿਆਂ ਦੀਆਂ ਟੋਲੀਆਂ ਗਲ ਵਿਚ ਘੁੰਗਰੂ ਪਾਈ ਗਲੀਆਂ ਵਿਚ ਦੌੜੀਆਂ ਫਿਰਦੀਆਂ ਹਨ। ਲੋਹੜੀ ਵਾਲੇ ਘਰੋਂ ਗੀਤ ਗਾ ਕੇ ਲੋਹੜੀ ਮੰਗੀ ਜਾਂਦੀ ਹੈ। ਮੁੰਡਿਆਂ ਵੱਲੋਂ ਆਮ ਤੌਰ 'ਤੇ ਇਹ ਗੀਤ ਗਾਇਆ ਜਾਂਦਾ ਹੈ:

ਆਖੋ ਮੁੰਡਿਓ ਢੇਰਨੀ
ਢੇਰਨੀ ਛੱਡੀਆਂ ਲੰਮੀਆਂ।
ਮੀਂਹ ਵੱਸਿਆ
ਤੇ ਕਣਕਾਂ ਜੰਮੀਆਂ।
ਕਣਕਾਂ ਵਿਚ ਬਟੇਰੇ
ਦੋ ਸਾਧੂ ਦੇ, ਦੋ ਮੇਰੇ।
ਸਾਧੂ ਗਿਆ ਘਾਹੇ ਨੂੰ
ਬਾਬੇ ਵਾਲੇ ਰਾਹੇ ਨੂੰ।
ਜਿਥੇ ਬਾਬਾ ਮਾਰਿਆ
ਦਿੱਲੀ ਕੋਟ ਸਵਾਰਿਆ।
ਦਿਲੀ ਕੋਟ ਨੂੰ ਦੋ ਮੋਰੀਆਂ
ਜੀਣ ਸਾਬ੍ਹ ਦੀਆਂ ਘੋੜੀਆਂ।
ਘੋੜੀਆਂ ਗਲ ਤਰੱਗੇ
ਜੀਣ ਸਾਬ੍ਹ ਦੇ ਢੱਗੇ।
ਢੱਗਿਆਂ ਗਲ ਪੰਜਾਲੀਆਂ
ਜੀਣ ਸਾਬ੍ਹ ਦੀਆਂ ਸਾਲੀਆਂ।
ਸਾਲੀ ਪੈਰੀਂ ਜੁੱਤੀ
ਜੀਏ ਸਾਬ੍ਹ ਦੀ ਕੁੱਤੀ।
ਕੁੱਤੀ ਉਤੇ ਫੋੜਾ
ਜੀਏ ਸਾਬ੍ਹ ਦਾ ਘੋੜਾ।
ਘੋੜੇ ਉਤੇ ਕਾਠੀ
ਜੀਏ ਸਾਬ੍ਹ ਦਾ ਹਾਥੀ।
ਹਾਥੀ ਮਾਰਿਆ ਪੱਦ
ਦੇ ਮਾਈ ਦਾਣਿਆਂ ਦਾ ਛੱਜ।

ਲੋਹੜੀ ਦਾ ਜੇ ਗਹਿਰਾ ਮੁਤਾਲਿਆ ਕਰੀਏ ਤਾਂ ਇਉਂ ਪ੍ਰਤੀਤ ਹੁੰਦਾ ਹੈ ਕਿ ਲੋਹੜੀ ਭਾਵੇਂ ਪਰੰਪਰਾ ਹੈ, ਅਨਮੁਲੀਆਂ ਖੁਸ਼ੀਆਂ ਦੀ ਸਾਂਝ ਹੈ, ਪਰ ਨਾਲ ਹੀ ਇਹ ਨਵ-ਵਿਆਹੀ ਨੂੰਹ ਦੇ ਮਾਣ ਵਿਚ ਖੁਸ਼ੀਆਂ ਵੰਡਣ ਦਾ ਸਬੱਬ ਹੈ। ਉਹੀ ਨੂੰਹ ਜਦ ਪੁੱਤਰ ਨੂੰ ਜਨਮ ਦਿੰਦੀ ਹੈ ਤਾਂ ਖੁਸ਼ੀਆਂ ਹੋਰ ਉਚੇਰੀਆਂ ਹੋ ਜਾਂਦੀਆਂ ਹਨ। ਅੱਜ ਕੱਲ੍ਹ ਭਾਵੇਂ ਲੋਹੜੀ ਮੰਗਣ ਦੇ ਅਰਥ ਬਦਲ ਰਹੇ ਹਨ, ਪਰ ਪਹਿਲੇ ਸਮਿਆਂ ਵਿਚ ਲੋਹੜੀ ਦੇ ਮੌਕੇ ਮੁੰਡੇ-ਕੁੜੀਆਂ ਲੋਹੜੀ ਹੱਕ ਵਾਂਗ ਮੰਗਦੇ ਸਨ। ਕਿਸੇ ਦੀ ਕੀ ਹਿੰਮਤ ਸੀ, ਲੋਹੜੀ ਨਾ ਦੇਵੇ। ਮੁੰਡੇ ਤਾਂ ਚੁੱਲ੍ਹੇ ਦਾਹੁਣ ਤੱਕ ਜਾਂਦੇ ਹੁੰਦੇ ਸਨ। ਮੰਗਣ ਵੇਲੇ ਨਿੱਕੇ-ਨਿੱਕੇ ਪਿਆਰੇ-ਪਿਆਰੇ ਗੀਤਾਂ ਵਿਚ ਪਿੰਡ ਦੀਆਂ ਕੁੜੀਆਂ ਲੋਹੜੀ ਵਾਲੇ ਘਰ ਨਾਲ ਆਪਣੀ ਸਾਂਝ ਬਣਾ ਲੈਂਦੀਆਂ ਸਨ:

ਗੱਡੀ ਰਿੜ੍ਹਦੀ-ਰਿੜ੍ਹਦੀ ਆਈ
ਨੀ ਲੋਹੜੀ ਏ।
ਵਿਚ ਮੇਰੀ ਭਰਜਾਈ
ਨੀ ਲੋਹੜੀ ਏ।
ਭਰਜਾਈ ਕੁੱਛੜ ਗੀਗਾ
ਨੀ ਲੋਹੜੀ ਏ।
ਉਹ ਮੇਰਾ ਭਤੀਜਾ
ਨੀ ਲੋਹੜੀ ਏ।

ਲੋਹੜੀ ਇਹ ਵੀ ਯਾਦ ਕਰਾਉਂਦੀ ਹੈ ਕਿ ਸਿਆਲ ਦਾ ਸਿਖਰ ਆਣ ਪਹੁੰਚਿਆ ਹੈ। ਪੰਜਾਬੀ ਦੀ ਅਖੌਤ ਹੈ: 'ਤਿਲ ਤਿੜਕਣ ਤੇ ਦਿਨ ਖਿਸਕਣ', ਭਾਵ ਲੋਹੜੀ ਤੋਂ ਬਾਅਦ ਨਵੀਂ ਰੁੱਤ ਨਿਕਲ ਤੁਰਦੀ ਹੈ। ਲੋਹੜੀ ਸਰਦੀਆਂ ਦੀ ਰੁੱਤੇ ਰੱਜ ਕੇ ਗਰਮ ਪਦਾਰਥ ਖਾਣ ਵਾਲਾ ਦਿਨ ਹੋ ਨਿਬੜਦਾ ਹੈ। ਇਸ ਦਿਨ ਅੱਗ ਸੇਕੀ ਜਾਂਦੀ ਹੈ ਅਤੇ ਗੁੜ, ਰਿਉੜੀਆਂ, ਮੱਕੀ ਦੇ ਭੁੱਜੇ ਦਾਣੇ, ਮੂੰਗਫਲੀ, ਚਿਰਵੜੇ ਆਦਿ ਦਾ ਭਰਪੂਰ ਸੇਵਨ ਕੀਤਾ ਜਾਂਦਾ ਹੈ। ਰਾਤ ਨੂੰ ਭੁੱਗਾ ਬਾਲਿਆ ਜਾਂਦਾ ਹੈ ਅਤੇ ਭੁੱਗੇ ਦੁਆਲੇ ਬੈਠ ਕੇ ਗੀਤ ਗਾਏ ਜਾਂਦੇ ਹਨ। ਹੁਣ ਭਾਵੇਂ ਲੋਹੜੀ ਮੰਗਣ ਦਾ ਰਿਵਾਜ ਘਟ ਰਿਹਾ ਹੈ, ਉਂਜ ਲੋਹੜੀ ਖੂਬ ਗੱਜ-ਵੱਜ ਕੇ ਮਨਾਈ ਜਾਂਦੀ ਹੈ। ਲੋਹੜੀ 'ਤੇ ਪੰਜਾਬ ਵਿਚ ਲੱਖਾਂ ਬੋਤਲਾਂ ਸ਼ਰਾਬ ਪੀਤੀ ਜਾਂਦੀ ਹੈ, ਮੁਰਗੇ ਵੱਢੇ ਜਾਂਦੇ ਹਨ ਅਤੇ ਉਚੀ ਆਵਾਜ਼ ਵਿਚ ਡੀ. ਜੇ. ਵਜਾਏ ਜਾਂਦੇ ਹਨ।



ਗਰਮ ਚੀਜ਼ਾਂ ਖਾਣ ਨਾਲ ਪੇਟ ਵਿਚ ਗਰਮੀ ਪੈ ਸਕਦੀ ਹੈ। ਇਸ ਦਾ ਪ੍ਰਬੰਧ ਵੀ ਨਾਲ ਹੀ ਕਰ ਲਿਆ ਜਾਂਦਾ ਹੈ। ਇਨ੍ਹਾਂ ਦਿਨਾਂ ਵਿਚ ਗੰਨਾ ਪੂਰੇ ਜੋਬਨ 'ਤੇ ਹੁੰਦਾ ਹੈ। ਪੁਰਾਤਨ ਸਮਿਆਂ ਵਿਚ ਪੋਹ ਦੀ ਰਾਤ ਗੰਨੇ ਦੇ ਰਸ ਦੀ ਖੀਰ ਬਣਾਈ ਜਾਂਦੀ ਸੀ ਜੋ ਸਵੇਰੇ ਦਹੀਂ ਨਾਲ ਠੰਢੀ-ਠੰਢੀ ਖਾਧੀ ਜਾਂਦੀ ਸੀ। ਆਮ ਕਿਹਾ ਜਾਂਦਾ ਹੈ:

ਪੋਹ ਰਿੱਧੀ, ਮਾਘ ਖਾਧੀ।

ਕੁਦਰਤ ਦੇ ਨਾਲ-ਨਾਲ ਬਹੁਤ ਪੁਰਾਤਨ ਸਮੇਂ ਤੋਂ ਚੱਲਿਆ ਆ ਰਿਹਾ ਲੋਕ-ਸਿਆਣਪਾਂ ਨਾਲ ਭਰਿਆ ਜੀਵਨ ਕਈ ਪੱਖਾਂ ਤੋਂ ਬੜਾ ਸੂਝ ਭਰਪੂਰ ਹੁੰਦਾ ਹੈ। ਇਸ ਮੌਸਮ ਵਿਚ ਖੇਤਾਂ ਵਿਚ ਗਾਜਰ, ਮੂਲੀ, ਸ਼ਲਗਮ ਆਦਿ ਦੀ ਸਬਜ਼ੀ ਵੀ ਭਰਪੂਰ ਹੁੰਦੀ ਹੈ। ਇਨ੍ਹਾਂ ਤਿੰਨਾਂ ਹੀ ਸਬਜ਼ੀਆਂ ਦੀ ਤਾਸੀਰ ਪੇਟ ਨੂੰ ਠੰਢਕ ਦੇਣ ਵਾਲੀ ਹੁੰਦੀ ਹੈ।

ਇੰਨੀ ਸਰਦੀ ਹੋਣ ਦੇ ਬਾਵਜੂਦ ਗੁਲਾਬ ਅਤੇ ਗੇਂਦੇ ਦੇ ਫੁੱਲ ਕਿਆਰੀਆਂ ਦੀ ਰੌਣਕ ਵਧਾਉਂਦੇ ਹਨ ਅਤੇ ਸੁਨੇਹੇ ਦਿੰਦੇ ਹਨ ਕਿ ਖਿੜਨ ਵਾਲੇ ਨਾਸਾਜ਼ ਹਾਲਾਤ ਵਿਚ ਵੀ ਖਿੜੀ ਜਾਂਦੇ ਹਨ।

ਪੋਹ ਦਾ ਆਖਰੀ ਦਿਨ ਪੰਜਾਬ ਵਿਚ ਤਕਰੀਬਨ ਪੌਣੇ ਛੇ ਵਜੇ ਡੁੱਬਦਾ ਹੈ ਤੇ ਤਕਰੀਬਨ ਸਵਾ ਸੱਤ ਸਵੇਰੇ ਨਿਕਲ ਪੈਂਦਾ ਹੈ। ਪੁਰਾਣੇ ਪੰਜਾਬੀ ਬਜ਼ੁਰਗ ਆਪਣੀ ਖੇਤੀਬਾੜੀ ਦੀ ਭਾਸ਼ਾ ਵਿਚ ਕਹਿੰਦੇ ਹੁੰਦੇ ਸਨ ਕਿ ਲੋਹੜੀ ਵਾਲੇ ਦਿਨ ਤੱਕ ਦਿਹਾੜੇ, ਕਿਆਰਾ ਭਰ ਵੱਡੇ ਹੋ ਜਾਂਦੇ ਹਨ, ਜਿਸ ਦਾ ਅਰਥ ਇਹ ਸੀ ਕਿ ਲੋਹੜੀ ਤੱਕ ਖੂਹ ਰਾਹੀਂ ਸਿੰਜਾਈ ਕਰਦਿਆਂ ਇਕ-ਅੱਧਾ ਕਿਆਰਾ ਵੱਧ ਸਿੰਜਿਆ ਜਾਂਦਾ ਹੈ। ਉਨ੍ਹਾਂ ਨੂੰ ਹੁਣ ਵੱਧ ਕੰਮ ਨਿਬੜਨ ਦੀ ਉਮੀਦ ਬੱਝ ਜਾਂਦੀ ਸੀ। ਵੈਸੇ ਵੀ ਠੰਢ, ਧੁੰਦ ਅਤੇ ਕੋਰਾ ਕਿਸਾਨੀ ਅਤੇ ਬਜ਼ੁਰਗੀ ਨੂੰ ਰਾਸ ਨਹੀਂ ਆਉਂਦਾ। ਇਸ ਲਈ ਲੋਹੜੀ ਦੀ ਉਡੀਕ ਵਿਚ ਕਿੰਨਾ ਕੁਝ ਰਲਿਆ ਹੁੰਦਾ ਸੀ ਪਰ ਇਹ ਵੀ ਸੱਚ ਹੈ ਕਿ ਅੱਜ ਦੇ ਸਾਧਨਾਂ ਭਰਪੂਰ ਜੀਵਨ ਵਿਚ ਪੰਜਾਬੀ ਲੰਮੀ ਸਰਦੀ ਰੁੱਤ ਦੀ ਖਾਹਿਸ਼ ਕਰਦੇ ਹਨ ਕਿਉਂਕਿ ਆਲਮੀ ਤਪਸ਼ ਕਾਰਨ ਪੰਜਾਬ ਵਿਚ ਸਰਦੀ ਦੀ ਰੁੱਤ ਬੜੀ ਲੰਮੀ ਉਡੀਕ ਕਰਵਾ ਕੇ ਆਉਂਦੀ ਹੈ। ਗਰਮੀਆਂ ਲੰਮੀਆਂ ਹੋ ਗਈਆਂ ਹਨ ਅਤੇ ਸਰਦੀਆਂ ਸੁੰਗੜ ਕੇ ਮਸੀਂ ਤਿੰਨ ਕੁ ਮਹੀਨੇ ਦੀਆਂ ਹੀ ਰਹਿ ਗਈਆਂ ਹਨ। ਅਜੇ ਕੋਟ-ਪੈਂਟ ਅਤੇ ਅਤੇ ਟਾਈਆਂ ਪੂਰੀ ਤਰ੍ਹਾਂ ਪਈਆਂ ਵੀ ਨਹੀਂ ਹੁੰਦੀਆਂ ਕਿ ਸਵੈਟਰਾਂ ਦੀ ਰੁੱਤ ਆਣ ਉਤਰਦੀ ਹੈ ਅਤੇ ਵਿੰਹਦਿਆਂ-ਵਿੰਹਦਿਆਂ ਸਰਦੀ 'ਅਹੁ ਗਈ ਅਹੁ ਗਈ' ਹੋ ਜਾਂਦੀ ਹੈ।

# ਬਰਥ-ਡੇ ਕੇਕ ਕਦੋਂ ਆਇਆ

ਕੇਕ ਦਾ ਨਾਂ ਸੁਣਦਿਆਂ ਹੀ ਮੂੰਹ ਵਿਚ ਪਾਣੀ ਆ ਜਾਂਦਾ ਹੈ, ਪਰ ਇਹ ਸੁਆਦਲਾ ਕੇਕ ਕਦੋਂ ਹੋਂਦ ਵਿਚ ਆਇਆ? ਪਹਿਲੀ ਵਾਰ ਕੇਕ ਕੋਈ 2000 ਸਾਲ ਪਹਿਲਾਂ ਬਣਿਆ। ਕੇਕ ਸ਼ੁਰੂ ਵਿਚ ਆਟਾ, ਸ਼ਹਿਦ, ਦੁੱਧ, ਅੰਡੇ ਆਦਿ

ਅਮਰਜੀਤ ਚੰਦਰ, ਲੁਧਿਆਣਾ
ਫੋਨ: 91-94176-00014

ਤੋਂ ਬਣਾਇਆ ਗਿਆ ਹੋਵੇਗਾ, ਪਰ ਹੁਣ ਤਾਂ ਡਾਇਮੰਡ ਕੇਕ ਵੀ ਬਣਨ ਲੱਗੇ ਹਨ। ਅੱਜ ਤੱਕ ਦਾ ਸਭ ਤੋਂ ਮਹਿੰਗਾ ਕੇਕ ਸਾਲ 2005 ਵਿਚ ਟੋਕੀਓ ਵਿਚ 1.7 ਮਿਲੀਅਨ ਡਾਲਰ ਵਿਚ ਵਿਕਿਆ ਸੀ ਅਤੇ ਇਸ 'ਤੇ 223 ਡਾਇਮੰਡ ਲੱਗੇ ਹੋਏ ਸਨ।

ਕੇਕ ਲਈ ਸਭ ਤੋਂ ਪਹਿਲਾਂ ਗ੍ਰੀਕ ਸ਼ਬਦ 'ਪਲੇਕਾਸ' ਦਾ ਇਸਤੇਮਾਲ ਕੀਤੀ ਜਾਂਦਾ ਸੀ। ਗ੍ਰੀਸ ਦੇ ਵੱਡੇ ਅਤੇ ਵਜ਼ਨੀ ਕੇਕ ਨੂੰ 'ਸੈਟ੍ਰਯੂਰਾ' ਨਾਂ ਦਿੱਤਾ ਗਿਆ। ਇਹ ਦੋਵੇਂ ਕੇਕ ਦੇ ਮੁਢਲੇ ਨਾਂ ਹਨ। 19ਵੀਂ ਸਦੀ ਦੇ ਸ਼ੁਰੂ ਵਿਚ ਕੇਕ 'ਤੇ ਭਾਂਤ-ਭਾਂਤ ਦੇ ਪ੍ਰਯੋਗ ਸ਼ੁਰੂ ਹੋ ਗਏ।




ਰੋਮਨ ਸਭਿਅਤਾ ਦੇ ਸ਼ੁਰੂਆਤੀ ਦੌਰ ਦੇ ਲੋਕ ਕੇਕ ਨਾਲ ਸਬੰਧਤ ਵਿਲੱਖਣ ਰੀਤੀ ਨਿਭਾਉਂਦੇ ਸਨ। ਬੇਲਟੇਨ ਨਾਂ ਦੇ ਤਿਉਹਾਰ ਵਿਚ ਉਹ ਲੋਕ ਪਹਾੜੀ ਦੀ ਟੀਸੀ 'ਤੇ ਚੜ੍ਹ ਕੇ ਅੱਗ ਬਾਲਦੇ ਅਤੇ ਉਥੋਂ ਵੱਡੇ ਆਕਾਰ ਦਾ ਗੋਲਾਕਾਰ ਕੇਕ ਹੇਠਾਂ ਸੁੱਟਦੇ। ਜੇ ਕੇਕ ਨਾ ਟੁੱਟਦਾ ਤਾਂ ਉਹ ਮੰਨਦੇ ਸਨ ਕਿ ਆਉਣ ਵਾਲਾ ਕੱਲ੍ਹ ਸੁਖ-ਸ਼ਾਂਤੀ ਵਾਲਾ ਰਹੇਗਾ।

ਪਹਿਲੀਆਂ ਓਲੰਪਿਕ ਖੇਡਾਂ ਵਿਚ ਖਿਡਾਰੀਆਂ ਨੂੰ ਕੇਕ ਵਰਤਾਇਆ ਗਿਆ ਸੀ। ਉਥੇ, 17ਵੀਂ ਸਦੀ ਵਿਚ ਇੰਗਲੈਂਡ ਦੇ ਬਾਸ਼ਿੰਦਿਆਂ ਦਾ ਮੰਨਣਾ ਸੀ ਕਿ ਅਣਵਿਆਹੇ ਲੋਕਾਂ ਦੇ ਸਰ੍ਹਾਣੇ ਥੱਲੇ ਫਰੂਟ ਕੇਕ ਰੱਖਣ ਨਾਲ ਉਹ ਆਪਣੇ ਹੋਣ ਵਾਲੇ ਜੀਵਨ-ਸਾਥੀ ਬਾਰੇ ਚੰਗੇ-ਚੰਗੇ ਸੁਪਨੇ ਦੇਖਦੇ ਹਨ।

'ਹੈਪੀ ਬਰਥ ਡੇ ਟੂ ਯੂ' ਗੀਤ ਦੇ ਹੋਂਦ ਵਿਚ ਆਉਣ ਪਿਛੋਂ ਕੇਕ 'ਤੇ 'ਹੈਪੀ ਬਰਥ ਡੇ' ਲਿਖਣ ਦਾ ਰਿਵਾਜ਼ ਸ਼ੁਰੂ ਹੋਇਆ।

# ਅੰਮ੍ਰਿਤਸਰ ਵਿਚ ਮਾਸਕੋ

***ਸਾਹਿਤ ਵਿਚ ਸਆਦਤ ਹਸਨ ਮੰਟੋ ਵਰਗੀ ਮਿਸਾਲ ਮਿਲਣੀ ਮੁਸ਼ਕਿਲ ਹੈ। ਇਸ ਲੇਖ ਵਿਚ ਨਰਿੰਦਰ ਮੋਹਨ ਨੇ ਮੰਟੋ ਦੇ ਮੁਢਲੇ ਦੌਰ ਬਾਰੇ ਦਿਲਚਸਪ ਕਿੱਸਾ ਛੇੜਿਆ ਹੈ ਕਿ ਉਸ ਅੰਦਰਲੀ ਬੇਚੈਨੀ ਕਿਸ ਤਰ੍ਹਾਂ ਵਿਦਰੋਹ ਦਾ ਰੂਪ ਅਖਤਿਆਰ ਕਰ ਗਈ। ਉਹ ਜਿਥੇ ਕਿਤੇ ਅਨਿਆਂ ਹੁੰਦਾ ਦੇਖਦਾ, ਉਸ ਦੀ ਅੰਤਰ-ਆਤਮਾ ਤੜਫ ਉਠਦੀ ਤੇ ਉਹ ਵਿਦਰੋਹ ਦੇ ਰਸਤੇ 'ਤੇ ਚਲ ਪੈਂਦਾ। ਇਸ ਵਿਦਰੋਹ ਨੂੰ ਸਹੀ ਦਿਸ਼ਾ ਦੇਣ ਵਾਲੇ ਸਨ ਅਬਦੁਲ ਬਾਰੀ ਅਲੀਗ, ਜਿਸ ਨੂੰ ਮੰਟੋ ਨੇ ਆਪਣਾ ਗੁਰੂ ਮੰਨਿਆ। -ਸੰਪਾਦਕ***

ਅੱਲ੍ਹੜਪੁਣੇ ਤੋਂ ਜਵਾਨੀ ਤਕ ਦਾ ਸਫਰ ਸਆਦਤ ਹਸਨ ਮੰਟੋ ਲਈ ਅੰਦਰੂਨੀ ਤੇ ਬਾਹਰੀ ਸੰਘਰਸ਼ਾਂ ਵਾਲਾ ਸੀ। ਨਾ ਉਸ ਨੂੰ ਬਾਹਰ ਕੋਈ ਰੌਸ਼ਨੀ ਦਿਸਦੀ, ਨਾ ਅੰਦਰ। ਉਸ ਦਾ ਮਨ ਕਿਤੇ ਨਾ ਟਿਕਦਾ। ਆਵਾਰਗੀ ਨਾਲ ਇਕ ਤਰ੍ਹਾਂ ਦੀ ਲਾਚਾਰਗੀ ਘੇਰੀ ਰੱਖਦੀ। ਨਿਰਾਸ਼ਾ ਅਤੇ ਹਤਾਸ਼ਾ ਦੇ ਇਸ ਦੌਰ ਨੇ ਉਸ ਨੂੰ ਪ੍ਰੇਸ਼ਾਨ ਹੀ ਨਹੀਂ ਕੀਤਾ, ਇਕ ਹੱਦ ਤਕ ਵਿਦਰੋਹੀ ਵੀ ਬਣਾ ਦਿੱਤਾ। ਇਸ ਅੰਦਰੂਨੀ ਖਲਲ ਨੇ ਉਸ ਨੂੰ ਸ਼ਰਾਬ ਵੱਲ ਧੱਕਿਆ ਪਰ ਉਹ ਇਸ ਨਾਲ ਐਨ ਲੱਗ ਕੇ ਬੈਠਾ ਹੋਇਆ ਸੀ। ਸੱਤ ਸਾਲ ਦਾ ਉਹ ਬੱਚਾ ਜਿਸ ਦੇ ਦਿਮਾਗ ਵਿਚ ਜੱਲ੍ਹਿਆਂਵਾਲਾ ਬਾਗ ਦੇ ਕਤਲੇਆਮ ਦੇ ਨਿਸ਼ਾਨ ਖੁਭੇ ਹੋਏ ਸਨ, ਇਨ੍ਹਾਂ ਨਿਸ਼ਾਨਾਂ ਨੇ ਅਤੇ

**ਨਰਿੰਦਰ ਮੋਹਨ**
**ਤਰਜਮਾ: ਬਲਦੇਵ ਸਿੰਘ ਬੱਦਨ**

ਭਗਤ ਸਿੰਘ ਪ੍ਰਤੀ ਉਸ ਦੀ ਤੀਬਰ ਖਿੱਚ ਨੇ ਉਸ ਨੂੰ ਬਚਾਅ ਲਿਆ; ਉਸ ਦੀ ਬੇਚੈਨੀ ਅਤੇ ਛਟਪਟਾਹਟ ਨੂੰ ਕ੍ਰਾਂਤੀਕਾਰੀ ਵਿਚਾਰਾਂ ਦਾ ਜਾਮਾ ਪੁਆ ਦਿੱਤਾ। ਇਹੀ ਉਹ ਦਿਨ ਸਨ ਜਦੋਂ ਉਹ ਹਸਨ ਅੱਬਾਸ ਅਤੇ ਅਬੂ ਸਈਦ ਕੁਰੈਸ਼ੀ ਨਾਲ ਵਾਰ-ਵਾਰ ਜੱਲ੍ਹਿਆਂਵਾਲਾ ਬਾਗ ਪੁੱਜ ਜਾਂਦਾ। ਉਥੇ 1919 ਵਿਚ ਅੰਗਰੇਜ਼ਾਂ ਨੇ ਜਿਹੜੇ ਜ਼ੁਲਮ ਕੀਤੇ ਸਨ, ਉਨ੍ਹਾਂ ਖਿਲਾਫ ਉਸ ਦਾ ਮਨ ਬ੍ਰਿਟਿਸ਼ ਸਰਕਾਰ ਪ੍ਰਤੀ ਗੁੱਸੇ ਵਿਚ ਉਬਲਦਾ ਰਹਿੰਦਾ, ਜਿਸ 'ਤੇ ਅੱਗੇ ਚਲ ਕੇ ਉਸ ਨੇ ਕਹਾਣੀ ਵੀ ਲਿਖੀ। ਇਕ ਤਰ੍ਹਾਂ ਦੀਆਂ ਖਿੰਡਣ ਵਾਲੀਆਂ ਇਨ੍ਹਾਂ ਹਾਲਤਾਂ ਵਿਚ ਵੀ ਉਹ ਕ੍ਰਾਂਤੀਕਾਰੀ ਵਿਚਾਰਾਂ ਤੋਂ ਪ੍ਰੇਰਿਤ ਹੁੰਦਾ ਰਿਹਾ ਤੇ ਉਸ ਦਾ ਰਚਨਾ-ਮਨ ਉਸ ਦੌਰ ਦੇ ਕ੍ਰਾਂਤੀਕਾਰੀ ਵਿਚਾਰਾਂ ਨੂੰ ਆਤਮਸਾਤ ਕਰਦਾ ਰਿਹਾ। ਸਭ ਕੁਝ ਦਾਅ 'ਤੇ ਲਾ ਕੇ ਚੱਲਣ ਦੀ ਜਿਹੜੀ ਤਮੰਨਾ ਕਿਸੇ ਕ੍ਰਾਂਤੀਕਾਰੀ ਵਿਚ ਉਛਾਲੇ ਮਾਰਦੀ ਰਹਿੰਦੀ ਹੈ, ਉਹੋ ਜਿਹੀ ਚੇਤਨਾ ਨੇ ਮੰਟੋ ਨੂੰ ਨਿਰਾਸ਼ਾ ਦੇ ਡੂੰਘੇ ਟੋਏ ਵਿਚ ਡਿੱਗਣ ਤੋਂ ਬਚਾ ਲਿਆ। ਕਈ ਤਰ੍ਹਾਂ ਦੇ ਮਨੋਭਾਵਾਂ ਦੀ ਲਪੇਟ ਵਿਚ ਆਉਣ ਕਾਰਨ ਮੰਟੋ ਦੇ ਰਚਨਾਤਮਕ ਵਿਕਾਸ-ਕ੍ਰਮ ਵਿਚ ਬਹੁਤ ਕੁਝ ਆਪਣੇ ਆਪ ਜੁੜਦਾ ਗਿਆ ਤੇ ਉਹ ਸੰਵੇਦਨਾ ਅਤੇ ਵਿਚਾਰਕ ਵਿਕਾਸ ਦੀ ਰਾਹ 'ਤੇ ਤੇਜ਼ੀ ਨਾਲ ਵਧਿਆ।



*ਆਪਣੀ ਬੇਗਮ ਨਾਲ ਮੰਟੋ*

ਵਿਰੋਧੀ ਵਿਚਾਰਾਂ ਦੇ ਝੱਖੜ ਵਿਚ ਘਿਰੇ ਮੰਟੋ ਨੂੰ ਉਨ੍ਹੀਂ ਦਿਨੀਂ ਅਜਿਹੇ ਸ਼ਖਸ ਦੀ ਲੋੜ ਸੀ ਜੋ ਉਸ ਦੇ ਜੀਵਨ ਦੀ ਦਿਸ਼ਾ ਬਦਲ ਦੇਵੇ, ਤੇ ਠੀਕ ਇਹ ਹੋਇਆ ਵੀ। ਇਤਿਹਾਸ ਅਤੇ ਅਰਥ ਸ਼ਾਸਤਰ ਵਿਚ ਮਾਹਰ ਉਹ ਸ਼ਖਸ ਸੀ, ਅਬਦੁਲ ਬਾਰੀ ਅਲੀਗ ਜੋ ਬੇਹੱਦ ਰੂਮਾਨੀ ਤੇ ਸੁਪਨਸਾਜ਼ ਸੀ, ਬੇਸ਼ਕ ਸੁਪਨਿਆਂ ਨੂੰ ਅਮਲ ਵਿਚ ਨਾ ਢਾਲ ਸਕਦਾ। ਅਜਿਹੇ ਸ਼ਖਸ ਨੂੰ ਮਿਲਣ ਦਾ ਪਲ ਮੰਟੋ ਦੀ ਜ਼ਿੰਦਗੀ ਦਾ ਫੈਸਲਾਕੁਨ ਮੋੜ ਸਿੱਧ ਹੋਇਆ। ਉਸ ਦੇ ਸੰਪਰਕ ਵਿਚ ਆਉਣ ਨਾਲ ਮੰਟੋ ਦੇ ਦ੍ਰਿਸ਼ਟੀਕੋਣ ਅਤੇ ਮਾਨਸਿਕਤਾ ਵਿਚ ਜ਼ਬਰਦਸਤ ਤਬਦੀਲੀ ਆਈ। ਉਸ ਦੇ ਅਵਾਰਾ ਜਨੂਨ ਦੀ ਰਫਤਾਰ ਰੁਕੀ ਅਤੇ ਉਹ ਸਮਾਜਵਾਦੀ ਵਿਚਾਰਾਂ ਵੱਲ ਮੁੜਨ ਲੱਗਾ। ਮੰਟੋ ਨੇ ਅਖਤਰ ਸ਼ਿਰਾਨੀ ਨਾਲ ਗੱਲਬਾਤ ਦੌਰਾਨ ਸਵੀਕਾਰ ਕੀਤਾ ਹੈ: 'ਅੱਜ ਕੱਲ੍ਹ ਮੈਂ ਜੋ ਕੁਝ ਵੀ ਹਾਂ, ਉਸ ਨੂੰ ਬਣਾਉਣ ਵਿਚ ਸਭ ਤੋਂ ਪਹਿਲਾ ਹੱਥ ਬਾਰੀ ਸਾਹਿਬ ਦਾ ਹੈ। ਜੇ ਅੰਮ੍ਰਿਤਸਰ ਵਿਚ ਉਨ੍ਹਾਂ ਨਾਲ ਮੁਲਾਕਾਤ ਨਾ ਹੁੰਦੀ, ਤੇ ਲਗਾਤਾਰ ਤਿੰਨ ਮਹੀਨੇ ਮੈਂ ਉਨ੍ਹਾਂ ਦੀ ਸੰਗਤ ਵਿਚ ਨਾ ਗੁਜ਼ਾਰੇ ਹੁੰਦੇ ਤਾਂ ਮੈਂ ਜ਼ਰੂਰ ਹੀ ਕਿਸੇ ਹੋਰ ਰਸਤੇ ਚਲਾ ਗਿਆ ਹੁੰਦਾ।'

ਬਾਰੀ ਸਾਹਿਬ ਨੇ ਮੰਟੋ ਦੀਆਂ ਇੱਛਾਵਾਂ ਤੇ ਉਮੀਦਾਂ ਨੂੰ ਸਮਝਿਆ, ਉਸ ਦੀ ਦਿਮਾਗੀ ਪ੍ਰੇਸ਼ਾਨੀ ਨੂੰ ਜਾਣਿਆ, ਉਸ ਦੇ ਮਨੋਵਿਗਿਆਨ ਨੂੰ ਪੜ੍ਹਿਆ ਅਤੇ ਉਸ ਨੂੰ ਪੜ੍ਹਨ-ਲਿਖਣ ਦੇ ਰਾਹ ਪਾ ਦਿੱਤਾ। ਫਿਰ ਉਸ ਦੀ ਰੁਚੀ ਦੇਖ ਕੇ ਪੱਤਰਕਾਰੀ ਵੱਲ ਮੋੜ ਦਿੱਤਾ। ਗਾਜ਼ੀ ਅਬਦੁਲ ਰਹਿਮਾਨ ਨੇ ਉਨ੍ਹੀਂ ਦਿਨੀਂ ਅੰਮ੍ਰਿਤਸਰ ਤੋਂ ਰੋਜ਼ਾਨਾ ਪਰਚਾ 'ਮਸਾਵਤ' ਜਾਰੀ ਕੀਤਾ। ਸੰਪਾਦਨ ਲਈ ਬਾਰੀ ਅਲੀਗ ਅਤੇ ਹਾਜ਼ੀ ਲਕ ਲਕ ਨੂੰ ਬੁਲਾਇਆ ਗਿਆ ਸੀ। ਬਾਰੀ ਸਾਹਿਬ ਦੀ ਮਦਦ ਅਤੇ ਪ੍ਰੇਰਨਾ ਨਾਲ ਮੰਟੋ 'ਮਸਾਵਤ' ਦੇ ਦਫਤਰ ਵਿਚ ਕੰਮ ਕਰਨ ਲੱਗਾ ਅਤੇ ਬਾਰੀ ਸਾਹਿਬ ਦੇ ਨਾਲ ਨਾਲ ਹਾਜ਼ੀ ਲਕ ਲਕ ਤੋਂ ਸੰਪਾਦਨਾ ਦੇ ਹੁਨਰ ਸਿੱਖੇ। ਉਸ ਨੂੰ ਅਖਬਾਰ ਦੇ ਕੰਮ ਵਿਚ ਇੰਨਾ ਅਨੰਦ ਆਉਣ ਲੱਗਾ ਕਿ ਜੂਆ ਛੁੱਟ ਗਿਆ। ਅਖਬਾਰ ਦਾ ਫਿਲਮੀ ਖਬਰਾਂ ਦਾ ਕਾਲਮ ਦੇਖਣ ਨਾਲ ਫਿਲਮਾਂ ਬਾਰੇ ਉਸ ਦੀ ਜਾਣਕਾਰੀ ਵਧੀ ਜੋ ਮਗਰੋਂ ਬਹੁਤ ਕੰਮ ਆਈ। ਉਸ ਦੀ ਮਾਨਸਿਕਤਾ ਨੂੰ ਦੇਖਦਿਆਂ ਬਾਰੀ ਸਾਹਿਬ ਨੇ ਉਸ ਨੂੰ ਗੰਭੀਰ ਸਾਹਿਤ ਤੋਂ ਜਾਣੂ ਕਰਵਾਇਆ। ਇਸ ਦਾ ਫਾਇਦਾ ਇਹ ਹੋਇਆ ਕਿ ਉਸ ਨੂੰ ਤੀਰਥ ਰਾਮ ਫਿਰੋਜ਼ਪੁਰੀ ਵਰਗੇ ਲੇਖਕਾਂ ਦੇ ਨਾਵਲ ਪੜ੍ਹਨ ਤੋਂ ਛੁਟਕਾਰਾ ਮਿਲ ਗਿਆ। ਬਾਰੀ ਅਲੀਗ ਨੇ ਉਸ ਨੂੰ ਆਸਕਰ ਵਾਈਲਡ ਅਤੇ ਵਿਕਟਰ ਹਿਊਗੋ ਦੀਆਂ ਕਿਤਾਬਾਂ ਪੜ੍ਹਨ ਨੂੰ ਦਿੱਤੀਆਂ। ਫਰਾਂਸੀਸੀ ਲੇਖਕ ਵਿਕਟਰ ਹਿਊਗੋ ਤੋਂ ਉਹ ਕਾਫੀ ਪ੍ਰਭਾਵਿਤ ਰਿਹਾ। ਮੰਟੋ ਦੀ ਰੁਚੀ ਦਾ ਜਿਵੇਂ-ਜਿਵੇਂ ਵਿਕਾਸ ਹੁੰਦਾ ਗਿਆ, ਤਿਵੇਂ-ਤਿਵੇਂ ਉਸ ਦਾ ਅਧਿਐਨ ਵੀ ਵਧਦਾ ਗਿਆ। ਫਿਲਮੀ ਅਭਿਨੇਤਰੀਆਂ ਦੀਆਂ ਤਸਵੀਰਾਂ ਅਤੇ ਸਸਤੇ ਨਾਵਲਾਂ ਦੀ ਥਾਂ ਹੁਣ ਉਸ ਦੀ ਅਲਮਾਰੀ ਵਿਚ ਵਿਕਟਰ ਹਿਊਗੋ ਤੇ ਆਸਕਰ ਵਾਈਲਡ ਤੋਂ ਇਲਾਵਾ ਮੈਕਸਿਮ ਗੋਰਕੀ, ਚੈਖੋਵ, ਪੁਸ਼ਕਿਨ, ਗੋਗੋਲ, ਟ੍ਰਾਟਸਕੀ, ਦੋਸਤੋਵਸਕੀ, ਬਾਲਜ਼ਾਕ, ਆਂਦਰੇ ਜੀਦ ਅਤੇ ਮੋਪਾਸਾਂ ਦੀਆਂ ਕਿਤਾਬਾਂ ਸਜਣ ਲੱਗੀਆਂ। ਇਨ੍ਹਾਂ ਲੇਖਕਾਂ ਅਤੇ ਕਿਤਾਬਾਂ ਬਾਬਤ ਬਾਰੀ ਸਾਹਿਬ ਨਾਲ ਉਸ ਦੀ ਬਹਿਸ ਵੀ ਚਲਦੀ ਰਹਿੰਦੀ।

ਬਾਰੀ ਸਾਹਿਬ ਦੇ ਕਹਿਣ ਦੇ ਬਾਵਜੂਦ ਵਿਟਕਰ ਹਿਊਗੋ ਦੀ ਪ੍ਰਸਿਧ ਪੁਸਤਕ 'ਲਾਅ ਮਿਜਰਬਲ' ਦਾ ਅਨੁਵਾਦ ਉਸ ਦੇ ਆਕਾਰ ਨੂੰ ਦੇਖਦਿਆਂ ਉਹ ਬੇਸ਼ੱਕ ਨਾ ਕਰ ਸਕਿਆ, ਪਰ ਉਸ ਨੇ 'ਲਾਸਟ ਡੇਜ਼ ਆਫ ਏ ਕੰਡੈਮਡ' ਦਾ ਅਨੁਵਾਦ 'ਸਰ ਗੁਜਸ਼ਤਾ-ਏ-ਆਸੀਰ' ਨਾਂ ਨਾਲ ਕੋਈ ਪੰਦਰਾਂ ਦਿਨਾਂ ਵਿਚ ਪੂਰਾ ਕਰ ਲਿਆ। ਬਾਰੀ ਸਾਹਿਬ ਨੂੰ ਇਹ ਅਨੁਵਾਦ ਪਸੰਦ ਆਇਆ ਤੇ ਉਹ ਤਤਕਾਲ ਉਰਦੂ ਬੁੱਕ ਸਟਾਲ, ਲਾਹੌਰ ਤੋਂ ਪ੍ਰਕਾਸ਼ਿਤ ਹੋ ਗਿਆ।

ਮੰਟੋ ਦੀ ਇਹ ਪਹਿਲੀ ਕਿਤਾਬ ਸੀ ਅਤੇ ਇਸ ਅਨੁਵਾਦ ਨੇ ਮੰਟੋ ਨੂੰ ਨਵੇਂ ਵਿਚਾਰਾਂ ਨਾਲ ਅਮੀਰ ਕਰ ਦਿੱਤਾ। ਉਸ ਵਿਚ ਕੁਝ ਕਹਿਣ, ਲਿਖਣ ਅਤੇ ਖੁਦ ਨੂੰ ਪੇਸ਼ ਕਰਨ ਦੀ ਤੜਫ ਪੈਦਾ ਹੋਈ। ਅਨੁਵਾਦ ਕਰਦਿਆਂ ਉਸ ਅੰਦਰ ਸੁੱਤਾ ਹੋਇਆ ਕਹਾਣੀਕਾਰ ਜਾਗ ਪਿਆ। ਅਨੁਵਾਦ ਉਸ ਲਈ ਅਫਸਾਨੇ ਲਿਖਣ ਲਈ ਪ੍ਰੇਰਨਾ ਬਣਿਆ।

ਬਾਰੀ ਅਲੀਗ ਨੇ ਮੰਟੋ ਨੂੰ ਨਵੇਂ ਵਿਚਾਰਾਂ ਵੱਲ ਪ੍ਰੇਰਿਆ, ਇਸ ਨਾਤੇ ਮੰਟੋ ਉਨ੍ਹਾਂ ਨੂੰ ਗੁਰੂ ਦੇ ਬਰਾਬਰ ਮੰਨਦਾ ਸੀ ਪਰ ਦੋਹਾਂ ਵਿਚ ਸਬੰਧਤ ਦੋਸਤਾਨਾ ਹੀ ਸਨ। ਅਬੂ ਸਈਦ ਕੁਰੈਸ਼ੀ ਅਤੇ ਹਸਨ ਅੱਬਾਸ ਦਾ ਮੰਟੋ ਦੇ ਘਰ ਆਉਣਾ-ਜਾਣਾ ਤਾਂ ਸੀ ਹੀ, ਹੁਣ ਬਾਰੀ ਅਲੀਗ ਵੀ ਆਉਣ ਲੱਗੇ। ਮੰਟੋ, ਆਬੂ ਸਈਦ ਕੁਰੈਸ਼ੀ ਅਤੇ ਹਸਨ ਅੱਬਾਸ ਜਿਹੇ ਦੋਸਤਾਂ ਦੀ ਤਿਕੜੀ ਵਿਚ ਜਦੋਂ ਬਾਰੀ ਅਲੀਗ ਆ ਜੁੜਿਆ ਤਾਂ ਨਕਸ਼ਾ ਹੀ ਬਦਲ ਗਿਆ। ਉਸ ਅੰਦਰ ਨਵੇਂ ਵਿਚਾਰਾਂ ਦੀ ਚਮਕ ਸੀ। ਉਸ ਨੇ ਦੁਨੀਆਂ ਭਰ ਦਾ ਸਾਹਿਤ ਪੜ੍ਹਿਆ ਸੀ ਅਤੇ ਉਹ ਕਮਿਊਨਿਸਟ ਵਿਚਾਰਾਂ ਤੋਂ ਜਾਣੂ ਸੀ। ਉਸ ਨੇ ਇਨ੍ਹਾਂ ਤਿੰਨਾਂ ਦੋਸਤਾਂ ਦੇ ਦਿਲੋ-ਦਿਮਾਗ ਵਿਚ ਨਵੀਂ ਤੜਫ ਅਤੇ ਸੋਚ ਪੈਦਾ ਕਰ ਦਿੱਤੀ। ਛੇਤੀ ਹੀ ਚਾਰੇ ਜਣੇ ਦੋਸਤੀ ਦੇ ਜਜ਼ਬੇ ਵਿਚ ਬੱਝ ਗਏ ਅਤੇ ਮੰਟੋ ਦੇ ਕਮਰੇ 'ਦਾਰੁਲ ਅਹਿਮਰ' ਦੀਆਂ ਦੋਸਤਾਨਾ ਮਹਿਫਿਲਾਂ ਵਿਚ ਤਿੱਖੀਆਂ ਬਹਿਸਾਂ ਹੁੰਦੀਆਂ, ਸ਼ਰਾਬ ਦੇ ਦੌਰ ਚੱਲਦੇ। ਕ੍ਰਾਂਤੀ ਦੇ ਸੁਪਨੇ ਬੁਣੇ ਜਾਂਦੇ, ਨਵੀਆਂ ਯੋਜਨਾਵਾਂ ਬਣਦੀਆਂ। ਬਾਰੀ ਸਾਹਿਬ ਇਸ ਟੋਲੇ ਨੂੰ 'ਫਰੀ ਥਿੰਕਰਜ਼' ਕਹਿੰਦੇ। ਇਸ ਨੂੰ ਉਹ ਮਕਤਬ-ਏ-ਫਿਕਰ 'ਸਕੂਲ ਆਫ ਥਾਟ' ਕਹਿੰਦੇ ਸਨ। ਇਸ ਨੂੰ ਉਨ੍ਹਾਂ ਨੇ 'ਦਾਰੁਲ ਅਹਿਮਰ ਸਕੂਲ ਆਫ ਥਾਟ' ਦਾ ਨਾਂ ਦਿਤਾ। ਇਹ ਉਸ ਜ਼ਮਾਨੇ ਦੀ ਗੱਲ ਹੈ ਜਦੋਂ ਹਾਲੇ ਅੰਜੁਮਨ-ਏ-ਤਰੱਕੀਪਸੰਦ ਮੁਸੱਨੇਫਿਨ (ਪ੍ਰਗਤੀਵਾਦੀ ਲੇਖਕਾਂ ਦਾ ਗਰੁਪ) ਦਾ ਕੋਈ ਵਿਚਾਰ ਵੀ ਪੈਦਾ ਨਹੀਂ ਹੋਇਆ ਸੀ।

ਬਾਰੀ ਅਲੀਗ ਨਾਲ ਗੱਲਬਾਤ ਦੌਰਾਨ ਤੈਅ ਹੋਇਆ ਕਿ ਮੰਟੋ ਆਸਕਰ ਵਾਈਲਡ ਦੇ ਨਾਟਕ 'ਵੀਰਾ' ਜੋ ਰੂਸ ਦੇ ਅਲਗਾਉਵਾਦੀ ਕ੍ਰਾਂਤੀਕਾਰੀਆਂ ਦੀ ਦਾਸਤਾਨ ਹੈ, ਦਾ ਅਨੁਵਾਦ ਕਰੇ। ਇਹ ਅਨੁਵਾਦ ਮੰਟੋ ਨੇ ਆਪਣੇ ਦੋਸਤ ਹਸਨ ਅੱਬਾਸ ਦੇ ਨਾਲ ਮਿਲ ਕੇ ਕੀਤਾ। ਇਸ ਦਾ ਜ਼ਿਕਰ ਮੰਟੋ ਨੇ ਬਾਰੀ ਸਾਹਿਬ ਬਾਰੇ ਯਾਦਾਂ ਲਿਖਦਿਆਂ ਕੀਤਾ ਹੈ: 'ਕਿਤਾਬ ਅਸੀਂ ਖੁਦ ਸਿਨਾਈ ਬਰਕੀ ਪ੍ਰੈਸ ਵਿਚ ਛਪਵਾਈ ਸੀ। ਬਾਰੀ ਸਾਹਿਬ ਉਸ ਦੇ ਸਾਰੇ ਫਰਮੇ ਖੁਦ ਆਪਣੇ ਮੋਢਿਆਂ 'ਤੇ ਲੱਦ-ਲੱਦ ਕੇ ਘਰ ਲਿਆਏ ਸਨ ਤਾਂ ਕਿ ਸੁਰੱਖਿਅਤ ਰਹਿਣ। ਉਨ੍ਹਾਂ ਨੂੰ ਖਤਰਾ ਸੀ ਕਿ ਪੁਲਿਸ ਛਾਪਾ ਮਾਰ ਕੇ ਪ੍ਰੈਸ ਵਿਚੋਂ ਸਾਰੀਆਂ ਕਿਤਾਬਾਂ ਚੁੱਕ ਕੇ ਲੈ ਜਾਵੇਗੀ।' ਮੰਟੋ ਲਿਖਦਾ ਹੈ, 'ਮੇਰੇ ਅਤੇ ਹਸਨ ਅੱਬਾਸ ਲਈ ਇਹ ਪ੍ਰਸੰਗ ਬਹੁਤ ਰੌਚਕ ਅਤੇ ਊਰਜਾਵਾਨ ਸੀ।'

ਮੰਟੋ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਅੰਮ੍ਰਿਤਸਰ ਵਿਚ 'ਵੀਰਾ' ਮੰਚ ਉਤੇ ਖੇਡਣ ਬਾਰੇ ਵੀ ਸੋਚਿਆ ਸੀ। ਸਾਰੀ ਰਾਤ ਲੁਕ-ਛੁਪ ਕੇ ਇਸ ਦੇ ਇਸ਼ਤਿਹਾਰ ਅੰਮ੍ਰਿਤਸਰ ਦੀਆਂ ਕੰਧਾਂ 'ਤੇ ਲਾਏ ਗਏ ਸਨ। ਅਬੂ ਸਈਦ ਕੁਰੈਸ਼ੀ ਦੇ ਸ਼ਬਦਾਂ ਵਿਚ, 'ਇਸ਼ਤਿਹਾਰ ਲਾਉਣ ਮਗਰੋਂ ਮੈਂ ਤੇ ਅੱਬਾਸ ਦੋਵੇਂ ਸਾਰੀ-ਸਾਰੀ ਰਾਤ ਗ੍ਰਿਫਤਾਰ ਹੋ ਜਾਣ ਦੇ ਡਰੋਂ ਅੱਧੇ ਸੁੱਤੇ, ਅੱਧੇ ਜਾਗਦੇ ਰਹਿੰਦੇ। ਸਵੇਰੇ ਉਠਦੇ ਤਾਂ ਦੇਖਦੇ, ਅੰਮ੍ਰਿਤਸਰ ਦੀਆਂ ਕੰਧਾਂ 'ਤੇ ਜ਼ਾਰਸ਼ਾਹੀ ਦੇ ਤਾਬੂਤ ਵਿਚ ਆਖਰੀ ਕਿੱਲ ਠੋਕਣ ਵਾਲੇ ਇਸ਼ਤਿਹਾਰ ਕੁਝ ਤਾਂ ਉਖੜ ਗਏ ਤੇ ਮਰਦਾਨਾ ਤਾਕਤ ਦੀਆਂ ਦਵਾਈਆਂ ਦੇ ਪੋਸਟਰਾਂ ਥੱਲੇ ਦੱਬ ਗਏ। ਪੁਲਿਸ ਨੇ ਇਹ ਇਸ਼ਤਿਹਾਰ ਦੇਖੇ ਤਾਂ ਉਨ੍ਹਾਂ ਫੜੋ-ਫੜਾਈ ਸ਼ੁਰੂ ਕਰ ਦਿੱਤੀ। ਉਨ੍ਹਾਂ ਨੂੰ ਫਿਕਰ ਹੋਣ ਲੱਗੀ ਪਰ ਖਵਾਜਾ ਅਬਦੁਲ ਹਮੀਦ (ਰਿਟਾਇਰਡ ਡੀ. ਐਸ. ਪੀ.) ਨੇ ਪੁਲਿਸ ਦੇ ਸਫੈਦਪੋਸ਼ਾਂ ਨੂੰ ਇਹ ਕਹਿ ਕੇ ਵਾਪਸ ਭੇਜ ਦਿਤਾ ਕਿ 'ਉਹ ਤਾਂ ਆਪਣੇ ਬੱਚੇ ਹਨ, ਮੀਆਂ! ਜਾਉ ਤੇ ਆਪਣਾ ਕੰਮ ਕਰੋ।' ਇਉਂ ਗੱਲ ਟਲ ਗਈ। ਜੇ ਪੁਲਿਸ ਨੇ ਫੜੋ-ਫੜਾਈ ਕੀਤੀ ਹੁੰਦੀ ਤਾਂ ਮੰਟੋ ਵਿਚ ਭਗਤ ਸਿੰਘ ਬਣਨ ਦੀ ਪੂਰੀ ਸਮਰੱਥਾ ਸੀ। ਇਹੀ ਉਹ ਦਿਨ ਸਨ ਜਦੋਂ ਮੰਟੋ ਦੋਸਤਾਂ ਨਾਲ



*ਮੰਟੋ ਦੀ ਬਚਪਨ ਦੀ ਤਸਵੀਰ*

ਮਿਲ ਕੇ ਰੂਸ ਪਹੁੰਚਣ ਦੀਆਂ ਵਿਉਂਤਾਂ ਬਣਾਉਂਦਾ ਹੁੰਦਾ ਸੀ, 'ਅਸੀਂ ਅੰਮ੍ਰਿਤਸਰ ਨੂੰ ਹੀ ਮਾਸਕੋ ਮੰਨ ਲਿਆ ਸੀ ਤੇ ਉਸ ਦੇ ਗਲੀ-ਕੂਚਿਆਂ ਵਿਚ ਜ਼ਾਲਮ ਹੁਕਮਰਾਨਾਂ ਨੂੰ ਦਰਦਨਾਕ ਅੰਜਾਮ ਦੇਖਣਾ ਚਾਹੁੰਦੇ ਸੀ। ਸਾਡੇ ਖਲੀਫਾ ਸਾਹਿਬ, ਯਾਨਿ ਬਾਰੀ ਅਲੀਗ ਜੇ ਬੁਜ਼ਦਿਲ ਨਾ ਹੁੰਦੇ ਤਾਂ ਯਕੀਨਨ ਅਸੀਂ ਚਾਰੇ ਜਣੇ ਉਸੇ ਜ਼ਮਾਨੇ ਵਿਚ ਇਨ੍ਹਾਂ ਖਿਡੌਣਿਆਂ ਨਾਲ ਆਪਣਾ ਜੀਅ ਬਹਿਲਾਉਣ ਦੇ ਜੁਰਮ ਵਿਚ ਫਾਂਸੀ ਚੜ੍ਹ ਗਏ ਹੁੰਦੇ ਤੇ ਅੰਮ੍ਰਿਤਸਰ ਦੀ ਖੂਨੀ ਤਵਾਰੀਖ ਵਿਚ ਅਜਿਹੇ ਸ਼ਹੀਦਾਂ ਦੇ ਨਾਂ ਦਾ ਵਾਧਾ ਹੋ ਗਿਆ ਹੁੰਦਾ ਜੋ ਹੁਣ ਪੂਰੀ ਇਮਾਨਦਾਰੀ ਨਾਲ ਕਹਿ ਸਕਦੇ ਹਨ ਕਿ ਉਨ੍ਹਾਂ ਨੂੰ ਉਸ ਵੇਲੇ ਆਪਣੇ ਜੋਸ਼ ਦੀ ਦਿਸ਼ਾ ਦਾ ਸਹੀ ਇਲਮ ਨਹੀਂ ਸੀ।'

ਇਹ ਤਾਂ ਸਾਫ ਹੈ ਕਿ ਮੰਟੋ ਕਿਸੇ ਇਕ ਥਾਂ ਟਿਕ ਕੇ ਬੈਠ ਨਹੀਂ ਸੀ ਸਕਦਾ। ਉਸ ਦੇ ਪੈਰਾਂ ਵਿਚ ਪਾਰਾ ਸੀ ਤੇ ਸੁਭਾਅ ਵਿਚ ਕਮਾਲ ਦੀ ਤੇਜ਼ੀ। ਰੁਕਣ ਅਤੇ ਠਹਿਰਨ ਦੀ ਥਾਂ ਚੱਲਣ ਅਤੇ ਅੱਗੇ ਵਧਣ ਦੀ ਰੁਚੀ ਉਸ ਅੰਦਰ ਕਮਾਲ ਦੀ ਸੀ। ਕਿਸੇ ਪੜਾਅ 'ਤੇ ਰੁਕਣਾ ਸਵੀਕਾਰ ਹੀ ਨਹੀਂ ਸੀ। ਕੋਈ ਨਾ ਕੋਈ ਕਾਰਨ ਬਣ ਜਾਂਦਾ ਜਾਂ ਉਹ ਬਣਾ ਲੈਂਦਾ ਕਿ ਇਕ ਥਾਂ ਤੋਂ ਦੂਜੀ ਥਾਂ ਇਵੇਂ ਭੱਜਿਆ ਜਾਂਦਾ ਜਿਵੇਂ ਪਹਿਲਾਂ ਵਾਲੀ ਥਾਂ ਨਾਲ ਕੋਈ ਸਬੰਧ ਹੀ ਨਾ ਹੋਵੇ। ਬੇਚੈਨੀ ਉਸ ਨੂੰ ਹਰ ਵੇਲੇ ਘੇਰੀ ਰੱਖਦੀ। ਜਿਥੇ ਕਿਤੇ ਉਹ ਅਨਿਆਂ ਅਤੇ ਜ਼ੁਲਮ ਹੁੰਦਾ ਦੇਖਦਾ, ਉਸ ਦੀ ਅੰਤਰ-ਆਤਮਾ ਤੜਫ ਉਠਦੀ ਤੇ ਉਹ ਵਿਦਰੋਹ ਦੇ ਰਸਤੇ 'ਤੇ ਚਲ ਪੈਂਦਾ।

ਸਵਾਲ ਇਹ ਨਹੀਂ ਕਿ ਉਸ ਨੇ 'ਨਯਾ ਕਨੂੰਨ' ਤੇ ਹੋਰ ਅਜਿਹੇ ਅਫਸਾਨਿਆਂ ਵਿਚ ਜ਼ੁਲਮ ਅਤੇ ਸ਼ੋਸ਼ਣ ਖਿਲਾਫ ਸੰਵੇਦਨਸ਼ੀਲ ਮਨੁੱਖ ਦੀ ਅੰਤਰ-ਆਤਮਾ ਦੀ ਛਟਪਟਾਹਟ ਪੇਸ਼ ਕੀਤੀ, ਸਗੋਂ ਸਿਆਸੀ-ਸਮਾਜਕ ਹਾਲਾਤ ਦੀਆਂ ਕਰਤੂਤਾਂ ਬਾਰੇ ਛਟਪਟਾਹਟ ਅਤੇ ਗੁੱਸੇ ਦੀ ਭਾਵਨਾ ਉਸ ਵਿਚ ਬਚਪਨ ਤੋਂ ਪਲਦੀ ਰਹੀ ਸੀ ਜੋ ਇਨ੍ਹਾਂ ਕਹਾਣੀਆਂ ਵਿਚ ਵਿਦਰੋਹ ਦੇ ਰੂਪ ਵਿਚ ਸਾਹਮਣੇ ਆਈ।

'ਮਸਾਵਤ' ਬੰਦ ਹੋਣ 'ਤੇ ਬਾਰੀ ਸਾਹਿਬ ਲਾਹੌਰ ਦੀ ਕਿਸੇ ਅਖਬਾਰ ਵਿਚ ਚਲੇ ਗਏ। ਤਿੰਨ ਮਹੀਨਿਆਂ ਦੇ ਉਨ੍ਹਾਂ ਦੇ ਸਾਥ ਨੇ ਮੰਟੋ ਵਿਚ ਵਿਸ਼ੇਸ਼ ਤਬਦੀਲੀ ਲਿਆ ਦਿੱਤੀ ਸੀ। ਉਨ੍ਹਾਂ ਦੇ ਚਲੇ ਜਾਣ ਬਾਅਦ ਮੰਟੋ ਨੂੰ ਖਾਲੀ-ਖਾਲੀ ਮਹਿਸੂਸ ਹੋਣ ਲੱਗਾ। ਸਵਾਲ ਸੀ, ਹੁਣ ਉਹ ਕਿਹਦੇ ਨਾਲ ਗੱਲ ਕਰੇ? ਦਿਲ-ਦਿਮਾਗ ਦੀ ਬੇਚੈਨੀ ਕਿਹਦੇ ਨਾਲ ਸਾਂਝੀ ਕਰੇ? ਬਾਰੀ ਸਾਹਿਬ ਦੀ ਗੈਰ-ਹਾਜ਼ਰੀ ਉਸ ਨੂੰ ਤੰਗ ਕਰਦੀ ਪਰ ਉਸ ਨੂੰ ਪੜ੍ਹਨ-ਲਿਖਣ ਦਾ ਅਜਿਹਾ ਚਸਕਾ ਲੱਗ ਗਿਆ ਸੀ ਕਿ ਉਹ ਬਾਰੀ ਸਾਹਿਬ ਨੂੰ ਯਾਦ ਕਰਦਾ ਨਵੀਆਂ ਤੋਂ ਨਵੀਆਂ ਕਿਤਾਬਾਂ ਪੜ੍ਹਦਾ ਰਹਿੰਦਾ। ਉਸ ਨੇ ਸਾਹਿਤਕ ਰਚਨਾ ਦੀ ਸ਼ੁਰੂਆਤ ਵਿਕਟਰ ਹਿਊਗੋ, ਆਸਕਰ ਵਾਈਲਡ, ਚੈਖੋਵ ਅਤੇ ਗੋਰਕੀ ਜਿਹੇ ਲੇਖਕਾਂ ਦੀਆਂ ਰਚਨਾਵਾਂ ਦੇ ਅਧਿਐਨ ਅਤੇ ਅਨੁਵਾਦ ਤੋਂ ਕੀਤੀ ਸੀ। ਸੰਸਾਰ ਦੇ ਵੱਡੇ ਲੇਖਕਾਂ ਅਤੇ ਉਨ੍ਹਾਂ ਦੇ ਵਿਚਾਰਾਂ ਅਤੇ ਰਚਨਾ ਪ੍ਰਕਿਰਿਆਵਾਂ ਨਾਲ ਇਹ ਉਸ ਦਾ ਪਹਿਲਾ ਮੇਲ ਸੀ। ਇਨ੍ਹਾਂ ਲੇਖਕਾਂ ਨੇ ਉਸ ਦੇ ਰਚਨਾ-ਮਨ ਵਿਚ ਖਲਬਲੀ ਮਚਾਈ ਤੇ ਕੁਝ ਨਵਾਂ ਕਰਨ ਅਤੇ ਲਿਖਣ ਦੀ ਤੜਫ ਪੈਦਾ ਕੀਤੀ। ਉਹ ਲੰਮੇ ਸਮੇਂ ਤਕ ਇਨ੍ਹਾਂ ਲੇਖਕਾਂ ਦੇ ਪ੍ਰਭਾਵ ਹੇਠ ਰਿਹਾ।

ਇਹ ਉਹ ਦੌਰ ਸੀ ਜਦੋਂ ਉਸ ਵਿਚ ਕ੍ਰਾਂਤੀਕਾਰੀ, ਖੱਬੇ ਪੱਖੀ ਅਤੇ ਸਮਾਜਕ ਝੁਕਾਅ ਸਾਫ ਨਜ਼ਰ ਆਉਂਦੇ ਸਨ। ਬਾਰੀ ਸਾਹਿਬ ਦਾ ਹੱਥ ਮੰਟੋ ਦੀ ਪਿੱਠ 'ਤੇ ਸੀ। ਉਨ੍ਹਾਂ ਜਦੋਂ 'ਖਲਕ' ਅਖਬਾਰ ਦੀ ਯੋਜਨਾ ਬਣਾਈ ਤਾਂ ਇਸ ਦੇ ਪਹਿਲੇ ਅੰਕ ਵਿਚ ਬਾਰੀ ਸਾਹਿਬ ਦਾ ਲੇਖ ਛਪਿਆ ਸੀ, 'ਹੀਗਲ ਤੋਂ ਲੈ ਕੇ ਕਾਰਲ ਮਾਰਕਸ ਤਕ'। ਇਸ ਅੰਕ ਵਿਚ ਅਬੂ ਸਈਦ ਕੁਰੈਸ਼ੀ ਦਾ ਇਨਕਲਾਬੀ ਲੇਖ 'ਮਜ਼ਦੂਰ' ਫਰਜ਼ੀ ਨਾਂ ਨਾਲ ਛਪਿਆ। ਮੰਟੋ ਦੀ ਪਹਿਲੀ ਕਹਾਣੀ 'ਤਮਾਸ਼ਾ' ਵੀ ਇਸੇ ਵਿਚ ਪ੍ਰਕਾਸ਼ਿਤ ਹੋਈ ਜਿਸ ਵਿਚ ਉਸ ਨੇ ਆਪਣਾ ਨਾਂ ਇਹ ਸੋਚ ਕੇ ਨਹੀਂ ਸੀ ਦਿੱਤਾ ਕਿ ਲੋਕ ਮਜ਼ਾਕ ਉਡਾਉਣਗੇ। 'ਜਦੋਂ ਇਸ ਅਖਬਾਰ ਦਾ ਪਹਿਲਾ ਅੰਕ ਸਤਾਈ ਬਰਕੀ ਪ੍ਰੈਸ ਤੋਂ ਮੈਂ ਅਤੇ ਬਾਰੀ ਸਾਹਿਬ ਮੋਢਿਆਂ 'ਤੇ ਚੁੱਕ ਕੇ ਲਿਆਏ ਤਾਂ ਉਸ ਦੀ ਛਪਾਈ ਤੋਂ ਅਸੀਂ ਬਹੁਤ ਸੰਤੁਸ਼ਟ ਸੀ।' ਮੰਟੋ ਦੀ ਖੁਸ਼ੀ ਦਾ ਠਿਕਾਣਾ ਨਹੀਂ ਸੀ, ਇਕ ਤਾਂ ਇਸ ਲਈ ਕਿ 'ਖਲਕ' ਵਿਚ ਉਸ ਦੀ ਪਹਿਲੀ ਕਹਾਣੀ ਛਪੀ ਸੀ, ਦੂਜਾ ਇਸ ਲਈ ਕਿ ਉਸੇ ਦੇ ਯਤਨਾਂ ਨਾਲ 'ਖਲਕ' ਬਹੁਤ ਖੂਬਸੂਰਤ ਛਪਿਆ ਸੀ, 'ਮੈਂ ਅਤੇ ਅੱਬਾਸ ਇੰਦਾਂ ਮਹਿਸੂਸ ਕਰਦੇ ਸਾਂ ਜਿਵੇਂ ਅਸੀਂ ਕੋਈ ਵੱਡਾ ਕਾਰਨਾਮਾ ਕਰ ਲਿਆ ਹੈ। ਕੱਟੜਾ ਜੈਮਲ ਸਿੰਘ ਅਤੇ ਹਾਲ ਬਾਜ਼ਾਰ ਵਿਚ ਅਸੀਂ ਸ਼ਾਨ ਨਾਲ ਚੱਲਦੇ ਪਰ ਹੌਲੀ-ਹੌਲੀ ਸਾਨੂੰ ਮਹਿਸੂਸ ਹੋਇਆ ਕਿ ਅੰਮ੍ਰਿਤਸਰ ਦੀਆਂ ਨਜ਼ਰਾਂ ਵਿਚ ਅਸੀਂ ਉਹੀ ਅਵਾਰਾਗਰਦ ਹਾਂ। ਪਾਨ-ਸਿਗਰਟ ਵਾਲੇ ਪਹਿਲਾਂ ਵਾਂਗ ਹੀ ਪੈਸੇ ਦਾ ਤਕਾਜ਼ਾ ਕਰਦੇ ਤੇ ਖਾਨਦਾਨ ਦੇ ਬਜ਼ੁਰਗ ਆਪਣਾ ਫੈਸਲਾ ਸੁਣਾਉਂਦੇ ਕਿ ਸਾਡੇ ਲੱਛਣ ਚੰਗੇ ਨਹੀਂ ਹਨ।'

ਮੰਟੋ ਦੇ ਉਸ ਦੌਰ ਦੇ ਝੁਕਾਅ ਤੇ ਤਣਾਅ, ਜਲ੍ਹਿਆਂਵਾਲਾ ਬਾਗ ਤੇ ਬ੍ਰਿਟਿਸ਼ ਸਾਮਰਾਜ ਦੇ ਕਾਲੇ ਕਾਰਨਾਮੇ ਕਹਾਣੀ 'ਤਮਾਸ਼ਾ' ਵਿਚ ਪ੍ਰਭਾਵਸ਼ਾਲੀ ਤੌਰ 'ਤੇ ਪੇਸ਼ ਹੋਏ ਸਨ। ਇਸ ਨੂੰ ਦੇਖ ਕੇ ਖੁਫੀਆ ਪੁਲਿਸ ਦੇ ਕੰਨ ਖੜ੍ਹੇ ਹੋ ਗਏ ਅਤੇ ਉਹ ਬਾਰੀ ਅਲੀਗ ਤੇ ਮੰਟੋ ਨੂੰ ਲੱਭਦੀ ਕੂਚਾ ਵਕੀਲਾਂ ਵਿਚ ਮੰਟੋ ਦੇ ਘਰ ਆ ਧਮਕੀ। ਜਿਵੇਂ-ਕਿਵੇਂ ਮੰਟੋ ਦੇ ਜੀਜੇ ਖਵਾਜਾ ਅਬਦੁਲ ਹਮੀਦ ਨੇ ਮਾਮਲੇ ਨੂੰ ਰਫਾ-ਦਫਾ ਕਰਵਾਇਆ।

ਇਨ੍ਹਾਂ ਦਿਨਾਂ ਵਿਚ ਮੰਟੋ 'ਆਲਮਗੀਰ' ਦੇ ਰੂਸੀ ਸਾਹਿਤ ਵਿਸ਼ੇਸ਼ ਅੰਕ ਦੀ ਤਿਆਰੀ ਵਿਚ ਜੀ-ਜਾਨ ਨਾਲ ਜੁਟ ਗਿਆ। ਇਸ ਅੰਕ ਲਈ ਰਚਨਾਵਾਂ ਦੇ ਅਨੁਵਾਦ ਵਿਚ ਅਬੂ ਸਈਦ ਕੁਰੈਸ਼ੀ ਅਤੇ ਹਸਨ ਅੱਬਾਸ ਨੇ ਬੜੀ ਮਦਦ ਕੀਤੀ। ਇਹ ਵਿਸ਼ੇਸ਼ ਅੰਕ ਜਦੋਂ ਆਇਆ ਤਾਂ ਬਹੁਤ ਚਰਚਿਤ ਹੋਇਆ। ਇਸ ਦੌਰ ਵਿਚ ਉਸ ਨੇ ਰੂਸੀ ਕਹਾਣੀਆਂ ਦਾ ਅਨੁਵਾਦ ਕੀਤਾ, 'ਰੂਸੀ ਅਫਸਾਨੇ।' ਰੂਸੀ ਸਾਹਿਤ 'ਤੇ ਉਸ ਨੇ ਕਈ ਲੇਖ ਵੀ ਲਿਖੇ ਜਿਨ੍ਹਾਂ ਕਾਰਨ ਉਹ ਕਾਮਰੇਡ ਅਤੇ ਚਿੰਤਕ ਵਜੋਂ ਵੀ ਜਾਣਿਆ ਜਾਣ ਲੱਗਾ। ਅਬੂ ਸਈਦ ਕੁਰੈਸ਼ੀ ਦੇ ਹਵਾਲੇ ਨਾਲ ਕਹਿ ਸਕਦੇ ਹਾਂ ਕਿ 'ਆਲਮਗੀਰ' ਦੇ ਵਿਸ਼ੇਸ਼ ਅੰਕ ਦੇ ਬਾਅਦ ਉਸ ਨੇ 'ਹਮਾਯੂੰ' ਦਾ ਫਰਾਂਸੀਸੀ ਸਾਹਿਤ ਵਿਸ਼ੇਸ਼ ਅੰਕ ਕੱਢਿਆ ਜੋ ਹੱਥੋ-ਹੱਥ ਵਿਕ ਗਿਆ।

ਮੰਟੋ ਦਾ ਦੁਨੀਆਂ ਭਰ ਦੇ ਵਿਚਾਰਾਂ ਤੋਂ ਜਾਣੂ ਹੋਣਾ, ਸੰਸਾਰ ਦੇ ਉਚਕੋਟੀ ਦੇ ਕਵੀਆਂ, ਨਾਟਕਕਾਰਾਂ, ਨਾਵਲਕਾਰਾਂ ਅਤੇ ਚਿੰਤਕਾਂ ਦੀਆਂ ਅੰਦਰੂਨੀ-ਬਾਹਰੀ ਯਾਤਰਾਵਾਂ ਵਿਚ ਸ਼ਰੀਕ ਹੋਣਾ, ਉਹਦੇ ਲਈ ਡੂੰਘਾ ਅਨੁਭਵ ਸੀ, ਜਿਸ ਨੂੰ ਉਹ ਆਪਣੇ ਅੰਤਰਮਨ ਵਿਚ ਜਜ਼ਬ ਕਰਦਾ ਗਿਆ, ਜੋ ਬਾਅਦ ਵਿਚ ਵਕਤ ਆਉਣ 'ਤੇ ਉਸ ਦੇ ਅਫਸਾਨਿਆਂ ਅਤੇ ਦੂਜੀਆਂ ਰਚਨਾਵਾਂ ਦਾ ਠੋਸ ਆਧਾਰ ਬਣਿਆ।

ਬਚਪਨ ਤੋਂ ਅੱਲ੍ਹੜ ਉਮਰ ਅਤੇ ਫਿਰ ਜਵਾਨੀ ਤਕ ਮੰਟੋ ਨੇ ਦੁਨੀਆਂ ਦੇ ਹਰ ਤਰ੍ਹਾਂ ਦੇ ਅਨੁਭਵ ਪ੍ਰਾਪਤ ਕੀਤੇ। ਸਕੂਲ ਅਤੇ ਕਾਲਜ ਦੀ ਥਾਂ ਜ਼ਿੰਦਗੀ ਦੀ ਪਾਠਸ਼ਾਲਾ ਤੋਂ ਉਸ ਨੇ ਬਹੁਤ ਕੁਝ ਸਿੱਖਿਆ। ਭਾਂਤ-ਭਾਂਤ ਦੇ ਮਨੁੱਖੀ ਵਤੀਰਿਆਂ ਅਤੇ ਕਿਰਦਾਰਾਂ ਦੀ ਵੰਨ-ਸਵੰਨਤਾ ਨੂੰ ਉਸ ਨੇ ਦੇਖਿਆ ਤੇ ਸਮਝਿਆ ਹੀ ਨਹੀਂ, ਉਨ੍ਹਾਂ ਨੂੰ ਲੈ ਕੇ ਉਸ ਦੇ ਮਨ ਵਿਚ ਗੰਭੀਰ ਚਿੰਤਨ ਵੀ ਚਲਦਾ

**(ਬਾਕੀ ਅਗਲੇ ਸਫੇ 'ਤੇ)**

# ਮਾਧੋ ਦਾਸ: ਬੈਰਾਗੀ ਤੋਂ ਸਿੱਖ ਸਜਣ ਵੱਲ ਪੇਸ਼ਕਦਮੀ

***ਪੁਣਛ ਦੇ ਨੌਜਵਾਨ ਲਛਮਣ ਦੇਵ ਤੋਂ ਮਾਧੋ ਦਾਸ, ਤੇ ਫਿਰ ਬੰਦਾ ਸਿੰਘ ਬਹਾਦਰ ਬਣਨ ਵਾਲੇ ਇਸ ਜਿਉੜੇ ਦੀ ਜੀਵਨ ਕਹਾਣੀ ਬੇਹੱਦ ਅਦਭੁੱਤ ਅਤੇ ਘਟਨਾਵਾਂ ਭਰਪੂਰ ਹੈ। ਉਹਦਾ ਬੇਚੈਨ ਮਨ ਉਸ ਨੂੰ ਬਹੁਤ ਥਾਈਂ ਲੈ ਕੇ ਗਿਆ ਪਰ ਗੁਰੂ ਗੋਬਿੰਦ ਸਿੰਘ ਨਾਲ ਮਿਲਣੀ ਤੋਂ ਬਾਅਦ ਉਸ ਨੂੰ ਆਪਣੀ ਜ਼ਿੰਦਗੀ ਦਾ ਅਸਲ ਮਕਸਦ ਮਿਲ ਗਿਆ। ਉਘੇ ਲਿਖਾਰੀ ਸੁਰਜੀਤ ਸਿੰਘ ਪੰਛੀ ਨੇ ਆਪਣੇ ਇਸ ਖੋਜ ਭਰਪੂਰ ਲੇਖ ਵਿਚ ਮਾਧੋ ਦਾਸ ਦੀ ਗੁਰੂ ਜੀ ਨਾਲ ਮਿਲਣੀ ਤੋਂ ਪਹਿਲਾਂ ਦੇ ਜੀਵਨ-ਸਫਰ ਬਾਰੇ ਝਾਤੀ ਪੁਆਈ ਹੈ। -ਸੰਪਾਦਕ***

**ਸੁਰਜੀਤ ਸਿੰਘ ਪੰਛੀ**

ਬੰਦਾ ਸਿੰਘ ਬਹਾਦਰ ਦੇ ਪਿਤਾ ਰਾਮ ਦੇਵ ਨੇ ਉਸ ਦਾ ਨਾਂ ਲਛਮਣ ਦੇਵ ਰੱਖਿਆ। ਪੁਣਛ ਦਾ ਇਲਾਕਾ ਪਛੜਿਆ ਹੋਣ ਕਰ ਕੇ ਉਹ ਬਚਪਨ ਵਿਚ ਵਿੱਦਿਆ ਤੋਂ ਕੋਰਾ ਰਹਿ ਗਿਆ। ਦੂਜੇ ਮੁੰਡਿਆਂ ਵਾਂਗ ਉਸ ਨੂੰ ਸ਼ਿਕਾਰ, ਘੋੜ-ਸਵਾਰੀ ਤੇ ਤੀਰ-ਅੰਦਾਜ਼ੀ ਦਾ ਸ਼ੌਕ ਸੀ। ਮਾਤਾ-ਪਿਤਾ ਵੱਲੋਂ ਵਿਰਸੇ ਵਿਚ ਮਿਲੇ ਸੰਸਕਾਰਾਂ ਕਾਰਨ ਉਹ ਨਰਮ ਦਿਲ, ਜਜ਼ਬਾਤੀ ਤੇ ਸੰਵੇਦਨਸ਼ੀਲ ਸੀ। ਉਸ ਨਾਲ ਇਕ ਕਹਾਣੀ, ਗਰਭਵਤੀ ਹਿਰਨੀ ਨੂੰ ਮਾਰਨ 'ਤੇ ਉਸ ਦੇ ਬੱਚਿਆਂ ਨੂੰ ਤੜਫਦੇ ਦੇਖ ਉਸ ਦਾ ਮਨ ਅਹਿੰਸਾ ਵੱਲ ਮੋੜਾ ਖਾਣ ਨਾਲ ਜੁੜੀ ਹੋਈ ਹੈ।

ਉਨ੍ਹਾਂ ਦਿਨਾਂ ਵਿਚ ਸੰਤ-ਮਹਾਤਮਾ ਤੇ ਜੋਗੀ ਆਦਿ ਕਸ਼ਮੀਰ ਵਿਚਲੇ ਤੀਰਥਾਂ ਦੀ ਯਾਤਰਾ ਲਈ ਜਾਂਦੇ ਜਾਂ ਮੁੜਦੇ ਹੋਏ ਰਾਜੌਰੀ ਵਿਚ ਠਹਿਰਦੇ ਸਨ। ਬੰਦਾ ਸਿੰਘ ਬਹਾਦਰ ਉਨ੍ਹਾਂ ਸਾਧੂਆਂ ਦੀ ਸੰਗਤ ਕਰਨ ਲੱਗ ਪਿਆ। ਜਾਨਕੀ ਦਾਸ ਬੈਰਾਗੀ ਯਾਤਰਾ ਕਰਦਿਆਂ ਰਾਜੌਰੀ ਠਹਿਰਿਆ। ਉਸ ਦੇ ਉਪਦੇਸ਼ਾਂ ਨੇ ਉਸ ਨੂੰ ਇਸ ਕਦਰ ਕੀਲ ਲਿਆ ਕਿ ਉਹ ਘਰ-ਘਾਟ ਛੱਡ ਕੇ ਉਸ ਦੀ ਮੰਡਲੀ ਵਿਚ ਰਲ ਗਿਆ। ਇਹ ਗੁਰਦਾਸਪੁਰ, ਹੁਸ਼ਿਆਰਪੁਰ ਹੁੰਦੇ ਹੋਏ ਪਹਾੜਾਂ ਤੇ ਜੰਗਲਾਂ ਨੂੰ ਗਾਹੁੰਦੇ ਸਿਰਮੌਰ ਦੇ ਇਲਾਕੇ ਵਿਚ ਘੁੰਮਦੇ ਰਹੇ। ਜਾਨਕੀ ਦਾਸ ਨਾਲ ਮਿਲਾਪ ਕਾਰਨ ਉਸ ਦਾ ਮਨ ਮੀਟ ਅਤੇ ਸ਼ਰਾਬ ਆਦਿ ਨੂੰ ਘ੍ਰਿਣਾ ਕਰਨ ਲੱਗ ਪਿਆ।

1686 ਦੇ ਵਿਸਾਖੀ ਮੇਲੇ ਸਮੇਂ ਜਾਨਕੀ ਦਾਸ ਦੀ ਇਹ ਮੰਡਲੀ ਕਸੂਰ ਨੇੜੇ ਬਾਬਾ ਰਾਮ ਥੰਮਣ ਦੇ ਡੇਰੇ ਪੁੱਜੀ। ਉਥੇ ਗੁਰੂ ਨਾਨਕ ਦੇਵ ਜੀ ਦੇ ਰਿਸ਼ਤੇਦਾਰ ਬਾਬਾ ਰਾਮ ਥੰਮਣ ਦੀ ਸਮਾਧ ਹੈ। ਉਥੇ ਮੇਲੇ ਸਮੇਂ ਸਾਧੂਆਂ ਦੀਆਂ ਮੰਡਲੀਆਂ ਆਉਂਦੀਆਂ ਹਨ।

ਸਵਾਮੀ ਰਾਮਦਾਸ ਸਮਰੱਥ ਸਵਾਮੀ ਰਾਮਾਨੰਦ ਦਾ ਚੇਲਾ ਸੀ ਜੋ ਵੈਸ਼ਨਵ ਬਿਰਾਗੀ ਸੀ। ਐਮ. ਐਸ. ਚਾਂਦਲਾ ਅਨੁਸਾਰ ਸਵਾਮੀ ਰਾਮਦਾਸ ਸਮਰੱਥ ਗੁਰੂ ਹਰਿਗੋਬਿੰਦ ਸਾਹਿਬ ਨੂੰ ਸ੍ਰੀਨਗਰ (ਗੜ੍ਹਵਾਲ) ਦੇ ਸਥਾਨ 'ਤੇ ਮਿਲਿਆ ਸੀ। ਸਵਾਮੀ ਸ਼ਿਵਾ ਜੀ ਦਾ ਵੀ ਗੁਰੂ ਸੀ। ਗੁਰੂ ਜੀ ਸ਼ਾਹੀ ਪਹਿਰਾਵੇ ਵਿਚ ਠਾਠ ਨਾਲ ਘੋੜੇ 'ਤੇ ਸਵਾਰ ਸਨ ਅਤੇ ਵੱਡੀ ਗਿਣਤੀ ਵਿਚ ਆਪਣੇ ਹਥਿਆਰਬੰਦ ਸਿੱਖਾਂ ਨਾਲ ਸ਼ਿਕਾਰ ਖੇਡ ਰਹੇ ਸਨ। ਉਸ ਨੇ ਅਚੰਭੇ ਨਾਲ ਗੁਰੂ ਜੀ ਨੂੰ ਕਿਹਾ, "ਨਾਨਕ ਕੀ ਗਾਦੀ ਦੇ ਵਾਰਸ ਹੋ, ਕਿਆ ਯਹ ਠਾਠ-ਬਾਠ ਆਪ ਕੋ ਸ਼ੋਭਾ ਦੇਤਾ ਹੈ?" ਗੁਰੂ ਜੀ ਨੇ ਉਤਰ ਦਿੱਤਾ, "ਜ਼ਾਹਿਰਾ ਅਮੀਰੀ, ਬਾਤਨ ਫਕੀਰੀ, ਗੁਰੂ ਨਾਨਕ ਨੇ ਮਾਇਆ ਤਿਆਗੀ ਥੀ, ਸੰਸਾਰ ਨਹੀਂ ਤਿਆਗਾ ਥਾ।" ਸਵਾਮੀ ਨੇ ਖੁਸ਼ ਹੋ ਕੇ ਕਿਹਾ, "ਯਹ ਬਾਤ ਹਮਾਰੇ ਮਨ ਭਾਵਤੀ ਹੈ।"

ਸ਼ਿਵਾ ਜੀ ਨੇ ਸਵਾਮੀ ਨੂੰ ਉਤਰੀ ਭਾਰਤ ਵਿਚ ਆਪਣੀਆਂ ਕਾਰਵਾਈਆਂ ਤੇਜ਼ ਕਰ ਦੇਣ ਲਈ ਕਿਹਾ ਤਾਂ ਕਿ ਔਰੰਗਜ਼ੇਬ ਅਤੇ ਉਸ ਦੀ ਫੌਜ, ਆਪਣਾ ਸਾਰਾ ਧਿਆਨ ਦੱਖਣ ਵੱਲ ਨਾ ਲਾ ਸਕਣ। ਸਵਾਮੀ ਨੇ ਬੇਨਤੀ ਮੰਨਦਿਆਂ ਉਤਰੀ ਭਾਰਤ ਵਿਚ ਫਿਰ-ਤੁਰ ਕੇ ਪ੍ਰਚਾਰ ਕਰਨਾ ਸ਼ੁਰੂ ਕੀਤਾ। ਸਵਾਮੀ ਵੱਖ-ਵੱਖ ਬੈਰਾਗੀ ਡੇਰਿਆਂ ਦਾ ਭ੍ਰਮਣ ਕਰਦਾ ਹੋਇਆ ਵਿਸਾਖੀ ਦੇ ਮੇਲੇ ਮੌਕੇ 1686 ਵਿਚ ਰਾਮ ਥੰਮਣ ਜਾ ਪਹੁੰਚਿਆ ਤਾਂ ਕਿ ਉਥੇ ਆਏ ਬੈਰਾਗੀ ਮੁਖੀਆਂ ਨਾਲ ਵਿਚਾਰ-ਵਟਾਂਦਰਾ ਕਰ ਸਕਣ। ਉਨ੍ਹਾਂ ਦਾ ਸੰਦੇਸ਼ ਸੀ, "ਬੈਰਾਗ ਦਾ ਅਰਥ ਮੰਗਤਿਆਂ ਵਾਂਗ ਹੱਥ ਵਿਚ ਠੂਠਾ ਫੜ੍ਹ ਕੇ ਥਾਂ-ਥਾਂ ਮੰਗਦੇ ਫਿਰਨਾ ਨਹੀਂ ਹੈ। ਆਪਣੀਆਂ ਸਮਾਜਕ ਅਤੇ ਨੈਤਿਕ ਜ਼ਿੰਮੇਵਾਰੀਆਂ ਵੱਲੋਂ ਭੱਜਣਾ ਨਹੀਂ ਹੈ। ਦੁਨੀਆਵੀ ਵਸਤਾਂ ਦਾ ਮੋਹ ਤਿਆਗਣਾ ਹੈ। ਇਸ ਦਾ ਅਰਥ ਦੁਨਿਆਵੀ ਬੰਧਨਾਂ ਤੋਂ ਆਜ਼ਾਦ ਹੋ ਕੇ ਦੇਸ਼ ਕੌਮ ਦੇ ਮਾਣ ਸਤਿਕਾਰ ਤੇ ਆਜ਼ਾਦੀ ਲਈ ਲੜ ਮਰਨ ਲਈ ਤਿਆਰ ਹੋਣਾ ਹੈ। ਜੇ ਉਹ ਇੰਜ ਨਹੀਂ ਕਰਦਾ ਤਾਂ ਹੋਰਾਂ ਦੀ ਕਮਾਈ 'ਤੇ ਪਲਣ ਵਾਲੀ ਜੋਕ ਹੈ।"

ਇਸ ਤਰ੍ਹਾਂ ਦੇ ਭਾਸ਼ਣਾਂ ਦਾ ਬੰਦਾ ਸਿੰਘ ਬਹਾਦਰ 'ਤੇ ਬਹੁਤ ਪ੍ਰਭਾਵ ਪਿਆ। ਉਸ ਨੇ ਬੇਨਤੀ ਕੀਤੀ ਕਿ ਉਸ ਨੂੰ ਆਪਣਾ ਚੇਲਾ ਬਣਾ ਲੈਣ। ਸਵਾਮੀ ਨੇ ਪਰਖ ਤੋਂ ਪਿੱਛੋਂ ਆਪਣਾ ਚੇਲਾ ਬਣਾ ਲਿਆ ਅਤੇ ਦੀਕਸ਼ਾ ਦਿੱਤੀ। ਉਸ ਦਾ ਨਾਂ ਮਾਧੋ ਦਾਸ ਰੱਖ ਦਿੱਤਾ।

ਸ਼ਿਵਾ ਜੀ ਦੀ ਤਾਜਪੋਸ਼ੀ (6 ਜੂਨ) 16 ਜੂਨ 1674 ਨੂੰ ਹੋ ਗਈ ਸੀ। ਸ਼ਿਵਾ ਜੀ ਆਜ਼ਾਦ ਤੇ ਖੁਦਮੁਖਤਾਰ ਰਾਜਾ ਸੀ ਅਤੇ ਨੇੜਲੇ ਭਵਿਖ ਵਿਚ ਉਸ ਨੂੰ ਮੁਗਲਾਂ ਤੋਂ ਵੀ ਕੋਈ ਖਤਰਾ ਨਹੀਂ ਸੀ। ਸੋ ਉਸ ਨੇ ਆਪਣਾ ਧਿਆਨ ਦੱਖਣ ਵੱਲ ਕੀਤਾ। ਉਸ ਨੇ ਗੋਲਕੰਡਾ ਦੇ ਰਾਜੇ ਨਾਲ ਮਿਲ ਕੇ ਤਾਮਿਲਨਾਡੂ ਤੇ ਦੱਖਣ ਵਿਚ ਬੀਜਾਪੁਰ 'ਤੇ ਸਾਂਝਾ ਹਮਲਾ ਕੀਤਾ। ਉਸ ਨੇ ਆਪਣੇ ਰਾਜ ਦੀ ਸੁਰੱਖਿਆ ਅਤੇ ਮਾਲੀਏ ਦੀ ਵਸੂਲੀ ਯਕੀਨੀ ਬਣਾਉਣਾ ਸੀ। ਆਪਣੇ ਇਸ ਮੰਤਵ ਲਈ ਉਸ ਨੇ ਰਾਏਗੜ੍ਹ ਤੋਂ ਉਤਰ ਦਾ ਇਲਾਕਾ ਮੋਰੋਪੰਤ ਪੇਸ਼ਵਾ ਨੂੰ ਸੰਭਾਲ ਦਿੱਤਾ। ਮੋਰੋਪੰਤ ਸਵਾਮੀ ਜੀ ਦੇ ਡੇਰੇ ਕਤਲੀ (ਨਾਸਕ) ਵਿਚ ਆਇਆ। ਮੋਰੋਪੰਤ ਨੇ ਸਵਾਮੀ ਜੀ ਦੇ ਚੇਲਿਆਂ ਨੂੰ ਕਸਰਤ ਕਰਦਿਆਂ ਅਤੇ ਲੜਾਈ ਦਾ ਅਭਿਆਸ ਕਰਦਿਆਂ ਦੇਖਿਆ। ਚੇਲਿਆਂ ਵਿਚ ਮਾਧੋ ਦਾਸ ਨੂੰ ਲੜਾਈ ਲੜਦਿਆਂ ਚੁਸਤੀ ਤੇ ਫੁਰਤੀ ਅਤੇ ਸਰੀਰਕ ਗਠਣ ਨੇ ਉਸ ਨੂੰ ਪ੍ਰਭਾਵਿਤ ਕੀਤਾ। ਮੋਰੋਪੰਤ ਨੇ ਸਵਾਮੀ ਦੀ ਆਗਿਆ ਨਾਲ ਮਾਧੋ ਦਾਸ ਨੂੰ ਆਪਣੀ ਫੌਜ ਵਿਚ ਭਰਤੀ ਕਰ ਲਿਆ। ਮੋਰੋਪੰਤ ਦੀ ਨੌਕਰੀ ਸਮੇਂ ਉਸ ਨੇ ਮਹੱਤਵਪੂਰਨ ਯੁੱਧ ਕਲਾ, ਰੁਹੇਲਾ ਯੁੱਧ ਦੀ ਸਿਖਿਆ ਵੀ ਗ੍ਰਹਿਣ ਕੀਤੀ। ਉਸ ਨੇ ਗੋਆ ਅਤੇ ਚਾਉਲ ਦੀਆਂ ਲੜਾਈਆਂ ਵਿਚ ਵੀ ਹਿੱਸਾ ਲਿਆ ਅਤੇ ਮੁਗਲ ਫੌਜਾਂ ਨਾਲ ਕਈ ਝੜਪਾਂ ਵਿਚ ਸ਼ਾਮਿਲ ਸੀ। ਜਦੋਂ ਉਸ ਨੇ ਉਘੇ ਮਰਾਠਾ ਖਾਨਦਾਨ ਛੋਟੀਆਂ-ਛੋਟੀਆਂ ਗਰਜ਼ਾਂ ਪਿੱਛੇ ਮੁਗਲਾਂ ਨਾਲ ਰਲਦੇ ਦੇਖੇ ਤਾਂ ਉਸ ਨੂੰ ਦੁੱਖ ਹੋਇਆ। ਉਨ੍ਹਾਂ ਦੀ ਮਦਦ ਨਾਲ ਮੁਗਲਾਂ ਨੇ ਮਰਾਠਿਆਂ ਦੇ ਕਈ ਗੜ੍ਹਾਂ 'ਤੇ ਕਬਜ਼ਾ ਕਰ ਕੇ ਸ਼ੰਭਾ ਜੀ ਦੀਆਂ ਫੌਜਾਂ ਨੂੰ ਕੁਝ ਕਿਲ੍ਹਿਆਂ ਤਕ ਸੀਮਤ ਕਰ ਦਿੱਤਾ। ਵਾਹੀਯੋਗ ਜਮੀਨ 'ਤੇ ਕਬਜ਼ਾ ਕਰ ਲਿਆ। ਸ਼ੰਭਾ ਜੀ ਤੇ ਉਸ ਦੇ ਵਜ਼ੀਰ ਕਵੀ ਦਾਸ ਦੀਆਂ ਜੀਭਾਂ ਕੱਟ ਦਿੱਤੀਆਂ ਸਨ। ਦੋਵਾਂ ਨੂੰ ਗਿਆਰਾਂ ਸਾਥੀਆਂ ਸਮੇਤ 24 ਦਿਨ ਤੱਕ ਤਸੀਹੇ ਦੇ ਕੇ ਕਤਲ ਕਰ ਦਿੱਤਾ ਗਿਆ। ਉਨ੍ਹਾਂ ਦੇ ਖੋਪੜ ਵਿਚ ਫੂਸ ਭਰ ਕੇ ਦੱਖਣ ਦੇ ਸ਼ਹਿਰਾਂ ਅਤੇ ਕਸਬਿਆਂ ਵਿਚ ਵਾਜੇ-ਗਾਜੇ ਨਾਲ ਘੁੰਮਾਇਆ ਗਿਆ।

ਇਸ ਨਾਲ ਮਾਧੋ ਦਾਸ ਨੇ ਸਮਝਿਆ ਕਿ ਬਾਦਸ਼ਾਹ ਔਰੰਗਜ਼ੇਬ ਦੇ ਜਿਉਂਦਿਆਂ ਮੁਗਲ ਸਰਕਾਰ ਦਾ ਖਾਤਮਾ ਔਖਾ ਹੈ। ਜਦੋਂ ਤੱਕ ਰਾਜਾ ਜੈ ਸਿੰਘ ਤੇ ਉਸ ਦਾ ਪੁੱਤਰ ਰਾਮ ਸਿੰਘ ਅਤੇ ਹੋਰ ਰਾਜਪੂਤ ਤੇ ਜੱਟ ਜਰਨੈਲ ਔਰੰਗਜ਼ੇਬ ਨਾਲ ਹਨ ਤਾਂ ਕੋਈ ਵੀ ਹਥਿਆਰਬੰਦ ਵਿਦਰੋਹ ਲੰਮੇ ਸਮੇਂ ਤੱਕ ਲੜਿਆ ਨਹੀਂ ਜਾ ਸਕਦਾ। ਇਸੇ ਨਿਰਾਸ਼ਾ ਕਾਰਨ ਉਹ ਨੌਕਰੀ ਛੱਡ ਕੇ ਮੱਠ ਵਿਚ ਵਾਪਸ ਆ ਗਿਆ।

ਸਵਾਮੀ ਰਾਮ ਦਾਸ ਸਮਰੱਥ ਦੀ ਮੌਤ ਪਿੱਛੋਂ ਕਤਲੀ ਸਥਿਤ ਮੱਠ ਦਾ ਅਨੁਸ਼ਾਸਨ ਤੇ ਪ੍ਰਾਣ ਸ਼ਕਤੀ ਖਤਮ ਹੋ ਚੁਕੀ ਸੀ। ਮਾਧੋ ਦਾਸ ਮੱਠ ਦੇ ਵਰਤਾਰੇ ਕਾਰਨ ਗੋਦਾਵਰੀ ਦੇ ਕਿਨਾਰੇ ਆ ਬਹਿੰਦਾ। ਉਦਾਸ ਮਨ ਨਾਲ ਗੋਦਾਵਰੀ ਵਿਚ ਪੈਂਦੀਆਂ ਘੁੰਮਣ ਘੇਰੀਆਂ ਨੂੰ ਦੇਖ ਆਪ ਵੀ ਇਨ੍ਹਾਂ ਵਿਚ ਗੁਆਚ ਜਾਂਦਾ। ਇਕ ਦਿਨ ਔਘੜ ਪੰਥ ਦਾ ਜੋਗੀ ਮਿਲ ਗਿਆ ਜਿਸ ਨੂੰ ਲੋਕ ਲੋਨੀ ਕਹਿੰਦੇ ਸਨ। ਉਸ ਦਾ ਪਿੰਡ ਲੋਨੀ ਨਾਸਿਕ ਦੇ ਦੱਖਣ ਪੂਰਬ ਵੱਲ 80 ਕਿਲੋਮੀਟਰ 'ਤੇ ਸੀ। ਜੋਗੀ ਤੋਂ ਪ੍ਰਭਾਵਿਤ ਹੋ ਕੇ ਆਪਣੀ ਰਾਮ ਕਹਾਣੀ ਉਸ ਨੂੰ ਸੁਣਾਈ। ਉਹ ਜੋਗੀ ਨਾਲ ਲੋਨੀ ਚਲਿਆ ਗਿਆ। ਜੋਗੀ ਨੇ ਉਸ ਨੂੰ ਤਾਂਤ੍ਰਿਕ ਵਿੱਦਿਆ ਸਿਖਾਈ। ਤਾਂਤ੍ਰਿਕ ਵਿੱਦਿਆ ਕਾਰਨ ਉਹ ਖੁਸ਼ ਅਤੇ ਹੰਕਾਰੀ ਹੋ ਗਿਆ। ਮਰਨ ਦੇ ਕਿਨਾਰੇ ਲੋਨੀ ਨੇ ਉਸ ਨੂੰ ਤਾਂਤ੍ਰਿਕ ਵਿੱਦਿਆ ਵਾਲੀ ਪੋਥੀ ਵੀ ਦੇ ਦਿੱਤੀ।



*ਮਾਧੋ ਦਾਸ ਦੀ ਗੁਰੂ ਗੋਬਿੰਦ ਸਿੰਘ ਨਾਲ ਮਿਲਣੀ ਦਾ ਚਿੱਤਰ।*

ਮਾਧੋ ਦਾਸ, ਲੋਨੀ ਦੇ ਸਵਰਗ ਸਿਧਾਰਨ ਪਿੱਛੋਂ ਇਕੱਲਪੁਣੇ ਤੋਂ ਦੁਖੀ ਹੋ ਕੇ ਰਾਜਸਥਾਨ ਵਿਚ ਦਾਦੂਵਾੜੇ ਜੈਤ ਰਾਮ ਕੋਲ ਚਲਿਆ ਗਿਆ। ਜੈਤ ਰਾਮ ਤੇ ਮਾਧੋ ਦਾਸ ਹਾਣੀ ਸਨ। ਮਾਧੋ ਦਾਸ ਪਹਿਲਾਂ ਵੀ ਦਾਦੂਵਾੜੇ ਜਾਂਦਾ-ਆਉਂਦਾ ਰਹਿੰਦਾ ਸੀ। ਮਾਧੋ ਦਾਸ ਸੁਭਾਅ ਤੋਂ ਅਭਿਲਾਸ਼ੀ ਸੀ। ਉਦਮੀ ਅਤੇ ਤਲਖ ਸੀ ਪਰ ਜੈਤ ਰਾਮ ਨਿਮਰ ਤੇ ਨਿਮਾਣਾ ਸੀ। ਮਾਧੋ ਦਾਸ ਵੱਲੋਂ ਆਪਣੀ ਬਹਾਦਰੀ ਦੀਆਂ ਘਟਨਾਵਾਂ ਅਤੇ ਤਾਂਤ੍ਰਿਕ ਵਿੱਦਿਆ ਬਾਰੇ ਦੱਸਣ 'ਤੇ ਜੈਤ ਰਾਮ ਨੇ ਕਿਹਾ, "ਦੁਨੀਆਂ ਦੁੱਖਾਂ ਦਾ ਘਰ ਹੈ। ਸੰਸਾਰਕ ਵਸਤਾਂ ਨਾਲੋਂ ਮੋਹ ਤਿਆਗ, ਨਿਰਲੇਪ ਰਹਿ ਕੇ ਸਮਾਂ ਗੁਜ਼ਾਰ। ਤੈਥੋਂ ਪਹਿਲਾਂ ਬਥੇਰੇ ਇਹ ਕੂੜ ਦਾ ਸੌਦਾ ਕਰ ਕੇ ਤੁਰ ਗਏ।" ਮਾਧੋ ਦਾਸ ਕੁਝ ਮਹੀਨਿਆਂ ਪਿਛੋਂ ਲੋਨੀ ਨੂੰ ਮੁੜ ਗਿਆ।

ਮਾਧੋ ਦਾਸ ਦੀ ਲੋਨੀ ਦੇ ਮੱਠ ਤੋਂ ਗੈਰਹਾਜ਼ਰੀ ਕਾਰਨ ਜੋਗੀ ਦੇ ਦੂਜੇ ਚੇਲਿਆਂ ਨੇ ਮੱਠ 'ਤੇ ਕਬਜ਼ਾ ਕਰ ਲਿਆ। ਬਜ਼ੁਰਗ ਜੋਗੀ ਨੇ ਉਸ ਨੂੰ ਸਮਝਾਇਆ ਕਿ ਹੁਣ ਉਸ ਦੀ ਇਥੇ ਪੁੱਗਣੀ ਨਹੀਂ। ਉਸ ਨੇ ਨਾਂਦੇੜ ਦੇ ਡੇਰੇ ਜਾਣ ਲਈ ਕਿਹਾ। ਨਾਂਦੇੜ ਦੇ ਡੇਰੇ ਦੇ ਮੁਖੀ ਨੇ ਔਘੜ ਨਾਥ ਤੋਂ ਮਾਧੋ ਦਾਸ ਬਾਰੇ ਪਹਿਲਾਂ ਹੀ ਸੁਣਿਆ ਹੋਇਆ ਸੀ। ਮਾਧੋ ਦਾਸ ਦੇ ਪਛਾਣ ਦੱਸਣ 'ਤੇ ਉਸ ਨੂੰ ਡੇਰੇ ਵਿਚ ਦਾਖਲਾ ਤਾਂ ਮਿਲ ਗਿਆ ਪਰ ਜੋਗੀ ਦੇ ਵਿਸ਼ਵਾਸਪਾਤਰਾਂ ਵਿਚ ਥਾਂ ਨਾ ਮਿਲੀ।

ਡੇਰੇ ਵਿਚ ਰਹਿੰਦਿਆਂ ਮਾਧੋ ਦਾਸ ਤਾਂਤ੍ਰਿਕ ਵਿੱਦਿਆ ਕਾਰਨ ਲੋਕਾਂ ਵਿਚ ਹਰਮਨਪਿਆਰਾ ਹੋ ਗਿਆ ਅਤੇ ਡੇਰੇ ਦੇ ਮੁਖੀ ਨੇ ਆਪਣਾ ਵਾਰਸ ਥਾਪ ਦਿੱਤਾ। ਮੁਖੀ ਦੇ ਮਰਨ ਪਿੱਛੋਂ ਉਹ ਡੇਰੇ ਦਾ ਮੁਖੀ ਬਣ ਗਿਆ। ਡੇਰੇ ਵਿਚ ਬਿਨਾ ਭੇਦਭਾਵ ਦੇ ਲੰਗਰ ਛਕਾਇਆ ਜਾਂਦਾ ਸੀ। ਪੈਸੇ ਨਾਲ ਗਰੀਬਾਂ ਦੀ ਮਦਦ ਕੀਤੀ ਜਾਂਦੀ ਸੀ। ਲੋਕਾਂ ਵਿਚ ਉਸ ਦਾ ਸਤਿਕਾਰ ਸੀ ਪਰ ਉਹ ਅਜੇ ਵੀ ਅਸ਼ਾਂਤ ਸੀ।

1692 ਵਿਚ ਮਾਧੋ ਦਾਸ ਡੇਰਾ ਛੱਡ ਕੇ ਗੋਦਾਵਰੀ ਦੇ ਕਿਨਾਰੇ ਕਿਨਾਰੇ ਚੱਲ ਪਿਆ। ਨਾਂਦੇੜ ਨੇੜੇ ਸੁਹਾਵਣੀ ਥਾਂ ਨੇ ਉਸ ਨੂੰ ਮੋਹ ਲਿਆ। ਸ਼ਹਿਰ ਤੋਂ ਬਾਹਰ ਕੁਝ ਦੂਰੀ 'ਤੇ ਗੋਦਾਵਰੀ ਦੇ ਕਿਨਾਰੇ ਆਪਣੀ ਕੁਟੀਆ ਬਣਾ ਕੇ ਰਹਿਣ ਲੱਗਾ। ਜੰਤਰਾਂ-ਮੰਤਰਾਂ ਕਾਰਨ ਇਥੇ ਵੀ ਪ੍ਰਸਿਧ ਹੋ ਗਿਆ। ਪ੍ਰਸਿਧੀ ਕਾਰਨ ਚੰਚਲ ਹੋ ਗਿਆ। ਉਸ ਦੇ ਚੇਲੇ ਵੀ ਬਣ ਗਏ।

ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਛੱਡਣ ਪਿਛੋਂ, ਆਪਣੇ ਬੱਚੇ ਤੇ ਮਾਤਾ ਗੁਜਰੀ ਸ਼ਹੀਦ ਕਰਵਾਉਣ, ਚਮਕੌਰ ਸਾਹਿਬ ਤੇ ਮੁਕਤਸਰ ਦੀਆਂ ਲੜਾਈਆਂ ਲੜਨ ਪਿੱਛੋਂ ਤਲਵੰਡੀ ਸਾਬੋ ਠਹਿਰੇ ਸਨ। ਉਥੋਂ ਦੱਖਣ ਨੂੰ ਜਾਂਦਿਆਂ ਉਹ ਕੇਵਲ, ਝੋਰੜੀ, ਸਰਸਾ, ਨੌਹਰਾ, ਛੀਨ ਤਲਾਈ, ਭਾਦਰਾ, ਸੁਹੇਵਾ, ਮਧੂ ਸਿੰਘਣਾ ਆਦਿ ਤੋਂ ਹੋ ਕੇ ਪਿੰਡ ਨਰਾਇਣਾ ਪੁੱਜੇ। ਉਥੇ ਦਾਦੂ ਭਗਤ ਦਾ ਦੁਆਰਾ ਹੈ। ਦਾਦੂ ਦਾ ਚੇਲਾ ਜੈਤ ਰਾਮ ਇਥੇ ਰਹਿੰਦਾ ਸੀ।

ਗੁਰੂ ਜੀ ਨੇ ਔਰੰਗਜ਼ੇਬ ਦੇ ਜ਼ੁਲਮ ਬਾਰੇ ਗੱਲਾਂ ਕੀਤੀਆਂ। ਆਪਣੀ ਸਾਰੀ ਹੱਡਬੀਤੀ ਸੁਣਾਈ। ਜੈਤ ਰਾਮ ਨੂੰ ਮਾਧੋ ਦਾਸ ਨੇ ਰਾਜਿਆਂ ਦੇ ਆਪਣੇ ਮਤਲਬ ਖਾਤਰ ਮੁਗਲਾਂ ਨਾਲ ਰਲਣ ਬਾਰੇ ਦੱਸਿਆ ਸੀ। ਜੈ ਸਿੰਘ ਅਤੇ ਮਰਾਠਿਆਂ ਦੇ ਬਾਰੇ ਵੀ ਦੱਸਿਆ ਸੀ। ਗੁਰੂ ਜੀ ਨੇ ਜੈਤ ਰਾਮ ਨੂੰ ਕਿਹਾ ਕਿ ਰਾਜਪੂਤ ਰਾਜਿਆਂ ਕੋਲੋਂ ਮੁਗਲਾਂ ਵਿਰੁਧ ਉਨ੍ਹਾਂ ਨੂੰ ਸਹਾਇਤਾ ਦਿਵਾਏ। ਜੈਤ ਰਾਮ ਨੇ ਕਿਹਾ, "ਮਾਰਵਾੜ ਵਿਚ ਮੁਗਲਾਂ ਤੇ ਮਰਾਠਿਆਂ ਵਿਚ ਲੜਾਈ ਜ਼ੋਰਾਂ 'ਤੇ ਹੈ। ਉਹ ਤੁਹਾਡੀ ਮਦਦ ਨਹੀਂ ਕਰ ਸਕਦੇ।" ਉਸ ਨੇ ਗੁਰੂ ਜੀ ਨੂੰ ਮਾਧੋ ਦਾਸ ਬਾਰੇ ਦੱਸ ਪਾਈ, "ਉਹ ਬੜਾ ਜਵਾਨ ਜੋਸ਼ੀਲਾ ਅਤੇ ਅੱਗ ਵਰਗਾ ਰਾਜਪੂਤ ਪੰਜਾਬੀ ਹੈ। ਉਸ ਨੂੰ ਮਹਾਂਰਾਸ਼ਟਰ ਵਿਚ ਰਹਿੰਦਿਆਂ ਬਹੁਤ ਸਾਲ ਹੋ ਗਏ ਹਨ। ਉਹ ਬਾਦਸ਼ਾਹਤ ਨੂੰ ਹਰਾਉਣ ਦੇ ਢੰਗ-ਤਰੀਕੇ ਜਾਣਦਾ ਹੈ। ਉਹ ਸ਼ਿਵਾਜੀ ਦੀ ਫੌਜ ਵਿਚ ਰਹਿ ਚੁਕਾ ਹੈ। ਕਈ ਜੰਗਾਂ ਲੜ ਚੁਕਾ ਹੈ। ਗੁਰੀਲੇ ਯੁੱਧ ਦਾ ਮਾਹਰ ਹੈ।" ਜੈਤ ਰਾਮ ਨੇ ਗੁਰੂ ਜੀ ਨੂੰ ਉਸ ਦੇ ਥਾਂ ਟਿਕਾਣੇ ਬਾਰੇ ਵੀ ਦੱਸ ਦਿੱਤਾ।

---

## ਅੰਮ੍ਰਿਤਸਰ ਵਿਚ ਮਾਸਕੋ

*(ਪਿਛਲੇ ਸਫੇ ਦੀ ਬਾਕੀ)*

ਰਿਹਾ। ਮਨ ਹੀ ਮਨ ਉਹ ਉਨ੍ਹਾਂ ਬਾਰੇ ਸੋਚਦਾ ਤੇ ਵਿਸ਼ਲੇਸ਼ਣ ਕਰਦਾ ਰਹਿੰਦਾ। ਉਹ ਦੂਜਿਆਂ ਨੂੰ ਕਰੜੇ ਹੱਥੀਂ ਲੈਂਦਾ ਤਾਂ ਖੁਦ ਨੂੰ ਵੀ ਨਾ ਬਖਸ਼ਦਾ। ਅੱਗੇ ਚੱਲ ਕੇ ਇਸ ਰੁਚੀ ਨੇ ਉਸ ਨੂੰ ਲੋਕਾਂ ਦੇ ਮਨ ਨੂੰ ਜਾਣਨ-ਸਮਝਣ ਦੀ ਦ੍ਰਿਸ਼ਟੀ ਦਿੱਤੀ ਜਿਸ ਨੂੰ ਵੱਖ-ਵੱਖ ਵਿਚਾਰਧਾਰਾਵਾਂ ਅਤੇ ਮਨੋਵਿਗਿਆਨ ਨੇ ਧਾਰ ਬਖਸ਼ੀ। ਮਾਨਵੀ ਕਿਰਦਾਰ ਦੀਆਂ ਵੱਖ-ਵੱਖ ਹਾਲਤਾਂ ਅਤੇ ਪੱਧਰਾਂ ਨੂੰ ਹੀ ਨਹੀਂ, ਮਨੁੱਖੀ ਮਨ ਦੀਆਂ ਜਟਿਲਤਾਵਾਂ, ਉਲਝਣਾਂ ਅਤੇ ਜਗਿਆਸਾਵਾਂ ਸਮਝਣ ਅਤੇ ਪੇਸ਼ ਕਰਨ ਵਿਚ ਇਹ ਦ੍ਰਿਸ਼ਟੀ ਬਹੁਤ ਕੰਮ ਆਈ।

ਵਿਚਾਰਧਾਰਾਵਾਂ ਅਤੇ ਮਨੋਵਿਗਿਆਨਕ ਧਾਰਨਾਵਾਂ ਉਹਦੇ ਲਈ ਜ਼ਿੰਦਗੀ ਨੂੰ ਸਮਝਣ ਅਤੇ ਜਿਉਣ ਦਾ ਢੰਗ ਸਨ, ਜਿਨ੍ਹਾਂ ਨੂੰ ਉਸ ਨੇ ਆਪਣੇ ਅਨੁਭਵ ਨਾਲ ਤਪਾ ਕੇ ਪ੍ਰਮਾਣਿਕਤਾ ਨਾਲ ਇਕੱਠਾ ਕੀਤਾ। ਉਹ ਵਿਚਾਰਧਾਰਾਵਾਂ ਅਤੇ ਸਿਧਾਂਤਾਂ ਦਾ ਗੁਲਾਮ ਨਾ ਬਣਿਆ। ਜੇ ਉਹ ਇਸ ਤਰ੍ਹਾਂ ਕਰਦਾ ਤਾਂ ਓਪਰਾ, ਬਨਾਵਟੀ ਅਤੇ ਮਸ਼ੀਨੀ ਜਿਹਾ ਲੱਗਦਾ, ਪਰ ਉਸ ਨੇ ਭਾਰਤੀ ਸਮਾਜਕ ਢਾਂਚੇ ਦੀ ਜਟਿਲਤਾ ਤੇ ਅਸੰਗਤੀ-ਵਿਸੰਗਤੀ ਦਾ ਡੂੰਘਾ ਅਧਿਐਨ ਕੀਤਾ ਅਤੇ ਅਜਿਹਾ ਕਰਦਿਆਂ ਉਸ ਨੇ ਮਾਨਵੀ ਮਨੋਵਿਗਿਆਨ ਵਿਚ ਡੂੰਘਾ ਗੋਤਾ ਲਾਇਆ ਤੇ ਆਪਣੀਆਂ ਕਹਾਣੀਆਂ ਲਈ ਅਨਮੋਲ ਮੋਤੀ ਚੁਗ ਲਿਆਇਆ।

---

## ਕੋਠੇ ਵਾਲੀ

ਗੜ ਗੜ ਗੜ ਗੜ ਗੜਕਦਾ ਗਿਆ ਮੇਘੜਾ ਛਾ
ਸਰਦ ਹਨੇਰੀ ਰਾਤ ਵੀ ਹੋ ਗਈ ਘੋਰ ਸਿਆਹ।
ਕੜ ਕੜ ਕੜ ਕੜ ਕੜਕਦੀ ਦਾਮਿਨ ਚਮਕ ਡਰਾਏ
ਧੜਕ ਧੜਕ ਪਿਆ ਧੜਕਦਾ ਦਿਲ ਵੀ ਡੁਬ ਡੁਬ ਜਾਏ।

ਸਰਰ ਸਰਰ ਸਰ ਸਰ ਕਰੇ ਹਵਾ ਮਚਾਵੇ ਸ਼ੋਰ
ਖੜ ਖੜ ਪੱਤੇ ਖੜਕ ਕੇ ਹੋਰ ਡਰਾਵਣ ਹੋਰ।
ਫੜ ਫੜ ਫੜ ਫੜ ਫੜਕਦੀ ਪਈ ਦੀਵੇ ਦੀ ਲੋਅ
ਪੀੜ ਪਰੁੰਨੀ ਨਾਰ ਇਕ ਰਹੀ ਵਿਆਕੁਲ ਹੋ।

ਸ਼ਾਂ ਸ਼ਾਂ ਸ਼ਾਂ ਸ਼ਾਂ ਸ਼ੂਕਦੀ ਘੋਰ ਭਿਆਨਕ ਰਾਤ
ਇਸ ਜ਼ਿੰਦਗੀ ਵਿਚ ਆਏਗੀ ਕਦ ਸੋਹਣੀ ਪ੍ਰਭਾਤ।
ਛਮ ਛਮ ਬਦਲ ਵਰਸਦਾ ਛਮ ਛਮ ਵਰਸਣ ਨੈਣ
ਛਣ ਛਣ ਪਾਇਲ ਛਣਕਦੀ, ਘੁੰਗਰੂ ਪਏ ਕੁਝ ਕਹਿਣ।

ਸਾਰੀ ਦੁਨੀਆਂ ਸੌਂ ਗਈ ਪਰ ਜਾਗੇ ਇਕ ਨਾਰ
'ਕੱਲੀ ਜਿਸ ਦੀ ਜ਼ਿੰਦਗੀ ਦੁਖੜੇ ਕਈ ਹਜ਼ਾਰ।
ਥਰਰ ਥਰਰ ਥਰ ਥਿਰਕਦੇ ਉਸ ਮੋਈ ਦੇ ਪੈਰ
ਮਰ ਮਰ ਕੇ ਜੋ ਪੀ ਰਹੀ ਇਸ ਜ਼ਿੰਦਗੀ ਦਾ ਜ਼ਹਿਰ।

ਕਿਸ ਬਾਬੁਲ ਦੀ ਬੇਟੜੀ ਕਿਸ ਅੰਮੜੀ ਦੀ ਧੀ
ਰੁਲ ਖੁਲ ਗਏ ਪਟੋਲੜੇ, ਗੁੱਡੀ ਵੀ ਮਰ ਗਈ।

ਸੂਰਤ ਵਾਂਗਰ ਪਰੀ ਦੇ, ਸੋਹਲ ਜਿਹੀ ਮੁਟਿਆਰ
ਕੋਠੇ ਵਾਲੀ ਆਖਦਾ ਜਿਸ ਨੂੰ ਕੁਲ ਸੰਸਾਰ।

ਨੇਤਾ ਧਰਮ ਸਮਾਜ ਦੇ ਬੇਈਮਾਨ ਸ਼ੈਤਾਨ
ਰਾਤ ਗੁਜਾਰਣ ਵਾਸਤੇ ਸਭ ਕੋਠੇ 'ਤੇ ਆਣ।
ਪੰਡਿਤ, ਭਾਈ, ਮੌਲਵੀ-ਧਰਮ ਦੇ ਠੇਕੇਦਾਰ
ਗੈਰਤ, ਸ਼ਰਮਾਂ ਵੇਚ ਕੇ ਡੁਬੇ ਵਿਚ ਮੰਝਧਾਰ।

ਦਿਨ ਨੂੰ ਰਾਖੇ ਧਰਮ ਦੇ ਰਾਤ ਕਰੇਂਦੇ ਪਾਪ
ਅੱਖੀਆਂ ਵਿਚ ਹੈਵਾਨਗੀ, ਮੂੰਹ ਵਿਚ ਕਰਦੇ ਜਾਪ।
ਜੱਗ ਤੋਂ ਨਜ਼ਰ ਬਚਾਏ ਕੇ ਆਵਣ ਇਥੇ ਸਾਧ
ਇਸ ਦੁਨੀਆਂ ਦੇ ਧਰਮੀਆਂ ਜੱਗ ਕੀਤਾ ਬਰਬਾਦ।

ਛਮ ਛਮ ਬੱਦਲ ਵਰਸਦਾ ਛਮ ਛਮ ਵਰਸਣ ਨੈਣ
ਛਣ ਛਣ ਘੁੰਗਰੂ ਛਣਕਦੇ ਕੂੰਜਾਂ ਪਾਵਣ ਵੈਣ।
ਜਾਗੋ ਕਲਮਾਂ ਵਾਲਿਓ ਕਲਮਾਂ ਤਾਈਂ ਜਗਾਓ
ਉਠੋ ਧਰਮੀ ਯੋਧਿਓ ਧੀਆਂ ਤਾਈਂ ਬਚਾਓ।

ਅੱਖੀਆਂ ਦੇ ਵਿਚ ਭਰ ਲਵੋ ਗੈਰਤ, ਸ਼ਰਮ, ਹਯਾ
ਫਿਰ ਨਾ ਧੀ ਕੋਈ ਧਰਤ ਦੀ, ਕੋਠੇ ਦਿਓ ਬਿਠਾ।
ਜਾਗੋ ਕਲਮਾਂ ਵਾਲਿਓ, ਹੋ ਜਾਵੋ 'ਸੁਰਜੀਤ'
ਛੱਡ ਕੇ ਸੱਸੀਆਂ, ਸੋਹਣੀਆਂ ਲਿਖੋ ਅਣਖ ਦੇ ਗੀਤ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***

---

## ਗਜ਼ਲ

ਸਿੰਘਾਸਣ ਡੋਲਦਾ ਜਾਪੇ ਚਲੇਗਾ ਚਾਲ ਹੁਣ ਕੋਈ।
ਨਵਾਂ ਸ਼ੋਸ਼ਾ ਕੋਈ ਛੱਡੂ ਇਹ ਲਾਊ ਫਾਲ ਹੁਣ ਕੋਈ।

ਤੀਰਾਂ ਦੀ ਹੋ ਰਹੀ ਵਰਖਾ ਚੁਫੇਰੇ ਚਮਕਦੀ ਚੰਡੀ,
ਤਦੇ ਹੀ ਭਾਲਦਾ ਫਿਰਦੈ ਜੁਗਾੜੀ ਢਾਲ ਹੁਣ ਕੋਈ।

ਸਦਾ ਸਾਵਾਂ ਰਹੇ ਤੱਕੜ, ਰਹੇ ਪਲੜਾ ਸਦਾ ਭਾਰੂ,
ਕਰੂ ਛਾਂਟੀ, ਰਲਾਵੇਗਾ ਵਿਰੋਧੀ ਨਾਲ ਹੁਣ ਕੋਈ।

ਖਰੀਦੇ ਜਾ ਰਹੇ ਵੋਟਰ, ਜ਼ਮੀਰਾਂ ਵੇਚ 'ਗੇ ਲੀਡਰ,
ਵਿਕਾਊ ਮੰਤਰੀ ਹੋਏ ਰਿਹਾ ਨਾ ਕਾਲ ਹੁਣ ਕੋਈ।

ਜ਼ੁਬਾਨਾਂ ਬੰਦ ਕਰ ਦੇਵੋ ਸੁਣੇ ਨਾ ਸੁਰ ਬਗਾਵਤ ਦੀ,
ਕਿਹਾ ਰਾਜੇ, ਮੁਲਾਜ਼ਮ ਨਾ ਕਰੇ ਹੜਤਾਲ ਹੁਣ ਕੋਈ।

ਉਡਾਰੂ ਹੋ ਗਏ ਬੱਚੇ ਉਡਾਰੀ ਲਾ ਗਏ ਲੰਮੀ,
ਇਕੱਲਾ ਬੋਰ ਹੋਵੇਂਗਾ ਕਤੂਰਾ ਪਾਲ ਹੁਣ ਕੋਈ।

ਸ਼ਰੀਫਾਂ ਦੀ ਸਿਆਸਤ ਵਿਚ ਰਹੀ ਨਾ ਪੁੱਛ ਐ 'ਠਾਕਰ'
ਸਿਆਸਤ ਗਰਕ ਚੁਕੀ ਹੈ ਰਿਹਾ ਨਾ ਹਾਲ ਹੁਣ ਕੋਈ!

***-ਠਾਕਰ ਪ੍ਰੀਤ ਰਾਉਕੇ, ਓਂਟਾਰੀਓ***
***ਫੋਨ: 519 -913-0873***

# ਅਸਲੀ ਦਾਰਾ ਕਿਹੜਾ?

ਸ਼ਬਦ ਝਰੋਖਾ



ਬਲਜੀਤ ਬਾਸੀ

ਫੋਨ: 734-259-9353

ਪਿਛਲੇ ਦਿਨੀਂ ਸੋਸ਼ਲ ਮੀਡੀਆ 'ਤੇ ਪੰਜਾਬ ਦੇ ਦੋ ਮਸ਼ਹੂਰ ਭਲਵਾਨਾਂ ਦੀਆਂ ਤਸਵੀਰਾਂ ਸਹਿਤ ਇਹ ਪ੍ਰਸ਼ਨ ਵਾਇਰਲ ਹੋ ਗਿਆ ਕਿ ਅਸਲੀ ਦਾਰਾ ਕਿਹੜਾ ਹੈ? ਦੋ ਫੋਟੋਆਂ ਵਿਚੋਂ ਇੱਕ ਸੀ, ਵੱਡੇ ਦਾਰੇ ਦੀ ਜਿਸ ਦਾ ਜਮਾਂਦਰੂ ਨਾਂ ਹੀ ਦਾਰਾ ਸਿੰਘ ਸੀ ਅਤੇ ਦੂਜੀ ਸੀ, ਦੀਦਾਰ ਸਿੰਘ ਦੇ ਨਾਂ ਵਾਲੇ ਛੋਟੇ ਦਾਰੇ ਦੀ, ਜਿਸ ਨੂੰ ਘਰ ਵਾਲੇ ਛੋਟੇ ਹੁੰਦੇ ਦਾਰੀ ਬੁਲਾਇਆ ਕਰਦੇ ਸਨ ਤੇ ਜਿਸ ਨੇ ਵੱਡੇ ਹੋ ਕੇ ਆਪਣਾ ਨਾਂ ਦਾਰਾ ਸਿੰਘ ਹੀ ਰੱਖ ਲਿਆ। ਸਾਡੇ ਪਿੰਡ ਇੱਕ ਦੀਦਾਰ ਸਿੰਘ ਨਾਂ ਦੇ ਬੰਦੇ ਨੂੰ ਲੋਕ ਦਾਰ ਸਿੰਘ ਹੀ ਸੱਦਦੇ ਸਨ।

ਜਿਵੇਂ ਹਰ ਸ਼ਬਦ ਬਹੁਅਰਥੀ ਹੁੰਦਾ ਹੈ, ਇਸੇ ਤਰ੍ਹਾਂ ਕੋਈ ਨਾਂ ਵੀ ਇਕ ਤੋਂ ਵੱਧ ਵਿਅਕਤੀਆਂ ਦਾ ਸੂਚਕ ਹੋ ਸਕਦਾ ਹੈ। ਕਿਸੇ ਸਭਿਆਚਾਰ ਵਿਚ ਕਾਲਕ ਅਤੇ ਸਥਾਨਕ ਪੱਖ ਤੋਂ ਵਿਅਕਤੀ ਨਾਂ ਉਨੇ ਉਪਲਭਦ ਨਹੀਂ ਹੋ ਸਕਦੇ ਜਿੰਨੇ ਵਿਅਕਤੀ ਹੋ ਸਕਦੇ ਹਨ। ਸੋ ਨਾਂਵਾਂ ਦੀ ਦੁਹਰਾਈ ਲਾਜ਼ਮੀ ਹੈ। ਭੰਬਲਭੂਸੇ ਤੋਂ ਬਚਣ ਲਈ ਹਰ ਸਭਿਆਚਾਰ ਨੇ ਆਪੋ ਆਪਣੇ ਢੰਗ ਲੱਭੇ ਹਨ। ਸਕੂਲ ਵਿਚ ਸਾਡਾ ਇਕ ਅਧਿਆਪਕ ਕਹਿੰਦਾ ਹੁੰਦਾ ਸੀ ਕਿ ਰੋਲ ਨੰਬਰ ਦਾ ਰਿਵਾਜ ਦੂਹਰੇ ਤੀਹਰੇ ਨਾਂਵਾਂ ਤੋਂ ਬਚਣ ਲਈ ਪ੍ਰਚਲਿਤ ਹੋਇਆ ਹੈ। ਕਈ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਰੋਲ ਨੰਬਰ ਤੋਂ ਹੀ ਬੁਲਾਇਆ ਜਾਂਦਾ ਸੀ।

ਅੰਗਰੇਜ਼ਾਂ ਵਿਚ ਸਰਨਾਵੀਏਂ ਹੋਣ ਦੀ ਸਮੱਸਿਆ ਦਾ ਇਕ ਹੱਲ ਵੱਡੀ ਉਮਰ ਵਾਲੇ ਦੇ ਨਾਂ ਅੱਗੇ ਸੀਨੀਅਰ ਅਤੇ ਛੋਟੇ ਦੇ ਨਾਂ ਅੱਗੇ ਜੂਨੀਅਰ ਲਾ ਕੇ ਕੀਤਾ ਜਾਂਦਾ ਹੈ। ਵੱਡਾ ਬਾਦਲ ਅਤੇ ਛੋਟਾ ਬਾਦਲ ਵਿਚ ਫਰਕ ਪਿਉ-ਪੁੱਤ ਹਨ। ਉਂਜ ਅਸੀਂ ਨਾਂ ਨਾਲ ਅਕਸਰ ਉਸ ਦੇ ਗੋਤ ਜਾਂ ਪਿੰਡ ਆਦਿ ਦਾ ਨਾਂ ਜੋੜ ਦਿੰਦੇ ਹਾਂ। ਇਹ ਮਸਲਾ ਆਮ ਤੌਰ 'ਤੇ ਕਿਸੇ ਖੇਤਰ ਵਿਚ ਨਾਮਣਾ ਖੱਟਣ ਵਾਲੇ ਵਿਅਕਤੀਆਂ ਦੇ ਪ੍ਰਸੰਗ ਵਿਚ ਹੀ ਸਾਹਮਣੇ ਆਉਂਦਾ ਹੈ। ਹਾਕੀ ਦੇ ਦੋ ਮਸ਼ਹੂਰ ਖਿਡਾਰੀਆਂ ਦਾ ਨਾਂ ਬਲਬੀਰ ਸਿੰਘ ਹੈ। ਪਰ ਵੱਡਾ ਤੇ ਵਡੇਰੀ ਪ੍ਰਾਪਤੀ ਵਾਲੇ ਬਲਬੀਰ ਸਿੰਘ ਦੇ ਪਿਛੇ ਦੁਸਾਂਝ ਤੇ ਦੂਜੇ ਪਿਛੇ ਕੁਲਾਰ ਗੋਤ ਲਾਇਆ ਜਾਂਦਾ ਹੈ। ਰਵਿੰਦਰ ਰਵੀ ਨਾਂ ਦੇ ਦੋ ਸਾਹਿਤਕਾਰ ਹਨ: ਇਕ ਆਲੋਚਕ ਤੇ ਦੂਜਾ ਲੇਖਕ। ਹੋਰ ਵੀ ਬਥੇਰੀਆਂ ਮਿਸਾਲਾਂ ਹਨ। ਉਂਜ ਕਿਸੇ ਵੱਡੇ ਤੇ ਮਸ਼ਹੂਰ ਬੰਦੇ ਦੇ ਨਾਂ ਪਿਛੇ ਬੱਚੇ ਦਾ ਨਾਂ ਰੱਖਣ ਦੀ ਰਵਾਇਤ ਵੀ ਹੈ। ਮੇਰੇ ਭਾਪਾ ਜੀ ਨੇ ਮੇਰਾ ਨਾਂ ਕਿਸੇ ਅਮੀਰ ਲਾਲੇ ਦੇ ਮੁੰਡੇ ਦੇ ਨਾਂ ਪਿੱਛੇ ਰੱਖਿਆ ਸੀ ਪਰ ਆਪਾਂ ਨੂੰ ਦੁਆਨੀ ਮੁਸ਼ਕਿਲ ਨਾਲ ਲੱਭਦੀ ਸੀ!

ਵਿਵਾਦਿਤ ਬਣਾਏ ਦੋ ਦਾਰਾ ਸਿੰਘਾਂ ਬਾਰੇ ਅਸਲੀ ਨਕਲੀ ਹੋਣ ਦਾ ਮਸਲਾ ਉਠਾਇਆ ਗਿਆ ਹੈ। ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਤੇ ਕੁਝ ਹੋਰਨਾਂ ਨੇ ਪੰਜਾਬੀ ਦੀਆਂ ਕੁਝ ਅਖਬਾਰਾਂ ਵਿਚ ਵੱਡੇ ਦਾਰਾ ਸਿੰਘ ਨੂੰ ਉਸ ਦੇ ਪਿੰਡ ਦੇ ਨਾਂ ਕਾਰਨ ਦਾਰਾ ਸਿੰਘ ਧਰਮੂਚੱਕੀਆ ਅਤੇ ਛੋਟੇ ਦਾ ਨਾਂ ਇਸੇ ਕਾਰਨ ਦਾਰਾ ਸਿੰਘ ਦੁਲਚੀਪੁਰੀਆ ਦੱਸ ਕੇ ਅਤੇ ਕੁਝ ਇਕ ਪ੍ਰਾਪਤੀਆਂ ਦੇ ਫਰਕ ਕਾਰਨ ਦੋਹਾਂ ਨੂੰ ਨਿਖੇੜਿਆ ਹੈ। ਸਿਰਨਾਂਵੀਏਂ ਅਤੇ ਹਮ-ਪੇਸ਼ਾ ਹੋਣ ਕਾਰਨ ਕੋਈ ਵੀ ਦੋ ਜਾਂ ਵੱਧ ਵਿਅਕਤੀਆਂ ਵਿਚੋਂ ਕੋਈ ਇੱਕ ਅਸਲੀ ਜਾਂ ਨਕਲੀ ਨਹੀਂ ਹੋ ਸਕਦਾ। ਹਰ ਇੱਕ ਦੀ ਬੇਸ਼ੁਮਾਰ ਕਾਰਨਾਂ ਕਰਕੇ ਵੱਖਰੀ ਪਛਾਣ ਹੁੰਦੀ ਹੈ। ਪਰ ਸ਼ਾਇਦ ਪ੍ਰਸ਼ਨਕਰਤਾ ਦੇ ਮਨ ਵਿਚ ਇਹ ਸਵਾਲ ਸੀ ਕਿ ਆਮ ਲੋਕਾਂ ਦੇ ਮਨ ਵਿਚ ਕਿਹੜੇ ਦਾਰਾ ਸਿੰਘ ਦਾ ਬਿੰਬ ਹਾਵੀ ਹੈ। ਭਲਵਾਨੀ ਵਿਚ ਦੋਨੋਂ ਦਾਰਾ ਸਿੰਘਾਂ ਦੀਆਂ ਪ੍ਰਾਪਤੀਆਂ ਲਗਭਗ ਇਕੋ ਜਿਹੀਆਂ ਸਨ। ਪਰ ਧਰਮੂਚੱਕੀਆ ਵਲੋਂ ਅਖਾੜੇ ਵਿਚ ਪਹਿਲਾਂ ਪਰਵੇਸ਼ ਕਰਨ ਕਾਰਨ ਤੇ ਕਿੰਨੀਆਂ ਸਾਰੀਆਂ ਫਿਲਮਾਂ ਵਿਚ ਆਪਣੇ ਜੁੱਸੇ ਅਤੇ ਕਲਾ ਦੇ ਜੌਹਰ ਦਿਖਾਉਣ ਕਾਰਨ ਲੋਕਾਂ ਦੇ ਮਨ ਵਿਚ 'ਅਸਲੀ' ਦਾਰਾ ਸਿੰਘ ਇਹੋ ਹੈ। ਮੈਨੂੰ ਯਾਦ ਹੈ, ਇੱਕ ਵਾਰੀ ਅਸੀਂ ਦਾਰਾ ਸਿੰਘ ਦੇ ਇਕ ਭਗਤ ਨੂੰ ਸ਼ਿਮਲੇ ਦੇ ਜਾਖੂ ਮੰਦਿਰ ਵਿਚ ਮਿਲੇ ਸੀ। ਖਬਤ ਵਿਚ ਆਇਆ ਉਹ ਜਗਹ ਜਗਹ 'ਦਾਰਾ ਸਿੰਘ ਨੂੰ ਰਾਸ਼ਟਰਪਤੀ ਬਣਾਓ' ਲਿਖੀ ਜਾ ਰਿਹਾ ਸੀ।



ਦਾਰਾ ਸ਼ਿਕੋਹ ਦਾ ਇਕ ਚਿੱਤਰ

ਪਰ ਮੈਂ ਫਿਰ 'ਅਸਲੀ ਦਾਰਾ ਕਿਹੜਾ', ਪ੍ਰਸ਼ਨ ਉਠਾ ਕੇ ਆਪਣੀ ਹੀ ਸਥਾਪਨਾ ਤੇ ਕਿਉਂ ਕਾਟਾ ਫੇਰਦਾ ਲਗਦਾ ਹਾਂ? ਮੇਰੀ ਗੱਲ ਹੋਰ ਹੈ। ਮੈਂ ਨਾਂਵਾਂ, ਸ਼ਬਦਾਂ ਦੀਆਂ ਜਨਮ ਕੁੰਡਲੀਆਂ ਫੋਲਦਾ ਹਾਂ ਅਰਥਾਤ ਕੋਈ ਨਾਂ ਜਾਂ ਸ਼ਬਦ ਕਿਥੋਂ ਆਇਆ, ਉਸ ਦਾ ਅਸਲ, ਉਸ ਦਾ ਮੁਢ ਕੀ ਹੈ? ਅਰਬੀ ਲਫਜ਼ ਅਸਲ ਦਾ ਮੁਢਲਾ ਅਰਥ ਆਧਾਰ, ਮੁਢ ਹੀ ਹੈ। ਪਾਠਕਾਂ ਨੇ ਨੋਟ ਕੀਤਾ ਹੋਵੇਗਾ ਕਿ ਮੈਂ ਵਾਰ ਵਾਰ 'ਦਰਅਸਲ' ਸ਼ਬਦ ਵਰਤਦਾ ਹਾਂ।

ਸੰਜੋਗ ਦੀ ਗੱਲ ਹੈ ਕਿ ਦਾਰਾ ਨਾਂ ਬਾਰੇ ਅਜਿਤ ਵਡਨੇਰਕਰ ਦੇ ਇਕ ਲੇਖ ਦਾ ਨਾਂ ਵੀ 'ਅਸਲੀ ਦਾਰਾ ਸਿੰਘ ਕੌਣ?' ਹੈ। ਲਗਦਾ ਹੈ, 'ਦਾਰਾ' ਨਾਂ ਵਿਚ ਹੀ ਸੂਰਬੀਰਤਾ, ਭਲਵਾਨੀ, ਸਿਹਤਮੰਦੀ, ਰੁਹਬ ਸਮਾਇਆ ਹੋਇਆ ਹੈ। ਭਾਰਤ ਅਤੇ ਇਸ ਦੇ ਆਸ-ਪਾਸ ਦੇ ਦੇਸ਼ਾਂ ਵਿਚ ਸਭ ਧਰਮਾਂ ਦੇ ਲੋਕਾਂ ਵਿਚ ਦਾਰਾ ਨਾਂ ਮਿਲ ਜਾਂਦਾ ਹੈ। ਕਈਆਂ ਨੂੰ ਇਲਮ ਹੋਵੇਗਾ ਕਿ ਪੱਛਮੀ ਏਸ਼ੀਆ ਵਿਚ ਇਕ ਪ੍ਰਾਚੀਨਤਮ ਹਾਕਮ ਦਾਰਾ ਹੋਇਆ ਹੈ ਜਿਸ ਨੇ ਭਾਰਤ ਤੱਕ ਧਾਂਕ ਜਮਾ ਦਿੱਤੀ। ਇਹ ਫਾਰਸ (ਅਜੋਕਾ ਇਰਾਨ) ਦਾ ਸਮਰਾਟ ਸੀ ਅਤੇ ਹਖਮਨੀ ਵੰਸ਼ ਦੇ ਸਾਮਰਾਜ ਨਾਲ ਸਬੰਧ ਰੱਖਦਾ ਸੀ। ਇਹ ਸਾਮਰਾਜ ਈਸਾ ਪੂਰਵ 550 ਤੋਂ 330 ਤੱਕ ਚੱਲਿਆ। ਇਸ ਸਾਮਰਾਜ ਨਾਲ ਸਬੰਧਤ ਚਰਚਿਤ ਦਾਰਾ ਚੌਥਾ ਰਾਜਾ ਸੀ। ਹਾਲਾਂ ਕਿ ਇਸੇ ਵੰਸ਼ ਦੇ ਬਾਅਦ 'ਚ ਦੋ ਹੋਰ ਦਾਰਾ ਵੀ ਹੋਏ ਹਨ ਜਿਨ੍ਹਾਂ ਨੂੰ ਦੂਜਾ, ਤੀਜਾ ਕਿਹਾ ਗਿਆ ਹੈ ਪਰ ਆਪਣੇ ਕਾਰਨਾਮਿਆਂ ਕਰਕੇ ਇਤਿਹਾਸ ਵਿਚ ਪਹਿਲਾ ਦਾਰਾ ਹੀ ਰੌਸ਼ਨ ਹੈ। ਉਸ ਨੂੰ ਮਹਾਨ ਦਾਰਾ ਵੀ ਕਿਹਾ ਗਿਆ ਹੈ।

ਇਸ ਦੇ ਕਾਲ ਦੌਰਾਨ ਇਹ ਸਾਮਰਾਜ ਇੱਕ ਵੇਲੇ ਪੂਰੇ ਇਰਾਨ ਤੋਂ ਬਿਨਾ ਯੂਨਾਨ ਤੋਂ ਸਿੰਧ ਤੱਕ ਤੇ ਕੈਸਪੀਅਨ ਸਾਗਰ ਤੋਂ ਅਰਬ ਸਾਗਰ ਦੇ ਤਟਵਰਤੀ ਦੇਸ਼ਾਂ ਤੱਕ ਫੈਲ ਗਿਆ ਸੀ। ਸਿਕੰਦਰ ਤੋਂ ਪਹਿਲਾਂ ਇਸ ਨੇ ਸਿੰਧ, ਪੰਜਾਬ ਅਤੇ ਪਿਸ਼ਾਵਰ ਤੱਕ ਰਾਜ ਵਧਾ ਲਿਆ ਸੀ। ਇਹ ਪਾਰਥੀਆ ਦੇ ਸੂਬੇਦਾਰ ਹਿਸਟਾਪੀਸ ਦਾ ਪੁੱਤਰ ਸੀ ਅਤੇ ਕੰਬੂਜਿਯ ਪਿਛੋਂ 511 ਪੂਰਵ ਈਸਵੀ ਵਿਚ ਫਾਰਸ ਦੀ ਗੱਦੀ 'ਤੇ ਬੈਠਾ। ਹਾਸ਼ਮ ਸ਼ਾਹ ਲਿਖਦੇ ਹਨ,

ਕਿਥੇ ਸ਼ਾਹ ਸਕੰਦਰ ਦਾਰਾ,
ਅਤੇ ਜਾਮ ਗਿਆ ਕਿਤ ਜਮ ਦਾ।
ਖਿੜਕਨ ਦੇਉ ਜਿਨ੍ਹਾਂ ਦੀ ਤੇਗੋਂ,
ਅਤੇ ਧੌਲ ਪਿਆ ਨਿਤ ਕੰਬਦਾ।

ਇਸ ਦੇ ਗੱਦੀ 'ਤੇ ਬੈਠਣ ਦੀ ਕਥਾ ਬੜੀ ਦਿਲਚਸਪ ਹੈ। ਗਰੀਕ ਇਤਿਹਾਸਕਾਰ ਹੀਰੋਡੋਟਸ ਅਨੁਸਾਰ ਗੱਦੀਨਸ਼ੀਨ ਕੰਬੂਜਿਯ ਦੂਜੇ ਦੀ ਮੌਤ ਪਿਛੋਂ 522 ਪੂਰਵ ਈਸਵੀ ਵਿਚ ਦਾਰੇ ਨੇ ਬੜੀ ਚਲਾਕੀ ਨਾਲ ਗੱਦੀ ਸੰਭਾਲੀ। ਉਸ ਨੇ ਛੇ ਹੋਰ ਸਰਦਾਰਾਂ ਦੀ ਮਦਦ ਨਾਲ ਸਾਈਰਸ ਦੇ ਪੁੱਤਰ ਬਰਦੀਆ, ਜੋ ਗੱਦੀ 'ਤੇ ਬੈਠ ਗਿਆ ਸੀ, ਨੂੰ ਮਰਵਾ ਦਿੱਤਾ। ਪਰ ਇਕ ਦੰਦਕਥਾ ਅਨੁਸਾਰ ਗੱਦੀ ਦੇ ਛੇ ਅਧਿਕਾਰੀਆਂ ਵਿਚੋਂ ਅਸਲੀ ਹੱਕਦਾਰ ਚੁਣਨ ਲਈ ਇਕ ਪਰੀਖਿਆ ਨਿਯਤ ਕੀਤੀ ਗਈ। ਸਵੇਰੇ ਸਵੇਰੇ ਹਰ ਇਕ ਨੇ ਆਪਣੇ ਆਪਣੇ ਘੋੜੇ ਲੈ ਕੇ ਮਹੱਲ ਦੇ ਸਾਹਮਣੇ ਆਉਣਾ ਸੀ। ਸ਼ਰਤ ਅਨੁਸਾਰ ਜਿਸ ਦਾ ਘੋੜਾ ਪਹਿਲਾਂ ਹਿਣਕੇ, ਉਹੀ ਗੱਦੀ 'ਤੇ ਬੈਠੇਗਾ।

ਦਾਰੇ ਨੇ ਰਾਜ ਹਥਿਔਣ ਲਈ ਆਪਣੇ ਇਕ ਗੁਲਾਮ ਤੋਂ ਚਲਾਕੀ ਕਰਵਾਈ। ਗੁਲਾਮ ਨੇ ਇਕ ਘੋੜੀ ਦੇ ਚੱਡਿਆਂ ਵਿਚ ਆਪਣਾ ਹੱਥ ਘਸਾਇਆ ਤੇ ਦਾਰੇ ਦੇ ਘੋੜੇ ਨੂੰ ਸੁੰਘਾ ਦਿੱਤਾ। ਘੋੜੀ ਦੇ ਚੱਡਿਆਂ ਦੀ ਲਿੰਗ-ਉਕਸਾਊ ਵਾਸ਼ਨਾ ਕਾਰਨ ਹੁਸ਼ਿਆਰੀ ਵਿਚ ਆਇਆ ਘੋੜਾ ਹਿਣਕ ਪਿਆ। ਸਾਰਿਆਂ ਨੇ ਆਪਣੇ ਘੋੜਿਆਂ ਤੋਂ ਉਤਰ ਕੇ ਰਾਜੇ ਦੀ ਪ੍ਰਵਾਨਗੀ ਵਜੋਂ ਦਾਰੇ ਨੂੰ ਝੁਕ ਕੇ ਸਲਾਮ ਕੀਤਾ। ਇਹ ਮਹਾਨ ਰਾਜਾ ਚਾਤੁਰ ਹੁਕਮਰਾਨ, ਵੀਰ ਯੋਧਾ ਅਤੇ ਅਜੋਕੀ ਭਾਸ਼ਾ ਵਿਚ ਵਿਕਾਸ-ਪੁਰਸ਼ ਸੀ। ਬਿਸਤੂਨ ਵਿਚ ਆਪ ਹੀ ਉਕਰਾਏ ਇਕ ਸ਼ਿਲਾਲੇਖ ਵਿਚ ਉਸ ਨੇ ਆਪਣੇ ਕਾਰੇ ਨੂੰ ਜਾਇਜ਼ ਠਹਿਰਾਇਆ।

ਇਹ ਦਾਰਾ ਅੰਗਰੇਜ਼ੀ ਤੇ ਹੋਰ ਯੂਰਪੀ ਭਾਸ਼ਾਵਾਂ ਵਿਚ 'ਡੇਰੀਅਸ' ਨਾਂ ਨਾਲ ਜਾਣਿਆ ਜਾਂਦਾ ਹੈ। ਫਾਰਸ ਅਤੇ ਹੋਰ ਦੇਸ਼ਾਂ ਵਿਚ ਇਸਲਾਮ ਦੀ ਚੜ੍ਹਤ ਤੋਂ ਪਹਿਲਾਂ ਫਾਰਸ ਵਿਚ ਜ਼ਰਯੁਸਤਰ ਧਰਮ ਦੀ ਮਾਨਤਾ ਸੀ। ਇਥੋਂ ਦੇ ਲੋਕ ਆਰਿਆਈ ਅਤੇ ਭਾਰਤੀਆਂ ਵਾਂਗ ਅਗਨੀਪੂਜ ਸਨ। ਉਨ੍ਹਾਂ ਦੇ ਧਰਮ ਗ੍ਰੰਥ 'ਅਵੇਸਤਾ' ਵਿਚਲੀ ਭਾਸ਼ਾ (ਅਜੋਕੀ ਫਾਰਸੀ ਦੀ ਪੂਰਵਜ) ਵੇਦਿਕ ਸੰਸਕ੍ਰਿਤ ਦੀ ਸਕੀ ਹੋਣ ਕਰਕੇ ਇਸ ਨਾਲ ਮਿਲਦੀ ਸੀ।

ਪਰਸੇਪੋਲਿਸ ਦੇ ਇਕ ਸ਼ਿਲਾਲੇਖ ਅਨੁਸਾਰ ਡੇਰੀਅਸ ਜਾਂ ਦਾਰਾ ਸ਼ਬਦ ਦਾ ਉਥੇ ਪ੍ਰਚਲਿਤ ਉਚਾਰਣ 'ਦਾਰਯਵੋਸ਼' ਜਿਹਾ ਸੀ। ਗਰੀਕ ਵਿਚ ਜਾ ਕੇ ਇਸ ਨਾਂ ਦਾ ਰੂਪ ਡੇਰੀਅਸ ਹੋਇਆ ਜਿਥੋਂ ਹੋਰ ਯੂਰਪੀ ਭਾਸ਼ਾਵਾਂ ਵਿਚ ਇਹੀ ਰੂਪ ਗਿਆ। ਯੂਰਪ ਵਿਚ 'ਡੇਰੀਅਸ' ਸ਼ਬਦ ਵਿਅਕਤੀ ਦੇ ਨਾਂ ਵਜੋਂ ਅੱਜ ਵੀ ਕਾਫੀ ਚਲਦਾ ਹੈ। ਪਰ ਦੂਜੇ ਪਾਸੇ ਫਾਰਸ ਯਾਨਿ ਅਜੋਕੇ ਇਰਾਨ ਵਿਚ ਇਸ ਦਾ ਸੰਕੁਚਿਤ ਰੂਪ ਦਾਰਾ ਸ਼ਬਦ ਹੀ ਪ੍ਰਚਲਿਤ ਹੋਇਆ। ਅਜਿਤ ਵਡਨੇਰਕਰ ਨੇ ਇਸ ਨਾਂ ਦੀ ਮਹਿਮਾ ਸਾਡੇ ਖਿੱਤੇ ਵਿਚ ਇਨ੍ਹਾਂ ਨਾਂਵਾਂ ਤੋਂ ਉਘਾੜੀ ਹੈ: ਦਾਰਾਬਖਤ, ਦਾਰਾਅਲੀ, ਦਾਰਾਖਾਨ, ਦਾਰਾ ਪ੍ਰਸਾਦ, ਦਾਰਾਨਾਥ, ਦਾਰਾ ਸਿੰਘ।

ਇਰਾਨ ਦੇ ਦਾਰੇ ਤੋਂ ਬਾਅਦ ਜਿਸ ਦਾਰੇ ਦੀ ਪ੍ਰਸਿਧੀ ਹੈ, ਉਹ ਹੈ ਦਾਰਾ ਸ਼ਿਕੋਹ। ਇਹ ਮੁਗਲ ਸਮਰਾਟ ਸ਼ਾਹ ਜਹਾਨ ਦਾ ਜੇਠਾ ਪੁੱਤਰ ਅਤੇ ਔਰੰਗਜ਼ੇਬ ਦਾ ਵੱਡਾ ਭਰਾ ਸੀ। ਤਾਜਪੋਸ਼ੀ ਦਾ ਹੱਕਦਾਰ ਇਹੋ ਸੀ। ਉਸ ਦਾ ਰੁਝਾਨ ਸੂਫੀਵਾਦ ਵੱਲ ਸੀ ਅਤੇ ਵਧੀਆ ਲੇਖਕ ਤੇ ਵਿਦਵਾਨ ਸੀ। ਲਾਹੌਰ ਵਿਚ ਰਹਿਣ ਕਰਕੇ ਪੰਜਾਬੀਆਂ ਵਿਚ ਬਹੁਤ ਹਰਮਨਪਿਆਰਾ ਸੀ। ਉਸ ਨੇ ਮੀਆਂਮੀਰ ਦੀ ਜੀਵਨੀ ਲਿਖੀ। ਇਹ ਅਕਬਰ ਵਾਂਗ ਧਰਮ-ਨਿਰਪੇਖ ਸੀ, ਇਸ ਲਈ ਹਿੰਦੂਆਂ ਦੇ ਮਨ ਵਿਚ ਉਸ ਦੀ ਬਹੁਤ ਕਦਰ ਸੀ। ਪਰ ਔਰੰਗਜ਼ੇਬ ਅਤੇ ਮੁਰਾਦ ਨੇ ਉਸ ਨੂੰ ਇਸਲਾਮ ਵਿਰੋਧੀ ਅਤੇ ਕਾਫਿਰ ਕਰਾਰ ਦਿੱਤਾ। ਦਾਰੇ ਨਾਲ ਦੋ ਲੜਾਈਆਂ ਤੋਂ ਬਾਅਦ ਉਸ ਨੂੰ ਮਰਵਾ ਦਿੱਤਾ ਗਿਆ, "ਸ਼ਾਹਜਹਾਂ ਨੂੰ ਕੈਦ ਕਰ ਦਾਰਾ ਮਰਵਾਯਾ" (ਵਾਰ ਗੁਰੂ ਗੋਬਿੰਦ ਸਿੰਘ)।

ਉਪਰ ਦੱਸੇ ਅਨੁਸਾਰ ਦਾਰਾ ਸ਼ਬਦ ਦਾ ਅਸਲੀ ਰੂਪ ਦਾਰਯਵੋਸ਼ ਹੈ। ਇਸ ਸ਼ਬਦ ਦਾ ਨਿਰੁਕਤਕ ਅਰਥ ਹੈ, ਧਾਰਨ ਕਰਨ ਵਾਲਾ ਜਾਂ ਧਾਰਕ। ਇਸ ਪ੍ਰਸੰਗ ਵਿਚ ਅਰਥ ਹੋਇਆ, ਚੰਗੇ ਗੁਣ ਧਾਰਨ ਕਰਨ ਵਾਲਾ। ਇਸ ਦਾ ਭਾਰੋਪੀ ਮੂਲ ਹੈ Dher ਜੋ ਸੰਸਕ੍ਰਿਤ ਦੇ ਧਾਤੂ 'ਧ੍ਰ' ਨਾਲ ਮੇਲ ਖਾਂਦਾ ਹੈ। ਇਸ ਵਿਚ ਪੱਕੇ ਰਹਿਣ, ਡਟੇ ਰਹਿਣ, ਧਰਨ, ਸੰਭਾਲਣ ਦੇ ਅਰਥ ਨਿਹਿਤ ਹਨ। ਧਰਤੀ, ਧਰਮ, ਧਰਨਾ ਆਦਿ ਸ਼ਬਦ ਇਸੇ ਤੋਂ ਬਣੇ ਹਨ। ਵਿਅਕਤੀ ਆਦਿ ਨਾਂਵਾਂ ਵਿਚ ਦੇਖੋ, ਸ੍ਰੀਧਰ, ਕਲਗੀਧਰ, ਮੁਰਲੀਧਰ ਆਦਿ। ਲਾਤੀਨੀ ਵਿਚ 'ਧ' ਧੁਨੀ 'ਫ' ਵਿਚ ਬਦਲ ਜਾਂਦੀ ਹੈ ਸੋ ਇਸ ਵਿਚੋਂ ਅੰਗਰੇਜ਼ੀ ਵਿਚ ਗਏ ਕੁਝ ਸ਼ਬਦ ਹਨ: Firm, Farm, Furl.

ਅੰਗਰੇਜ਼ੀ ਖੇਤੀ ਵਾਲੇ ਫਾਰਮ ਦੀ ਵਿਆਖਿਆ ਕਰਦੇ ਹਾਂ। ਲਾਤੀਨੀ ਤੋਂ ਆਏ ਇਸ ਸ਼ਬਦ ਦਾ ਮੁਢਲਾ ਅਰਥ ਸੀ, ਪੱਕਾ ਕਰਨਾ, ਨਿਸ਼ਚਿਤ ਕਰਨਾ ਜੋ 'ਧਰ' ਮੂਲ ਦੇ ਅਰਥਾਂ ਨਾਲ ਮੇਲ ਖਾਂਦਾ ਹੈ। ਇਸ ਤੋਂ ਬਣੇ ਫਰਮਾ ਸ਼ਬਦ ਦਾ ਅਰਥ ਹੋਇਆ, ਪੱਕੀ ਠੱਕੀ ਅਦਾਇਗੀ, ਨਿਸ਼ਚਿਤ ਰਕਮ (ਖੇਤੀ ਦੇ ਕੰਮ ਦੇ ਪ੍ਰਸੰਗ ਵਿਚ)। ਇਸ ਤੋਂ ਅੱਗੇ ਠੇਕੇ 'ਤੇ ਦਿੱਤੀ ਹੋਈ ਜਮੀਨ ਦੇ ਭਾਵ ਵਿਕਸਿਤ ਹੋਏ ਤੇ ਅਖੀਰ ਫਾਰਮ ਦੇ ਅਜੋਕੇ ਅਰਥ ਯਾਨਿ ਖੇਤੀ ਵਾਲੀ ਜਮੀਨ। ਸੋ ਦਾਰਾ ਨੂੰ ਅਸੀਂ ਚੰਗੇ ਗੁਣਾਂ ਦੇ ਧਾਰਕ ਜਾਂ ਸਮਰਥਕ ਵਜੋਂ ਸਮਝ ਸਕਦੇ ਹਾਂ। ਸਾਡਾ ਵਿਅਕਤੀ ਨਾਂ ਧਰਮਾ ਦਾਰਾ ਦਾ ਸਜਾਤੀ ਹੈ।

# ਪੰਜਾਬ ਦੀ ਸਵੱਛਤਾ

ਪੰਜਾਬ ਭਰ ਵਿਚ ਸਵੱਛਤਾ ਦੀ ਸਖਤ ਕਮੀ ਹੈ। ਵੱਡੇ ਸ਼ਹਿਰਾਂ ਵਿਚ ਕੂੜੇ-ਕਰਕਟ ਦੇ ਡੰਪ ਬਣਾਏ ਗਏ ਹਨ, ਸਾਰੇ ਭੜਾਸ ਮਾਰਦੇ ਹਨ। ਬਿਮਾਰੀਆਂ ਵਧ ਰਹੀਆਂ ਹਨ। ਲੋਕ ਹਾਹਾਕਾਰ ਮਚਾ ਰਹੇ ਹਨ। ਸਰਕਾਰ ਵੀ ਗੰਭੀਰ ਹੈ, ਪਰ ਉਸ ਨੂੰ ਸੁਝਦਾ ਕੁਝ ਨਹੀਂ। ਹਾਲਾਤ ਕਿਸੇ ਦੇ ਵੀ ਵਸ ਵਿਚ ਨਹੀਂ।



ਹਰਜਾਪ ਸਿੰਘ ਔਜਲਾ
ਫੋਨ: 91-98149-06024

ਮੇਰੇ ਆਪਣੇ ਸ਼ਹਿਰ ਮੁਹਾਲੀ ਵਿਚ ਅਜੀਬ-ਓ-ਗਰੀਬ ਹਾਲਤ ਹੈ। ਇਥੇ ਵੀ ਇਕ ਕੂੜਾ-ਕਰਕਟ ਡੰਪ ਹੈ ਜੋ ਕਈ ਸਾਲਾਂ ਤੋਂ ਵੱਡਾ ਨਹੀਂ ਹੋ ਰਿਹਾ। ਮੈਂ ਰੋਜ਼ ਉਸ ਦੇ ਦੀਦਾਰੇ ਘਰ ਦੀਆਂ ਖਿੜਕੀਆਂ ਵਿਚੋਂ ਕਰਦਾ ਹਾਂ। ਕਈ ਵਾਰ ਬੜੀ ਭੈੜੀ ਬੋਅ ਆਉਂਦੀ ਹੈ। ਕਈ ਵਾਰ ਕਣਕ ਦੇ ਨਾੜ ਸੜਨ ਵਰਗੀ ਬੋਅ ਆਉਂਦੀ ਹੈ। ਕੁਝ ਸਮਝ ਨਹੀਂ ਸੀ ਪੈਂਦੀ। ਅੱਜ ਕੱਲ੍ਹ ਉਸ ਦੇ ਰਾਜ਼ ਨੁਮਾਇਆ ਹੋਏ ਹਨ। ਇਕ ਦਿਨ ਮੈਂ ਤੜਕੇ ਤੱਕਿਆ ਕਿ ਦੂਰ ਕੂੜੇ ਦੇ ਡੰਪ ਨੂੰ ਕਿਸੇ ਨੇ ਅੱਗ ਲਾ ਦਿਤੀ ਹੈ। ਅੱਗ ਘੱਟ ਸੀ ਪਰ ਧੂਏਂ ਦੇ ਸਿਆਹ ਬੱਦਲ ਚਾਰੇ ਪਾਸੇ ਦਿਸ ਰਹੇ ਸਨ। ਸਵੇਰੇ ਸੈਰ ਕਰਨ ਦੀ ਕੋਸ਼ਿਸ਼ ਕੀਤੀ ਪਰ ਸਾਹ ਘੁੱਟਦਾ ਸੀ। ਮੈਂ ਤੁਰੰਤ ਪਰਤ ਆਇਆ। ਸੋਚਿਆ, ਪੁਲਿਸ ਨੂੰ ਸ਼ਿਕਾਇਤ ਕਰਾਂ। ਪੁਲਿਸ ਦਾ ਤਜਰਬਾ ਸਾਰੀ ਮੁਹਾਲੀ ਦਾ ਹੀ ਖੱਟਾ ਹੈ, ਸਭ ਨੂੰ ਇਲਮ ਸੀ ਕਿ ਕੁਝ ਨਹੀਂ ਹੋਣਾ। ਮੈਂ ਮਜਬੂਰਨ ਕੌੜਾ ਘੁਟ ਭਰ ਕੇ ਖਾਮੋਸ਼ ਹੋ ਗਿਆ।

ਅੱਜ ਕੱਲ੍ਹ ਗਊ ਮਾਤਾਵਾਂ ਲਾਚਾਰੀ ਦੇ ਆਲਮ ਵਿਚ ਹਨ। ਜਦੋਂ ਕੁਝ ਖਾਣ ਨੂੰ ਨਹੀਂ ਮਿਲਦਾ ਤਾਂ ਕੂੜੇ ਵਲ ਰੁਖ ਕਰਦੀਆਂ ਹਨ। ਉਥੇ ਤਾਂ ਕਈ ਵੰਨਗੀਆਂ ਦੀ ਖੁਰਾਕ ਮਿਲ ਜਾਂਦੀ ਹੈ, ਕੁਝ ਨਾ ਕੁਝ ਭੁੱਖ ਵੀ ਮਿਟ ਜਾਂਦੀ ਹੈ। ਕੂੜੇ ਦੇ ਭੰਡਾਰਾਂ ਤੋਂ ਉਹ ਕਈ ਬਿਮਾਰੀਆਂ ਦੀ ਪੰਡ ਬਣ ਕੇ ਸ਼ਹਿਰ 'ਚ ਫਿਰਦੀਆਂ ਹਨ। ਕੀ ਕੀ ਵਾਇਰਸ ਫੈਲਾਉਂਦੀਆਂ ਹੋਣਗੀਆਂ, ਖੁਦਾ ਹੀ ਗਵਾਹ ਹੈ।

ਅਵਾਰਾ ਕੁੱਤਿਆਂ ਦਾ ਆਲਮ ਬਹੁਤਾ ਭਿੰਨ ਨਹੀਂ। ਸਾਰਾ ਦਿਨ ਰਾਹਗੀਰਾਂ ਨੂੰ ਵੱਢੂੰ-ਖਾਊਂ ਕਰਦੇ ਹਨ। ਇਹ ਜਾਨਵਰ ਹਲਕਾਅ ਦੇ ਮੁੱਖ ਅਜਾਇਬਘਰ ਹਨ। ਇਕ ਸਰਕਾਰੀ ਹਸਤੀ ਕੁੱਤਿਆਂ ਅਤੇ ਹੋਰ ਜਾਨਵਰਾਂ ਨੂੰ ਜਾਨੋਂ ਮਾਰਨ ਦੇ ਖਿਲਾਫ ਹੈ। ਉਸ ਦੇ ਫੁਰਮਾਨ ਮੁਤਾਬਕ ਜੋ ਵੀ ਕੁੱਤੇ ਨੂੰ ਮਾਰਦਾ ਹੈ, ਉਹ ਤਵੀਲ ਅਰਸਾ ਜੇਲ੍ਹ ਕੱਟੇਗਾ। ਉਹ ਕੁੱਤਿਆਂ ਦੀ ਨਸਬੰਦੀ ਦੀ ਅਲੰਬਰਦਾਰ ਹੈ ਪਰ ਉਹਨੂੰ ਪਤਾ ਨਹੀਂ ਕਿ ਕੁੱਤਿਆਂ ਦੀ ਨਸਬੰਦੀ ਸੰਭਵ ਨਹੀਂ। ਹਜ਼ਾਰਾਂ ਕੁੱਤਿਆਂ ਵਿਚੋਂ ਸ਼ਨਾਖਤ ਵੀ ਸੰਭਵ ਨਹੀਂ ਕਿ ਕਿਸ ਦੀ ਨਸਬੰਦੀ ਹੋ ਚੁਕੀ ਹੈ ਤੇ ਕਿਸ ਦੀ ਨਹੀਂ। ਕਈ ਤਾਂ ਦਸ ਵਾਰੀ ਕਾਬੂ ਆ ਜਾਂਦੇ ਹਨ।

ਸਭ ਤੋਂ ਖੌਫਨਾਕ ਹਾਲਾਤ ਤਿੰਨਾਂ ਮਹਾਂਨਗਰਾਂ ਦੇ ਹਨ। ਡੰਪ ਸ਼ਹਿਰਾਂ ਦੇ ਅੰਦਰ ਆ ਚੁਕੇ ਹਨ। ਆਲੇ ਦੁਆਲੇ ਦੇ ਵਾਸੀਆਂ ਦਾ ਜੀਵਨ ਨਰਕ ਬਣ ਰਿਹਾ ਹੈ। ਲੋਕਾਂ ਦੀ ਮੰਗ ਹੈ ਕਿ ਡੰਪ ਫੌਰਨ ਸ਼ਹਿਰੋਂ ਬਾਹਰ ਕੱਢੋ। ਸਰਕਾਰ ਨੂੰ ਜਮੀਨ ਹੀ ਕਿਤੇ ਨਜ਼ਰ ਨਹੀਂ ਆਉਂਦੀ ਜੋ ਖਰੀਦੀ ਜਾ ਸਕੇ।



ਜੇ ਜਮੀਨ ਥੋੜ੍ਹੀ-ਬਹੁਤ ਮਿਲਦੀ ਹੈ, ਉਸ ਨਾਲ ਲੋੜਾਂ ਦਾ ਘਰ ਪੂਰਾ ਨਹੀਂ ਹੁੰਦਾ।

ਅਮਰੀਕਾ ਵਿਚ ਰਹਿੰਦਿਆਂ ਜਿਸ ਮਹਿਕਮੇ ਵਿਚ ਮੈਂ ਮੁਲਾਜ਼ਮ ਸਾਂ, ਉਹ ਗੰਦਗੀ ਦੇ ਢੇਰਾਂ ਦਾ ਪ੍ਰਬੰਧਨ ਵੀ ਕਰਦਾ ਸੀ। ਅਸੂਲ ਸੀ ਕਿ ਜਮੀਨ ਸ਼ਹਿਰੋਂ ਬਾਹਰ ਆਬਾਦੀ ਤੋਂ ਦੂਰ ਲਈ ਜਾਵੇ। ਜੋ ਲਾਗੇ ਰਹਿੰਦੇ ਹੋਣ, ਉਨ੍ਹਾਂ ਨੂੰ ਪੈਸੇ ਦੇ ਕੇ ਉਥੋਂ ਉਠਾਇਆ ਜਾਵੇ। ਨਿਊ ਯਾਰਕ, ਫਿਲਾਡੈਲਫੀਆ ਆਦਿ ਸ਼ਹਿਰਾਂ ਵਿਚ ਜਦੋਂ ਡੰਪ ਬਣਾਏ ਗਏ ਸਨ, ਉਦੋਂ ਇਹ ਡੰਪ ਆਬਾਦੀ ਤੋਂ ਕਾਫੀ ਦੂਰ ਸਨ ਪਰ ਅੱਜ ਕੱਲ੍ਹ ਉਹ ਵੀ ਸ਼ਹਿਰਾਂ ਵਿਚ ਆ ਗਏ ਹਨ।

ਪੰਜਾਬ ਵਿਚ ਕੁਝ ਸ਼ਹਿਰ ਬਾਕੀ ਸੂਬੇ ਨਾਲੋਂ ਖੁਸ਼ਕਿਸਮਤ ਹਨ। ਉਨ੍ਹਾਂ ਦੀ ਭੂਗੋਲਿਕ ਸਥਿਤੀ ਅਜਿਹੀ ਹੈ ਜੋ ਬਾਕੀ ਸੂਬੇ ਦੇ ਨਸੀਬਾਂ ਵਿਚ ਨਹੀਂ। ਇਨ੍ਹਾਂ ਵਿਚ ਫਾਜ਼ਿਲਕਾ, ਫਿਰੋਜ਼ਪੁਰ, ਅੰਮ੍ਰਿਤਸਰ ਤੇ ਗੁਰਦਾਸਪੁਰ ਸ਼ਾਮਿਲ ਹਨ। ਮਿਸਾਲ ਵਜੋਂ ਅੰਮ੍ਰਿਤਸਰ ਦੀਆਂ ਹੱਦਾਂ ਤੋਂ ਦਸ ਕਿਲੋਮੀਟਰ ਦੀ ਦੂਰੀ 'ਤੇ ਕੌਮਾਂਤਰੀ ਸਰਹੱਦ ਹੈ। ਸਰਹੱਦ ਦੇ ਨੇੜੇ ਸੈਂਕੜੇ ਏਕੜ ਸਰਕਾਰੀ ਜਮੀਨ ਹੈ, ਜਿਥੇ 100-200 ਏਕੜ ਜਮੀਨ ਆਧੁਨਿਕ ਕੂੜਾ ਸਾਂਭਣ ਲਈ ਵਰਤੀ ਜਾ ਸਕਦੀ ਹੈ। ਇਹ ਭੰਡਾਰ ਸੌ ਸਾਲ ਤੋਂ ਵੱਧ ਕੰਮ ਆ ਸਕਦੇ ਹਨ।

ਡੰਪ ਦੇ ਚਾਰੇ ਪਾਸੇ ਦਸ ਫੁੱਟ ਉਚੀ ਦੀਵਾਰ ਉਸਾਰੀ ਜਾ ਸਕਦੀ ਹੈ, ਜੋ ਬਦਬੂ ਨੂੰ ਫੈਲਣ ਨਹੀਂ ਦੇਵੇਗੀ ਅਤੇ ਉਸ ਵਿਚ ਦਵਾਈਆਂ ਆਦਿ ਵੀ ਛਿੜਕਣ ਵਾਸਤੇ ਕੁਦਰਤੀ ਹਦੂਦ ਬਣ ਜਾਵੇਗੀ। ਹੋਰ ਸ਼ਹਿਰ ਅਤੇ ਕਸਬੇ ਵੀ ਇਸ ਜਗ੍ਹਾ ਨੂੰ ਇਸਤੇਮਾਲ ਕਰ ਸਕਣਗੇ। ਇਥੇ ਕੂੜੇ ਸਬੰਧੀ ਤਜਰਬੇ ਵੀ ਕੀਤੇ ਜਾ ਸਕਣਗੇ। ਇਸੇ ਹੀ ਤਰ੍ਹਾਂ ਦਾ ਪ੍ਰਬੰਧ ਫਾਜ਼ਿਲਕਾ, ਫਿਰੋਜ਼ਪੁਰ, ਗੁਰਦਾਸਪੁਰ ਸ਼ਹਿਰਾਂ ਵਿਚ ਵੀ ਕੀਤਾ ਜਾ ਸਕੇਗਾ।

ਅੱਜ ਕੱਲ੍ਹ ਕੂੜਾ-ਕਰਕਟ ਦੇ ਭੰਡਾਰਨ ਉਪਰ ਸਾਰੇ ਯੂਰਪ ਅਤੇ ਅਮਰੀਕਾ ਵਿਚ ਖੋਜ ਹੋ ਰਹੀ ਹੈ। ਸਭ ਤੋਂ ਸੌਖਾ ਕੰਮ ਤਾਂ ਸ਼ੀਸ਼ੇ, ਪਲਾਸਟਿਕ ਅਤੇ ਧਾਤਾਂ ਨੂੰ ਨਿਖੇੜਨ ਦਾ ਹੈ। ਇਹ ਵਸਤਾਂ ਲੋਕਾਂ ਦੇ ਘਰਾਂ ਵਿਚ ਹੀ ਨਿਖੇੜੀਆਂ ਜਾ ਸਕਦੀਆਂ ਹਨ। ਸਿਆਣੀਆਂ ਨਗਰ ਪਾਲਿਕਾਵਾਂ ਲੋਕਾਂ ਨੂੰ ਮੁਫਤ ਵਿਚ ਵੱਖ-ਵੱਖ ਰੰਗਾਂ ਦੇ ਖਾਲੀ ਢੋਲ ਮੁਹੱਈਆ ਕਰਵਾਉਂਦੀਆਂ ਹਨ। ਲੋਕਾਂ ਨੂੰ ਹਦਾਇਤ ਦਿਤੀ ਜਾਂਦੀ ਹੈ ਕਿ ਉਹ ਸ਼ੀਸ਼ਾ, ਪਲਾਸਟਿਕ, ਕਾਗਜ਼ ਅਤੇ ਧਾਤਾਂ ਨੂੰ ਵੱਖ-ਵੱਖ ਢੋਲਾਂ ਵਿਚ ਪਾਉਣ। ਇਸ ਨਾਲ ਕੂੜੇ ਦੇ ਢੇਰਾਂ ਉਪਰ ਜਾਣ ਵਾਲੀ ਵਧੇਰੇ ਸਮੱਗਰੀ ਕਾਰਖਾਨਿਆਂ 'ਚ ਜਾਂਦੀ ਹੈ ਤੇ ਕੂੜੇ ਦੇ ਢੇਰਾਂ ਦਾ ਆਕਾਰ ਸੀਮਤ ਕਰਨ ਦਾ ਬਾਇਸ ਬਣਦੀ ਹੈ। ਫਲਾਂ ਅਤੇ ਸਬਜ਼ੀਆਂ ਦੀ ਰਹਿੰਦ-ਖੂੰਹਦ ਤੋਂ ਰੂੜੀ ਤਿਆਰ ਕੀਤੀ ਜਾ ਸਕਦੀ ਹੈ। ਰਹਿੰਦ-ਖੂੰਹਦ ਨੂੰ ਸਾੜਨ ਦੀ ਮਨਾਹੀ ਹੈ। ਇਸ ਨਾਲ ਵਾਤਾਵਰਣ ਵਿਚ ਪ੍ਰਦੂਸ਼ਣ ਦੀ ਜਾਹਰਾ ਰੋਕਥਾਮ ਹੋ ਸਕਦੀ ਹੈ।

ਦਿਲ ਦੀ ਦਾਸਤਾਨ

# ਥਾਣਾ, ਤਸ਼ੱਦਦ ਤੇ ਸ਼ਾਇਰ ਦਾ ਸਿਦਕ

*ਲਾਲ ਸਿੰਘ ਦਿਲ 1970ਵਿਆਂ ਵਿਚ ਉਠੀ ਨਕਸਲਬਾੜੀ ਲਹਿਰ ਦੌਰਾਨ ਪ੍ਰਵਾਨ ਚੜ੍ਹਿਆ ਸ਼ਾਇਰ ਹੈ। ਉਹਦੀ ਕਵਿਤਾ ਅੰਦਰ ਇਨਕਲਾਬ ਲਈ ਤਾਂਘਾਂ ਤਾਂ ਹੁਲਾਰੇ ਲੈਂਦੀਆਂ ਹੀ ਹਨ, ਇਸ ਵਿਚ ਦਲਿਤਾਂ ਦਾ ਦਰਦ ਵੀ ਬਹੁਤ ਸੁਖਮ ਰੂਪ ਵਿਚ ਸਮਾਇਆ ਹੋਇਆ ਹੈ। ਪਾਠਕਾਂ ਦੀ ਨਜ਼ਰ ਕੀਤੀ ਜਾ ਰਹੀ ਲਿਖਤ 'ਥਾਣਾ, ਤਸ਼ੱਦਦ ਤੇ ਸ਼ਾਇਰ ਦਾ ਸਿਦਕ' ਉਹਦੀ ਸਵੈ-ਜੀਵਨੀ 'ਦਾਸਤਾਨ' ਵਿਚੋਂ ਲਈ ਗਈ ਹੈ। ਇਸ ਵਿਚ ਉਸ ਉਤੇ ਥਾਣੇ ਅੰਦਰ ਹੋਏ ਅੱਤਿਆਚਾਰ ਦਾ ਮਾਰਮਿਕ ਚਿੱਤਰ ਉਲੀਕਿਆ ਗਿਆ ਹੈ। ਇਸ ਵਿਚੋਂ ਸਿਰ ਉਠਾ ਕੇ ਜੀਣ-ਥੀਣ ਦੀ ਬੜ੍ਹਕ ਵੀ ਸਹਿਜੇ ਹੀ ਮਹਿਸੂਸ ਕੀਤੀ ਜਾ ਸਕਦੀ ਹੈ। -ਸੰਪਾਦਕ*

ਹਰ ਰੋਜ਼ ਨਵੀਂ ਦੁਰਘਟਨਾ ਵਾਪਰਦੀ ਸੀ। ਮੈਨੂੰ ਵੀ ਲੱਗ ਰਿਹਾ ਸੀ ਕਿ ਪਤਾ ਨਹੀਂ ਕਿਥੇ ਗੋਲੀ ਦਾ ਨਿਸ਼ਾਨਾ ਹੋਣਾ ਹੈ। ਕਾਮਰੇਡ ਚੇਤਨ ਨਾਲ ਵੀ ਭਾਵੁਕ ਸਾਂਝ ਸੀ ਜਿਸ ਨੂੰ ਪੁਲਿਸ ਦੀ ਹਿਰਾਸਤ 'ਚ ਜੱਫੀ ਪਾ ਲਈ ਸੀ। ਕਾਮਰੇਡ ਚੇਤਨ ਦੇ ਲੜਕੇ ਨੂੰ ਚੇਤਨ ਦੇ ਫੜੇ ਜਾਣ 'ਤੇ ਕੋਈ ਦੁੱਖ ਨਹੀਂ ਹੋਇਆ ਹੋਣਾ, ਸਗੋਂ ਉਹ ਇਸ ਬਲਾ ਨੂੰ ਹਮੇਸ਼ਾ ਲਈ ਟਾਲਣ ਲਈ ਤਿਆਰ ਹੋਵੇਗਾ।

ਉਹ ਅਤੇ ਮੈਂ ਬਾਜ਼ਾਰ ਤੋਂ ਹਟਵੀਂ ਚੌੜੀ ਗਲੀ ਵਿਚ ਖੁਰਲੀ 'ਤੇ ਜਾ ਬੈਠੇ ਅਤੇ ਜ਼ਿਆਦਾ ਦੇਰ ਨਹੀਂ ਸੀ ਹੋਈ ਕਿ ਪੁਲਿਸ ਦੀ ਜੀਪ ਨੇੜੇ ਆ ਗਈ। ਕੋਈ ਬੰਦਾ ਵੀ ਇਧਰ-ਉਧਰ ਦਿਖਾਈ ਨਹੀਂ ਸੀ ਦੇ ਰਿਹਾ। ਜਿਉਂ ਹੀ ਜੀਪ ਰੁਕੀ ਤਾਂ ਪੁਲਸੀਏ ਫਟਾਫਟ ਉਤਰ ਕੇ ਮੇਰੇ ਨੇੜੇ ਆ ਗਏ। ਮੈਂ ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ, "ਨਕਸਲਬਾੜੀ ਜ਼ਿੰਦਾਬਾਦ, ਇਨਕਲਾਬ ਜ਼ਿੰਦਾਬਾਦ।" ਇਨ੍ਹਾਂ ਤੋਂ ਮੇਰੀ ਮੁਰਾਦ ਇਹ ਸੀ ਕਿ ਲੋਕ ਇਕੱਠੇ ਹੋ ਜਾਣ ਤਾਂ ਕਿ ਇਨ੍ਹਾਂ ਨੂੰ ਮਾਰ ਸੁੱਟ ਦੇਣ ਤੋਂ ਪਹਿਲਾਂ ਥੋੜ੍ਹਾ ਲੋਕਾਂ ਦਾ ਖਿਆਲ ਰਹੇ ਕਿ ਇਸ ਨੂੰ ਅਸੀਂ ਚੋਰੀ ਗ੍ਰਿਫਤਾਰ ਨਹੀਂ ਕੀਤਾ। ਉਨ੍ਹਾਂ ਇਧਰ-ਉਧਰ ਹਥਿਆਰ ਲਾ ਲਏ।



ਲਾਲ ਸਿੰਘ ਦਿਲ

ਬਾਹਾਂ ਤੋਂ ਫੜ ਲਿਆ, ਮੋਟਾ ਹੌਲਦਾਰ ਪਿੱਠ ਵਿਚ ਪਿਸਤੌਲ ਦੀ ਨਾਲੀ ਚੁਭੋਣ ਲੱਗਾ। ਮੈਂ ਕਿਹਾ, "ਕੀ ਗੱਲ ਚਲਾ ਨ੍ਹੀਂ ਹੁੰਦਾ? ਚੁਭੋਂਦਾ ਕਾਹਤੋਂ ਹੈਂ?" "ਚਲਾਵਾਂਗੇ ਚਲਾਵਾਂਗੇ", ਕਰਨ ਲੱਗਾ। ਮੈਨੂੰ ਖਿਆਲ ਸੀ ਕਿ ਇਹ ਬਦਨਾਮ ਜ਼ਿਆਦਾ ਕਰਦੇ ਨੇ ਅਤੇ ਹੁਣ ਗੋਲੀ ਨਹੀਂ ਚਲਾ ਰਹੇ, ਕੇਸ ਬਣਾਉਣਗੇ ਤਾਂ ਮੈਂ ਕਿਹਾ, "ਅਫੀਮ ਵਗੈਰਾ ਦੇ ਨਾ ਬਣਾਉਣਾ", ਤਾਂ ਇਕ ਕਹਿਣ ਲੱਗਾ, "ਪਿਸਤੌਲ ਦਾ ਬਣਾਵਾਂਗੇ।"

ਥਾਣੇ ਦੀ ਹਵਾਲਾਤ ਵਿਚ ਕੁਝ ਦੋਸ਼ੀ ਸਨ, ਇਕ ਪਾਸੇ ਦੀ ਹਵਾਲਾਤ ਖਾਲੀ ਕਰਵਾ ਕੇ ਮੈਨੂੰ ਇਕੱਲੇ ਨੂੰ ਵਾੜ ਕੇ ਬਾਹਰੋਂ ਤਾਲਾ ਲਾ ਦਿੱਤਾ ਗਿਆ (ਮੈਂ ਪੁਲਿਸ ਨਾਲ ਦੁਸ਼ਮਣੀ ਦੇ ਮਾਨਸਿਕ ਪੱਧਰ ਤੱਕ ਨਹੀਂ ਸਾਂ ਪਹੁੰਚਿਆ ਹੋਇਆ ਅਤੇ ਹੁਣ ਵੀ ਮੈਂ ਆਪਣੀ ਜਾਤੀ ਤਜਰਬੇ ਤੋਂ ਦੇਖਿਆ ਕਿ ਉਹ ਕਾਮਰੇਡਾਂ ਨਾਲੋਂ ਵੱਧ ਗਏ ਗੁਜ਼ਰੇ ਨਹੀਂ)।

ਮੈਂ ਜ਼ਖਮੀ ਸ਼ੇਰ ਵਾਂਗ ਇਧਰ ਤੋਂ ਉਧਰ ਚੱਕਰ ਕੱਟ ਰਿਹਾ ਸਾਂ। ਸਾਹਮਣੇ ਹਵਾਲਾਤ ਵਿਚ ਬੈਠੇ ਬੰਦੇ ਅਜੀਬ ਤਰ੍ਹਾਂ ਮੇਰੇ ਵੱਲ ਵੇਖ ਰਹੇ ਸਨ। ਥੋੜ੍ਹੀ ਦੇਰ ਹਵਾਲਾਤ ਵਿਚ ਰਹਿਣ ਉਪਰੰਤ ਮੈਂ ਕੁਝ ਸ਼ਾਂਤੀ ਮਹਿਸੂਸ ਕੀਤੀ। ਇਕ ਸਿਪਾਹੀ ਅੱਗਿਓਂ ਲੰਘਦਾ ਕਹਿਣ ਲੱਗਾ, "ਓਏ ਚਾਹ ਪੀਣੀ ਐਂ।" ਮੈਂ ਕਿਹਾ, "ਬੋਲਣਾ ਵੀ ਆਉਂਦੈ?" "ਤੇਰੇ ਮੂੰਹ 'ਤੇ ਅੱਛੀ ਖਾਸੀ ਦਾੜ੍ਹੀ ਐ।" ਛੋਟੀ ਇਹ ਸਿਪਾਹੀ ਹੱਥਕੜੀ ਦੋਹਾਂ ਹੱਥਾਂ 'ਚ ਫੜੀ ਆ ਰਿਹਾ ਸੀ। (ਮੈਨੂੰ) ਜੀਪ ਵਿਚ ਬਿਠਾ ਕੇ ਫੌਜੀ ਤੰਬੂਆਂ ਦੀ ਪਿੱਠ ਪਿੱਛੇ ਉਨ੍ਹਾਂ ਕੁਆਟਰਾਂ ਵਿਚ ਲੈ ਗਏ, ਜਿਥੇ ਪਹਿਲਾਂ ਕੁਝ ਸਰਕਾਰੀ ਮੁਲਾਜ਼ਮਾਂ ਦੇ ਪਰਿਵਾਰ ਰਿਹਾ ਕਰਦੇ ਸਨ। ਮੈਂ ਵੀ ਇਥੇ ਇਕ ਦੋ ਰਾਤਾਂ ਆਪਣੇ ਦੋਸਤ ਪਾਸ ਰਹਿ ਚੁਕਾ ਸਾਂ, ਜਿਥੇ ਬੱਚਿਆਂ ਦੇ ਮੰਜੇ, ਮੇਜ਼, ਕਾਪੀਆਂ, ਕਿਤਾਬਾਂ, ਚੁੱਲ੍ਹਾ ਆਦਿ ਹੁੰਦਾ ਸੀ। ਉਥੇ ਵਰਦੀਆਂ ਤੇ ਪੇਟੀਆਂ ਲਟਕ ਰਹੀਆਂ ਸਨ। ਸ਼ਾਮ ਪੰਜ ਕੁ ਵਜੇ ਦਾ ਸਮਾਂ ਸੀ। ਪੁਲਸੀਏ ਹੀ ਪੁਲਸੀਏ ਖੜ੍ਹੇ ਸਨ। ਇਹ ਬਾਹਰ ਹੀ ਪਤਾ ਸੀ ਕਿ ਪੰਜਾਬ ਦੀ ਪੁਲਿਸ ਦਾ 101 ਫੀਸਦੀ ਧੱਕਾ ਕਰਨ ਦਾ ਰਿਕਾਰਡ ਹੈ। ਕੁਝ ਦੇਰ ਪਹਿਲਾਂ ਪੰਜਾਬ ਦੀ ਪੁਲਿਸ ਨੇ ਨਕਸਲਬਾੜੀਆਂ ਲਈ ਸਪੈਸ਼ਲ ਸਟਾਫ ਬਣਾਇਆ ਸੀ, ਯਾਨਿ ਪੰਜਾਬ ਦੀ ਪੁਲਿਸ 'ਚੋਂ ਛਾਂਟੇ ਹੋਏ ਪੁਲਸੀਏ ਸਨ। ਇਹ ਸਪੈਸ਼ਲ ਸਟਾਫ ਡੀ. ਐਸ. ਪੀ. ਪੰਨੂ ਦੀ ਅਗਵਾਈ ਵਿਚ ਨਿਯੁਕਤ ਹੋਇਆ ਸੀ। ਖੂਬ ਕੰਦਾਵਾਰ ਪੁਲਿਸ ਛਾਂਟੀ ਹੋਈ ਸੀ। ਮੇਰੀ ਕਵਿਤਾ 'ਕਾਂਗਲਾ ਤੇਲੀ' ਵਿਚ ਜਿਥੇ ਨੀਵੀਆਂ ਜਾਤਾਂ ਦਾ ਇਨਕਲਾਬੀ ਮਿਲਵਰਤਨ ਦਿਖਾਇਆ ਗਿਆ ਸੀ, ਇਸ ਸਟਾਫ ਵਿਚ ਇਸ ਦੇ ਉਲਟ ਬ੍ਰਾਹਮਣ ਅਤੇ ਜੱਟ ਸਨ।

ਕਈ ਥਾਣੇਦਾਰ, ਕਈ ਹੌਲਦਾਰ ਖੜ੍ਹੇ ਸਨ। ਇਕ ਨੇ ਪੁੱਛਣਾ ਸ਼ੁਰੂ ਕੀਤਾ, ਮੈਂ ਹਥਕੜੀ ਮੰਜੇ ਨਾਲ ਪਾ ਕੇ ਬੰਨ੍ਹਿਆ ਹੋਇਆ ਸਾਂ।

"ਕੀ ਨਾਓਂ ਐ?"

"ਲਾਲ ਸਿੰਘ।"

"ਬਾਪ ਦਾ ਨਾਂ?"

"ਰੌਣਕੀ।"

"ਪਿੰਡ?"

"ਏਨਾ ਸੌਖਾ ਨਾ ਸਮਝੋ ਕਿ ਤੁਸੀਂ ਮੇਰੇ ਕੋਲੋਂ ਜੋ ਚਾਹੋ, ਪੁੱਛਦੇ ਰਹੋ।" ਮੈਂ ਕਿਹਾ।

ਉਹ ਵਿਹੜੇ ਵਿਚੋਂ ਬਾਹਰ ਚਲੇ ਗਏ। ਕਾਮਰੇਡ ਵੈਦ ਮੁੱਲਾਂਪੁਰ, ਜਿਸ ਨੂੰ ਮੇਰੇ ਨਾਲ ਫੜ ਕੇ ਲਿਆਏ ਸਨ, ਖੱਬੇ ਪਾਸੇ ਬਰਾਂਡੇ ਵਿਚ ਮੇਰੀ ਤਰਫ ਥੱਪਣ ਮਾਰੀ ਬੈਠਾ ਸੀ। ਉਹ ਕਾਮਰੇਡ ਚੇਤਨ ਪਾਸ ਆਇਆ ਕਰਦਾ ਸੀ ਅਤੇ ਘੰਟਾ-ਘੰਟਾ ਗੱਲਾਂ ਕਰਦਾ ਰਹਿੰਦਾ ਸੀ। ਕਦੇ ਕਦੇ ਗੱਲਾਂ ਦੇ ਵਜਦ ਵਿਚ ਆ ਕੇ ਨਚਾਰਾਂ ਵਾਂਗ ਪੈਰ ਮਾਰਨ ਲੱਗਦਾ ਸੀ। ਉਹ ਗੱਲਾਂ ਦਾ ਬਹੁਤ ਸ਼ੌਕੀਨ ਸੀ ਅਤੇ ਇਸੇ ਲਈ ਉਹ ਨਕਸਲਬਾੜੀਆਂ ਨਾਲ ਸਬੰਧ ਰੱਖ ਰਿਹਾ ਸੀ ਤੇ ਕਈ ਮੀਲ ਸਾਈਕਲ 'ਤੇ ਸਾਡੇ ਕੋਲ ਪਹੁੰਚਦਾ ਸੀ। ਮੁੱਲਾਂਪੁਰ ਇਸ ਕੋਲ ਹਰ ਕਿਸਮ ਦੇ ਕਾਮਰੇਡ ਹੋ ਕੇ ਜਾਂਦੇ ਸਨ ਜੋ ਹੁਣ ਬੁਝਾਰਤ ਬਣਿਆ ਸਾਹਮਣੇ ਬੈਠਾ ਸੀ।

ਕੁੱਕੜ ਵਾਂਗ ਧੌਣ ਕਰੀ, ਬਾਹਾਂ ਹਿਲਾਉਂਦਿਆਂ ਡੀ. ਐਸ. ਪੀ. ਪੰਨੂ ਤਿਰਛੀ ਤੋਰੇ ਮੇਰੇ ਕੋਲ ਪੁੱਜ ਚੁਕਾ ਸੀ। "ਕੀ ਹਾਲ ਐ?" ਉਸ ਨੇ ਬਿਨਾ ਮੇਰੇ ਵੱਲ ਸਿੱਧਾ ਹੋਇਆਂ ਕਿਹਾ। "ਚੜ੍ਹਦੀਆਂ ਕਲਾਂ।" ਮੈਂ ਕਿਹਾ। ਮੈਨੂੰ ਦੋਹਾਂ ਹੱਥਾਂ ਨਾਲ ਕੰਨਾਂ 'ਤੇ ਹੱਥ ਧਰ ਕੇ ਚੁੱਕ ਕੇ ਮੰਜੇ 'ਤੇ ਸੁੱਟ ਦਿੱਤਾ ਅਤੇ ਬਲਦ ਹਿੱਕਣ ਵਾਲੀ ਲੰਮੀ ਮੋਟੀ ਪਰਾਣੀ ਨਾਲ ਕੁੱਟਣ ਲੱਗਾ। ਜਿਵੇਂ ਹੀ ਮੈਂ ਉਠਣ ਦੀ ਕੋਸ਼ਿਸ਼ ਕਰਦਾ, ਉਵੇਂ ਉਹ ਪਰਾਣੀ ਵਰ੍ਹਾਉਂਦਾ ਗਿਆ। ਮੈਂ ਬੋਲਦਾ ਜਾ ਰਿਹਾ ਸਾਂ ਅਤੇ ਕਾਮਰੇਡ ਵੈਦ ਨੇ ਮੈਨੂੰ ਉਂਗਲੀ ਨਾਲ ਇਸ਼ਾਰਾ ਕੀਤਾ ਕਿ ਮੈਂ ਇਸ ਤਰ੍ਹਾਂ ਨਾ ਬੋਲਾਂ। ਜਦੋਂ ਮੈਂ ਖੜ੍ਹਾ ਹੋ ਚੁਕਾ ਸਾਂ ਤਾਂ ਪੰਨੂ ਨੇ ਮੇਰੇ ਮੋਢੇ 'ਤੇ ਕੁਝ ਪਰਾਣੀਆਂ ਮਾਰਨ ਉਪਰੰਤ ਖੋਪੜੀ ਦੇ ਖੱਬੇ ਪਾਸੇ ਦੋ ਪਰਾਣੀਆਂ ਮਾਰ ਦਿੱਤੀਆਂ। ਮੈਨੂੰ ਇਉਂ ਲੱਗਿਆ, ਜਿਵੇਂ ਰੰਗ ਨਾਲ ਭਰੀ ਹੋਈ ਗੇਂਦ 'ਤੇ ਡੰਡੇ ਮਾਰੇ ਜਾ ਰਹੇ ਹੋਣ। ਖੂਨ ਚੋਣ ਲੱਗ ਪਿਆ ਸੀ। ਮੈਂ ਅਜੇ ਤੱਕ ਪੂਰਾ ਹੋਸ਼ ਵਿਚ ਸਾਂ ਕਿ ਪੰਨੂ ਨੇ ਪਾਣੀ ਦਾ ਗਿਲਾਸ ਮੰਗਿਆ ਅਤੇ ਖੂਨ, ਜੋ ਉਸ ਦੇ ਹੱਥਾਂ 'ਤੇ ਜਾ ਪਿਆ ਸੀ, ਧੋਣ ਲੱਗਾ। ਇਸ ਤੋਂ ਬਾਅਦ ਮੈਂ ਜ਼ਮੀਨ 'ਤੇ ਬੈਠੇ ਬਿਨਾ ਨਾ ਰਹਿ ਸਕਿਆ, ਧਰਤੀ ਘੁੰਮ ਰਹੀ ਸੀ।

"ਪਿੰਡ ਦਾ ਨਾਂ ਨਹੀਂ ਦੱਸਦਾ ਚਮਾਰ।" ਉਹ ਬੁੜਬੁੜਾਇਆ।

ਮੈਂ ਕਿਹਾ, "ਦੇਖੋ, ਤਾਂ ਮੰਨਾਂ ਜੇ ਪੁੱਛ ਲਵੇਂ।"

ਉਚੀਆਂ ਦੀਵਾਰਾਂ ਵਾਲੇ ਇਸ ਵਿਹੜੇ ਦੀ ਨੁੱਕਰ ਵਿਚ ਮੇਜ਼ ਕੁਰਸੀ ਲਾਏ ਗਏ। ਮੈਨੂੰ ਲਿਜਾ ਕੇ ਡੀ. ਐਸ. ਪੀ. ਸਾਹਮਣੇ ਸਟੂਲ 'ਤੇ ਬਿਠਾ ਦਿੱਤਾ ਗਿਆ। ਹੁਣ ਮੈਨੂੰ ਪੂਰੀ ਤਰ੍ਹਾਂ ਹੋਸ਼ ਸੀ। ਕੁਝ ਦੇਰ ਬੈਠਣ ਬਾਅਦ ਇਕ ਗਲਾਸ ਚਾਹ ਅਤੇ ਨਾਲ ਚੀਨੀ ਦੀ ਪਿਆਲੀ ਮੇਰੇ ਸਾਹਮਣੇ ਲਿਆ ਕੇ ਰੱਖ ਦਿੱਤੀ ਗਈ। ਉਹ ਕਹਿਣ ਲੱਗਾ, "ਚਾਹ ਪੀ ਲੈ।" ਮੈਂ ਕਿਹਾ, "ਮੈਂ ਕਦੇ ਇਕੱਲਾ ਚਾਹ ਨਹੀਂ ਪੀਂਦਾ।" ਉਸ ਨੇ ਕਿਹਾ, "ਪੀ ਲਾ, ਤੇਰੇ ਪੈਸਿਆਂ ਦੀ ਹੈ।" ਮੇਰੀ ਜਾਮਾ-ਤਲਾਸ਼ੀ 'ਚੋਂ ਸਾਢੇ ਤਿੰਨ ਕੁ ਰੁਪਏ ਮਿਲੇ ਸਨ। ਮੈਂ ਕਿਹਾ, "ਇਹ ਕੋਈ ਗੱਲ ਨਹੀਂ, ਪੈਸੇ ਮੇਰੇ ਹੋਣ ਜਾਂ ਨਾ, ਮੈਂ ਇਕੱਲਾ ਚਾਹ ਨਹੀਂ ਪੀਂਦਾ", ਤਾਂ ਉਸ ਨੇ ਆਪਣੇ ਲਈ ਅੱਧੀ ਚਾਹ ਉਸ ਕੱਪ ਵਿਚ ਪਾ ਲਈ ਅਤੇ ਗਲਾਸ ਮੇਰੇ ਵੱਲ ਕਰ ਦਿੱਤਾ। ਮੇਰਾ ਦਿਲ ਨਹੀਂ ਸੀ ਕਰ ਰਿਹਾ ਜਦਕਿ ਉਸ ਦੇ ਪੀਣ ਤੋਂ ਪਤਾ ਲੱਗਦਾ ਸੀ ਕਿ ਚਾਹ ਗਰਮ ਨਹੀਂ। ਮੈਂ ਵੀ ਚਾਹ ਪੀਣ ਲੱਗਾ। ਚਾਹ ਦੇ ਵਕਤ ਮੇਰੇ ਖਿਆਲ ਮੇਰੇ ਤੋਂ ਦੂਰ ਉਡਣ ਲੱਗਦੇ ਨੇ... ਉਦਾਸੀ ਦੀ ਹਲਕੀ ਰੰਗਤ ਮੇਰੇ ਖਿਆਲਾਂ ਵਿਚ ਛਾਉਣ ਲੱਗੀ। ਕੁਝ ਦੇਰ ਬਾਅਦ ਉਸ ਦੇ ਹੱਥਾਂ ਹੇਠ ਸਫੈਦ ਕਾਗਜ਼ ਸਨ ਅਤੇ ਉਸ ਦੇ ਇਕ ਹੱਥ ਵਿਚ ਪੈਨਸਿਲ ਸੀ (ਸ਼ਾਇਦ ਪੈਨ ਹੋਵੇ)। ਇਹ ਉਹ ਘੜੀ ਸੀ ਕਿ ਮੈਂ ਆਪਣੇ ਸਾਹਮਣੇ ਕਾਗਜ਼ ਦੇਖ ਰਿਹਾ ਸਾਂ ਅਤੇ ਇਸ ਦਾ ਮਤਲਬ ਸਮਝ ਰਿਹਾ ਸਾਂ। ਮੈਂ ਝੂਠ ਬੋਲਣ ਤੋਂ ਬਹੁਤ ਡਰਦਾ ਹਾਂ, ਇਕ ਇਹ ਵੀ ਕਾਰਨ ਸੀ ਕਿ ਮੈਂ ਕੁਝ ਨਾ ਬੋਲਾਂ, ਦੂਜੇ ਮੈਂ ਉਸ ਦਾ ਹੰਕਾਰ ਤੋੜਨਾ ਚਾਹੁੰਦਾ ਸਾਂ)।

ਕਹਿਣ ਲੱਗਾ, "ਨਾਂ ਦੱਸ?"

ਮੈਂ ਕਿਹਾ, "ਲਾਲ ਸਿੰਘ।"

"ਬਾਪੂ ਦਾ ਨਾਓਂ?"

"ਰੌਣਕੀ।"

"ਪਿੰਡ?"

"ਇਹਦੇ ਪਿੱਛੇ ਤਾਂ ਏਨੀ ਮਾਰ ਖਾਧੀ ਐ।" ਮੈਂ ਜੁਆਬ ਦਿੱਤਾ।

ਉਸ ਨੇ ਕਿਹਾ, "ਉਹ ਕਿਉਂ? ਸਾਨੂੰ ਪਤਾ ਤਾਂ ਹੈ।"

ਮੈਂ ਕਿਹਾ, "ਮੈਂ ਤਾਂ ਮੰਨਾਂ ਤੁਸੀਂ ਸਪੈਸ਼ਲ ਸਟਾਫ ਦੇ ਇੰਚਾਰਜ ਹੋ, ਜੇ ਮੇਰੇ ਮੂੰਹੋਂ ਪਿੰਡ ਦਾ ਨਾਂ ਅਖਵਾ ਲਵੋ।"

ਉਸ ਨੇ ਹੌਲਦਾਰਾਂ, ਥਾਣੇਦਾਰਾਂ ਵੱਲ ਇਸ਼ਾਰਾ ਕੀਤਾ ਤਾਂ ਉਹ ਕਮਰੇ ਵਿਚ ਲੈ ਗਏ। ਥੱਪੜ ਮਾਰੇ। ਜਿਧਰ ਵੇਖਾਂ, ਉਧਰੋਂ ਹੀ ਥੱਪੜ ਪਵੇ। ਉਹ ਆਪਣੀਆਂ ਸ਼ਕਲਾਂ ਦਾ ਰੋਅਬ ਪਾਉਣ ਲੱਗੇ। ਉਨ੍ਹਾਂ ਪੁੱਛਿਆ, "ਦੱਸੇਂਗਾ?"

ਮੈਂ ਕਿਹਾ, "ਨਹੀਂ।"

ਫਿਰ ਉਨ੍ਹਾਂ ਮੈਨੂੰ ਪੁੱਠਾ ਲਿਟਾ ਲਿਆ। ਇਕ ਸਿਪਾਹੀ ਨੇ ਹੱਥਕੜੀ ਅੱਗੇ ਵੱਲ ਖਿੱਚੀ ਹੋਈ ਸੀ। ਇਕ ਨੇ ਵਾਲ ਫੜੇ ਹੋਏ ਸਨ ਜਦਕਿ ਮੇਰੀਆਂ ਖੁੱਚਾਂ 'ਤੇ ਕੁਛ ਭਾਰੀ ਜਿਹਾ ਰੱਖ ਦਿੱਤਾ ਗਿਆ ਅਤੇ ਫਿਰ ਲੱਤਾਂ ਨੂੰ ਦੂਹਰੀਆਂ ਕਰਨ ਲਈ ਪੂਰਾ ਜ਼ੋਰ ਲਾ ਦਿੱਤਾ। ਹੁਣ ਮੇਰੀਆਂ ਅੱਖਾਂ 'ਚੋਂ ਚੰਗਿਆੜੇ ਨਿਕਲ ਰਹੇ ਸਨ। ਚਿੱਲਾ ਛੱਡਣ ਉਪਰੰਤ ਫਿਰ ਉਹੀ ਕਿਰਿਆ ਦੁਹਰਾਈ ਗਈ।

ਮੈਂ ਅੜਾਟ ਪਾਉਣ ਤੋਂ ਪਹਿਲਾਂ ਸੋਚਿਆ ਕਿ ਜੇ ਇਸ ਤੋਂ ਬਿਨਾ ਗੁਜ਼ਾਰਾ ਨਹੀਂ ਹੋ ਰਿਹਾ ਤਾਂ ਇਹ ਆਕੜ ਵਾਲਾ ਹੋਣਾ ਚਾਹੀਦਾ ਹੈ। ਮੈਂ ਪਹਿਲੇ ਅੜਾਟ ਨੂੰ ਸੁਣ ਕੇ ਮਾਯੂਸ ਨਹੀਂ ਹੋਇਆ। ਇਹ ਆਵਾਜ਼ ਜਿਸ ਕਿਸੇ ਦੇ ਕੰਨ ਤੱਕ ਵੀ ਗਈ ਹੋਵੇਗੀ, ਉਸ ਨੇ ਹੀ ਕਿਸੇ ਯੋਧੇ ਦਾ ਤਸੱਵਰ ਕੀਤਾ ਹੋਵੇਗਾ। ਮੇਰਾ ਅੜਾਟ ਇਸ ਤਰ੍ਹਾਂ ਦਾ ਸੀ, ਜਿਵੇਂ ਕੋਈ ਝੋਟਾ ਅੜਾਟ ਪਾ ਰਿਹਾ ਹੋਵੇ। ਜਦੋਂ ਤਕ ਥੋੜ੍ਹਾ ਬਹੁਤ ਮੈਂ ਕੰਟਰੋਲ ਕਰ ਸਕਦਾ, ਚੁੱਪ ਕਰ ਜਾਂਦਾ। ਉਨ੍ਹਾਂ ਨੇ ਮੈਨੂੰ ਖੜ੍ਹਾ ਕੀਤਾ ਤਾਂ ਦੰਦਾਂ ਨਾਲ ਦਬਾ ਕੇ ਮੈਂ ਅੱਖਾਂ ਕੱਢ ਰਿਹਾ ਸਾਂ। ਦੰਦਾਂ ਨਾਲ ਦੰਦ ਦੱਬਣ ਦੀ ਆਦਤ ਤਾਂ ਪਹਿਲਾਂ ਵੀ ਸੀ ਪਰ ਹੁਣ ਜਦੋਂ ਤਸ਼ੱਦਦ ਹੋ ਰਿਹਾ ਸੀ, ਤਾਂ ਪਤਾ ਨਹੀਂ ਕਿੰਨੇ ਕੁ ਜ਼ੋਰ ਨਾਲ ਇਹ ਕਿਰਿਆ ਹੋ ਰਹੀ ਸੀ। ਬਹੁਤ ਕੋਸ਼ਿਸ਼ਾਂ ਕਰਨ ਤੋਂ ਵੀ ਇਨ੍ਹਾਂ ਨੂੰ ਬਚਾ ਨਹੀਂ ਸਕਿਆ। ਹੁਣ ਫੇਰ ਉਸ ਅੱਗੇ ਲਿਜਾ ਬਿਠਾਇਆ ਸਾਂ। ਉਹ ਕਹਿਣ ਲੱਗਾ, "ਵੱਡੇ ਵੱਡੇ ਬਦਮਾਸ਼ ਫੜੇ ਨੇ ਤਾਂ ਉਹ ਵੀ ਕਹਿ ਦਿੰਦੇ ਨੇ, ਬਾਹਰ ਅਸੀਂ ਜੋ ਵੀ ਕਰ ਸਕੇ, ਕੀਤਾ; ਹੁਣ ਤੁਸੀਂ ਜੋ ਚਾਹੋ ਕਰੋ।"

ਮੈਂ ਕਿਹਾ, "ਅਸੀਂ ਬਦਮਾਸ਼ ਨਹੀਂ, ਦੇਸ਼ ਭਗਤ ਹਾਂ।" ਉਹ ਕਹਿਣ ਲੱਗਾ, "ਚੇਤਨ ਸੱਤ ਦਿਨ 'ਚ ਠੀਕ ਹੋ ਗਿਆ ਸੀ, ਤੂੰ ਜਾਣੀ ਠਾਈ ਦਿਨ 'ਚ ਠੀਕ ਹੋ ਜਾਵੇਂਗਾ।" ਮੈਂ ਨੱਕ 'ਚੋਂ ਸਾਹ ਮੁਸਕਾਉਣ ਵਾਂਗ ਕੱਢਿਆ। ਉਸ ਨੇ ਵੀ ਉਸ ਕਾਗਜ਼ 'ਤੇ ਕੁਝ ਨਹੀਂ ਲਿਖਿਆ, ਸਾਫ ਕਾਗਜ਼ ਲੈ ਕੇ ਚਲਾ ਗਿਆ ਅਤੇ ਮੇਰੇ ਨੇੜੇ ਨਹੀਂ ਆਇਆ। ਕਾਮਰੇਡ ਵੈਦ ਅਫਸੋਸ ਨਾਲ ਦੇਖ ਰਿਹਾ ਸੀ।

ਡੀ. ਐਸ. ਪੀ. ਦੇ ਜਾਣ ਪਿਛੋਂ ਉਹ ਮੋਟੇ ਲੋਹੇ ਵਾਲੀ ਕਿਰਿਆ ਕੀਤੀ ਗਈ, ਜਿਸ ਨੂੰ ਉਹ ਕਿਲੋਮੀਟਰ ਕਹਿੰਦੇ ਸਨ। ਨਲਕੇ ਦੀ ਚਾਰ ਇੰਚੀ ਮੋਟੀ ਨਾਲ ਵਰਗਾ ਮੋਟਾ ਠੋਸ, ਸਵਾ ਗਜ ਲੰਮਾ ਲੋਹਾ ਸੀ, ਜਦੋਂ ਖੁੱਚਾਂ ਵਿਚ ਰੱਖ ਕੇ ਲੱਤਾਂ ਨੂੰ ਤਕੜਾ ਪੁਲਸੀਆ ਵੱਖੀਆਂ ਦੇ ਜ਼ੋਰ ਦੂਹਰਿਆਂ ਕਰਦਾ ਸੀ, ਲੱਕ ਦੀ ਹੱਡੀ ਪੰਜ ਉਂਗਲ ਉਤੇ ਉਠ ਕੇ ਫਰਸ਼ ਨਾਲ ਖਹਿੰਦੀ, ਜ਼ਖਮ ਹੁੰਦਾ ਸੀ।

ਬਾਹਰ ਲਿਆ ਕੇ ਉਨ੍ਹਾਂ ਨੇ ਦੱਸਿਆ ਕਿ ਤੇਰੇ ਨਾਲ ਦੇ ਫੜੇ ਗਏ ਨੇ, ਉਨ੍ਹਾਂ ਨੇ ਸਭ ਕੁਝ ਦੱਸ ਦਿੱਤਾ ਹੈ, ਤੂੰ ਸਾਨੂੰ ਛਾਪਾ ਮਰਵਾ ਹੁਣ ਕਿਤੇ। ਪੁਲਿਸ ਨਕਸਲਬਾੜੀਆਂ ਦਾ ਕਿਰਦਾਰ ਮਿਟਾਉਣਾ ਚਾਹੁੰਦੀ ਸੀ। ਉਂਜ ਪੁਲਿਸ ਭੁੱਲੀ ਨਹੀਂ ਸੀ ਹੋਈ ਕਿ ਕਿਹੜੇ ਬੰਦੇ ਕੀ ਕਰ ਰਹੇ ਹਨ। ਮਿਸਾਲ ਵਜੋਂ ਕਾਮਰੇਡ ਸਾਹਮਣੇ ਬੈਠਾ ਸੀ। ਪੁਲਿਸ ਚਾਹੁੰਦੀ ਸੀ ਕਿ ਇਹ ਕਿਸੇ ਦਾ ਨਾਂ ਲਵੇ। ਫੇਰ ਉਹ ਬੰਦਾ ਇਸ ਨੂੰ ਨਾਲ ਲਿਜਾ ਕੇ ਫੜਿਆ ਜਾਵੇ। ਬਾਹਰਲੇ ਏਜੰਟ ਜਿਵੇਂ ਕਿਵੇਂ ਕਰਦੇ ਸਨ, ਪ੍ਰਚਾਰ ਕਰਨ ਲਾਓ ਜੀ, ਇਨ੍ਹਾਂ ਦੇ ਰੋਟੀਆਂ ਖਾਂਦੇ ਰਹੇ, ਉਨ੍ਹਾਂ ਦੇ ਨਾਮ ਲੈ ਦਿੱਤੇ।

ਉਨ੍ਹਾਂ ਨੇ ਮੇਰੇ ਅੱਗੇ ਨਵੀਂ ਮੁਸ਼ਕਿਲ ਖੜ੍ਹੀ ਕਰ ਦਿੱਤੀ ਜਿਸ 'ਤੇ ਮੈਂ ਸੋਚਣ ਲਈ ਮਜਬੂਰ ਹੋ ਗਿਆ ਕਿ ਮੰਨ ਲਓ, ਇਸ ਕਾਮਰੇਡ ਨੇ ਮੇਰਾ ਭੇਤ ਖੋਲ੍ਹਿਆ ਹੋਵੇ ਪਰ ਹੈ ਤਾਂ ਇਹ ਸ਼ਰਮ ਵਾਲੀ ਗੱਲ। ਮੇਰੇ ਪਹਿਲਾਂ ਵਾਲੇ ਰਵੱਈਏ 'ਚ ਇਹ ਫਰਕ ਪਿਆ ਕਿ ਮੈਂ ਮਾਨਸਿਕ ਤਕਲੀਫ 'ਚ ਵਿਆਕੁਲ ਸਾਂ। ਇਸ ਕਾਮਰੇਡ ਨੂੰ ਉਨ੍ਹਾਂ ਨੇ ਉਸ ਦੀ ਦੁਕਾਨ ਤੋਂ ਲਿਆਂਦਾ। ਕਿਵੇਂ ਤੇ ਕਿਸ ਮਕਸਦ ਲਈ, ਇਹ ਪਤਾ ਨਹੀਂ ਸੀ ਚੱਲ ਸਕਿਆ। ਮੈਨੂੰ ਦੱਸਿਆ ਗਿਆ ਕਿ ਕਾਮਰੇਡ ਚੇਤਨ ਨੇ ਤੇਰੇ ਬਾਰੇ ਸਭ ਕੁਝ ਦੱਸ ਦਿੱਤਾ ਸੀ ਜੋ ਮੈਥੋਂ ਪਹਿਲਾਂ ਫੜ ਕੇ ਲਿਆਂਦਾ ਗਿਆ ਸੀ। ਹੁਣ ਉਹ ਅਦਾਲਤ 'ਚ ਪੇਸ਼ ਕਰਨ ਪਿਛੋਂ ਕਿਤੇ ਸੀ। ਮੇਰੇ ਨੇੜੇ ਦੇ ਸਬੰਧਾਂ ਦਾ ਜ਼ਿਕਰ ਪੁਲਸੀਆਂ ਨੇ ਕੀਤਾ ਬੁਰੀ ਹੱਦ ਤਕ।

ਮੈਨੂੰ ਧਰਤੀ ਵਿਹਲ ਨਹੀਂ ਸੀ ਦੇ ਰਹੀ। ਉਨ੍ਹਾਂ ਨੇ ਇਹ ਕਹਿ (ਦੱਸ) ਕੇ ਮੇਰਾ ਸਹੀ ਅਤੇ ਸੱਚੇ ਹੋਣ ਦਾ ਦਾਅਵਾ ਪਤਲਾ ਕਰ ਦਿੱਤਾ ਸੀ। ਮੈਂ ਕਿਹਾ ਸੀ, "ਉਸ ਲੜਕੀ ਦਾ ਕਿਸੇ ਵੀ ਸੂਰਤ 'ਚ ਬਚਾ ਕਰੋ।" ਕਿਤੇ ਉਸ ਨੂੰ ਮਾਰ ਨਾ ਦਿੱਤਾ ਜਾਵੇ। ਖੈਰ! ਇਸ ਪ੍ਰਸੰਗ ਨੂੰ ਉਨ੍ਹਾਂ ਬਹੁਤ ਜ਼ਿਆਦਾ ਨਹੀਂ ਲਮਕਾਇਆ।

ਹੋ ਸਕਦਾ ਹੈ, ਕਾਮਰੇਡ ਵੈਦ ਨੇ ਉਨ੍ਹਾਂ ਨੂੰ ਦੱਸਿਆ ਹੋਵੇ ਅਤੇ ਉਹ ਐਵੇਂ ਹੀ ਕਾਮਰੇਡ ਚੇਤਨ ਦਾ ਨਾਂ ਲੈ ਰਹੇ ਹੋਣ ਤਾਂ ਕਿ ਉਹ ਮੇਰੀ ਦਲੇਰੀ ਨੂੰ ਕਮਜ਼ੋਰ ਕਰ ਸਕਣ।

ਕਾਮਰੇਡਾਂ ਨੇ ਕੋਈ ਉਸਾਰੂ ਪੱਖ ਨਹੀਂ ਸੀ ਵਿਖਾਇਆ ਮੇਰੇ ਇਸ ਪ੍ਰਸੰਗ ਵਿਚ ਪਰ ਤਾਂ ਵੀ



ਬੁਢਾਪੇ ਸਮੇਂ ਦੀ ਲਾਲ ਸਿੰਘ ਦਿਲ ਦੀ ਇਕ ਤਸਵੀਰ

ਮੈਂ ਉਨ੍ਹਾਂ ਪ੍ਰਤੀ ਵਫਾਦਾਰੀ ਨਹੀਂ ਸੀ ਛੱਡੀ। ਮੈਂ ਸਮਝਦਾ ਸਾਂ ਕਿ ਉਹ ਪਾਰਟੀ ਬਾਰੇ ਇੰਨੇ ਹੀ ਵਫਾਦਾਰ ਹਨ ਕਿ ਇਸ ਗੱਲ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਦੇ ਸਨ।

ਪਤਾ ਨਹੀਂ ਕਿਉਂ, ਮੈਂ ਬੈਠ ਨਹੀਂ ਸਾਂ ਰਿਹਾ, ਖੜ੍ਹਾ ਹੀ ਸਾਂ। ਸ਼ਾਇਦ ਇਸ ਲਈ ਕਿ ਕਈ-ਕਈ ਦਿਨ ਰਾਤ ਖੜ੍ਹੇ ਰੱਖਣ ਦੀ ਸਜ਼ਾ ਵੀ ਪੁਲਿਸ ਪਾਸ ਹੁੰਦੀ ਹੈ। ਰੋਟੀ ਨੂੰ ਵੀ ਮੈਂ ਇਸੇ ਲਈ ਜੁਆਬ ਦੇ ਦਿੱਤਾ ਸੀ, ਪਰ ਇਹ ਪਾਖੰਡੀ ਕਾਮਰੇਡਾਂ ਵਲੋਂ ਪੁਲਿਸ ਵਾਲਿਆਂ ਨੂੰ ਡਰਾਉਣ ਦਾ ਤਰੀਕਾ ਹੈ ਕਿ ਰੋਟੀ ਨਾ ਖਾਧੀ ਜਾਵੇ। ਮੈਨੂੰ ਤਸ਼ੱਦਦ ਦੀ ਤਿਆਰੀ ਲਈ ਲੋੜ ਸੀ, ਜਿੰਨੀ ਕੁ ਦੱਬ-ਘੁੱਟ ਕੇ ਖਾ ਸਕਿਆ, ਖਾ ਲਈ ਅਤੇ ਪਾਣੀ ਪੀ ਲਿਆ। ਜਦੋਂ ਮੈਂ ਰੋਟੀ ਨੂੰ ਜੁਆਬ ਦਿੱਤਾ ਸੀ ਤਾਂ ਇਕ ਸਿਪਾਹੀ ਨੇ ਕਿਹਾ, "ਸਾਲਾ ਬਹੁਤ ਸਿਆਣੈਂ।" ਮੈਨੂੰ ਸਿਆਣਪ ਨਾਲ ਨਫਰਤ ਸੀ। ਇਹ ਵੀ ਹਾੜੇ ਕੱਢਣ ਵਾਲੀ ਗੱਲ ਹੁੰਦੀ ਹੈ, ਰੋਟੀ ਨਾ ਖਾਓ ਅਤੇ ਇਹ ਗੱਲਾਂ ਉਦੋਂ ਚਲਦੀਆਂ ਹਨ, ਜਦੋਂ ਕੋਈ ਸੁਣਨ ਵਾਲਾ ਪਿੱਛੇ ਹੋਵੇ। ਇਹ ਅਦਾਲਤੀ ਤਰਜ਼ ਦੇ ਖੇਖਣ ਹਨ। ਮੈਂ ਬੈਠਣਾ ਨਹੀਂ ਸਾਂ ਚਾਹੁੰਦਾ, ਕਿਉਂਕਿ ਪੁਲਿਸ ਦੇ ਦੱਸਣ ਮੁਤਾਬਕ ਮੇਰੇ ਇਸ਼ਕ ਦੀ ਕਹਾਣੀ ਵੀ ਉਨ੍ਹਾਂ ਨੂੰ ਪਤਾ ਲੱਗ ਚੁੱਕੀ ਸੀ ਤੇ ਉਹ ਮੈਨੂੰ ਕਈ ਸਾਲਾਂ ਤੋਂ ਜਾਣਦੇ ਸਨ ਅਤੇ ਕਵੀ ਦਰਬਾਰ ਦੇ ਨਾਂ ਲੈ ਕੇ ਦੱਸਦੇ ਸਨ ਕਿ ਤੈਨੂੰ ਸੁਣਿਆ ਹੋਇਐ। ਕਵੀਆਂ ਦੀ ਖਾਤਰ-ਸੇਵਾ ਲਈ ਇਨ੍ਹਾਂ ਕੋਲ ਹੈ ਵੀ ਕੀ ਸੀ? ਕਈ ਸਾਲਾਂ ਤੋਂ ਸੁਣਦੇ ਆ ਰਹੇ ਨੇ, ਹੁਣ ਵਿਚਾਰਿਆਂ ਕੋਲ ਰੂਸੀ ਪੈਂਤੜੇ ਅਤੇ ਡੰਡਾ ਹੀ ਸੀ।

ਮੈਂ ਨਾਸਤਕ ਸਾਂ, ਪਰ ਸੂਰਜ ਚੜ੍ਹਨ ਤੋਂ ਪਹਿਲਾਂ ਅਤੇ ਸੂਰਜ ਡੁੱਬਣ ਤੋਂ ਬਾਅਦ ਲਿਵ ਜ਼ਰੂਰ ਜੁੜ ਜਾਂਦੀ ਸੀ। ਰਾਤ ਨੂੰ ਨੀਂਦ ਨਾ ਆਉਣ ਦਾ ਕਾਰਨ ਇਸ ਤੋਂ ਬਿਨਾ ਕੁਝ ਨਹੀਂ ਹੋ ਸਕਦਾ ਕਿ ਕੋਈ ਦਵਾਈ ਖੁਆ ਦਿੱਤੀ ਹੋਵੇਗੀ। ਪੁਲਿਸ ਦੀਆਂ ਗੱਲਾਂ ਭਾਵੇਂ ਦੱਸਦੀਆਂ ਸਨ ਕਿ ਕੋਈ ਫੜਿਆ ਜ਼ਰੂਰ ਗਿਆ ਹੈ ਪਰ ਸੁਣ ਚੁੱਕਾ ਸਾਂ ਕਿ ਫਲਾਂ ਇਹ ਕਹਿੰਦਾ ਹੈ ਅਤੇ ਦੂਸਰੇ ਨੂੰ ਕਹਿਣਗੇ ਫਲਾਂ ਇਹ ਕਹਿੰਦਾ ਹੈ। ਮੈਂ ਕਿਸੇ ਗੱਲ 'ਤੇ ਯਕੀਨ ਨਹੀਂ ਕੀਤਾ ਅਤੇ ਸਭ ਕੁਝ ਪੁਲਸੀਆਂ ਦੇ ਟਰਿੱਕ ਸਮਝ ਰਿਹਾ ਸਾਂ।

ਦੂਜੇ ਦਿਨ ਸਵੇਰ ਤੋਂ ਲੈ ਕੇ ਗਿਆਰਾਂ ਵਜੇ ਤਕ ਇਕ ਪੁਲਿਸ ਅਫਸਰ ਮੈਨੂੰ ਅੰਦਰ ਕਮਰੇ ਵਿਚ ਬਿਠਾ ਕੇ ਵਾਰਤਾਲਾਪ ਕਰਦਾ ਰਿਹਾ। ਇਹ ਬਾਹਰੋਂ ਆਇਆ ਪ੍ਰਤੀਤ ਹੁੰਦਾ ਸੀ, ਹੋਰ ਦੂਜਾ ਕੋਈ ਨਹੀਂ ਸੀ। ਉਹ ਦੱਸਦਾ ਰਿਹਾ, "ਤੂੰ ਦੇਸ਼ ਭਗਤ ਏਂ ਪਰ ਤੇਰੇ ਨਾਲ ਦੇ ਤਾਂ ਬਹੁਤ ਘਟੀਆ ਬੰਦੇ ਨੇ। ਤੂੰ ਸਾਡਾ ਪੁੱਤਰ ਏਂ।" ਉਹ ਸਿੱਖ ਸੀ ਅਤੇ ਕਾਲੀ ਦਾੜ੍ਹੀ ਨਾਲੋਂ ਵੱਧ ਬੱਗੀ ਸੀ। ਇਕ ਸਿਪਾਹੀ, ਜੋ ਤਸ਼ੱਦਦ ਤੋਂ ਬਾਅਦ ਹੱਥਕੜੀ ਫੜ ਕੇ ਬੈਠਣ ਦਾ ਕੰਮ ਕਰਦਾ ਸੀ, ਨੀਵੀਂ ਜਾਤ ਵਿਚੋਂ ਸੀ, ਜਿਸ ਨੇ ਚੁੱਪ-ਚਾਪ ਹੀ ਮੇਰੇ ਕੋਲ ਬੈਠਣਾ ਚੰਗਾ ਸਮਝਿਆ ਸੀ। ਉਸ ਦੀਆਂ ਅੱਖਾਂ ਵਿਚ ਜ਼ੁਲਮ ਪ੍ਰਤੀ ਰੋਸ ਪ੍ਰਤੀਤ ਹੁੰਦਾ ਸੀ। ਉਹ ਵਿਹੜੇ 'ਚ ਘੁੰਮਦਾ ਪ੍ਰਤੀਤ ਹੋਇਆ। ਫਿਰ ਸਾਹਮਣੇ ਖੂੰਜੇ ਲੋਹੇ ਦਾ ਕਿਲੋਮੀਟਰ ਖੜ੍ਹਾ ਕਰ ਕੇ ਚਲਿਆ ਗਿਆ।

ਹਾੜ੍ਹ ਦਾ ਮਹੀਨਾ ਸੀ। ਅੰਦਰ ਪੇਟੀਆਂ ਤੇ ਵਰਦੀਆਂ ਲਟਕ ਰਹੀਆਂ ਸਨ। ਧੁੱਪ ਤੇਜ਼ੀ ਫੜ ਚੁਕੀ ਸੀ। ਪੰਜ-ਚਾਰ ਥਾਣੇਦਾਰ ਹੌਲਦਾਰ ਆਏ। ਉਸੇ ਤਰ੍ਹਾਂ ਲਿਟਾ ਲਿਆ। ਹੱਥਕੜੀ ਅੱਗੇ ਵੱਲ ਖਿੱਚੀ, ਵਾਲ ਫੜੇ ਗਏ, ਲੱਤਾਂ ਦੱਬੀਆਂ ਗਈਆਂ ਅਤੇ ਭਾਰੀ ਅੱਗ ਵਰਗਾ ਲੋਹਾ ਖੁੱਚਾਂ 'ਤੇ ਆ ਟਿਕਿਆ; "ਸੂਰਜ ਦਾ ਸੂਹਾ ਗੋਲਾ ਹੋਰ ਵੱਡਾ ਹੋਰ ਉਚਾ ਉਠਿਆ" ਦੀ ਸਜ਼ਾ ਵਜੋਂ, ਕਿਉਂਕਿ ਇਸ ਅਫਸਰ ਨੇ ਗੱਲਬਾਤ ਵਿਚ ਮੈਨੂੰ ਉਸੇ ਤਰ੍ਹਾਂ ਦਾ ਪਾਇਆ ਸੀ। ਇਕ ਤੋਂ ਵੱਧ ਵਾਰ ਇਹ ਕਿਰਿਆ ਹੋਈ ਤੇ ਕੁਝ ਦੇਰ ਆਰਾਮ ਕਰਨ ਪਿਛੋਂ ਡੀ. ਐਸ. ਪੀ. ਦੇ ਦਫਤਰ ਵੱਲ ਲੈ ਗਏ। ਪੈਰਾਂ ਹੇਠਲੀ ਗਰਮ ਰੇਤ ਅਤੇ ਉਪਰਲੀ ਤਿੱਖ ਤੋਂ ਜਾਪਦਾ ਸੀ ਕਿ ਸਿਖਰ ਦੁਪਹਿਰਾ ਹੈ।

ਪੰਨੂ ਮੇਜ਼ 'ਤੇ ਝੁਕਿਆ ਰਜਿਸਟਰ 'ਤੇ ਹਾਜ਼ਰੀ ਲਾਉਣ ਵਾਲੇ ਅਧਿਆਪਕਾਂ ਵਾਂਗ ਕੁਝ ਲੱਭ ਰਿਹਾ ਸੀ। ਉਸ ਨੇ ਅੱਖ ਉਠਾ ਕੇ ਨਹੀਂ ਦੇਖਿਆ ਅਤੇ ਕਿਹਾ, "ਲੈ ਜਾਓ।" ਜਦੋਂ ਜਾਣ ਲੱਗਾ ਤਾਂ ਮੇਰੀਆਂ ਲੱਤਾਂ ਦਾ ਅਕੜਾ ਭਾਰੀ ਹੋ ਗਿਆ। ਲੱਗਿਆ, ਜਿਵੇਂ ਭੁੱਜਿਆ ਹੋਇਆ ਗੋਸ਼ਤ ਪਿਆ ਹੋਵੇ। ਕਹਿਣ ਲੱਗਿਆ, "ਪਤੈ ਕਿਥੇ ਭੇਜ ਰਹੇ ਆਂ... ਛਾਪਾ ਮਾਰਨ।"

ਇਸ ਸਾਰੀ ਤਕਲੀਫ ਦਾ ਕੋਈ ਅਰਥ ਨਹੀਂ ਸੀ। ਮੈਂ ਸੋਚਣ ਵਿਚ ਏਨਾ ਮੰਦ ਪੈ ਗਿਆ ਸਾਂ ਕਿ ਸੋਚਣ ਲੱਗਾ ਕਿ ਇਨ੍ਹਾਂ ਵਿਚੋਂ ਕਿਸੇ ਦੀ ਬੰਦੂਕ ਨੇੜੇ ਹੋਵੇ ਤਾਂ ਪੈਰ ਨਾਲ ਘੋੜਾ ਦੱਬ ਦੇਵਾਂ।

ਕਹਾਣੀ

# ਛੁੱਟੀ

**ਦਿੱਲੀ ਵੱਸਦੀ ਅਜੀਤ ਕੌਰ ਨੇ ਪੰਜਾਬੀ ਸਾਹਿਤ ਸੰਸਾਰ ਨੂੰ ਯਾਦਗਾਰੀ ਰਚਨਾਵਾਂ ਦਿੱਤੀਆਂ ਹਨ। ਕਹਾਣੀ 'ਛੁੱਟੀ' ਪਾਠਕ ਨੂੰ ਪੰਜਾਬ ਦੇ ਉਨ੍ਹਾਂ ਵਕਤਾਂ ਦੇ ਰੂ-ਬ-ਰੂ ਕਰਵਾਉਂਦੀ ਹੈ, ਜਦੋਂ ਬੰਦੇ ਨੂੰ ਬੇਵਸਾਹੀ ਨੇ ਬੁਰੀ ਤਰ੍ਹਾਂ ਡਸ ਲਿਆ ਹੋਇਆ ਸੀ। ਉਨ੍ਹਾਂ 'ਵਖਤਾਂ ਮਾਰੇ' ਵਕਤ ਦੌਰਾਨ ਪੰਜਾਬੀ ਲੇਖਕਾਂ ਨੇ ਹਾਅ ਦਾ ਨਾਅਰਾ ਮਾਰਨ ਦੀ ਕੋਸ਼ਿਸ਼ ਕੀਤੀ ਸੀ। ਇਸ ਕਹਾਣੀ ਵਿਚ ਉਸ ਮਾਹੌਲ ਦਾ ਝਲਕਾਰਾ ਪਾਠਕਾਂ ਨੂੰ ਉਸ ਵਕਤ ਦੀਆਂ ਗੁੰਝਲਾਂ ਸਾਹਮਣੇ ਲਿਜਾ ਖਲਿਆਰਦਾ ਹੈ। -ਸੰਪਾਦਕ**

ਸੂਰਜ ਉਲਰੇ ਹੋਏ ਨੇਜ਼ੇ ਵਾਂਗ ਅਸਮਾਨ ਦੀ ਛਾਤੀ ਫਾੜਦਾ ਜਾਪ ਰਿਹਾ ਸੀ। ਤਪ ਰਿਹਾ ਸੀ ਸਭ ਕੁਝ, ਦਹਿਕਦੀ ਭੱਠੀ ਵਾਂਗੂੰ। ਏਨੀ ਗਰਮੀ, ਏਨੀ ਹੁੰਮਸ, ਏਨੀ ਤਪਸ਼ ਕਿ ਚਾਰੇ ਪਾਸੇ, ਸੁੰਨਮਸਾਨ ਵਰਤੀ ਪਈ ਸੀ। ਕਿਧਰੋਂ ਚਿੜੀ ਦੇ ਚੂਕਣ ਦੀ ਵੀ 'ਵਾਜ ਨਹੀਂ ਸੀ ਪਈ ਆਉਂਦੀ।

ਪਰ ਇਹੋ ਜਿਹੀ ਝੁਲਸਦੀ ਦੁਪਹਿਰ ਵਿਚ, ਅਸਮਾਨ ਦੀ ਤਪਦੀ ਭੱਠੀ ਦੇ ਸੇਕ ਦੇ ਐਨ ਹੇਠਾਂ, ਨੰਗੇ ਖੇਤਾਂ ਵਿਚ ਕੰਮ ਕਰਦਾ ਉਹ ਇਕ ਆਮ ਜਿਹਾ ਕਿਸਾਨ ਸੀ। ਉਹਦਾ ਖੇਤ ਵੀ ਆਮ ਜਿਹਾ ਸੀ ਤੇ ਪਿੰਡ ਵੀ ਬਿਲਕੁਲ ਓਸੇ ਤਰ੍ਹਾਂ ਦਾ ਜਿਸ ਤਰ੍ਹਾਂ ਦੇ ਪਿੰਡ ਆਮ ਤੌਰ 'ਤੇ ਹੋਇਆ ਕਰਦੇ ਨੇ। ਇਕ ਅੱਧਾ ਪੱਕਾ ਘਰ, ਚੂਨੇ ਗੱਚ। ਤੇ ਬਾਕੀ



ਅਜੀਤ ਕੌਰ

ਕੱਚੇ ਘਰ। ਖੈਰ, ਫਿਲਹਾਲ ਉਹ ਪਿੰਡੋਂ ਬਾਹਰਵਾਰ ਆਪਣੇ ਖੇਤ ਵਿਚ ਸੀ, ਤੇ ਹਲ ਵਾਹ ਰਿਹਾ ਸੀ।

'ਵਾਹ ਓਏ ਜੱਗ ਬਣਾਉਣ ਵਾਲਿਆ! ਅਜੀਬ ਤਮਾਸ਼ਾ ਬਣਾਇਆ ਏ ਤੂੰ ਵੀ। ਜਦੋਂ ਤੱਕ ਸੇਕਵੀਂ ਧੁੱਪ ਨਾ ਲੱਗੇ, ਕਣਕਾਂ ਨਹੀਂ ਪੱਕਦੀਆਂ। ਵਾਢੀਆਂ ਕਰਦਿਆਂ ਦਾਣਿਆਂ ਜੇਡੇ ਪਸੀਨੇ ਦੇ ਕਤਰੇ ਮਿੱਟੀ ਵਿਚ ਡਿੱਗਦੇ ਰਹਿੰਦੇ ਨੇ। ਦਾਣੇ ਸਾਂਭਦਿਆਂ ਸਿੱਕਰਦਿਆਂ ਸੂਰਜ ਆਹ ਭੱਠੀ ਵਿਚ ਤਪਦੇ ਲੋਹੇ ਵਾਂਗੂੰ ਲਾਲ ਹੋ ਜਾਂਦਾ ਏ। ਲਾਲ? ਨਹੀਂ ਬਈ ਮੰਗਲ ਸਿੰਹਾਂ, ਲਾਲ ਕਾਹਨੂੰ!' ਏਸੇ ਤਰ੍ਹਾਂ ਗੱਲਾਂ ਕਰਦਾ ਹੁੰਦਾ ਸੀ ਉਹ ਆਪਣੇ ਆਪ ਨਾਲ। ਆਪਣਾ ਨਾਂ ਲੈ ਕੇ, 'ਮੰਗਲ ਸਿੰਹਾਂ!' 'ਚਲ ਨਹਾ ਈ ਲੈਨੇ ਆਂ ਮੰਗਲ ਸਿੰਹਾਂ।' ਜਾਂ 'ਕੀ ਕਰਨਾ ਏ ਨਹਾ ਕੇ! ਅਸਾਂ ਕੋਈ ਗਾਂ ਮਨਸਾਣੀ ਏ ਮੰਗਲ ਸਿੰਹਾਂ!'

ਜਦੋਂ ਉਹਦਾ ਵੱਡਾ ਮੁੰਡਾ ਕਰਤਾਰ ਮਾਰਿਆ ਗਿਆ, ਉਹ ਬਿਲਕੁਲ ਭੁੰਜੇ ਲੱਥ ਗਿਆ ਸੀ। ਜਿੰਨੇ ਮੂੰਹ, ਓਨੀਆਂ ਗੱਲਾਂ। ਕੋਈ ਕਹਿੰਦਾ, ਪੁਲਿਸ ਨੇ ਮਾਰ ਦਿੱਤਾ ਉਹਨੂੰ। ਕੋਈ ਕਹਿੰਦਾ, ਅਤਿਵਾਦੀਆਂ ਨਾਲ ਉਹਦੀ ਕੋਈ ਕੈੜ ਸੀ, ਉਨ੍ਹਾਂ ਮਾਰ ਦਿੱਤਾ। ਕੋਈ ਕਹਿੰਦਾ, ਸ਼ਰੀਕੇ ਵਿਚੋਂ ਕਿਸੇ ਨੇ ਪੁਰਾਣੀ ਦੁਸ਼ਮਣੀ ਕੱਢੀ ਸੀ। ਕੋਈ ਕਹਿੰਦਾ, ਮੰਡੀ ਵਿਚ ਦਾਰੂ ਪੀ ਕੇ ਲੜ ਪਿਆ ਸੀ ਕਿਸੇ ਨਾਲ, ਉਨ੍ਹਾਂ ਮਾਰ ਮੁਕਾਇਆ। ਪੁਲਿਸ ਨੇ ਕਿਹਾ, ਕਿਸੇ ਕੁੜੀ ਦਾ ਚੱਕਰ ਸੀ ਸ਼ਾਇਦ।

ਫੇਰ ਇਕ ਦਿਨ ਉਹ ਗੋਡਿਆਂ 'ਤੇ ਹੱਥ ਰੱਖ ਕੇ ਉਠਿਆ, 'ਚਲ ਬਈ ਮੰਗਲ ਸਿੰਹਾਂ। ਜਾਣ ਵਾਲਾ ਤੇ ਤੁਰ ਗਿਆ। ਪਿਛਲੇ ਜਨਮ ਦਾ ਕਰਜ਼ਾ ਲੈਣਾ ਸੀ ਉਹਨੇ, ਲੈ ਕੇ ਤੁਰਦਾ ਬਣਿਆ। ਤੂੰ ਢੇਰੀਆਂ ਢਾਹ ਕੇ ਬੈਠਾ ਰਹੇਂਗਾ ਤਾਂ ਬਾਕੀ ਦੇ ਜੀਆਂ ਦੇ ਮੂੰਹ ਟੁੱਕਰ ਕੌਣ ਪਾਊ? ਰੱਬ ਤਾਂ ਲੰਮੀਆਂ ਤਾਣ ਕੇ ਸੁੱਤਾ ਪਿਆ ਏ ਮੰਗਲ ਸਿੰਹਾਂ। ਉਹਨੇ ਨਹੀਂ ਆਉਣਾ ਤੇਰੀ ਮੱਦਤ ਨੂੰ। ਉਠ, ਤੇ ਤੁਰ ਪੈ।' ਤੇ ਉਹ ਤੁਰ ਪਿਆ। ਤੁਰਦਾ ਗਿਆ।

ਜ਼ਖਮ ਆਠਰ ਗਏ ਸਨ, ਪਰ ਰਤਾ ਕੁ ਖੁਰਚੇ ਜਾਣ ਤਾਂ ਲਹੂ ਸਿੰਮ ਆਉਂਦਾ। ਏਸੇ ਕਰ ਕੇ ਉਹ ਮਨ ਨੂੰ ਹੋਰ ਗੱਲਾਂ ਵਿਚ ਪਾਈ ਰੱਖਦਾ। ਕਰਤਾਰੇ ਨੂੰ ਯਾਦ ਕਰਨੋਂ ਹੋੜਦਾ ਰਹਿੰਦਾ ਆਪਣੇ ਮਨ ਨੂੰ।

ਅੱਜ ਕੱਲ੍ਹ ਤੇ ਭਲਾ ਸਿਆੜ ਕੱਢਣ ਦੇ ਦਿਨ ਸਨ। ਮਿੱਟੀ ਨੂੰ ਫਰੋਲ ਕੇ ਨਰਮ ਕਰਨ ਦੇ ਦਿਨ। ਕੰਮ ਈ ਬਹੁਤ ਸੀ ਪਰ ਜਦੋਂ ਕੰਮ ਘੱਟ ਵੀ ਹੁੰਦਾ, ਤਾਂ ਕੋਈ ਨਾ ਕੋਈ ਆਹਰ ਲੱਭੀ ਰੱਖਦਾ ਆਪਣੇ ਆਪ ਲਈ। ਕਹਿੰਦਾ, ਮੰਗਲ ਸਿੰਹਾਂ, ਮਨ ਦਾ ਕੀ ਐ! ਅੱਥਰਾ ਘੋੜਾ! ਲਗਾਮ ਖਿੱਚ ਕੇ ਰੱਖੋ, ਬੱਸ। ਜਾਂ ਕਹਿੰਦਾ, ਮੰਗਲ ਸਿੰਹਾਂ, ਰੱਬ ਦਾ ਕੀ ਪਾਉਣਾ, ਐਧਰੋਂ ਪੁੱਟਣਾ ਤੇ ਔਧਰ ਲਾਉਣਾ। ਐਵੇਂ ਤੇ ਨਹੀਂ ਸਾਈਂ ਫਕੀਰ ਕਹਿ ਗਏ।

ਪਰ ਰੱਬ ਬਾਰੇ ਉਹਨੇ ਕਦੇ ਸੋਚਿਆ ਨਹੀਂ ਸੀ। ਹੋਵੇਗਾ ਕੋਈ! ਆਪਣੇ ਅਸਮਾਨਾਂ 'ਤੇ ਮੌਜਾਂ ਕਰਦਾ। ਲੰਮੀਆਂ ਤਾਣ ਕੇ ਸੁੱਤਾ। ਨਿੱਕੇ ਹੁੰਦਿਆਂ ਜਦੋਂ ਕਦੇ ਮੀਂਹ ਪੈਣ ਮਗਰੋਂ ਅਸਮਾਨ ਨਿੱਤਰਦਾ ਤੇ ਨਿੱਕੀ ਨਿੱਕੀ ਧੁੱਪ ਨਿਕਲਣ ਲੱਗਦੀ, ਦੂਰ ਸੱਤਾਂ ਰੰਗਾਂ ਵਾਲੀ ਪੀਂਘ ਦਿਸਦੀ। ਬੇਬੇ ਕਹਿੰਦੀ, ਰੱਬ ਆਪਣੇ ਝੂਟਣ ਲਈ ਬਣਾਉਂਦਾ ਐ ਇਹ ਪੀਂਘ। ਹੋਰ ਕੰਮ ਈ ਕੀ ਐ ਉਹਨੂੰ ਮੰਗਲ ਸਿੰਹਾਂ, ਪੀਂਘ ਝੂਟ ਛੱਡੀ, ਸੌਂ ਛੱਡਿਆ, ਸੈਰ ਕਰ ਛੱਡੀ ਅਸਮਾਨਾਂ 'ਤੇ। ਵਾਹੁਣਾ ਪੈ ਜਾਏ ਨਾ ਉਹਨੂੰ ਹਲ, ਕੜਕਦੀ ਦੁਪਹਿਰ ਵਿਚ, ਬੱਚੂ ਨੂੰ ਪਤਾ ਲੱਗੂ, ਦੁਨੀਆਂ ਬਣਾ ਕੇ ਕੀ ਕਹਿਰ ਕਮਾਇਆ ਏ ਉਹਨੇ।

---

ਐਸ ਵੇਲੇ ਉਹ ਹਲ ਵਾਹੁੰਦਾ, ਬਲਦਾਂ ਨੂੰ ਟਿਚਕਾਰੀਆਂ ਮਾਰਦਾ ਤੇ ਪੁਚਕਾਰਦਾ, ਵਿਚ ਵਿਚ ਪਿੰਡੋਂ ਆਉਣ ਵਾਲੀ ਡੰਡੀ ਵੱਲ ਵੀ ਝਾਤ ਮਾਰੀ ਜਾਂਦਾ। 'ਬੜੀ ਚਿਰਕ ਕਰ ਦਿੱਤੀ ਅੱਜ ਬਸੰਤ ਕੌਰ ਨੇ ਰੋਟੀ ਲਿਆਉਣ ਵਿਚ। ਤ੍ਰੇਹ ਨਾਲ ਸੰਘ ਵਿਚ ਕੰਡਿਆਲੀ ਕਿੱਕਰ ਉਗ ਖਲੋਤੀ ਏ। ਜੇ ਪਾਣੀ ਪੀ ਲਿਆ ਤਾਂ ਤਪਦੇ ਤੰਦੂਰ ਵਰਗੇ ਢਿੱਡ ਵਿਚੋਂ ਭੜਾਸ ਦੇ ਬੱਦਲ ਉੱਠਣ ਲੱਗਣਗੇ। ਫੇਰ ਰੋਟੀ ਵੀ ਨਹੀਂ ਖਾਧੀ ਜਾਣੀ। ਤੇ ਫੇਰ ਉਹ ਉਲਾਹਮੇ ਦੇਵੇਗੀ ਕਿ ਮੈਂ ਐਨੀ ਦੂਰੋਂ...' ਤਾਂਹੀਏਂ ਉਹਨੂੰ ਪਗਡੰਡੀ 'ਤੇ ਦੂਰੋਂ ਕਿਸੇ ਦੇ ਆਉਣ ਦਾ ਝਾਉਲਾ ਜਿਹਾ ਪਿਆ ਪਰ ਪਿੰਡ ਵਾਲੇ ਪਾਸਿਓਂ ਨਹੀਂ, ਦੂਜੇ ਪਾਸਿਓਂ। ਬਾਹਰਵਾਰੋਂ।

'ਐਨੀ ਸੜਦੀ ਦੁਪਹਿਰ ਵਿਚ ਇਹ ਕੌਣ ਤੁਰਿਆ ਆਉਂਦਾ ਏ ਮੰਗਲ ਸਿੰਹਾਂ!'

ਅਜੀਬ ਗੱਲ ਨਹੀਂ? ਅੱਗੇ ਕੋਈ ਦੂਰੋਂ ਤੁਰਦਾ ਆਉਂਦਾ ਨਜ਼ਰ ਆਉਂਦਾ ਸੀ, ਤਾਂ ਲੋਕਾਂ ਨੂੰ ਚਾਅ ਚੜ੍ਹ ਜਾਂਦਾ ਸੀ। ਉਤਸੁਕਤਾ ਹੁੰਦੀ ਸੀ ਜਾਣਨ ਦੀ ਕਿ ਕਿਹਦੇ ਘਰ ਪ੍ਰਾਹੁਣਾ ਆਇਆ ਏ। ਕਿਸੇ ਦਾ ਮਾਮਾ, ਚਾਚਾ, ਤਾਇਆ! ਕਿਸੇ ਕੁੜੀ ਦੇ ਪੇਕਿਓਂ ਕੋਈ। ਭਾਵੇਂ ਕਿਸੇ ਵੀ ਘਰ ਦਾ ਪ੍ਰਾਹੁਣਾ ਹੋਵੇ, ਜਿਨ੍ਹੂੰ ਜਿਨ੍ਹੂੰ ਵੀ ਉਹ ਪਹਿਲੋਂ ਮਿਲ ਪੈਂਦਾ, ਲੋਕ ਲੱਸੀ ਪਾਣੀ ਪਿਆਣ ਬਗੈਰ ਉਹਨੂੰ ਅਗਾਂਹ ਨਾ ਲੰਘਣ ਦੇਂਦੇ।

ਕਿਹੋ ਜਿਹੇ ਸਮੇਂ ਆ ਗਏ ਨੇ ਹੁਣ ਤਾਂ! ਦੂਰੋਂ ਆਉਂਦੇ ਬੰਦੇ ਨੂੰ ਤੱਕ ਕੇ ਬੰਦਾ ਡਰ ਜਾਂਦਾ ਏ। 'ਬੰਦਾ ਈ ਏ ਜਿਹੜਾ ਬੰਦੇ ਨੂੰ ਵੇਖ ਕੇ ਡਰ ਜਾਂਦਾ ਏ ਮੰਗਲ ਸਿੰਹਾਂ। ਸ਼ੇਰ ਵੀ ਦੂਜੇ ਸ਼ੇਰ ਨੂੰ ਵੇਖ ਨਹੀਂ ਡਰਦਾ, ਭਾਵੇਂ ਉਹਦੇ ਨਾਲੋਂ ਦਸ ਗੁਣਾ ਤਕੜਾ ਸ਼ੇਰ ਸਾਹਮਣਿਓਂ ਤੁਰਿਆ ਆਉਂਦਾ ਹੋਵੇ।'

ਹੁਣ ਓਸ ਬੰਦੇ ਦੀ ਨੁਹਾਰ ਸਾਫ ਨਜ਼ਰ ਆ ਰਹੀ ਸੀ। ਪੈਰੀਂ ਠਿੱਬੀ ਜਿਹੀ ਜੁੱਤੀ, ਜਿਹੜੀ ਹਰ ਕਦਮ ਨਾਲ ਥੋੜ੍ਹੀ ਜਿਹੀ ਧੂੜ ਉਡਾਉਂਦੀ, ਤੇ ਥੋੜ੍ਹੀ ਜਿਹੀ ਹੋਰ ਥੱਕ ਗਈ ਜਾਪਦੀ। ਧੂੜ ਨਾਲ ਅੱਟਿਆ ਪਜਾਮਾ ਕੁੜਤਾ। ਮੋਢੇ 'ਤੇ ਐਵੇਂ ਉਧੜ ਗੁਧੜੀ ਲਪੇਟੀ ਪੱਗ ਜਿਹੀ! ਸ਼ਾਇਦ ਪਰਨਾ ਹੀ ਹੋਵੇ। ਧੁੱਪ ਤੋਂ ਸਿਰ ਬਚਾਉਣ ਲਈ ਕੋਈ ਖੁੱਥਿਆ ਜਿਹਾ ਕੱਪੜਾ। ਸਿਰ ਝੁਕਿਆ ਹੋਇਆ, ਜਿਵੇਂ ਮੀਲਾਂ ਪੈਂਡਾ ਮਾਰ ਕੇ ਆਇਆ ਹੋਵੇ। ਆਪਣੇ ਈ ਕਦਮਾਂ ਵੱਲ ਨਿਗਾਹ। ਹੱਥ ਵਿਚ ਖੂੰਡੀ, ਜਿਹਨੂੰ ਉਹ ਚੁੱਕਦਾ ਧਰਦਾ ਘੱਟ, ਧੂੰਹਦਾ ਵੱਧ ਸੀ। ਮੂੰਹ 'ਤੇ ਡੂੰਘੇ ਸਿਆੜ। ਸਿਆਣੀ ਉਮਰ ਦਾ, ਥੱਕਿਆ ਟੁੱਟਿਆ, ਵਖਤਾਂ ਮਾਰਿਆ ਬੰਦਾ ਜਾਪਦਾ ਸੀ ਕੋਈ।

ਪਹਿਲੋਂ ਤਾਂ ਮੰਗਲ ਸਿੰਘ ਨੇ ਸੋਚਿਆ, ਚੁੱਪ ਚਾਪ ਲੰਘ ਜਾਣ ਦੇਵੇ। ਹੋਵੇਗਾ ਕੋਈ! ਸਾਨੂੰ ਕੀ! ਉਤੋਂ ਵੇਲੇ ਕਿਹੜੇ ਨੇ ਮੰਗਲ ਸਿੰਹਾਂ। ਖੌਰੇ ਕੌਣ ਹੈ ਤੇ ਕੌਣ ਨਹੀਂ! ਚਾਦਰੇ ਦੇ ਹੇਠਾਂ ਭਾਵੇਂ ਏ.ਕੇ. ਸੰਤਾਲੀ ਈ ਲੁਕਾਈ ਆਉਂਦਾ ਹੋਵੇ। ਅੱਜ ਕੱਲ੍ਹ ਤੇ ਯਮੂਲਿਆਂ ਬਣ ਕੇ ਝੱਟ ਲੰਘਾ ਮੰਗਲ ਸਿੰਹਾਂ!

ਉਹ ਬਜ਼ੁਰਗ ਹੋਰ ਨੇੜੇ ਆ ਗਿਆ ਤੇ ਮੰਗਲ ਸਿੰਘ ਦੇ ਖੇਤ ਦੀ ਵੱਟ ਕੋਲ ਖੜੋ ਕੇ ਨਿਗਾਹ ਟਿਕਾ ਕੇ ਉਹਨੇ ਮੰਗਲ ਸਿੰਘ ਵੱਲ ਤੱਕਿਆ।

ਉਹਦੀ ਨਜ਼ਰ ਇਹੋ ਜਿਹੀ ਸੀ ਕਿ ਮੰਗਲ ਸਿੰਘ ਉਹਨੂੰ ਅਣਗੌਲਿਆ ਨਹੀਂ ਕਰ ਸਕਿਆ।

'ਪਾਣੀ ਮਿਲੇਗਾ?' ਓਸ ਬਜ਼ੁਰਗ ਨੇ ਘੱਟੇ ਨਾਲ ਅੱਟੀ ਆਵਾਜ਼ ਵਿਚ ਪੁੱਛਿਆ।

ਟਾਹਲੀ ਹੇਠਾਂ ਘੜਵੰਜੀ 'ਤੇ ਟਿਕਾ ਕੇ ਰੱਖਿਆ ਘੜਾ ਪਿਆ ਸੀ। ਮੰਗਲ ਸਿੰਘ ਨੇ ਹਲ ਰੋਕ ਦਿੱਤਾ। ਪੰਜਾਲੀ ਖੋਲ੍ਹ ਦਿੱਤੀ। ਬਲਦਾਂ ਨੂੰ ਟਿਚਕਾਰੀ ਮਾਰ ਕੇ ਟਾਹਲੀ ਹੇਠਾਂ ਲੈ ਆਇਆ ਤੇ ਕਿਹਾ, 'ਲੰਘ ਆਓ ਬਜ਼ੁਰਗੋ। ਪਾਣੀ ਦਾ ਘਾਟਾ ਐ! ਜਿੰਨਾ ਮਰਜ਼ੀ ਏ ਪੀਓ।'

'ਪਾਣੀ ਪੀਏ ਛੇਤੀ, ਤੇ ਜਾਏ ਜਿੱਧਰ ਜਾਣਾ ਸੂ।' ਮੰਗਲ ਸਿੰਘ ਨੇ ਸੋਚਿਆ।

ਬਜ਼ੁਰਗ ਪੋਲੀ ਮਿੱਟੀ ਵਿਚ ਪੈਰ ਧਰਦਾ ਟਾਹਲੀ ਹੇਠਾਂ ਆ ਗਿਆ। ਮੰਗਲ ਸਿੰਘ ਨੇ ਘੜੇ ਵਿਚੋਂ ਕੌਲ ਭਰ ਕੇ ਅੱਗੇ ਕੀਤਾ। ਤਾਂਹੀਏਂ ਉਹਨੂੰ ਉਹ ਬੁਚਕੀ ਨਜ਼ਰ ਆਈ ਜਿਹੜੀ ਉਸ ਬਜ਼ੁਰਗ ਨੇ ਘੁੱਟ ਕੇ ਛਾਤੀ ਨਾਲ ਲਾਈ ਹੋਈ ਸੀ।

ਮੰਗਲ ਸਿੰਘ ਦੇ ਕਲੇਜੇ ਵਿਚ ਰੁੱਗ ਭਰਿਆ ਗਿਆ। ਏਸੇ ਤਰ੍ਹਾਂ ਕਰਤਾਰੇ ਦੇ ਫੁੱਲਾਂ ਦੀ ਬੁਚਕੀ ਕਲੇਜੇ ਨਾਲ ਲਾਈ ਉਹ ਜਲ ਪਰਵਾਹ ਕਰਨ



ਕਰਤਾਰਪੁਰ ਸਾਹਿਬ ਗਿਆ ਸੀ। ਮਨ ਭਰ ਆਇਆ। ਕੀ ਪਤਾ ਇਸ ਬਜ਼ੁਰਗ ਦਾ ਵੀ ਕੋਈ...। ਫੇਰ ਉਹ ਅਚਾਨਕ ਡਰ ਜਿਹਾ ਗਿਆ। ਮੰਗਲ ਸਿੰਹਾਂ, ਇਹਦੇ ਵਿਚ ਗੋਲਾ ਬਾਰੂਦ ਵੀ ਤੇ ਹੋ ਸਕਦਾ ਏ।

ਫੇਰ ਉਹਨੇ ਸਹਿਜ ਹੋਣ ਦੀ ਕੋਸ਼ਿਸ਼ ਕੀਤੀ...ਤੇ ਕੀ ਪਤਾ ਉਹਦੀ ਵੀ ਕੋਈ ਬਸੰਤ ਕੌਰ ਹੋਵੇ ਜਿਨ੍ਹੇ ਸਫਰ 'ਤੇ ਤੁਰਨ ਲੱਗਿਆਂ ਉਹਨੂੰ ਮਿੱਸੀਆਂ ਪਰੌਂਠੀਆਂ ਪਕਾ ਦਿੱਤੀਆਂ ਹੋਣ ਕਿ ਭੁੱਖ ਲੱਗੇ ਤਾਂ ਖਾ ਲਵੀਂ। ਮਿੱਸੀਆਂ ਪਰੌਂਠੀਆਂ ਹੋਈਆਂ, ਤਾਂ ਫੇਰ ਆਚਾਰ ਵੀ ਜ਼ਰੂਰ ਹੋਵੇਗਾ? ਤੇ ਉਹ ਮਨ 'ਚ ਈ ਮੁਸਕਰਾ ਪਿਆ। 'ਨਹੀਂ' ਰੀਸ ਆਪਣੀਆਂ ਸੁਆਣੀਆਂ ਦੀ ਮੰਗਲ ਸਿੰਹਾਂ! ਦੁਨੀਆਂ ਦੀ ਹੈ ਕੋਈ ਹੋਰ ਤੀਵੀਂ, ਜਿਹੜੀ ਤਾਜ਼ੇ ਮੱਖਣ ਵਿਚ ਗੁੰਨ ਕੇ ਮਿੱਸੀਆਂ ਰੋਟੀਆਂ ਪਕਾਵੇ, ਤੇ ਵਿਚ ਮਸਾਲੇ ਵਾਲੇ ਅੰਬ ਦੇ ਆਚਾਰ ਦੀਆਂ ਫਾੜੀਆਂ ਰੱਖੇ।

ਕੋਈ ਨਹੀਂ, ਜੇ ਬਜ਼ੁਰਗ ਨੇ ਰੋਟੀ ਏਥੇ ਛਾਂਵੇਂ ਬਹਿ ਕੇ ਖਾਣੀ ਹੋਈ ਤਾਂ ਬਸੰਤੀ ਦੀ ਲਿਆਂਦੀ ਲੱਸੀ ਵੀ ਮੈਂ ਇਹਨੂੰ ਰੱਜ ਕੇ ਪਿਆ ਦਿਆਂਗਾ। ਕੀ ਯਾਦ ਕਰੇਗਾ!

ਪਰ ਮੰਗਲ ਸਿੰਹਾਂ, ਕੀ ਪਤਾ ਇਹ ਪੰਜਾਬੀ ਨਾ ਈ ਹੋਵੇ! ਇਹਦੀ ਬੁਚਕੀ ਵਿਚ ਮਿੱਸੀਆਂ ਰੋਟੀਆਂ ਦੀ ਥਾਂ ਭੁੱਜੇ ਹੋਏ ਛੋਲੇ ਈ ਹੋਣ, ਜਾਂ ਮੂੜ੍ਹੀ, ਜਾਂ ਭਾਤ, ਜਾਂ ਹੋਰ ਪਤਾ ਨਹੀਂ ਕੀ ਕੀ! ਇਹਦੀ ਸ਼ਕਲ ਈ ਐਜ ਦੀ ਏ, ਕੁਝ ਪਤਾ ਈ ਨਹੀਂ ਲੱਗਦਾ। ਚਲੋ, ਅਸਾਂ ਕੀ ਲੈਣਾ ਏ! ਪਰ ਜੇ ਕਿਧਰੋਂ ਬਾਹਰੋਂ ਆਇਆ ਏ, ਤਾਂ ਐਥੇ ਪੰਜਾਬ ਦੇ ਪਿੰਡਾਂ ਵਿਚ ਕਿਉਂ ਧੂੜਾਂ ਫੱਕਦਾ ਫਿਰਦਾ ਏ! ਕੀ ਧਰਿਆ ਏ ਹੁਣ ਏਥੇ! ਏਥੋਂ ਤੇ ਹੁਣ ਕੰਮ ਕਰਨ ਵਾਲੇ ਭੱਈਏ ਵੀ ਨੱਸਦੇ ਜਾਂਦੇ ਨੇ। ਇਹ ਕਿਸੇ ਕੰਮ ਦੇ ਕਾਬਲ ਤੇ ਲੱਗਦਾ ਨਹੀਂ। ਐਸ ਉਮਰੇ ਤਾਂ ਵਿਹੜੇ ਵਿਚ ਧ੍ਰਿੰਗੀ ਮੰਜੀ ਡਾਹ ਕੇ ਬਹੀਦਾ ਏ, ਆਪਣੇ ਘਰ। ਅਹਿ ਉਮਰ ਕੋਈ ਪਰਦੇਸਾਂ ਦੀ ਧੂੜ ਫੱਕਣ ਦੀ ਏ!

ਏਨੇ ਨੂੰ ਬਸੰਤ ਕੌਰ ਨੇ ਉਹਦੇ ਸਾਹਮਣੇ ਰੋਟੀਆਂ ਦੀ ਚੰਗੇਰ ਤੇ ਲੱਸੀ ਦੀ ਵਲਟੋਹੀ ਲਿਆ ਰੱਖੀ। ਪਤਾ ਈ ਨਾ ਲੱਗਾ, ਕਿਹੜੇ ਵੇਲੇ ਉਹ ਆਈ ਤੇ ਕਿਹੜੇ ਵੇਲੇ ਉਹਦੇ ਕੋਲ ਆ ਬੈਠੀ। ਉਹ ਵੀ ਓਸ ਬਜ਼ੁਰਗ ਵੱਲ ਈ ਤੱਕ ਰਹੀ ਸੀ।

ਮੰਗਲ ਸਿੰਘ ਨੇ ਮੁੱਕਾ ਮਾਰ ਕੇ ਗੰਢਾ ਭੰਨਿਆ। ਚੰਗੇਰ ਵਿਚੋਂ ਪੋਣੇ ਵਿਚ ਲਪੇਟੀਆਂ ਰੋਟੀਆਂ ਕੱਢੀਆਂ। ਅਚਾਰ ਦੀ ਮਹਿਕ ਚੁਫੇਰੇ ਖਿਲਰ ਗਈ। ਦੋ ਰੋਟੀਆਂ, ਉਤੇ ਉਹਨੇ ਅੱਧਾ ਗੰਢਾ ਤੇ ਅਚਾਰ ਦੀ ਫਾੜੀ ਰੱਖ ਕੇ ਬਜ਼ੁਰਗ ਵੱਲ ਵਧਾਈਆਂ। ਉਹਨੇ ਚੁੱਪ ਚਾਪ ਫੜ ਲਈਆਂ ਤੇ ਬੁਰਕੀ ਬੁਰਕੀ ਤੋੜ ਕੇ ਖਾਣ ਲੱਗਾ।

ਮੁਸ਼ਕਿਲ ਇਹ ਸੀ ਪਾਣੀ ਦੇ ਘੜੇ 'ਤੇ ਮੂਧਾ ਵੱਜਾ ਕੌਲ ਇਕੋ ਈ ਸੀ। ਬਸੰਤ ਕੌਰ ਨੇ ਉਹਦੇ ਵਿਚ ਲੱਸੀ ਪਾ ਕੇ ਪਹਿਲੋਂ ਬਜ਼ੁਰਗ ਨੂੰ ਫੜਾਈ। ਉਹ ਗਟ ਗਟ ਕਰ ਕੇ ਪੀ ਗਿਆ। ਫੇਰ ਬਸੰਤ ਨੇ ਕੌਲ ਨੂੰ ਐਵੇਂ ਰਤਾ ਕੁ ਪਾਣੀ ਨਾਲ ਧੋਤਾ, ਤੇ ਦੂਜੀ ਵਾਰੀ ਭਰ ਕੇ ਮੰਗਲ ਸਿੰਘ ਦੇ ਅੱਗੇ ਧਰ ਦਿੱਤਾ। ਉਹ ਵੀ ਗਟ ਗਟ ਕਰ ਕੇ ਪੀ ਗਿਆ। ਲੱਸੀ ਖੁੜ ਨਾ ਜਾਏ, ਬਸੰਤ ਕੌਰ ਨੇ ਆਪ ਘੜੇ ਵਿਚੋਂ ਭਰ ਕੇ ਪਾਣੀ ਪੀ ਲਿਆ।

ਰੋਟੀ ਖਾਂਦਿਆਂ ਉਸ ਬਜ਼ੁਰਗ ਨੇ ਨਾ ਇਕ ਵਾਰੀ ਮੰਗਲ ਸਿੰਘ ਵੱਲ ਤੱਕਿਆ, ਨਾ ਬਸੰਤ ਕੌਰ ਵੱਲ। ਉਹ ਤਾਂ ਖੈਰ ਇਹੀ ਸਮਝਦੀ ਰਹੀ ਕਿ ਉਹ ਉਹਦੇ ਘਰਵਾਲੇ ਦਾ ਕੋਈ ਪਛਾਣੂੰ ਹੋਵੇਗਾ ਕਿਉਂਕਿ ਉਹ ਜਦੋਂ ਆਈ ਸੀ, ਦੋਵੇਂ ਟਾਹਲੀ ਹੇਠਾਂ ਬੈਠੇ ਸਨ।

ਬਸੰਤ ਕੌਰ ਰੋਟੀ ਖੁਆ ਕੇ ਵਾਪਸ ਮੁੜ ਗਈ ਪਿੰਡ ਨੂੰ।

ਉਹ ਬਜ਼ੁਰਗ ਅਜੇ ਵੀ ਓਥੇ ਹੀ, ਟਾਹਲੀ ਹੇਠਾਂ, ਬੁਚਕੀ ਨੂੰ ਢਿੱਡ ਨਾਲ ਘੁੱਟੀ ਬੈਠਾ ਸੀ ਤੇ ਜ਼ਮੀਨ ਵੱਲ ਤੱਕ ਰਿਹਾ ਸੀ ਜਿਵੇਂ ਮਿੱਟੀ ਵਿਚ ਤੁਰਦੀਆਂ ਕੀੜੀਆਂ ਗਿਣ ਰਿਹਾ ਹੋਵੇ।

ਮੰਗਲ ਸਿੰਘ ਨੇ ਈ ਚੁੱਪ ਤੋੜੀ, 'ਜੇ ਲੱਕ ਸਿੱਧਾ ਕਰਨਾ ਏ ਤਾਂ ਚਾਦਰਾ ਵਿਛਾ ਦੇਵਾਂ?' ਤੇ ਉਹ ਬਜ਼ੁਰਗ ਯਕਦਮ ਓਥੇ ਹੀ ਲੇਟ ਗਿਆ, ਭੁਰੀ ਮਿੱਟੀ ਵਿਚ, ਟਾਹਲੀ ਦੀ ਛਾਂ ਹੇਠਾਂ, ਓਹੀ ਬੁਚਕੀ ਸਿਰ ਹੇਠਾਂ ਰੱਖਣ ਲੱਗਿਆਂ ਉਹਨੇ ਬੁਚਕੀ ਨੂੰ ਏਸ ਤਰ੍ਹਾਂ ਜ਼ਮੀਨ 'ਤੇ ਰੱਖਿਆ, ਜਿਵੇਂ ਉਹਦੇ ਵਿਚ ਕੱਚ ਹੋਵੇ ਜਿਹਦੇ ਟੁੱਟਣ ਦਾ ਉਹਨੂੰ ਡਰ ਸੀ। ਬੁਚਕੀ 'ਤੇ ਸਿਰ ਰੱਖ ਕੇ ਉਹਨੇ ਅੱਖਾਂ ਮੀਟ ਲਈਆਂ। 'ਵਿਚਾਰਾ! ਡਾਢਾ ਥੱਕਿਆ ਜਾਪਦਾ ਏ!' ਮੰਗਲ ਸਿੰਘ ਨੇ ਸੋਚਿਆ।

ਇਕ ਵਾਰੀ ਤਾਂ ਖਿਆਲ ਆਇਆ, ਸੌਣ ਦਿਓ ਵਿਚਾਰੇ ਨੂੰ। ਪਰ ਫੇਰ ਸੋਚਿਆ, ਬੁਚਕੀ ਵਿਚ ਜ਼ਰੂਰ ਕੋਈ ਖਤਰਨਾਕ ਚੀਜ਼ ਏ। ਸ਼ਾਇਦ ਬੰਬ ਈ ਹੋਵੇ। ਏਸ ਕਰ ਕੇ ਉਹਨੂੰ ਏਸ ਤਰ੍ਹਾਂ ਅਡੋਲ ਰੱਖ ਰਿਹਾ ਸੀ। ਸੋ ਉਹਨੇ ਪੁੱਛ ਈ ਲਿਆ, 'ਕਿਧਰੋਂ ਆਏ ਓ ਬਜ਼ੁਰਗੋ?'

ਬਜ਼ੁਰਗ ਨੇ ਅੱਖਾਂ ਖੋਲ੍ਹੀਆਂ। ਉਹਦੀਆਂ ਅੱਖਾਂ ਵਿਚ ਯੁਗਾਂ ਪੁਰਾਣੀ ਥਕਾਵਟ ਤੇ ਨਾਉਮੀਦੀ ਸੀ। ਫੇਰ ਵੀ ਕੁਝ ਹੈ ਸੀ ਉਨ੍ਹਾਂ ਅੱਖਾਂ ਵਿਚ। ਕੋਈ ਰੌਸ਼ਨੀ ਜਿਹੀ। ਹਨੇਰੇ ਵਿਚ ਦੂਰ ਜਗਦੀ ਧੁੰਦਲੀ ਲਾਲਟੈਣ ਦੀ ਮੱਧਮ ਜਿਹੀ ਲੋਅ ਵਰਗੀ।

ਪਲ ਦਾ ਪਲ ਉਹ ਆਪਣੀਆਂ ਉਦਾਸ ਤੇ ਕੰਬਦੀ, ਮੱਧਮ ਲੋਅ ਵਾਲੀਆਂ ਅੱਖਾਂ ਨਾਲ ਮੰਗਲ ਸਿੰਘ ਦੇ ਚਿਹਰੇ ਵੱਲ ਤੱਕਦਾ ਰਿਹਾ। ਚੁੱਪ ਚਾਪ।

'ਕਿਧਰ ਨੂੰ ਜਾ ਰਹੇ ਓ?' ਮੰਗਲ ਸਿੰਘ ਨੇ ਦੂਜਾ ਸੁਆਲ ਕੀਤਾ।

'ਕਿਧਰੇ ਵੀ ਨਹੀਂ।'

'ਪਰ ਐਨੀ ਸੜਦੀ ਦੁਪਹਿਰੇ ਬੰਦਾ ਪੈਂਡਾ ਮਾਰਦਾ ਏ, ਤਾਂ ਕਿਧਰੇ ਤਾਂ ਜਾਣਾ ਈ ਹੁੰਦਾ ਏ ਨਾ ਉਹਨੇ!' ਮੰਗਲ ਸਿੰਘ ਦੇ ਮਨ ਵਿਚ ਹੈਰਾਨੀ ਵੀ ਤੇ ਸ਼ੱਕ ਵੀ ਵਧਦੇ ਜਾ ਰਹੇ ਸਨ।

'ਕਿਧਰੇ ਵੀ ਨਹੀਂ। ਬੱਸ, ਐਵੇਂ ਈ ਨਿਕਲ ਤੁਰਿਆ। ਦਿਲ ਉਚਾਟ ਹੋ ਗਿਆ ਸੀ। ਨਿਕਲ ਤੁਰਿਆ।'

'ਨਾਂ ਕੀ ਏ ਬਾਬਾ ਜੀ ਆਪਣਾ?'

'ਨਾਂ?'

'ਆਹੋ, ਨਾਂ!'

'ਮੇਰਾ ਨਾਂ ਰੱਬ ਏ।'

'ਡਮਾਕ ਹਿੱਲ ਗਿਆ ਬੁੜ੍ਹੇ ਦਾ ਧੁੱਪ ਵਿਚ ਮੰਗਲ ਸਿੰਹਾਂ।' ਮੰਗਲ ਸਿੰਘ ਮੁੱਛਾਂ ਵਿਚ ਨਿੰਮ੍ਹਾ ਜਿਹਾ ਮੁਕਰਾਇਆ।

'ਰੱਬ?'

'ਆਹੋ, ਰੱਬ।'

'ਰੱਬ, ਯਾਨਿ ਵਾਹਿਗੁਰੂ?'

'ਜੋ ਵੀ ਕਹਿ ਲਓ। ਮੇਰਾ ਨਾਂ ਰੱਬ ਐ।'

'ਤੇ ਰੱਬ ਜੀ, ਤੁਸੀਂ ਏਥੇ ਕਿਥੇ ਧੂੜਾਂ ਫੱਕਦੇ ਫਿਰਦੇ ਓ?'

'ਬੱਸ, ਮਨ ਉਚਾਟ ਹੋ ਗਿਆ, ਤੇ ਮੈਂ ਛੁੱਟੀ ਲੈ ਲਈ।'

'ਤੁਹਾਨੂੰ ਛੁੱਟੀ ਲੈਣੀ ਪੈਂਦੀ ਏ? ਕਿਹਦੇ ਕੋਲੋਂ?'

'ਆਪਣੇ ਆਪ ਕੋਲੋਂ ਈ। ਹੋਰ ਕਿਹਦੇ ਕੋਲੋਂ!' ਬਜ਼ੁਰਗ ਬੇਦਿਲੀ ਜਿਹੀ ਨਾਲ ਬੋਲਿਆ।

'ਰੱਬ? ਇਸ ਤਰ੍ਹਾਂ ਹੋ ਸਕਦਾ ਏ ਮੰਗਲ ਸਿੰਹਾਂ! ਅਸਮਾਨਾਂ 'ਤੇ ਆਰਾਮ ਨਾਲ ਰਹਿਣ ਵਾਲਾ ਰੱਬ! ਤਾਰਿਆਂ ਵਿਚ ਸੈਰ ਕਰਨ ਵਾਲਾ! ਚੰਨ ਤੇ ਸੂਰਜ ਦੇ ਦੀਵੇ ਬਾਲਣ ਵਾਲਾ! ਸੱਤਾਂ ਰੰਗਾਂ ਵਾਲੀਆਂ ਪੀਂਘਾਂ ਝੂਟਣ ਵਾਲਾ! ਮਸ਼ਕਰੀ ਕਰਦਾ ਏ ਬੁੜ੍ਹਾ!' ਮੰਗਲ ਨੇ ਮਨ ਵਿਚ ਸੋਚਿਆ।

ਰੱਬ ਨੇ ਜਿਵੇਂ ਉਹਦੇ ਮਨ ਵਿਚ ਤੁਰਦੀ ਗੱਲ ਸੁਣ ਲਈ। ਕਹਿਣ ਲੱਗਾ, 'ਨਹੀਂ, ਮਸ਼ਕਰੀ ਨਹੀਂ ਕਰਦਾ ਮੈਂ। ਸੱਚਮੁੱਚ ਰੱਬ ਹਾਂ। ਮੈਂ ਵੇਖਿਆ, ਇਹ ਦੁਨੀਆਂ ਮੈਂ ਕਾਹਦੇ ਲਈ ਬਣਾ ਧਰੀ ਏ। ਬੰਦਾ ਬੰਦੇ ਨੂੰ ਖਾਈ ਜਾਂਦਾ ਏ। ਦੁਨੀਆਂ ਬਣਾਉਣ ਵੇਲੇ ਇਹ ਤੇ ਮੈਂ ਸੋਚਿਆ ਈ ਨਹੀਂ ਸੀ।'

'ਪਰ ਰੱਬ ਓ ਜੇ ਤੁਸੀਂ ਬਾਈ, ਤਾਂ ਇਕ ਡੰਡਾ ਘੁਮਾਉਂਦੇ ਤੇ ਸਾਰਿਆਂ ਦੀ ਹੋਸ਼ ਟਿਕਾਣੇ ਲੈ ਆਉਂਦੇ, ਛੁੱਟੀ ਕਾਹਨੂੰ ਕਰਨੀ ਸੀ।'

'ਨਹੀਂ, ਮੈਂ ਥੱਕ ਗਿਆਂ। ਮੇਰਾ ਈ ਨਾਂ ਲੈ ਲੈ ਕੇ ਲੋਕੀਂ ਇਕ ਦੂਜੇ ਨੂੰ ਵੱਢੀ ਟੁੱਕੀ ਜਾਂਦੇ ਨੇ। ਮੈਂ ਸੋਚਿਆ, ਜੇ ਮੈਂ ਈ ਛੁੱਟੀ ਕਰ ਲਵਾਂ ਤਾਂ ਸ਼ਾਇਦ ਇਹ ਵੱਢ ਟੁੱਕ ਖਤਮ ਹੋ ਜਾਵੇ।'

'ਹੋ ਜਾਵੇਗੀ ਖਤਮ?'

'ਕੀ ਪਤਾ!' ਤੇ ਰੱਬ ਨੇ ਹੋਕਾ ਭਰਿਆ।

ਵਿਚਾਰਾ ਦਿਲ ਛੱਡ ਬੈਠਾ ਏ। ਬਹੁਤਾ ਹੀ ਉਦਾਸ ਹੋ ਗਿਆ ਏ। ਮੰਗਲ ਸਿੰਘ ਨੇ ਸੋਚਿਆ।

'ਉਦਾਸ ਜਿਹਾ ਉਦਾਸ! ਮੈਂ ਤੇ ਥੱਕ ਗਿਆਂ ਬਿਲਕੁਲ! ਤੇਰੇ ਘਰ ਵਿਚ ਇਕ ਵਾਧੂ ਮੰਜੀ ਹੈ? ਮੈਂ ਬਾਹਰ ਵਿਹੜੇ ਵਿਚ ਈ ਸੌਂ ਜਾਵਾਂਗਾ ਰਾਤੀਂ। ਤੜਕੇ ਤੁਰ ਜਾਵਾਂਗਾ।'

'ਪਰ ਮੈਂ ਤੇ ਹਾਲੀ ਹਲ ਵਾਹੁਣਾ ਏ।'

'ਕੋਈ ਨਹੀਂ ਸਾਊ! ਤੂੰ ਆਪਣਾ ਕੰਮ ਕਰ। ਮੈਂ ਏਥੇ ਟਾਹਲੀ ਦੀ ਛਾਂਵੇਂ ਆਰਾਮ ਵਿਚ ਆਂ। ਝਪਕੀ ਲੈ ਲਵਾਂਗਾ। ਤੇ ਫੇਰ ਤੇਰੇ ਘਰ ਚਲਾਂਗੇ।'

ਮੰਗਲ ਸਿੰਘ ਦੀ ਸਮਝ ਵਿਚ ਕੁਝ ਨਹੀਂ ਸੀ ਆ ਰਿਹਾ। ਉਹਨੇ ਉਠ ਕੇ ਬਲਦਾਂ ਨੂੰ ਪਾਣੀ ਪਿਆਇਆ, ਪੱਠੇ ਪਾਏ ਤੇ ਫੇਰ ਹਲ ਵਾਹੁਣ ਲੱਗਾ।

ਸੂਰਜ ਢਲ ਗਿਆ ਸੀ। ਉਹਨੇ ਬਲਦ ਖੋਲ੍ਹੇ, ਹਲ ਮੋਢੇ 'ਤੇ ਰੱਖਿਆ ਤੇ ਬਜ਼ੁਰਗ ਨੂੰ ਕਿਹਾ, 'ਚਲਣਾ ਚਾਹੀਦਾ ਏ। ਤਰਕਾਲਾਂ ਪੈਣ ਲੱਗੀਆਂ। ਅੱਜ ਕੱਲ੍ਹ ਤਰਕਾਲਾਂ ਪੈਣ ਤੋਂ ਪਹਿਲਾਂ ਪਹਿਲਾਂ ਘਰ ਅਪੜ ਜਾਣਾ ਚਾਹੀਦਾ ਏ। ਸਮੇਂ ਬਹੁਤ ਖਰਾਬ ਨੇ।'

ਤੇ ਬਜ਼ੁਰਗ ਆਪਣੀ ਜੁੱਤੀ ਪੈਰਾਂ ਵਿਚ ਅੜਾ ਕੇ, ਚਾਦਰਾ ਮੋਢੇ ਤੇ ਸੁੱਟ ਕੇ, ਤੇ ਬੁਚਕੀ ਢਿੱਡ ਨਾਲ ਲਾ ਕੇ ਉਹਦੇ ਨਾਲ ਤੁਰ ਪਿਆ।

'ਰੱਬਾ, ਖੈਰ ਕਰੀਂ। ਪਤਾ ਨਹੀਂ ਉਚੱਕਾ ਈ ਹੋਵੇ। ਜਾਂ ਅਤਿਵਾਦੀਆਂ ਦੇ ਕਿਸੇ ਗਰੋਹ ਦਾ ਬੰਦਾ। ਘਰ ਲਿਜਾਣਾ ਠੀਕ ਰਹੇਗਾ ਇਹਨੂੰ?' ਮੰਗਲ ਸਿੰਘ ਸੋਚ ਰਿਹਾ ਸੀ।

'ਤੂੰ ਮੇਰੇ ਕੋਲੋਂ ਖੈਰ ਮੰਗ ਰਿਹਾ ਏਂ? ਮੈਂ ਤੇ ਹੁਣ ਕੁਝ ਵੀ ਦੇਣ ਜੋਗਾ ਨਹੀਂ। ਮੈਂ ਤੇ ਛੁੱਟੀ 'ਤੇ ਆਂ।' ਬਜ਼ੁਰਗ ਬੋਲਿਆ।

'ਅਜੀਬ ਗੱਲ ਏ!' ਮੰਗਲ ਸਿੰਘ ਸੋਚਣ ਲੱਗਾ। ਇਹਨੂੰ ਮੇਰੇ ਮਨ ਦੀ ਗੱਲ ਦਾ ਕਿਸ ਤਰ੍ਹਾਂ

(ਬਾਕੀ ਅਗਲੇ ਸਫੇ 'ਤੇ)

# ਲੋਕ ਮਨਾਂ 'ਚ ਰਮੀਆਂ ਲੂਣਾ ਤੇ ਰਾਣੀ ਸੁੰਦਰਾਂ

**ਲੋਕ-ਗਾਥਾ**

ਪੂਰਨ ਭਗਤ ਦੀ ਲੋਕ ਗਾਥਾ ਦਾ ਪੰਜਾਬੀਆਂ ਦੇ ਜੀਵਨ 'ਤੇ ਅਮਿਟ ਪ੍ਰਭਾਵ ਹੈ। ਇਸ ਕਥਾ ਦੇ ਤਿੰਨ ਪ੍ਰਮੁੱਖ ਪਾਤਰ ਹਨ-ਪੂਰਨ, ਲੂਣਾ ਅਤੇ ਰਾਣੀ ਸੁੰਦਰਾਂ। ਪੂਰਨ ਸਮਾਜਕ ਮਰਯਾਦਾ ਅਤੇ ਸਦਾਚਾਰਕ ਕਦਰਾਂ ਕੀਮਤਾਂ ਦਾ ਅਲੰਬਰਦਾਰ ਹੈ। ਲੂਣਾ ਉਸ ਸਮੇਂ ਦੇ ਸਮਾਜ ਵੱਲੋਂ ਉਸ ਨਾਲ ਹੋਈ ਬੇਇਨਸਾਫੀ ਅਨਜੋੜ ਵਿਆਹੁਤਾ ਜੀਵਨ ਸਦਕਾ, ਅਤ੍ਰਿਪਤ, ਕਾਮੁਕ ਤ੍ਰਿਸ਼ਨਾਵਾਂ ਅਤੇ ਭਾਵਨਾਵਾਂ ਦੀ ਸ਼ਿਕਾਰ ਮਨਮੋਹਣੀ ਮੁਟਿਆਰ ਹੈ। ਰਾਣੀ ਸੁੰਦਰਾਂ ਇਕ ਅਜਿਹੀ ਹੁਸੀਨ ਔਰਤ ਹੈ ਜੋ ਜੋਗੀ ਬਣੇ ਪੂਰਨ ਨੂੰ ਵੇਖਦਿਆਂ ਸਾਰ ਹੀ ਉਸ 'ਤੇ ਫਿਦਾ ਹੋ ਜਾਂਦੀ ਹੈ।...ਜਦੋਂ ਪੂਰਨ ਉਸ ਨੂੰ ਛੱਡ ਕੇ ਤੁਰ ਜਾਂਦਾ ਹੈ ਤਾਂ ਉਹ ਉਸ ਦਾ ਵਿਛੋੜਾ ਨਾ ਝਲਦੀ ਹੋਈ ਮਹਿਲਾਂ ਤੋਂ ਛਾਲ ਮਾਰ ਕੇ ਆਪਣੀ ਜਾਨ ਕੁਰਬਾਨ ਕਰਕੇ ਮੂੰਹ ਜ਼ੋਰ ਮੁਹੱਬਤ ਦਾ ਪ੍ਰਤੀਕ ਬਣ ਜਾਂਦੀ ਹੈ।

ਪੰਜਾਬ ਦੀਆਂ ਮੁਟਿਆਰਾਂ ਨੇ ਲੂਣਾ ਤੇ ਰਾਣੀ ਸੁੰਦਰਾਂ ਦੇ ਦਰਦ ਦੀ ਵੇਦਨਾ ਅਤੇ ਪੂਰਨ

**ਸੁਖਦੇਵ ਮਾਦਪੁਰੀ**
ਫੋਨ: 91-94630-34472

ਦੇ ਜਤਿ-ਸਤਿ ਦੀ ਭਾਵਨਾ ਨੂੰ ਬਿਆਨ ਕਰਦੇ ਵੇਦਨਾਤਮਕ ਸੁਰ ਵਾਲੇ ਅਨੇਕਾਂ ਲੋਕ ਗੀਤਾਂ ਦੀ ਸਿਰਜਣਾ ਕੀਤੀ ਹੈ ਜਿਨ੍ਹਾਂ ਨੂੰ ਸੁਣ ਕੇ ਪੂਰਨ ਭਗਤ ਦੀ ਲੋਕ ਗਾਥਾ ਨੈਣਾਂ ਅੱਗੇ ਸਾਕਾਰ ਹੋ ਜਾਂਦੀ ਹੈ।

ਮੱਧਕਾਲ ਵਿਚ ਪੱਛਮੀ ਪੰਜਾਬ ਦੇ ਸਿਆਲਕੋਟ ਦੇ ਇਲਾਕੇ 'ਤੇ ਸਲਵਾਨ ਦਾ ਰਾਜ ਸੀ। ਉਹ ਇੱਕ ਆਸ਼ਕ ਮਿਜ਼ਾਜ ਅਤੇ ਮੌਜ ਮਸਤੀ 'ਚ ਰਹਿਣ ਵਾਲਾ ਰਾਜਾ ਸੀ। ਢਲਦੀ ਉਮਰੇ ਉਸ ਦੀ ਰਾਣੀ ਇਛਰਾਂ ਦੀ ਕੁੱਖੋਂ ਪੂਰਨ ਦਾ ਜਨਮ ਹੋਇਆ ਜਿਸ ਨੂੰ ਉਸ ਨੇ ਜੋਤਸ਼ੀਆਂ ਦੇ ਆਖੇ ਲੱਗ ਕੇ ਪੂਰੇ ਬਾਰਾਂ ਵਰ੍ਹੇ ਆਪਣੀਆਂ ਅੱਖੀਆਂ ਤੋਂ ਦੂਰ ਭੋਰੇ ਵਿਚ ਰੱਖਣ ਦਾ ਹੁਕਮ ਸੁਣਾ ਦਿੱਤਾ। ਇੱਛਰਾਂ ਦੀ ਕਿਸੇ ਇੱਕ ਨਾ ਮੰਨੀ। ਉਹ ਪੁੱਤਰ ਦੇ ਵਿਯੋਗ ਵਿਚ ਹੰਝੂ ਕੇਰਦੀ ਰਹੀ। ਸਲਵਾਨ ਨੇ ਢਲਦੀ ਉਮਰੇ ਐਸ਼ ਪ੍ਰਸਤੀ ਲਈ ਮੁਟਿਆਰ ਲੂਣਾ ਨੂੰ ਆਪਣੀ ਦੂਜੀ ਰਾਣੀ ਬਣਾ ਲਿਆ। ਬਾਰਾਂ ਵਰ੍ਹੇ ਬੀਤਣ ਮਗਰੋਂ ਪੂਰਨ ਭੋਰਿਓਂ ਬਾਹਰ ਆਇਆ-ਯੋਗ ਸਾਧਨਾ ਦੇ ਸੋਧੇ ਰੂਪ ਦੀ ਸਾਕਾਰ ਮੂਰਤ। ਸਲਵਾਨ ਨੇ ਉਹਨੂੰ ਪਹਿਲਾਂ ਆਪਣੀਆਂ ਮਾਂਵਾਂ ਨੂੰ ਮਿਲਣ ਦਾ ਹੁਕਮ ਸੁਣਾ ਦਿੱਤਾ। ਗੋਲੀਆਂ ਉਸ ਨੂੰ ਇੱਛਰਾਂ ਦੇ ਮਹਿਲੀਂ ਲੈ ਆਈਆਂ ਪੂਰਨ ਨੂੰ ਵੇਖਦੇ ਸਾਰ ਹੀ ਇੱਛਰਾਂ ਦੀਆਂ ਅੱਖਾਂ ਵਿਚੋਂ ਅੱਥਰੂ ਵਹਿ ਤੁਰੇ। ਪੂਰਨ ਨੇ ਮਾਂ ਦੇ ਚਰਨ ਛੂਹੇ। ਮਾਂ ਦਾ ਚਾਅ ਝੱਲਿਆ ਨਹੀਂ ਸੀ ਜਾਂਦਾ ਪਰੰਤੂ ਉਹਨੇ ਪੂਰਨ ਨੂੰ ਪਹਿਲਾਂ ਮਤ੍ਰੇਈ ਮਾਂ ਲੂਣਾ ਨੂੰ ਮਿਲ ਆਉਣ ਲਈ ਗੋਲੀਆਂ ਨਾਲ ਭੇਜ ਦਿੱਤਾ। ਸ਼ਾਹੀ ਮਹਿਲਾਂ 'ਚ ਪਹਿਲਾ ਮਹਿਲ ਮਤ੍ਰੇਈ ਮਾਂ ਲੂਣਾ ਦਾ ਸੀ। ਲੂਣਾ 'ਤੇ ਕਹਿਰਾਂ ਦਾ ਰੂਪ ਚੜ੍ਹਿਆ ਹੋਇਆ ਸੀ। ਜਦੋਂ ਦੀ ਉਹ ਇਸ ਮਹਿਲ ਵਿਚ ਆਈ ਸੀ, ਉਸ ਨੇ ਸਲਵਾਨ ਤੋਂ ਬਿਨਾ ਕਿਸੇ ਮਰਦ ਦਾ ਮੂੰਹ ਨਹੀਂ ਸੀ ਦੇਖਿਆ। ਉਹਦੀ ਦੇਖ ਭਾਲ ਲਈ ਗੋਲੀਆਂ ਸਨ। ਮਰਦ ਜਾਤ ਨੂੰ ਮਹਿਲਾਂ ਵਿਚ ਆਉਣ ਦੀ ਮਨਾਹੀ ਸੀ। ਲੂਣਾ ਢਲਦੀ ਉਮਰ ਦੇ ਸਲਵਾਨ ਤੋਂ ਖੁਸ਼ ਨਹੀਂ ਸੀ। ਉਹ ਇਕ ਅਤ੍ਰਿਪਤ ਔਰਤ ਸੀ। ਰੂਪਵਾਨ ਪੂਰਨ ਨੂੰ ਵੇਖਦੇ ਸਾਰ ਹੀ ਉਹ ਆਪਣੀ ਸੁੱਧ-ਬੁੱਧ ਗੁਆ ਬੈਠੀ। ਸਭ ਨੈਤਿਕ ਕਦਰਾਂ ਕੀਮਤਾਂ ਛੱਡ ਕੇ ਉਹਨੇ ਪੂਰਨ ਨੂੰ ਪਤਿਆਉਣ ਦੇ ਯਤਨ ਕੀਤੇ, ਤਰਲੇ ਲਏ ਤੇ ਆਪਣੀ ਜਵਾਨੀ ਦਾ ਵਾਸਤਾ ਵੀ ਪਾਇਆ। ਲੂਣਾ ਪੂਰਨ ਅੱਗੇ ਵਿਛ-ਵਿਛ ਜਾ ਰਹੀ ਸੀ ਪਰੰਤੂ ਪੂਰਨ ਉਤੇ ਉਹਦੀ ਭਖਦੀ ਜੁਆਨੀ ਅਤੇ ਤਰਲਿਆਂ ਦਾ ਕੋਈ ਵੀ ਅਸਰ ਨਹੀਂ ਸੀ ਹੋ ਰਿਹਾ।

ਆਖਰ ਪੂਰਨ ਨੇ ਆਪਣੇ ਮਨ ਨਾਲ ਨਿਰਣਾ ਲਿਆ ਤੇ ਲੂਣਾ ਤੋਂ ਅੱਖ ਬਚਾ ਕੇ ਫੁਰਤੀ ਨਾਲ ਉਹਦੇ ਮਹਿਲਾਂ ਤੋਂ ਬਾਹਰ ਨਿਕਲ ਆਇਆ। ਲੂਣਾ ਨੂੰ ਰੋਸ ਸੀ ਕਿ ਪੂਰਨ ਨੇ ਉਹਦੀ ਕਾਮਨਾ ਪੂਰੀ ਨਹੀਂ ਕੀਤੀ ਤੇ ਉਹ ਹੁਣ ਉਸ ਪਾਸੋਂ ਆਪਣੀ ਹੇਠੀ ਦਾ ਬਦਲਾ ਲੈਣ ਲਈ ਨਾਗਣ ਦਾ ਰੂਪ ਧਾਰੀ ਬੈਠੀ ਸੀ। ਆਥਣ ਸਮੇਂ ਜਦੋਂ ਸਲਵਾਨ ਲੂਣਾ ਦੇ ਮਹਿਲੀਂ ਆਇਆ ਤਾਂ ਉਸ ਨੇ ਤ੍ਰਿਆ ਚਰਿਤਰ ਨਾਲ ਪੂਰਨ ਉਤੇ ਉਸ ਦੀ ਇੱਜਤ ਲੁੱਟਣ ਦਾ ਯਤਨ ਕਰਨ ਦੀ ਝੂਠੀ ਤੁਹਮਤ ਲਾ ਕੇ ਸਲਵਾਨ ਦੇ ਮਨ 'ਚ ਪੂਰਨ ਵਿਰੁਧ ਜ਼ਹਿਰ ਘੋਲ ਦਿੱਤਾ।




ਅਗਲੀ ਭਲਕ ਸਲਵਾਨ ਨੇ ਭਰੇ ਦਰਵਾਰ ਵਿਚ ਪੂਰਨ ਨੂੰ ਤਲਬ ਕਰ ਲਿਆ ਤੇ ਉਸ 'ਤੇ ਆਪਣੀ ਮਾਂ ਵਰਗੀ ਲੂਣਾ 'ਤੇ ਮੈਲੀਆਂ ਨਜ਼ਰਾਂ ਨਾਲ ਵੇਖਣ ਦਾ ਦੋਸ਼ ਲਾ ਕੇ ਉਸ ਨੂੰ ਕਤਲ ਕਰਨ ਦਾ ਹੁਕਮ ਦੇ ਦਿੱਤਾ। ਬੇਗੁਨਾਹ ਪੂਰਨ ਦੀ ਕਿਸੇ ਇੱਕ ਨਾ ਸੁਣੀ। ਜੱਲਾਦ ਪੂਰਨ ਨੂੰ ਕਤਲ ਕਰਨ ਲਈ ਜੰਗਲ 'ਚ ਲੈ ਗਏ ਤੇ ਉਹਨੂੰ ਵੱਢ ਟੁੱਕ ਕੇ ਇੱਕ ਵੀਰਾਨ ਖੂਹ ਵਿਚ ਧੱਕਾ ਦੇ ਆਏ ਤੇ ਰਾਜੇ ਨੂੰ ਆਖ ਦਿੱਤਾ ਕਿ ਉਹ ਉਹਨੂੰ ਮਾਰ ਮੁਕਾ ਆਏ ਹਨ।

ਕੁਦਰਤ ਦੀ ਕਰਨੀ ਵੇਖੋ, ਕੁਝ ਸਮੇਂ ਮਗਰੋਂ ਜੋਗੀਆਂ ਦਾ ਇੱਕ ਟੋਲਾ ਉਸੇ ਖੂਹ 'ਤੇ ਆਣ ਉਤਰਿਆ। ਇੱਕ ਜੋਗੀ ਨੇ ਪਾਣੀ ਭਰਨ ਲਈ ਜਦੋਂ ਖੂਹ ਵਿਚ ਡੋਲ ਵਰ੍ਹਾਇਆ ਤਾਂ ਉਸ ਨੂੰ ਕਿਸੇ ਪੁਰਸ਼ ਦੇ ਕਰਾਹੁਣ ਦੀ ਆਵਾਜ਼ ਸੁਣੀ। ਉਹਨੇ ਜੋਗੀਆਂ ਕੋਲ ਆ ਕੇ ਗੱਲ ਕੀਤੀ, ਉਨ੍ਹਾਂ ਪੂਰਨ ਨੂੰ ਖੂਹ ਵਿਚੋਂ ਕੱਢ ਲਿਆ ਅਤੇ ਆਪਣੇ ਗੁਰੂ ਗੋਰਖ ਨਾਥ ਦੇ ਟਿੱਲੇ 'ਤੇ ਲੈ ਆਏ। ਗੋਰਖ ਦੀ ਤੀਮਾਰਦਾਰੀ, ਸਨੇਹ ਅਤੇ ਮੁਰੱਵਤ ਦੇ ਥਾਪੜੇ ਨੇ ਉਸ ਨੂੰ ਕੁਝ ਦਿਨਾਂ ਵਿਚ ਹੀ ਨੌਂ ਬਰ ਨੌਂ ਕਰ ਦਿੱਤਾ। ਗੋਰਖ ਨਾਥ ਦੀ ਤਲਿਸਮੀ ਸ਼ਖਸੀਅਤ ਨੇ ਪੂਰਨ ਨੂੰ ਅਜਿਹਾ ਕੀਲਿਆ ਕਿ ਉਹਨੇ ਆਪਣੇ ਆਪ ਨੂੰ ਗੋਰਖ ਦੇ ਚਰਨਾਂ 'ਚ ਅਰਪਣ ਕਰ ਦਿੱਤਾ ਤੇ ਜੋਗ ਸਾਧਨਾ ਵਿਚ ਜੁਟ ਗਿਆ। ਤਿਆਗ ਦੀ ਮੂਰਤ ਬਣੇ ਪੂਰਨ ਨੇ ਇੱਕ ਦਿਨ ਗੋਰਖ ਪਾਸੋਂ ਦੀਖਿਆ ਲਈ ਬੇਨਤੀ ਕੀਤੀ। ਗੋਰਖ ਨੇ ਤਰੁੱਠ ਕੇ ਪੂਰਨ ਦੇ ਕੰਨਾਂ 'ਚ ਮੁੰਦਰਾਂ ਪੁਆ ਉਸ ਨੂੰ ਜੋਗੀ ਬਣਾ ਦਿੱਤਾ।

ਜੋਗੀ ਬਣਿਆ ਪੂਰਨ ਪਹਿਲੇ ਦਿਨ ਗਲ 'ਚ ਬਗਲੀ ਪਾ ਕੇ ਭਿੱਖਿਆ ਮੰਗਣ ਰਾਣੀ ਸੁੰਦਰਾਂ ਦੇ ਮਹਿਲੀਂ ਗਿਆ। ਰਾਣੀ ਹੀਰੇ ਮੋਤੀਆਂ ਦਾ ਥਾਲ ਭਰ ਕੇ ਲੈ ਆਈ ਤੇ ਪੂਰਨ ਦੀ ਬਗਲੀ 'ਚ ਉਲੱਦ ਦਿੱਤਾ। ਪੂਰਨ ਨੀਵੀਂ ਪਾਈ ਖਲੋਤਾ ਰਿਹਾ ਤੇ ਰਾਣੀ ਵੱਲ ਅੱਖ ਭਰ ਕੇ ਵੀ ਨਾ ਵੇਖਿਆ। ਹੀਰੇ ਮੋਤੀ ਭਲਾ ਜੋਗੀਆਂ ਦੇ ਕਿਸ ਕੰਮ ਸਨ! ਗੋਰਖ ਨੇ ਪੂਰਨ ਨੂੰ ਹੀਰੇ ਮੋਤੀਆਂ ਸਮੇਤ ਵਾਪਸ ਭੇਜ ਕੇ ਆਖਿਆ, "ਰਾਣੀ ਨੂੰ ਆਖ ਸਾਨੂੰ ਤੇ ਪੱਕੀ ਰੋਟੀ ਚਾਹੀਦੀ ਹੈ, ਹੀਰੇ ਮੋਤੀ ਨਹੀਂ।"

ਪੂਰਨ ਉਨ੍ਹੀਂ ਪੈਰੀਂ ਵਾਪਸ ਮੁੜ ਆਇਆ ਤੇ ਰਾਣੀ ਸੁੰਦਰਾਂ ਦੇ ਮਹਿਲੀਂ ਜਾ ਅਲਖ ਜਗਾਈ। ਰਾਣੀ ਸੁੰਦਰਾਂ, ਜੋ ਆਪ ਹੁਸਨ ਦੀ ਸਾਕਾਰ ਮੂਰਤ ਸੀ, ਪੂਰਨ 'ਤੇ ਫਿਦਾ ਹੋ ਗਈ। ਉਹਨੇ ਆਪਣੀ ਨਿਗਰਾਨੀ ਵਿਚ ਛੱਤੀ ਪ੍ਰਕਾਰ ਦੇ ਭੋਜਨ ਤਿਆਰ ਕਰਵਾਏ। ਨੰਗੇ ਪੈਰੀਂ ਗੋਰਖ ਦੇ ਟਿੱਲੇ 'ਤੇ ਪੁੱਜ ਗਈ ਤੇ ਗੋਰਖ ਦੇ ਚਰਨਾਂ 'ਚ ਸੀਸ ਨਿਵਾ ਦਿੱਤਾ।

ਪਿਆਰ ਤੇ ਸ਼ਰਧਾ ਨਾਲ ਬਣਾਇਆ ਭੋਜਨ ਛੱਕ ਕੇ ਗੋਰਖ ਤਰੁੱਠ ਪਿਆ, "ਰਾਣੀ ਮੰਗ ਜੋ ਮੰਗਣਾ...ਤੇਰੀ ਹਰ ਮੁਰਾਦ ਪੂਰੀ ਹੋਵੇਗੀ।" ਸੁੰਦਰਾਂ ਲਈ ਇਹੋ ਸਹੀ ਮੌਕਾ ਸੀ। ਉਹਨੇ ਹੱਥ ਜੋੜ ਕੇ ਅਰਜ ਗੁਜਾਰੀ, "ਮੇਰੇ ਨਾਥ ਜੇ ਤਰੁੱਠੇ ਹੀ ਹੋ ਤਾਂ ਮੈਨੂੰ ਪੂਰਨ ਦੇ ਦੇਵੋ।"

ਗੋਰਖ ਨਾਥ ਨੇ ਪੂਰਨ ਨੂੰ ਰਾਣੀ ਸੁੰਦਰਾਂ ਨਾਲ ਜਾਣ ਦਾ ਇਸ਼ਾਰਾ ਕਰ ਦਿੱਤਾ। ਨਾਥ ਦਾ ਹੁਕਮ ਮੰਨ ਕੇ ਪੂਰਨ ਸੁੰਦਰਾਂ ਨਾਲ ਉਹਦੇ ਮਹਿਲਾਂ ਨੂੰ ਤੁਰ ਪਿਆ। ਰਾਣੀ ਨੇ ਉਹਦੀਆਂ ਸੈਆਂ ਖਾਤਰਾਂ ਕੀਤੀਆਂ ਪਰੰਤੂ ਪੂਰਨ ਨੂੰ ਰਾਣੀ ਸੁੰਦਰਾਂ ਦਾ ਹੁਸਨ, ਚੁਹਲ ਤੇ ਨਖਰੇ ਭਰਮਾ ਨਾ ਸਕੇ। ਉਹ ਅਡੋਲ ਸਮਾਧੀ ਲਾਈ ਬੈਠਾ ਰਿਹਾ। ਅਗਲੀ ਸਵੇਰ ਪੂਰਨ ਨੇ ਬਾਹਰ ਜੰਗਲ ਵਿਚ ਜਾ ਕੇ ਜੰਗਲ ਪਾਣੀ ਜਾਣ ਦੀ ਚਾਹਨਾ ਪ੍ਰਗਟਾਈ। ਰਾਣੀ ਨੇ ਗੋਲੀਆਂ ਉਹਦੇ ਨਾਲ ਤੋਰ ਦਿੱਤੀਆਂ ਤੇ ਆਪ ਮਹਿਲਾਂ 'ਤੇ ਖੜ੍ਹ ਕੇ ਜਾਂਦੇ ਪੂਰਨ ਨੂੰ ਵੇਖਣ ਲੱਗੀ। ਦਰੱਖਤਾਂ ਦੇ ਝੁੰਡ ਓਹਲੇ ਜਾ ਕੇ ਪੂਰਨ ਨੇ ਅਜਿਹੀ ਝਕਾਨੀ ਦਿੱਤੀ ਕਿ ਉਹ ਗੋਲੀਆਂ ਦੀਆਂ ਅੱਖੀਆਂ ਤੋਂ ਦੂਰ ਹੋ ਗਿਆ। ਪੂਰਨ ਦੇ ਪ੍ਰੇਮ 'ਚ ਦੀਵਾਨੀ ਹੋਈ ਸੁੰਦਰਾਂ ਉਹਦਾ ਓਹਲੇ ਹੋਣਾ ਬਰਦਾਸ਼ਤ ਨਾ ਕਰ ਸਕੀ। ਗੋਲੀਆਂ ਵਾਪਸ ਪਰਤ ਰਹੀਆਂ ਸਨ, 'ਕੱਲੀਆਂ। ਸੁੰਦਰਾਂ ਨੇ ਪੂਰਨ ਦੇ ਵਿਛੋੜੇ ਦਾ ਸਲ ਨਾ ਸਹਾਰਦਿਆਂ ਮਹਿਲ ਤੋਂ ਛਾਲ ਮਾਰ ਕੇ ਜਾਨ ਕੁਰਬਾਨ ਕਰ ਦਿੱਤੀ। ਪੂਰਨ ਜੋਗੀ ਬਣਿਆ ਜੋਗ ਦਾ ਚਾਨਣ ਵੰਡਦਾ ਵੱਖ-ਵੱਖ ਥਾਂਵੀਂ ਘੁੰਮਦਾ ਰਿਹਾ।

ਪੰਜਾਬੀ ਲੋਕ ਕਾਵਿ ਵਿਚ ਪੂਰਨ ਭਗਤ ਬਾਰੇ ਅਨੇਕਾਂ ਲੋਕ ਗੀਤ ਮਿਲਦੇ ਹਨ। ਉਸ ਦੀ ਭਗਤੀ ਨੂੰ ਲੋਕ ਮਾਨਸ ਨੇ ਸਤਿਕਾਰ ਭਰੀ ਥਾਂ ਦਿੱਤੀ ਹੋਈ ਹੈ, "ਭਗਤੀ ਤੇਰੀ ਪੂਰਨਾ, ਕੱਚੇ ਧਾਗੇ ਦਾ ਸੰਗਲ ਬਣ ਜਾਵੇ।"

ਪੂਰਨ ਤੇ ਲੂਣਾ ਦਾ ਵਾਰਤਾਲਾਪ ਪੰਜਾਬਣਾਂ ਬੜੀਆਂ ਲਟਕਾਂ ਨਾਲ ਗਾਉਂਦੀਆਂ ਹਨ:

ਵੇ ਮੈਂ ਬਾਗ ਲਵਾਵਾਂ ਪੂਰਨਾ
ਤੂੰ ਕਲੀਆਂ ਦੇ ਪੱਜ ਆ।

ਕਲੀਆਂ ਦੇ ਪੱਜ ਨਾ ਆਵਾਂ
ਨੀ ਤੂੰ ਲਗਦੀ ਧਰਮ ਦੀ ਮਾਂ
ਨੀ ਅਕਲੋਂ ਸਮਝ ਸਿਆਣੀਏਂ।

ਨਾ ਤੂੰ ਮੇਰੇ ਜਨਮਿਆ
ਵੇ ਨਾ ਮੈਂ ਗੋਦ ਖਿਡਾਇਆ
ਵੇ ਮੈਂ ਕਿਸ ਵਿਧ ਲਗਦੀ ਮਾਂ ਤੇਰੀ
ਵੇ ਸੋਹਣਿਆਂ ਪੂਰਨਾ ਵੇ।

ਬਾਪ ਮੇਰੇ ਦੀ ਇਸਤਰੀ ਨੀ ਤੂੰ
ਇਸ ਵਿਧ ਲਗਦੀ ਮਾਂ ਮੇਰੀ
ਨੀ ਅਕਲੋਂ ਸਮਝ ਸਿਆਣੀਏਂ।

ਪੂਰਨ ਤੇ ਰਾਣੀ ਲੂਣਾ ਸੁੰਦਰਾਂ ਦੇ ਸੰਵਾਦ ਬਾਰੇ ਕਈ ਬੋਲੀਆਂ ਪ੍ਰਾਪਤ ਹਨ:

ਲੂਣਾ ਦੇ ਮੰਦਰੀਂ ਪੂਰਨ ਜਾਂਦਾ
ਡਿਗ ਪੈਂਦੀ ਗਸ਼ ਖਾ ਕੇ
ਆ ਵੇ ਪੂਰਨਾ ਕਿਧਰੋਂ ਆਇਆ
ਬਹਿ ਗਿਆ ਨੀਵੀਂ ਪਾ ਕੇ
ਕਿਹੜੀ ਗੱਲ ਤੋਂ ਸੰਗਦਾ ਪੂਰਨਾ
ਜਿੰਦ ਨਿਕਲੂ ਗਰਨਾ ਕੇ
ਤੇਰੇ ਮੂਹਰੇ ਹੱਥ ਬੰਨ੍ਹਦੀ
ਚੜ੍ਹ ਜਾ ਸੇਜ 'ਤੇ ਆ ਕੇ।

ਪੂਰਨ ਸਮਾਜਕ ਮਰਯਾਦਾ ਦੀ ਪਾਲਣਾ ਕਰਦਿਆਂ ਆਪਣੇ ਜਤਿ ਸਤਿ 'ਤੇ ਕਾਇਮ ਰਹਿੰਦਾ ਹੈ ਅਤੇ ਲੂਣਾ ਨੂੰ ਮਰਯਾਦਾ ਵਿਚ ਰਹਿਣ ਲਈ ਪ੍ਰੇਰਦਾ ਹੈ:

ਮਨ ਨੂੰ ਮੋੜ ਕੇ ਬੈਠ ਪਾਪਣੇ
ਤੈਂ ਕਿਉਂ ਨੀਤ ਭੁਲਾਈ
ਉਹ ਤਾਂ ਮੇਰਾ ਪਿਤਾ ਹੈ ਲਗਦਾ
ਜੀਹਨੇ ਤੂੰ ਪਰਨਾਈ
ਮਾਂ ਪੁੱਤ ਦੀ ਗੱਲ ਕਦੇ ਨਾ ਬਣਦੀ
ਉਲਟੀ ਨਦੀ ਚਲਾਈ
ਪੂਰਨ ਹੱਥ ਬੰਨ੍ਹਦਾ-
ਤੂੰ ਹੈਂ ਧਰਮ ਦੀ ਮਾਈ।

ਜਦੋਂ ਮੁਟਿਆਰਾਂ ਸੁੰਦਰਾਂ ਅਤੇ ਜੋਗੀ ਬਣੇ ਪੂਰਨ ਦੇ ਸੰਵਾਦ ਵਾਲਾ ਦਰਦੀਲਾ ਲੋਕ ਗੀਤ ਗਾਉਂਦੀਆਂ ਹਨ ਤਾਂ ਉਹ ਇਸ ਗੀਤ ਰਾਹੀਂ ਆਪਣੇ ਮਨੋਭਾਵਾਂ ਅਤੇ ਦਰਦ ਦਾ ਇਜ਼ਹਾਰ ਕਰਦੀਆਂ ਭਾਵਾਂ ਦੇ ਦੇਸ਼ ਵਿਚ ਗੁਆਚ ਜਾਂਦੀਆਂ ਹਨ ਅਤੇ ਸਰੋਤਿਆਂ ਦੇ ਨੈਣਾਂ ਵਿਚੋਂ ਵੈਰਾਗ ਦੇ ਅੱਥਰੂ ਵਹਿ ਟੁਰਦੇ ਹਨ।

ਇਸ ਗੀਤ ਵਿਚ ਪੂਰਨ ਆਪਣੇ ਜੋਗ ਮਤ 'ਤੇ ਪਹਿਰਾ ਦਿੰਦਾ ਆਪਣਾ ਧਰਮ ਨਿਭਾਉਂਦਾ ਹੈ। ਰਾਣੀ ਸੁੰਦਰਾਂ ਨੂੰ ਵਿਸ਼ਵਾਸ ਹੈ, ਆਸਥਾ ਹੈ ਕਿ ਅਗਲੇ ਜਨਮ ਵਿਚ ਉਨ੍ਹਾਂ ਦਾ ਮੇਲ ਜ਼ਰੂਰ ਹੋਵੇਗਾ। ਗੀਤ ਦੇ ਬੋਲ ਹਨ:

ਖੂਹਾ ਦੇਨੀ ਆਂ ਲਵਾਂ ਵੇ,
ਤੂੰ ਨ੍ਹਾਵਣ ਦੇ ਪੱਜ ਆ,
ਗੋਰਖ ਨਾਥ ਦਿਆ ਜੋਗੀਆ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਸਾਨੂੰ ਖੂਹੇ ਦਾ ਨਾ ਚਾਅ
ਨੀ ਤੂੰ ਕਾਸੇ ਖੈਰ ਪਾ,
ਸੁਹਣੇ ਮਹਿਲਾਂ ਦੀਏ ਰਾਣੀਏ ਨੀ ਸੁੰਦਰਾਂ
ਸੁੰਦਰਾਂ ਨੀ ਦੁਨੀਆਂ ਦਾ ਮੋਹ ਛੱਡਿਆ
ਪਾਈਆਂ ਮੁੰਦਰਾਂ ਨੀ...।

ਬਾਗ ਦੇਨੀ ਆਂ ਲਵਾ ਵੇ,
ਤੂੰ ਟਹਿਲਣ ਦੇ ਪੱਜ ਆ,
ਗੋਰਖ ਨਾਥ ਦਿਆ ਜੋਗੀਆ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਸਾਨੂੰ ਬਾਗਾਂ ਦਾ ਨਾ ਚਾਅ
ਨੀ ਤੂੰ ਕਾਸੇ ਖੈਰ ਪਾ,
ਸੁਹਣੇ ਮਹਿਲਾਂ ਦੀਏ ਰਾਣੀਏਂ ਨੀ ਸੁੰਦਰਾਂ,
ਸੁੰਦਰਾ ਨੀ ਦੁਨੀਆਂ ਦਾ ਮੋਹ ਛੱਡਿਆ
ਪਾ ਕੇ ਮੁੰਦਰਾਂ ਨੀ...।

ਧੌਲਰ ਦੇਨੀ ਆਂ ਪਵਾ
ਵੇ ਤੂੰ ਵੇਖਣ ਦੇ ਪੱਜ ਆ,
ਗੋਰਖ ਨਾਥ ਦਿਆ ਜੋਗੀਆ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਨਹੀਓਂ ਧੌਲਰਾਂ ਦਾ ਚਾਅ
ਨੀ ਤੂੰ ਕਾਸੇ ਖੈਰ ਪਾ,
ਸੁਹਣੇ ਮਹਿਲਾਂ ਦੀਏ ਰਾਣੀਏ ਨੀ ਸੁੰਦਰਾਂ,
ਸੁੰਦਰਾਂ ਨੀ ਦੁਨੀਆਂ ਦਾ ਮੋਹ ਛੱਡਿਆ
ਪਾ ਕੇ ਮੁੰਦਰਾਂ ਨੀ...।

ਗੂੜ੍ਹੀ ਨੈਣਾਂ ਦੀ ਪ੍ਰੀਤ ਵੇ,
ਲੋਹੇ ਉਤੇ ਲੀਕ,
ਗੋਰਖ ਨਾਥ ਦਿਆ ਜੋਗੀਆ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਜੋਗੀ ਜਾਣੇ ਨਾ ਪ੍ਰੀਤ ਨੀ
ਲੋਹੇ ਉਤੇ ਲੀਕ,
ਸੁਹਣੇ ਮਹਿਲਾਂ ਦੀਏ ਰਾਣੀਏ ਨੀ ਸੁੰਦਰਾਂ,
ਸੁੰਦਰਾਂ ਨੀ ਦੁਨੀਆਂ ਦਾ ਮੋਹ ਛੱਡਿਆ
ਪਾ ਕੇ ਮੁੰਦਰਾਂ ਨੀ...।

ਇੱਕ ਜੋਗੀ ਸਾਡੇ ਹਾਣ ਦਾ
ਦੁੱਖ ਨਾ ਪਛਾਣਦਾ,
ਚੋਰੀ ਉਠ, ਚੱਲਿਆ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਭਾਵੇਂ ਜਾਣ ਤੂੰ ਨਾ ਜਾਣ ਵੇ,
ਅਗਲੇ ਜਹਾਨ,
ਮੇਲੇ ਤੇਰੇ ਸਾਡੇ ਹੋਣਗੇ ਵੇ ਪੂਰਨਾ,
ਪੂਰਨਾ ਵੇ ਅੱਖਾਂ ਵਿਚ ਰਹਿ ਵੱਸਦਾ
ਜਾਵੀਂ ਦੂਰ ਨਾ ਵੇ...।

ਇਹ ਲੋਕ ਗੀਤ ਅਜੋਕੇ ਸਮੇਂ ਵਿਚ ਵੀ ਪੰਜਾਬਣਾਂ ਦੇ ਮਨੋਭਾਵਾਂ ਦਾ ਪ੍ਰਗਟਾਵਾ ਹੀ ਨਹੀਂ ਕਰਦੇ ਬਲਕਿ ਉਨ੍ਹਾਂ ਨੂੰ ਆਤਮਿਕ ਰੱਜ ਅਤੇ ਸੰਤੁਸ਼ਟੀ ਵੀ ਦਿੰਦੇ ਹਨ। ਇਨ੍ਹਾਂ ਵਿਚ ਸਦਾਚਾਰ, ਨੈਤਿਕ ਕਦਰਾਂ ਕੀਮਤਾਂ ਦੇ ਸੰਚਾਰ ਦੀ ਨਿਰੰਤਰ ਧਾਰਾ ਵਹਿ ਰਹੀ ਹੈ।

# ਛੁੱਟੀ

*(ਪਿਛਲੇ ਸਫੇ ਦੀ ਬਾਕੀ)*

ਪਤਾ ਲੱਗ ਜਾਂਦਾ ਏ।'

ਘਰ ਆਏ ਓਸੇ, ਦੁਪਹਿਰ ਵਾਲੇ ਪ੍ਰਾਹੁਣੇ ਨੂੰ ਤੱਕ ਕੇ ਬਸੰਤ ਕੌਰ ਪਰਾਤ ਵਿਚ ਹੋਰ ਆਟਾ ਗੁੰਨ੍ਹਣ ਲੱਗ ਪਈ। ਚੁੱਪ-ਚਾਪ।

ਰੋਟੀ ਖਾ ਲਈ ਸਭ ਨੇ।

ਵਿਹੜੇ ਵਿਚ ਮੰਜਾ ਡਾਹ ਦਿੱਤਾ। ਉਤੇ ਖੇਸ ਵਿਛਾ ਦਿੱਤਾ।

ਬਜ਼ੁਰਗ ਨੇ ਜੁੱਤੀ ਝਾੜ ਕੇ ਮੰਜੇ ਹੇਠਾਂ ਰੇਹੜ ਦਿੱਤੀ। ਤੇ ਫੇਰ ਓਸ ਬੁਚਕੀ ਨੂੰ ਅਡੋਲ ਜਿਹੇ, ਹੱਥ ਨਾਲ ਥਾਪੜ ਕੇ ਸਰ੍ਹਾਣੇ ਰੱਖ ਲਿਆ ਤੇ ਉਤੇ ਆਪਣਾ ਸਿਰ ਟਿਕਾ ਕੇ ਲੇਟ ਗਿਆ।

'ਜੇ ਬੁਰਾ ਨਾ ਮਨਾਵੇਂ, ਤਾਂ ਇਕ ਗੱਲ ਪੁੱਛਾਂ?' ਮੰਗਲ ਸਿੰਘ ਨੇ ਹੌਲੀ ਜਿਹੀ ਕਿਹਾ।

'ਕੀ ਗੱਲ?'

'ਐਸ ਬੁਚਕੀ ਵਿਚ ਕੀ ਏ ਜਿਦ੍ਹਾ ਤੁਸੀਂ ਭੋਰਾ ਵਸਾਹ ਨਹੀਂ ਖਾਂਦੇ?'

ਲੱਗ, ਬਜ਼ੁਰਗ ਦੇ ਚਿਹਰੇ 'ਤੇ ਇਕ ਨਰਮ ਜਿਹੀ ਮੁਸਕਰਾਹਟ ਆਈ। ਕਹਿਣ ਲੱਗਾ, "ਐਹਦੇ ਵਿਚ ਬੱਸ ਲੱਪ ਕੁ ਤਾਰੇ ਨੇ, ਟੋਟਾ ਕੁ ਬੱਦਲ, ਚਿੜੀਆਂ ਦੀ ਸਵੇਰ-ਸਾਰ ਦੀ ਚਹਿਚਹਾਟ, ਨਵੀਆਂ ਫੁੱਟਦੀਆਂ ਕਰੂੰਬਲਾਂ, ਘਾਹ ਦੀਆਂ ਤਿੜ੍ਹਾਂ, ਤਰੇਲ ਦੇ ਕੁਝ ਤੁਪਕੇ, ਨਦੀਆਂ ਦਰਿਆਵਾਂ ਦਾ ਚੂਲੀ ਕੁ ਪਾਣੀ, ਪੰਘੂੜੇ ਵਿਚ ਪਏ ਬੱਚੇ ਦੀ ਪਹਿਲੀ ਕਿਲਕਾਰੀ। ਮੈਂ ਸੋਚਿਆ, ਇਹ ਤਾਂ ਬਚਾ ਲਵਾਂ।'

ਤੇ ਉਹਨੇ ਅੱਖਾਂ ਮੀਟ ਲਈਆਂ, ਤੇ ਬੁਚਕੀ 'ਤੇ ਸਿਰ ਰੱਖ ਕੇ ਸੌਂ ਗਿਆ।

# ਕਾਵਿ ਜਗਤ

## ਗੱਲਾਂ ਪਰਦੇਸ ਦੀਆਂ

ਆ ਬਹਿ ਜਾ ਕਰੀਏ ਗੱਲਾਂ ਦੇਸ਼ ਦੀਆਂ
ਹੁੰਦੇ ਜਾਂਦੇ ਪਰਦੇਸ ਦੀਆਂ।
ਉਸ ਆਪ ਵਿਹਾਜੀ ਪੀੜ ਦੀਆਂ
ਉਸ ਆਪ ਸਹੇੜੀ ਠੇਸ ਦੀਆਂ।
ਉਹ ਦੂਤ ਘਰਾਂ ਦੇ ਫਰਸ਼ਾਂ 'ਤੇ
ਬਾਪੂ ਦੇ ਰੁਲਦੇ ਕੇਸ ਦੀਆਂ।
ਤੇ ਦੇਸ਼ ਵਿਦੇਸ਼ਾਂ ਵਿਚ ਤਾਣੇ
ਇਸ ਅੱਧੋਰਾਣੇ ਖੇਸ ਦੀਆਂ।
ਪਰਬਤ ਉਤੋਂ, ਸਾਗਰ ਉਤੋਂ
ਦਾਣੇ-ਪਾਣੀ ਦੀ ਰੇਸ ਦੀਆਂ।
ਭੱਠੀ ਤੋਂ ਚੱਲੇ ਹਾਂ ਲੈ ਕੇ
ਕੁਝ ਓਸ ਦੀਆਂ, ਕੁਝ ਏਸ ਦੀਆਂ।
ਰੰਗਾ ਰਾਮੀ, ਜਮਨਾ ਦਾਸੀ
ਕੁਲਬੀਰ ਦੇ ਇਕ ਇਕ ਭੇਸ ਦੀਆਂ।

**-ਕੁਲਬੀਰ ਪੱਡਾ**

---

## ਸ਼ਹਿਰ ਦਾ ਨਜ਼ਾਰਾ

ਤੇਰੇ ਯਾਰਾ ਵੇ ਮੈਂ ਸ਼ਹਿਰ ਦਾ ਨਜ਼ਾਰਾ ਵੇਖਿਆ,
ਕੋਈ ਬੰਦਾ ਨਾ ਕਿਸੇ ਦਾ ਸਹਾਰਾ ਵੇਖਿਆ।

ਸੂਰਜ ਇਥੇ ਨਿਤ ਨਵਾਂ ਚੜ੍ਹੇ ਬੇਈਮਾਨੀ ਦਾ,
ਨਸ਼ਿਆਂ ਨੇ ਬੁਰਾ ਹਾਲ ਕੀਤਾ ਏ ਜਵਾਨੀ ਦਾ।
ਨਿੱਤ ਪਾਪ ਕਰੇ ਤੇਰਾ ਸ਼ਾਹੂਕਾਰਾ ਵੇਖਿਆ...।

ਕਿਤੇ ਕਾਲੇ ਕਾਂਵਾਂ 'ਕੱਲੀ ਘੇਰਿਆ ਘੁੱਗੀ ਨੂੰ,
ਕਿਤੇ ਅੱਗ ਲੱਗੀ ਏ ਗਰੀਬ ਵਾਲੀ ਝੁੱਗੀ ਨੂੰ।
ਕਿਤੇ ਅੰਬਰਾਂ ਨੂੰ ਛੂੰਹਦਾ ਮੈਂ ਚੁਬਾਰਾ ਵੇਖਿਆ...।
ਕੁਝ ਵਸਦੇ ਨੇ ਲੋਕ ਇਥੇ ਠੱਗਾਂ ਦੇ ਵੀ ਠੱਗ,
ਜੋ ਪੈਸਿਆਂ ਦੇ ਨਾਲ ਨੇ ਵਟਾਉਂਦੇ ਯਾਰਾ ਪੱਗ।
ਵੱਧ ਉਨ੍ਹਾਂ ਤੋਂ ਨਹੀਂ ਕੋਈ ਹਤਿਆਰਾ ਵੇਖਿਆ...।

ਇੱਕ ਵੇਖਿਆ ਬਾਜ਼ਾਰ ਹੋਵੇ ਇੱਜਤ ਨਿਲਾਮ,
ਉਥੇ ਚਾਂਦੀ ਦੀਆਂ ਛਿੱਲੜਾਂ ਦਾ ਹੁਸਨ ਗੁਲਾਮ।
ਡਿੱਗਾ ਪੈਰਾਂ ਵਿਚ ਇਸ਼ਕ ਕੁਆਰਾ ਵੇਖਿਆ...।

ਕੁਝ ਵਸਦੇ ਨੇ ਲੋਕ ਭਾਵੇਂ ਸੋਹਣੇ ਤੇ ਸਿਆਣੇ,
'ਗੁਲਾਮੀ ਵਾਲੇ' ਕਦਰ ਕੋਈ ਦਿਲ ਦੀ ਨਾ ਜਾਣੇ।
ਸੀਨੇ ਚਲਦਾ ਮੁਹੱਬਤਾਂ ਦੇ ਮੈਂ ਆਰਾ ਵੇਖਿਆ।
ਤੇਰੇ ਯਾਰਾ ਵੇ ਮੈਂ ਸ਼ਹਿਰ ਦਾ ਨਜ਼ਾਰਾ ਵੇਖਿਆ।

**-ਬੂਟਾ ਗੁਲਾਮੀ ਵਾਲਾ, ਮੋਗਾ**
**ਫੋਨ: 91-94171-97395**

# ਬਚਪਨੀ ਬਾਦਸ਼ਾਹਤ

**ਡਾ. ਗੁਰਬਖਸ਼ ਸਿੰਘ ਭੰਡਾਲ ਆਪਣੀ ਨਿਵੇਕਲੀ ਸ਼ੈਲੀ ਵਿਚ ਜੀਵਨ ਦੀਆਂ ਪਰਤਾਂ ਫਰੋਲਦੇ ਜ਼ਿੰਦਗੀ ਦੇ ਨਾਦ ਦੀ ਤਲਾਸ਼ ਵਿਚ ਰਹਿੰਦੇ ਹਨ। ਉਹ ਹੈ ਤਾਂ ਫਿਜ਼ਿਕਸ ਜਿਹੇ ਖੁਸ਼ਕ ਵਿਸ਼ੇ ਦੇ ਅਧਿਆਪਕ, ਪਰ ਉਨ੍ਹਾਂ ਦੀ ਵਾਰਤਕ ਵਿਚ ਕਵਿਤਾ ਜਿਹੀ ਰਵਾਨਗੀ ਹੈ। ਉਹ ਸ਼ਬਦਾਂ ਦੀ ਅਜਿਹੀ ਜੁਗਤ ਬੰਨਦੇ ਹਨ ਕਿ ਪਾਠਕ ਦੇ ਮੂੰਹੋਂ ਸੁਤੇ ਸਿਧ ਨਿਕਲ ਜਾਂਦਾ ਹੈ, ਕਿਆ ਬਾਤ ਹੈ! ਪਿਛਲੇ ਕੁਝ ਲੇਖਾਂ ਵਿਚ ਉਨ੍ਹਾਂ ਕੁਦਰਤ ਦੀਆਂ ਨਿਆਮਤਾਂ ਨੂੰ ਸਲਾਮ ਕੀਤਾ ਸੀ ਅਤੇ ਮਨੁੱਖ ਦੀ ਇਨ੍ਹਾਂ ਪ੍ਰਤੀ ਅਕ੍ਰਿਤਘਣਤਾ ਉਤੇ ਅਫਸੋਸ ਜਾਹਰ ਕੀਤਾ ਸੀ। ਇਕ ਲੇਖ ਵਿਚ ਉਨ੍ਹਾਂ ਅੱਗ ਦੀ ਗੱਲ ਕਰਦਿਆਂ ਕਿਹਾ ਸੀ ਕਿ ਅੱਜ ਅੱਗ ਤੋਂ ਬਿਨਾ ਜੀਵਨ ਦੀ ਕਲਪਨਾ ਕਰਨੀ ਵੀ ਔਖੀ ਹੈ, ਪਰ ਅੱਗ ਬਰਬਾਦੀ ਵੀ ਤੇ ਅਬਾਦੀ ਵੀ। ਅੱਗ ਆਸ ਵੀ ਤੇ ਵਿਨਾਸ਼ ਵੀ। ਹਥਲੇ ਲੇਖ ਵਿਚ ਡਾ. ਭੰਡਾਲ ਨੇ ਬਚਪਨ ਦੀ ਮਾਸੂਮੀਅਤ ਦੀ ਬਾਤ ਪਾਉਂਦਿਆਂ ਕਿਹਾ ਹੈ, "ਬੱਚੇ, ਕੁਦਰਤ ਦੀ ਅਜ਼ੀਮ ਨਿਆਮਤ, ਸੱਚੀ ਸੁੱਚੀ ਇਬਾਦਤ ਅਤੇ ਮਾਂ ਦੀ ਗੋਦ 'ਚ ਲਿਖੀ ਉਚਤਮ ਇਬਾਰਤ।" ਉਹ ਕਹਿੰਦੇ ਹਨ, "ਬੱਚਿਆਂ ਵਿਚ ਅਥਾਹ ਸਮਰੱਥਾ ਹੁੰਦੀ ਏ। ਅਸੀਂ ਹੀ ਇਸ ਸਮਰੱਥਾ ਨੂੰ ਪ੍ਰਗਟ ਕਰਨ ਤੋਂ ਰੋਕਦੇ ਹਾਂ।...ਸਾਡੀ ਸਭ ਤੋਂ ਵੱਡੀ ਜਾਇਦਾਦ ਤੇ ਵਿਰਾਸਤ ਸਾਡੇ ਬੱਚੇ ਨੇ। ਉਨ੍ਹਾਂ ਨੂੰ ਪੈਸਾ, ਬਰਾਂਡਡ ਵਸਤਾਂ ਜਾਂ ਬੇਬਹਾਅ ਸਹੂਲਤਾਂ ਨਾ ਦਿਓ, ਸਗੋਂ ਉਨ੍ਹਾਂ ਨੂੰ ਸਮਾਂ ਦਿਓ।" ਡਾ. ਭੰਡਾਲ ਨਸੀਹਤ ਦਿੰਦੇ ਹਨ, "ਬੱਚੇ ਦੇ ਨੈਣਾਂ 'ਚੋਂ ਬਚਪਨੀ ਸੁਪਨੇ ਨਾ ਖੋਹੋ, ਸ਼ਰਾਰਤਾਂ ਤੋਂ ਨਾ ਵਰਜੋ, ਉਨ੍ਹਾਂ ਨੂੰ ਸਹਿਜ ਵਰਤਾਰੇ ਤੋਂ ਨਾ ਹੋੜੋ, ਬੇਲੋੜਾ ਨਾ ਝਿੜਕੋ, ਬੱਚਾ ਚਿੜਚਿੜਾ ਹੋ ਜਾਵੇਗਾ।" -ਸੰਪਾਦਕ**

## ਨਿਆਮਤਾਂ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਬੱਚੇ, ਮਾਪਿਆਂ ਦੀ ਸੁਪਨ-ਪਰਵਾਜ਼, ਅਪੂਰਨ ਆਸਾਂ ਲਈ ਪੂਰਨਤਾ ਦੀ ਆਸ ਅਤੇ ਨਵੀਆਂ ਪੈੜਾਂ ਦੇ ਉਕਰਨ ਦਾ ਵਿਸ਼ਵਾਸ।

ਬੱਚੇ, ਕੁਦਰਤ ਦੀ ਅਜ਼ੀਮ ਨਿਆਮਤ, ਸੱਚੀ ਸੁੱਚੀ ਇਬਾਦਤ ਅਤੇ ਮਾਂ ਦੀ ਗੋਦ 'ਚ ਲਿਖੀ ਉਚਤਮ ਇਬਾਰਤ। ਬੱਚੇ, ਅੱਜ ਦੀ ਰੌਣਕ, ਕੱਲ ਮੁਹਾਂਦਰਾ ਅਤੇ ਆਉਣ ਵਾਲੀਆਂ ਨਸਲਾਂ ਲਈ ਰੋਲ-ਮਾਡਲ ਤੇ ਰਾਹ-ਦਸੇਰਾ।

ਬੱਚੇ, ਬੋਲਾਂ ਵਿਚ ਸੱਚ ਦਾ ਭਰ ਵੱਗਦਾ ਦਰਿਆ, ਮੁਖੜੇ ਤੋਂ ਮਾਸੂਮੀਅਤ ਦਾ ਵਹਾਅ ਅਤੇ ਹੋਠਾਂ 'ਤੇ ਤਰਦੀ ਖੁਦਾਈ ਦੁਆ।

ਬੱਚੇ, ਨਿਆਮਤੀ ਸਿਰਮੌਰ, ਖੁਸ਼ੀਆਂ ਦਾ ਸਿਰਨਾਵਾਂ, ਘਰ ਦੀ ਰੌਣਕਾਂ ਤੇ ਵਿਹੜੇ ਦੀ ਸਰਗਮ। ਬੱਚੇ, ਪਾਕਿ ਮੂਰਤ ਅਤੇ ਸੁੱਚੀ ਸੋਚ ਦਾ ਪ੍ਰਤੀਬਿੰਬ। ਸਮਾਜ ਹੀ ਲਿੰਗ-ਵਿਤਕਰੇ ਸਦਕਾ, ਭੇਦ-ਭਾਵ ਤੇ ਹੀਣ ਭਾਵਨਾ ਪੈਦਾ ਕਰਦਾ।

ਬੱਚੇ ਨੂੰ ਬੱਚੇ ਰਹਿਣ ਦਿਓ। ਉਸ ਨੂੰ ਖਿਡੌਣੇ ਦਿਓ, ਬੰਦੂਕਾਂ ਨਹੀਂ। ਉਨ੍ਹਾਂ ਦੀ ਸੋਚ ਵਿਚ ਵਿਰਾਸਤੀ ਸਾਂਝ ਪੈਦਾ ਕਰੋ। ਬਚਪਨੀ ਭਾਵਨਾਵਾਂ ਜਿਉਂਦੀਆਂ ਰਹੀਆਂ ਤਾਂ ਬੰਦਿਆਈ ਅਤੇ ਵਡਿਆਈ ਦਾ ਚਿਰਾਗ ਜਗਦਾ ਰਹੇਗਾ।

ਬੱਚੇ ਦੀ ਵਿਸ਼ਾਲ ਸੋਚ ਨੂੰ ਧਾਰਮਿਕ ਕੱਟੜਤਾ ਨਾਲ ਤੰਦ ਦਾਇਰਿਆਂ 'ਚ ਕੈਦ ਨਾ ਕਰੋ। ਬੰਦਿਸ਼ਾਂ, ਬੇੜੀਆਂ ਅਤੇ ਬਹਾਨਿਆਂ ਨਾਲ ਬਚਪਨੇ ਨੂੰ ਸਿਉਂਕਣਾ ਭਵਿੱਖ 'ਚ ਬਹੁਤ ਮਹਿੰਗਾ ਪਵੇਗਾ।

ਕਦੇ ਉਸ ਬੱਚੇ ਦੇ ਨੈਣਾਂ ਵਿਚ ਝਾਕਣਾ ਜੋ ਟੁੱਕਰ ਦੀ ਆਸ ਵਿਚ ਜੂਠੇ ਭਾਂਡੇ ਮਾਂਜਣ ਲਈ ਮਜਬੂਰ ਏ, ਜਿਸ ਦੀ ਅੱਖਰ-ਗਿਆਨ ਦੀ ਲੋਅ ਹਨੇਰਿਆਂ ਨੇ ਝਪਟ ਲਈ ਏ। ਜਿਸ ਨੂੰ ਮਮਤਾਈ ਲੋਰ ਅਤੇ ਬਾਪ ਦੀ ਕਨ੍ਹੇੜੀ ਦਾ ਅਹਿਸਾਸ ਨਹੀਂ ਹੋਇਆ। ਜੋ ਝਿੜਕਾਂ ਵਿਚ ਸਾਹਾਂ ਨੂੰ ਕੋਸਦਾ ਮੌਤ ਲਈ ਗੁਹਾਰ ਲਾਉਂਦਾ ਏ।

ਬੱਚਾ, ਇਕ ਸੁਪਨਾ, ਸੰਵੇਦਨਾ ਦੀ ਮੂਰਤ, ਸੁਹਜ ਦਾ ਸੂਹੀ-ਰਾਗ, ਸੱਚ ਦਾ ਪੈਗੰਬਰ, ਨਕਸ਼ੀ-ਨੁਹਾਰ ਦਾ ਉਗਮਦਾ ਸੂਰਜ ਅਤੇ ਮਾਪਿਆਂ ਦੇ ਸੋਚ-ਅੰਬਰ ਵਿਚ ਟਿਮਟਮਾਉਂਦਾ ਤਾਰਾ। ਅਸੀਂ ਉਸ ਤਾਰੇ ਨੂੰ ਅੰਬਰ ਦਾ ਹਾਸਲ ਬਣਾਉਣਾ ਜਾਂ ਇਕ ਟੁੱਟਿਆ ਤਾਰਾ ਬਣਾਉਣਾ, ਇਹ ਸਾਡੇ 'ਤੇ ਨਿਰਭਰ।

ਬੱਚੇ ਲਈ ਦੁਨਿਆਵੀ ਪਦਾਰਥਾਂ ਦੀ ਬਹੁਤਾਤ ਨਹੀਂ ਸਗੋਂ ਉਸ ਦੇ ਮੱਥੇ 'ਤੇ ਸੁਪਨਿਆਂ ਨੂੰ ਖੁਣੋ ਅਤੇ ਇਨ੍ਹਾਂ ਦੀ ਪੂਰਤੀ ਦੇ ਰਾਹ ਤੋਰਨ ਲਈ ਉਂਗਲੀ ਪਕੜੋ।

ਬੱਚੇ, ਮਾਸੂਮੀਅਤ ਦਾ ਮਾਣ, ਕੋਮਲਤਾ ਦਾ ਨਾਮ। ਹਾਵ-ਭਾਵਾਂ ਵਿਚ ਨਿਰਛਲਤਾ ਦਾ ਵਾਸਾ। ਸਾਡਾ ਕੇਹਾ ਏ ਖਾਸਾ ਕਿ ਉਸ ਨੂੰ ਬਣਾ ਦਿੱਤਾ ਆਪਣੀਆਂ ਅਪੂਰਨ ਖਾਹਸ਼ਾਂ ਦਾ ਕਾਸਾ। ਬੱਚੇ ਨੂੰ ਬਚਪਨਾ ਮਾਣਨ ਦਿਓ। ਉਸ ਨੂੰ ਰੋਬੋਟ ਨਾ ਬਣਾਓ, ਜੇ ਬੱਚਾ ਹੀ ਰੋਬੋਟ ਬਣ ਗਿਆ ਤਾਂ ਤੁਹਾਨੂੰ ਬੜੀ ਪੀੜ ਹੋਵੇਗੀ ਜਦ ਉਸ ਦੀਆਂ ਬਪਚਨੀ ਸ਼ਰਾਰਤਾਂ ਪਥਰਾ ਗਈਆਂ।

ਬੱਚੇ ਦਾ ਬਚਪਨਾ ਸਭ ਤੋਂ ਅਜ਼ੀਮ ਪੜਾਅ। ਅਸੀਂ ਉਮਰ ਦੇ ਹਰ ਪੜਾਅ 'ਤੇ ਬੱਚਾ ਬਣਨਾ ਲੋਚਦੇ। ਬਜ਼ੁਰਗੀ ਤੇ ਬਚਪਨੇ ਦੀ ਕੇਹੀ ਸਾਂਝ ਕਿ ਹਰ ਬਜ਼ੁਰਗ ਬਚਪਨੀ ਅਵਸਥਾ 'ਚ ਪਹੁੰਚ ਜਾਂਦਾ।

ਇਕ ਸ਼ੋਅ ਦੇਖਣ ਲਈ ਪਰਿਵਾਰ ਦੇ ਮੈਂਬਰ ਤਿਆਰ ਹੋ ਰਹੇ। ਬੱਚਾ ਸ਼ੋਅ 'ਤੇ ਜਾਣ ਲਈ ਤਿਆਰ ਹੋ ਕੇ ਹੇਠਾਂ ਆਉਂਦਾ ਤੇ ਢਿੱਲੇ ਜਿਹੇ ਮੂੰਹ ਨਾਲ ਆਪਣੇ ਕਜ਼ਨ ਨੂੰ ਕਹਿੰਦਾ, "ਤੂੰ ਲੱਕੀ ਏਂ ਕਿ ਤੇਰੀ ਮੰਮੀ ਤੇਰੇ ਕੋਲ ਨਹੀਂ ਹੈ। ਤੂੰ ਆਪਣੀ ਮਰਜ਼ੀ ਦੇ ਕੱਪੜੇ ਪਹਿਨ ਸਕਦਾ ਏਂ।"

ਇਹ ਸੁਣ ਕੇ ਇਕ ਸੰਨਾਟਾ ਅਤੇ ਅਸਚਰਜਤਾ ਘਰ ਦੀ ਫਿਜ਼ਾ ਦੇ ਨਾਂ ਹੋ ਜਾਂਦੀ। ਬੱਚੇ ਦੇ ਇਹ ਬੋਲ ਬਹੁਤ ਵੱਡੇ ਖਲਲ ਦਾ ਸਬੱਬ। ਬੱਚੇ ਦੇ ਬੋਲਾਂ ਵਿਚ ਥੋੜ੍ਹਾ ਕੁ ਕਿਹਾ ਅਤੇ ਬਹੁਤ ਕੁਝ ਅਣਕਿਹਾ। ਸੀਮਤ ਸ਼ਬਦਾਂ 'ਚ ਅਸੀਮਤ ਪਸਾਰਾ ਅਤੇ ਵਸੀਹ ਪਰਤਾਂ। ਮਾਸੂਮ ਬੋਲਾਂ ਵਿਚ ਰੰਜਿਸ਼, ਗੁੱਸਾ, ਦਾਈਆ ਅਤੇ ਹੀਣਪੁਣੇ ਦਾ ਮਿਲਵਾਂ-ਜੁਲਵਾਂ ਪ੍ਰਭਾਵ। ਬਚਪਨੀ ਮਾਨਸਿਕਤਾ ਬਹੁਤ ਕੁਝ ਵਡੇਰਿਆਂ ਦੇ ਮਨਾਂ ਵਿਚ ਧਰ ਗਈ। ਪਤਾ ਲੱਗਾ ਕਿ ਉਹ ਆਪਣੀ ਮੰਮੀ ਵਲੋਂ ਜ਼ਬਰਦਸਤੀ ਪਵਾਈ ਗਈ ਪੈਂਟ ਤੋਂ ਖੁਸ਼ ਨਹੀਂ। ਉਹ ਆਪਣੀ ਮਨਪਸੰਦ ਜੀਨ ਦੀ ਪੈਂਟ ਪਹਿਨਣਾ ਚਾਹੁੰਦਾ ਸੀ। ਜਦ ਉਸ ਨੇ ਆਪਣੀ ਪਸੰਦ ਦੇ ਕੱਪੜੇ ਪਾ ਲਏ ਤਾਂ ਉਸ ਦਾ ਖਿੜਿਆ ਚਿਹਰਾ ਪਰਿਵਾਰਕ ਚੌਗਿਰਦੇ ਵਿਚ ਖੁਸ਼ੀਆਂ ਤੇ ਖੇੜਿਆਂ ਦਾ ਨਿਉਂਦਾ ਬਣ ਗਿਆ ਅਤੇ ਉਹ ਚਾਈਂ ਚਾਈਂ ਪਰਿਵਾਰ ਸਮੇਤ ਸ਼ੋਅ ਦੇਖਣ ਚਲਾ ਗਿਆ।

ਬੱਚੇ ਦੀ ਪਸੰਦ/ਨਾ-ਪਸੰਦ ਨੂੰ ਸਮਝਣਾ ਬਹੁਤ ਜਰੂਰੀ। ਸਾਨੂੰ ਬੱਚਿਆਂ ਦੀਆਂ ਕੋਮਲ ਅਤੇ ਨਿਰਛੱਲ ਭਾਵਨਾਵਾਂ ਸਮਝਣ, ਉਨ੍ਹਾਂ ਦੀ ਕਦਰ ਕਰਨ ਅਤੇ ਉਨ੍ਹਾਂ ਨੂੰ ਮਰਜੀ ਨਾਲ ਜਿਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ। ਅਸੀਂ ਬੱਚਿਆਂ 'ਤੇ ਬਹੁਤ ਕੁਝ ਥੋਪਦੇ ਹਾਂ ਅਤੇ ਇਸ ਅਣਕਿਆਸੇ ਤੇ ਅਣਚਾਹੇ ਬੋਝ ਹੇਠ ਬੱਚੇ ਕੋਮਲ ਚਾਵਾਂ ਦੀ ਸਿਸਕੀ ਸੁਣਨ ਤੋਂ ਵੀ ਮਹਿਰੂਮ ਕਰ ਦਿੰਦੇ ਹਾਂ।

ਬੱਚਾ ਜਦ ਕਿਸੇ ਦੇ ਸਾਹਮਣੇ ਆਪਣੀ ਹੀਣ ਭਾਵਨਾ 'ਚੋਂ ਦਰਦ ਤੇ ਪੀੜਾ ਦੀ ਨਾ-ਮਾਲੂਮ ਸ਼ਿਕਾਇਤ ਲਾਉਂਦਾ ਜਾਂ ਰੋਸਾ ਕਰਦਾ ਤਾਂ ਇਹ ਬੱਚੇ ਦੀ ਸੋਚ ਵਿਚਲੀ ਨਜ਼ਾਕਤ ਅਤੇ ਭੋਲਾਪਣ ਹੁੰਦਾ। ਉਹ ਬਿਨਾ ਉਚੀ ਬੋਲਿਆਂ ਅਤੇ ਗੁੱਸੇ ਹੋਇਆਂ ਅਜਿਹਾ ਬਹੁਤ ਕੁਝ ਦਰਸਾ ਜਾਂਦਾ ਜਿਸ ਦੀ ਤਹਿ ਤੀਕ ਜਾਣਾ ਹਰੇਕ ਦੇ ਵੱਸ ਨਹੀਂ ਹੁੰਦਾ। ਬੱਚਾ ਘੁਟਣ-ਰੂਪੀ ਸਾਹਾਂ ਦੀ ਤੜਫ ਪਲੋਸਦਾ, ਬਚਪਨੇ ਦੀ ਅਮੀਰੀ ਨੂੰ ਗਰੀਬੜੇ ਰੂਪ ਵਿਚ ਹੰਢਾਉਣ ਲਈ ਮਜਬੂਰ ਹੋ ਜਾਂਦਾ।

ਬੱਚਾ ਨਿਰਮਲ, ਕਲ ਕਲ ਕਰਦਾ ਝਰਨਾ, ਸ਼ਫਾਫਤ ਦਾ ਬਿੰਬ, ਮਲੀਨਤਾ ਤੋਂ ਦੂਰ ਅਤੇ ਦੁਨਿਆਵੀ ਕੂੜ ਤੋਂ ਨਿਰਲੇਪ। ਸੁੱਚੇ-ਸੁੱਚੇ ਵਿਚਾਰਾਂ ਤੇ ਖਿਆਲਾਂ ਦੀ ਖਾਣ। ਆਪਣੇ ਮਨ ਵਿਚ ਆਈ ਬਾਤ ਨੂੰ ਕਿਸੇ ਵੀ ਮੌਕੇ ਕਹਿਣ ਦੀ ਖੁੱਲ੍ਹ। ਯਾਦ ਰੱਖਣਾ! ਬੱਚੇ ਦਾ ਕਿਹਾ ਸਮੇਂ ਦਾ ਸੱਚ। ਦੁਨੀਆਂਦਾਰੀ ਵਿਚਲਾ ਲੁਕੋ, ਵਲ, ਛਲਾਵਾ ਅਤੇ ਪਰਤ ਦਰ ਪਰਤ ਜਿਉਣਾ ਬੱਚੇ ਤੋਂ ਕੋਹਾਂ ਦੂਰ।

ਬੱਚੇ ਨੂੰ ਕਿਤਾਬਾਂ ਪੜ੍ਹਨ ਦਾ ਸ਼ੌਕ। ਕਦੀ ਕਦਾਈਂ ਤਾਂ ਉਹ ਵਾਸ਼ਰੂਮ ਨੂੰ ਪੜ੍ਹਨ ਦੇ ਕਮਰੇ ਵਜੋਂ ਵਰਤਦਾ। ਸੋਚਣ ਵਾਲੀ ਗੱਲ ਹੈ, ਬੱਚਾ ਅਜਿਹਾ ਕਿਉਂ ਕਰਦਾ ਏ? ਅਸਲ ਵਿਚ ਬੱਚਾ ਕਿਤਾਬ ਪੜ੍ਹਨਾ ਚਾਹੁੰਦਾ ਪਰ ਉਸ ਦੇ ਭੈਣ-ਭਰਾ ਖਲਲ ਪਾਉਂਦੇ ਅਤੇ ਕਈ ਵਾਰ ਘਰ ਦੇ ਵੀ ਉਸ ਨੂੰ ਝਿੜਕਦੇ। ਆਖਰਕਾਰ ਬੱਚੇ ਨੂੰ ਵਾਸ਼ਰੂਮ ਇਕ ਅਜਿਹੀ ਠਾਹਰ ਮਿਲਦੀ ਜਿਸ ਦਾ ਸ਼ਾਂਤ ਮਾਹੌਲ ਉਸ ਦੀ ਇਕਸੁਰਤਾ ਲਈ ਸਹਿਜ।

ਬੱਚਾ ਇਕ ਕੋਰੀ ਸਲੇਟ। ਗਾਚਣੀ ਨਾਲ ਪੋਚ ਕੇ ਧੁੱਪੇ ਸੁਕਾਈ ਹੋਈ ਫੱਟੀ। ਤੁਸੀਂ ਜਿਹੋ ਜਿਹੇ ਪੂਰਨੇ ਪਾਉਂਦੇ ਹੋ, ਉਹੋ ਜਿਹੀ ਲਿਖਤ ਦੇ ਨਕਸ਼ ਉਘੜ ਆਉਣਗੇ। ਬੱਚੇ ਦਾ ਚੌਗਿਰਦਾ, ਹੌਸਲਾ ਅਫਜ਼ਾਈ, ਸ਼ੌਕਾਂ ਨੂੰ ਦਿੱਤਾ ਹੁਲਾਰ, ਪ੍ਰਫੁਲਿਤਾ ਲਈ ਉਚੇਚ ਅਤੇ ਹਰ ਪ੍ਰਾਪਤੀ ਤੋਂ ਬਾਅਦ ਮਿਲੀ ਹੱਲਾਸ਼ੇਰੀ, ਬੱਚੇ ਦੇ ਵਿਅਕਤਿਤਵ ਲਈ ਬਹੁਤ ਅਹਿਮ। ਕੋਰੇ ਵਰਕਿਆਂ 'ਤੇ ਝਰੀਟਾਂ ਵੀ ਮਾਰੀਆਂ ਜਾ ਸਕਦੀਆਂ ਨੇ, ਕਲਾ-ਕ੍ਰਿਤਾਂ ਦੇ ਨਕਸ਼ ਉਘਾੜੇ ਜਾ ਸਕਦੇ ਨੇ ਜਾਂ ਹਰਫਾਂ 'ਚ ਬੋਲਦੇ ਅਰਥਾਂ ਦੀ ਤਸ਼ਬੀਹ ਵੀ ਸਿਰਜੀ ਜਾ ਸਕਦੀ ਏ ਜੋ ਸ਼ਖਸੀ ਸੁੰਦਰਤਾ ਦਾ ਮੁਹਾਂਦਰਾ ਹੁੰਦਾ। ਇਹ ਸਭ ਕੁਝ ਕਲਮ, ਸਿਆਹੀ ਅਤੇ ਕਲਮਕਾਰ ਦੇ ਹੱਥਾਂ ਵਿਚਲੀ ਮਿਕਨਾਤੀਸੀ ਛੋਹ 'ਤੇ ਨਿਰਭਰ ਕਰਦਾ।

ਵਿਦੇਸ਼ਾਂ ਵਿਚ ਵੱਸਦੇ ਮਾਪਿਆਂ ਨੂੰ, ਬੱਚਿਆਂ ਨੂੰ ਹਰ ਰਿਸ਼ਤਾ ਸਮਝਾਉਣ, ਉਸ ਦੀ ਕਦਰ ਕਰਨ, ਸਤਿਕਾਰ ਦਾ ਤੌਰ-ਤਰੀਕਾ ਸਮਝਣ, ਵਿਰਸੇ 'ਚੋਂ ਆਪਾ ਨਿਹਾਰਨ, ਚੰਗੇਰੀ ਦਿੱਖ ਬਣਾਉਣ, ਵਧੀਆ ਪਿਰਤਾਂ ਪਾਉਣ ਅਤੇ ਸਮਾਜ ਦਾ ਸੁੱਚਾ ਸਿਰਨਾਵਾਂ ਬਣਾਉਣ ਲਈ ਬਹੁਤ ਉਚੇਚ ਦੀ ਲੋੜ। ਜਦ ਕੋਈ ਬੱਚਾ, ਕੁੜਤਾ-ਪਜਾਮਾ ਪਾ, ਗਲ ਵਿਚ ਕੈਂਠਾ ਸਜਾ, ਸਿਰ 'ਤੇ ਪੱਗ ਬੰਨ ਅਤੇ ਹੱਥ ਵਿਚ ਨਿੱਕਾ ਜਿਹਾ ਖੂੰਡਾ ਲੈ ਕੇ ਪੰਜਾਬੀ ਗੀਤਾਂ 'ਤੇ ਭੰਗੜਾ ਪਾਉਂਦਾ ਤਾਂ ਸਭ ਨੂੰ ਚੰਗਾ ਲੱਗਦਾ ਕਿ ਨਵੀਂ ਪੀੜ੍ਹੀ ਕਿਸੇ ਨਾ ਕਿਸੇ ਰੂਪ ਵਿਚ ਆਪਣੇ ਵਿਰਸੇ ਨਾਲ ਮੋਹ ਕਰਦੀ ਏ। ਮਾਪਿਆਂ ਵੱਲੋਂ

> **ਬੱਚੇ ਦੀ ਪਸੰਦ/ਨਾ-ਪਸੰਦ ਨੂੰ ਸਮਝਣਾ ਬਹੁਤ ਜਰੂਰੀ। ਸਾਨੂੰ ਬੱਚਿਆਂ ਦੀਆਂ ਕੋਮਲ ਅਤੇ ਨਿਰਛੱਲ ਭਾਵਨਾਵਾਂ ਸਮਝਣ, ਉਨ੍ਹਾਂ ਦੀ ਕਦਰ ਕਰਨ ਅਤੇ ਉਨ੍ਹਾਂ ਨੂੰ ਮਰਜੀ ਨਾਲ ਜਿਉਣ ਲਈ ਉਤਸ਼ਾਹਿਤ ਕਰਨਾ ਚਾਹੀਦਾ। ਅਸੀਂ ਬੱਚਿਆਂ 'ਤੇ ਬਹੁਤ ਕੁਝ ਥੋਪਦੇ ਹਾਂ ਅਤੇ ਇਸ ਅਣਕਿਆਸੇ ਤੇ ਅਣਚਾਹੇ ਬੋਝ ਹੇਠ ਬੱਚੇ ਕੋਮਲ ਚਾਵਾਂ ਦੀ ਸਿਸਕੀ ਸੁਣਨ ਤੋਂ ਵੀ ਮਹਿਰੂਮ ਕਰ ਦਿਤੇ ਜਾਂਦੇ ਨੇ।**



ਮਿਲਿਆ ਹੁਲਾਰਾ ਤੇ ਹੁੰਗਾਰਾ ਹੀ ਹੁੰਦਾ ਜਿਸ ਸਦਕਾ ਬੱਚੇ ਆਪਣੇ ਵਿਰਸੇ ਦਾ ਹਰ ਰੰਗ ਮਾਣਦੇ। ਬੱਚੇ ਦਾ ਵਿਰਾਸਤੀ ਰੰਗ ਵਿਚ ਵਿਗਸਣਾ, ਨਵੀਂ ਨਸਲ ਲਈ ਸ਼ੁਭ-ਸੰਕੇਤ।

ਇਕ ਮਾਂ-ਮਛੋਰ ਬੱਚਾ ਸਕੂਲ ਨੂੰ ਜਾਂਦਿਆਂ ਰਾਹ ਵਿਚ ਆਪਣੀ ਮਾਂ ਦੀ ਕਬਰ ਕੋਲ ਹਰ ਰੋਜ਼ ਰੁਕਦਾ ਅਤੇ ਆਪਣਾ ਬਸਤਾ ਕਬਰ 'ਤੇ ਰੱਖ, ਅੱਖਾਂ ਵਿਚ ਨੀਰ ਭਰ, ਸਦਾ ਲਈ ਕਬਰ 'ਚ ਸੁੱਤੀ ਮਾਂ ਨੂੰ ਹਾਕ ਮਾਰਦਾ ਕਿ ਮਾਂ ਜੇ ਤੇਰੀ ਨੀਂਦ ਪੂਰੀ ਹੋ ਗਈ ਹੋਵੇ ਤਾਂ ਉਠ ਅਤੇ ਮੇਰੇ ਨਾਲ ਸਕੂਲ ਚੱਲ। ਮੇਰੀ ਟੀਚਰ ਨੂੰ ਕੁਝ ਸਮਝਾ ਜੋ ਰੋਜ਼ ਮੈਨੂੰ ਝਿੜਕਦੀ ਏ ਕਿ ਤੇਰੀ ਮਾਂ ਬਹੁਤ ਲਾਪ੍ਰਵਾਹ ਏ, ਨਾ ਚੰਗੀ ਤਰ੍ਹਾਂ ਤਿਆਰ ਕਰਦੀ ਏ, ਨਾ ਸਮੇਂ ਸਿਰ ਸਕੂਲ ਭੇਜਦੀ ਏ ਅਤੇ ਨਾ ਹੀ ਸਕੂਲ ਦਾ ਕੰਮ ਕਰਵਾਉਂਦੀ ਏ। ਬੱਚੇ ਦੇ ਇਨ੍ਹਾਂ ਬੋਲਾਂ ਵਿਚ ਮਾਸੂਮੀਅਤ ਦੇ ਨਾਲ ਨਾਲ ਅਥਾਹ ਦਰਦ, ਵੇਦਨਾ ਅਤੇ ਮੋਈ ਮਾਂ ਪ੍ਰਤੀ ਸਨੇਹ ਝਲਕਦਾ। ਹਾਲਾਤ ਦਾ ਝੰਭਿਆ ਬੱਚਾ ਆਖਰ ਨੂੰ ਆਪਣੀ ਮਾਂ ਦੀ ਪਨਾਹ ਵਿਚ ਜਾਂਦਾ ਏ। ਬੱਚੇ ਦੀ ਮਾਨਸਿਕਤਾ ਅਤੇ ਉਸ ਦੀ ਸੰਵੇਦਨਾ ਨੂੰ ਸਮਝਣ ਤੋਂ ਅਸਮਰਥ ਟੀਚਰ ਨੇ ਲਾਡ-ਪਿਆਰ ਨਾਲ ਸ਼ਾਇਦ ਹੀ ਕਦੇ ਬੱਚੇ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੋਵੇ। ਅਸੀਂ ਬਹੁਤ ਜਲਦਬਾਜ਼ੀ ਵਿਚ ਨਾਸੂਰ ਵਰਗੇ ਫੈਸਲੇ ਕਰ ਲੈਂਦੇ ਹਾਂ ਜੋ ਬੱਚਿਆਂ ਦੇ ਅਚੇਤ ਵਿਚ ਤਾਅ ਉਮਰ ਚਸਕਦੇ ਰਹਿੰਦੇ।

ਬਰਸਾਤਾਂ ਦੇ ਦਿਨ। ਛੇ ਅਤੇ ਦਸ ਸਾਲ ਦੇ ਦੋ ਬੱਚੇ ਖੂਹ 'ਤੇ ਜਾਂਦੇ ਨੇ। ਖੂਹ ਦੀ ਮੌਣ 'ਤੇ ਖੜਿਆਂ ਵੱਡੇ ਬੱਚੇ ਦਾ ਪੈਰ ਤਿੱਲਕ ਜਾਂਦਾ ਏ ਤੇ ਉਹ ਖੂਹ ਵਿਚ ਡਿੱਗ ਕੇ ਡੁੱਬਣ ਲੱਗਦਾ ਏ ਅਤੇ ਛੋਟੇ ਨੂੰ ਮਦਦ ਲਈ ਹਾਕਾਂ ਮਾਰਦਾ ਏ। ਛੋਟਾ ਬੱਚਾ ਖੂਹ ਕੋਲ ਪਈ ਲੱਜ ਵਾਲੀ ਬਾਲਟੀ ਨੂੰ ਦੇਖਦਾ ਏ ਅਤੇ ਜਲਦੀ ਨਾਲ ਖੂਹ ਵਿਚ ਬਾਲਟੀ ਨੂੰ ਸੁੱਟਦਾ। ਵੱਡਾ ਬੱਚਾ ਬਾਲਟੀ ਨੂੰ ਪਕੜ ਲੈਂਦਾ ਏ ਅਤੇ ਛੋਟੇ ਬੱਚੇ ਨੂੰ ਉਪਰ ਖਿੱਚਣ ਲਈ ਕਹਿੰਦਾ ਏ। ਛੋਟਾ ਬੱਚਾ ਪੂਰੇ ਜੋਰ ਨਾਲ ਖੂਹ ਵਿਚ ਡਿੱਗੇ ਬੱਚੇ ਨੂੰ ਬਾਹਰ ਕੱਢਣ ਲੱਗਦਾ ਏ ਤੇ ਆਖਰ ਨੂੰ ਵੱਡੇ ਬੱਚੇ ਨੂੰ ਖੂਹ ਵਿਚੋਂ ਬਾਹਰ ਕੱਢਣ ਵਿਚ ਕਾਮਯਾਬ ਹੋ ਜਾਂਦਾ ਏ। ਬੱਚੇ ਵਾਪਸ ਘਰ ਆਉਂਦੇ ਹਨ ਅਤੇ ਡਰਦੇ-ਡਰਦੇ ਘਰਦਿਆਂ ਨੂੰ ਇਹ ਘਟਨਾ ਸੁਣਾਉਂਦੇ ਹਨ। ਪਰ ਪਰਿਵਾਰ/ਪਿੰਡ ਦਾ ਕੋਈ ਵੀ ਵਿਅਕਤੀ ਇਹ ਮੰਨਣ ਲਈ ਤਿਆਰ ਨਹੀਂ ਕਿ ਛੋਟੇ ਬੱਚੇ ਨੇ ਵੱਡੇ ਬੱਚੇ ਨੂੰ ਬਾਲਟੀ ਰਾਹੀਂ ਖੂਹ 'ਚੋਂ ਬਾਹਰ ਕੱਢ ਲਿਆ ਹੋਵੇਗਾ। ਪਰ ਬੱਚੇ ਆਪਣੀ ਸੱਚਾਈ 'ਤੇ ਕਾਇਮ। ਜਦ ਪਿੰਡ ਦੇ ਇਕ ਸਿਆਣੇ ਬੰਦੇ ਨੂੰ ਇਸ ਘਟਨਾ ਦਾ ਪਤਾ ਲੱਗਦਾ ਹੈ ਤਾਂ ਉਹ ਕਹਿੰਦਾ ਹੈ, ਬੱਚੇ ਸਹੀ ਨੇ।

ਦਰਅਸਲ ਇਸ ਸਮੇਂ ਬੱਚੇ ਕੋਲ ਕੋਈ ਵੀ ਵਿਅਕਤੀ ਨਹੀਂ ਸੀ ਜੋ ਇਹ ਕਹਿੰਦਾ ਕਿ ਬੱਚੇ ਤੂੰ ਇਹ ਕੰਮ ਨਹੀਂ ਕਰ ਸਕਦਾ। ਬੱਚਾ ਸਿਰਫ ਇਹ ਜਾਣਦਾ ਹੈ ਕਿ ਉਸ ਨੇ ਡੁੱਬ ਰਹੇ ਬੱਚੇ ਨੂੰ ਖੂਹ 'ਚੋਂ ਬਾਹਰ ਕੱਢਣਾ ਹੈ ਅਤੇ ਉਸ ਨੇ ਇਹ ਕਰ ਲਿਆ। ਇਹ ਬੱਚੇ ਦੇ ਆਤਮ-ਵਿਸ਼ਵਾਸ ਦਾ ਕ੍ਰਿਸ਼ਮਾ ਸੀ। ਦਰਅਸਲ ਅਸੀਂ ਬੱਚੇ ਨੂੰ ਹਰ ਕੰਮ ਕਰਨ ਤੋਂ ਹੋੜਦੇ ਹਾਂ। 'ਤੂੰ ਇਹ ਕੰਮ ਨਹੀਂ ਕਰ ਸਕਦਾ' ਕਹਿ ਕੇ ਉਨ੍ਹਾਂ ਦਾ ਆਤਮ ਵਿਸ਼ਵਾਸ ਘਟਾਉਂਦੇ ਹਾਂ। ਬੱਚਿਆਂ ਨੂੰ ਬਜ਼ੁਰਗਾਂ ਦੀ ਰਹਿਨੁਮਾਈ ਵਿਚ ਹਰ ਕੰਮ ਕਰਨ ਦੇਣਾ ਚਾਹੀਦਾ ਹੈ। ਇਸ ਨਾਲ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧੇਗਾ ਅਤੇ ਨਵੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦਾ ਹੌਸਲਾ ਪੈਦਾ ਹੋਵੇਗਾ। ਬੱਚਿਆਂ ਵਿਚ ਅਥਾਹ ਸਮਰੱਥਾ ਹੁੰਦੀ ਏ। ਅਸੀਂ ਹੀ ਇਸ ਸਮਰੱਥਾ ਨੂੰ ਪ੍ਰਗਟ ਕਰਨ ਤੋਂ ਰੋਕਦੇ ਹਾਂ। ਬੱਚੇ ਦੀ ਹਮੇਸ਼ਾ ਹੌਸਲਾ-ਅਫਜ਼ਾਈ ਕਰੋ।

ਸਭ ਤੋਂ ਅਹਿਮ ਗੱਲ ਹੈ, ਬੱਚੇ ਦੀ ਮਾਨਸਿਕਤਾ ਨੂੰ ਸਮਝਣਾ ਅਤੇ ਉਸ ਨੂੰ ਉਸਾਰੂ ਪਾਸੇ ਲਾ ਕੇ ਚੰਗੇਰਾ ਮਨੁੱਖ ਬਣਨ ਦੀ ਚਾਹਤ ਪੈਦਾ ਕਰਨਾ। ਮਾਨਵੀ ਸਰੋਕਾਰਾਂ ਪ੍ਰਤੀ ਉਤਸ਼ਾਹ ਅਤੇ ਸੰਵੇਦਨਾ ਦਾ ਪਾਠ ਪੜ੍ਹਾਉਣਾ ਅਜੋਕੇ ਸਮੇਂ ਦੀ ਪ੍ਰਮੁੱਖਤਾ ਹੈ। ਸਾਡੀ ਸਭ ਤੋਂ ਵੱਡੀ ਜਾਇਦਾਦ ਤੇ ਵਿਰਾਸਤ ਸਾਡੇ ਬੱਚੇ ਨੇ। ਉਨ੍ਹਾਂ ਨੂੰ ਪੈਸਾ, ਬਰਾਂਡਡ ਵਸਤਾਂ ਜਾਂ ਬੇਬਹਾਅ ਸਹੂਲਤਾਂ ਨਾ ਦਿਓ, ਸਗੋਂ ਉਨ੍ਹਾਂ ਨੂੰ ਸਮਾਂ ਦਿਓ। ਪੈਸੇ ਘੱਟ ਕਮਾ ਲਵੋਗੇ ਤਾਂ ਸਰ ਜਾਵੇਗਾ, ਪਰ ਬੱਚਿਆਂ ਨੂੰ ਅਣਗੌਲਿਆਂ ਕੀਤਿਆਂ ਕਈ ਵਾਰ ਵੱਡੀ ਕੀਮਤ ਚੁਕਾਉਣੀ ਪੈਂਦੀ ਏ। ਨੌਜਵਾਨ ਪੀੜ੍ਹੀ ਵਿਚ ਮਾਨਸਿਕ ਭਟਕਣਾ, ਨਸ਼ਿਆਂ ਦੀ ਅਲਾਮਤ ਅਤੇ ਅਦਬ ਦੀ ਘਾਟ ਦਾ ਮੁੱਖ ਕਾਰਨ ਮਾਪਿਆਂ ਦਾ ਬੱਚਿਆਂ ਪ੍ਰਤੀ ਅਵੇਸਲਾਪਣ ਹੈ।

ਮਾਪਿਆਂ ਦੇ ਰੁਝੇਵੇਂ, ਜ਼ਿੰਦਗੀ ਦੀ ਦੌੜ ਭੱਜ ਅਤੇ ਜ਼ਿਆਦਾ ਤੋਂ ਜ਼ਿਆਦਾ ਧਨ ਇਕੱਠਾ ਕਰਨ ਦੀ ਹੋੜ ਵਿਚੋਂ ਬਚਪਨੇ ਦੀ ਲਾਚਾਰੀ ਜਨਮ ਲੈਂਦੀ। ਜੇ ਅਸੀਂ ਬਚਪਨੇ ਨੂੰ ਬੇਗਾਨਗੀ ਦੇ ਰੁਤਬੇ ਤੀਕ ਹੀ ਸੀਮਤ ਕਰ ਦਿਤਾ ਤਾਂ ਬੱਚਿਆਂ ਦਾ ਮਾਨਸਿਕ ਵਿਕਾਸ, ਸੋਚ ਦਾ ਫੈਲਾਅ, ਖੁਦ ਨੂੰ ਵਿਕਸਤ ਕਰਨ ਦਾ ਉਦਮ ਅਤੇ ਹੁਨਰ ਕਿਵੇਂ ਮਿਲੇਗਾ ਅਤੇ ਉਹ ਸਾਡੀ ਪਛਾਣ ਕਿਵੇਂ ਬਣਨਗੇ? ਬੱਚਿਆਂ ਦੇ ਦੀਦਿਆਂ ਵਿਚ ਸੁਪਨੇ ਧਰੋ ਅਤੇ ਉਨ੍ਹਾਂ ਦੀ ਪ੍ਰਾਪਤੀ ਦਾ ਵੱਲ ਉਨ੍ਹਾਂ ਦੇ ਮਸਤਕ ਵਿਚ ਧਰੋ ਅਤੇ ਸੰਤੁਲਿਤ ਤੇ ਸਿਹਤਮੰਦ ਜ਼ਿੰਦਗੀ ਵਰੋ, ਕਈ ਕੁੱਲਾਂ ਇਸ ਦਿਆਨਤਦਾਰੀ ਅਤੇ ਸਚਿਆਰੀ ਸੋਚ ਦੇ ਸਦਕੇ ਜਾਣਗੀਆਂ।

ਸ਼ਰਾਰਤਾਂ ਰਾਹੀਂ ਬਚਪਨੇ ਨੂੰ ਪਰਿਭਾਸ਼ਤ ਕਰਦੇ, ਬਚਪਨੀ ਵਰਤਾਰਿਆਂ ਵਿਚੋਂ ਭਵਿੱਖੀ ਰਮਜ਼ਾਂ ਦੀ ਸੂਹ ਦੇਣ ਵਾਲੇ ਭੋਲੇ-ਭਾਲੇ ਬੋਲਾਂ ਨਾਲ ਮੋਹ ਲੈਣ ਵਾਲੇ ਅਤੇ ਮਾਸੂਮ ਜਿਹੀਆਂ ਬਾਤਾਂ ਪਾਉਣ ਵਾਲੇ ਬੱਚਿਆਂ ਨੂੰ ਆਗੋਸ਼ ਵਿਚ ਲੈ ਕੇ ਪਿਆਰ ਦਿਓ। ਉਨ੍ਹਾਂ ਦੀ ਮੁਸਕਣੀ ਵਿਚੋਂ ਆਪਣੇ ਸਾਹਾਂ ਵਿਚ ਰਵਾਨਗੀ ਧਰਨ ਦਾ ਵੱਲ ਸਿੱਖੋ, ਤੁਹਾਡਾ ਜੀਵਨ ਪੈਂਡਾ ਸੁਖਾਲਾ ਹੋ ਜਾਵੇਗਾ। ਬੱਚੇ ਦੇ ਮੂੰਹ ਵਿਚ ਪਾਈਆਂ ਬੁਰਕੀਆਂ ਦੀ ਲੱਜਤ ਸਿਰਫ ਮਾਂ ਹੀ ਮਾਣਦੀ ਏ। ਤਾਹੀਉਂ ਤਾਂ ਰੱਬ ਮਾਂ ਬਣਾ ਕੇ ਆਪ ਵਿਹਲਾ ਹੋ ਗਿਆ ਤਾਂ ਕਿ ਉਹ ਮਾਂ ਵਿਚੋਂ ਆਪਣਾ ਦੀਦਾਰ ਕਰ ਸਕੇ।

ਬੱਚੇ ਦੇ ਨੈਣਾਂ 'ਚੋਂ ਬਚਪਨੀ ਸੁਪਨੇ ਨਾ ਖੋਹੋ, ਸ਼ਰਾਰਤਾਂ ਤੋਂ ਨਾ ਵਰਜੋ, ਉਨ੍ਹਾਂ ਨੂੰ ਸਹਿਜ ਵਰਤਾਰੇ ਤੋਂ ਨਾ ਹੋੜੋ, ਬੇਲੋੜਾ ਨਾ ਝਿੜਕੋ, ਬੱਚਾ ਚਿੜਚਿੜਾ ਹੋ ਜਾਵੇਗਾ। ਕੁਦਰਤੀ ਰਹਿਮਤਾਂ ਨਾਲ ਵਰੋਸਾਏ ਇਹ ਬੱਚੇ ਹੀ ਸਾਡਾ 'ਅੱਜ' ਤੇ 'ਕੱਲ' ਹਨ। ਜੇ ਅਸੀਂ 'ਚੰਗੇਰੇ ਅੱਜ' ਨੂੰ 'ਕੱਲ' ਦੇ ਹਵਾਲੇ ਕਰਾਂਗੇ ਤਾਂ ਅਸੀਂ 'ਅੱਜ' ਦੀ ਸੁੰਦਰਤਾ ਦੇ ਨਾਲ-ਨਾਲ 'ਕੱਲ' ਨੂੰ ਵੀ ਨਰੋਏ ਨਕਸ਼ ਦੇਣ ਦੇ ਕਾਬਲ ਹੋਵਾਂਗੇ।

ਬੱਚੇ ਬਹੁਤ ਸੂਖਮ ਹੁੰਦੇ। ਉਨ੍ਹਾਂ ਦੀ ਸੋਚ ਅਤੇ ਮਾਨਸਿਕਤਾ 'ਤੇ ਕੋਈ ਚੋਟ ਨਾ ਲੱਗਣ ਦਿਉ। ਉਨ੍ਹਾਂ ਦੀ ਪਾਕੀਜ਼ ਸੋਚ, ਮਾਸੂਮੀਅਤ ਭਰੇ ਬੋਲ ਅਤੇ ਦਰਿਆ-ਦਿਲੀ ਵਾਲੀ ਜੀਵਨ-ਸ਼ੈਲੀ ਵਿਚ ਕੋਈ ਵਿਘਨ ਨਾ ਪਾਇਓ, ਤੁਸੀਂ ਸਾਰੀ ਉਮਰ ਆਪਣੇ ਆਪ ਨੂੰ ਵੀ ਮੁਆਫ ਨਹੀਂ ਕਰ ਸਕੋਗੇ। ਬੱਚੇ ਦੇ ਹਰ ਬੋਲ ਦੇ ਅਰਥ ਹੁੰਦੇ ਅਤੇ ਉਨ੍ਹਾਂ ਦੀ ਤਹਿ ਤੀਕ ਪਹੁੰਚਣਾ ਮਾਪਿਆਂ ਦਾ ਫਰਜ਼। ਤੁਸੀਂ ਕਿਧਰੇ ਅਜਿਹੇ ਫਰਜ਼ ਤੋਂ ਕੁਤਾਹੀ ਤਾਂ ਨਹੀਂ ਕੀਤੀ, ਆਪਣੇ ਅੰਦਰ ਝਾਤੀ ਜਰੂਰ ਮਾਰਨਾ। ਇਹ ਕਲਮ ਅਤੇ ਹਰਫ ਤੁਹਾਡੇ ਸਦਾ ਰਿਣੀ ਰਹਿਣਗੇ।

ਬੱਚੇ, ਪਵਿੱਤਰਤਾ ਦੀ ਛੋਹ, ਪਿਆਰ ਲੁਟਾਉਂਦੀ ਲੋਅ, ਬੁੱਕ ਬੁੱਕ ਵਡੇਂਦਾ ਮੋਹ ਅਤੇ ਵਾਰ ਵਾਰ ਬਚਪਨ ਵਿਚ ਪਰਤਣ ਦੀ ਖੋਹ।

ਬੱਚੇ, ਕਾਦਰ ਦੀ ਸਭ ਤੋਂ ਨਾਯਾਬ ਅਮਾਨਤ ਜੋ ਜੀਵਨ-ਵਿਹੜੇ ਵਿਚ ਫੁੱਲ ਖਿੜਾਉਣ ਅਤੇ ਹਾਸਿਆਂ ਦੀਆਂ ਫੁੱਲਝੜੀਆਂ ਬਰਸਾਉਣ ਲਈ ਬਣਾਈ। ਅਸੀਂ ਮਾਸੂਮ ਮੁਸਕਣੀ, ਅਣਭੋਲ ਬੋਲਾਂ, ਨਿਰਛੱਲ ਸੋਚ ਅਤੇ ਪਾਕੀਜ਼ ਕਰਮ-ਯਾਚਨਾ ਨੂੰ ਕਿਵੇਂ ਸਮਝਦੇ ਹਾਂ, ਇਹ ਸਾਡੀ ਸੋਚ ਦੇ ਦਿਸਹੱਦੇ।

# ਸੱਤਿਆਜੀਤ ਰੇਅ ਦੀ ਸਿਆਸੀ ਫਿਲਮ: ਹੀਰਕ ਰਾਜਰ ਦੇਸ਼

ਫਿਲਮ ਹੀਰਕ ਰਾਜਰ ਦੇਸ਼ (ਹੀਰਿਆਂ ਦਾ ਦੇਸ਼ ਜਾਂ ਹੀਰਿਆਂ ਦੇ ਰਾਜੇ ਦਾ ਦੇਸ਼-ਬੰਗਾਲੀ, ਅੰਗਰੇਜ਼ੀ ਸਬਟਾਈਟਲਾਂ ਨਾਲ) ਫਿਲਮਸਾਜ਼ ਸਤਿਆਜੀਤ ਰੇਅ ਨੇ 1980 ਵਿਚ ਬਣਾਈ ਸੀ। ਇਹ ਸਤਿਆਜੀਤ ਰੇਅ ਦੀ ਵੱਖਰੀ ਕਿਸਮ ਦੀ ਫਿਲਮ ਹੈ। ਇਸ ਵਿਚ ਰੇਅ ਨੇ ਖੁੱਲ੍ਹੇਆਮ ਦਿਖਾਇਆ ਹੈ ਕਿ ਜਿਹੜਾ ਰਾਜ ਲੋਕਾਂ ਦੀ ਭਲਾਈ ਲਈ ਕੰਮ ਨਹੀਂ ਕਰਦਾ, ਉਸ ਰਾਜ ਨੂੰ ਮਜ਼ਦੂਰਾਂ ਅਤੇ ਕਿਸਾਨਾਂ ਵਲੋਂ ਇਕੱਠੇ ਹੋ ਕੇ ਬਦਲ ਦੇਣਾ ਚਾਹੀਦਾ ਹੈ। ਇਸੇ ਕਰ ਕੇ ਹੀ ਤਾਂ ਫਿਲਮ ਅਤੇ ਮੰਚ ਅਦਾਕਾਰ ਉਤਪਲ ਦੱਤ ਇਸ ਫਿਲਮ ਨੂੰ ਸ਼ਰੇਆਮ ਰੂਪ ਵਿਚ "ਸਿਆਸੀ ਫਿਲਮ" ਮੰਨਿਆ ਸੀ।

'ਹੀਰਕ ਰਾਜਰ ਦੇਸ਼' ਦੀ ਕਹਾਣੀ ਪਰੀ ਕਹਾਣੀ ਦੇ ਤੌਰ 'ਤੇ ਪੇਸ਼ ਕੀਤੀ ਗਈ ਹੈ। ਹੀਰਿਆਂ ਦੀਆਂ ਖਾਣਾਂ ਵਾਲੇ ਦੇਸ਼ ਵਿਚ ਖਾਣਾਂ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਉਹਨਾਂ ਦੀ ਮਿਹਨਤ ਦਾ ਪੂਰਾ ਮੁੱਲ ਨਹੀਂ ਮਿਲਦਾ। ਕਿਸਾਨਾਂ ਨੂੰ ਸਰਕਾਰ ਦਾ ਟੈਕਸ ਭਰਨ ਲਈ ਭੁੱਖੇ ਰਹਿਣਾ ਪੈਂਦਾ ਹੈ। ਗਾਇਕਾਂ ਨੂੰ ਆਪਣੀ ਮਰਜ਼ੀ ਦੇ ਗੀਤ ਗਾਉਣ ਦੀ ਖੁੱਲ੍ਹ ਨਹੀਂ ਅਤੇ ਅਧਿਆਪਕਾਂ ਨੂੰ ਆਪਣੀ ਮਰਜ਼ੀ ਦਾ ਪੜ੍ਹਾਉਣ ਦੀ। ਰਾਜੇ ਦੇ ਮੰਤਰੀ ਉਸ ਦੇ ਜੀਅ ਹਜ਼ੂਰੀਏ ਹਨ। ਉਹ ਹਰ ਗੱਲ ਵਿਚ ਰਾਜੇ ਦੀ ਹਾਂ ਵਿਚ ਹਾਂ ਮਿਲਾਉਂਦੇ ਹਨ ਅਤੇ ਇਸ ਦੇ ਇਵਜ਼ ਵਿਚ ਹੀਰਿਆਂ ਦੇ ਹਾਰ (ਦੇਸ਼ ਦੀ ਦੌਲਤ ਵਿਚੋਂ ਆਪਣਾ ਹਿੱਸਾ) ਪ੍ਰਾਪਤ ਕਰ ਕੇ ਖੁਸ਼ ਹੁੰਦੇ ਹਨ। ਰਾਜੇ ਦੇ ਮੁੱਖ ਵਿਗਿਆਨੀ ਨੇ ਇਕ ਅਜਿਹਾ ਢੰਗ ਲੱਭ ਲਿਆ ਹੈ ਜਿਸ ਰਾਹੀਂ ਲੋਕਾਂ ਦੇ ਦਿਮਾਗ ਉਤੇ ਕਾਠੀ (ਬ੍ਰੇਨਵਾਸ਼ ਕਰਨਾ) ਪਾਈ ਜਾ ਸਕੇ। ਇਸ ਢੰਗ ਨਾਲ ਲੋਕਾਂ ਦੇ ਦਿਮਾਗਾਂ ਵਿਚ ਉਹ ਗੱਲਾਂ ਭਰੀਆਂ ਜਾ ਸਕਦੀਆਂ ਹਨ ਜੋ ਰਾਜਾ ਚਾਹੇ। ਰਾਜ ਕਵੀ, ਵਿਗਿਆਨੀ ਨੂੰ ਰਾਜੇ



ਦਾ ਜਸਗਾਨ ਕਰਦੀਆਂ ਕਵਿਤਾਵਾਂ ਲਿਖ ਦਿੰਦਾ ਹੈ ਜੋ ਵਿਗਿਆਨੀ ਲੋਕਾਂ ਦੇ ਦਿਮਾਗਾਂ ਵਿਚ ਭਰ ਦਿੰਦਾ ਹੈ। ਨਤੀਜੇ ਵਜੋਂ ਮਜ਼ਦੂਰ ਅਤੇ ਕਿਸਾਨ ਅੱਧਭੁੱਖੇ ਰਹਿ ਕੇ ਰਾਜੇ ਲਈ ਕੰਮ ਕਰਦੇ ਹਨ ਅਤੇ ਰਾਜੇ ਦੇ ਗੁਣ ਗਾਉਂਦੇ ਰਹਿੰਦੇ ਹਨ। ਰਾਜਾ ਬੜੇ ਮਾਣ ਨਾਲ ਕਹਿੰਦਾ ਹੈ ਕਿ "ਹੀਰਿਆਂ ਦੇ ਦੇਸ਼ ਦਾ ਰਾਜਾ (ਆਪਣੀ ਪਰਜਾ ਨੂੰ) ਮਾਰਦਾ ਨਹੀਂ, ਉਸ ਨੂੰ ਜੇਲ੍ਹਾਂ ਦੀ ਲੋੜ ਨਹੀਂ, ਉਹ ਲੋਕਾਂ ਨੂੰ ਬਰਛਿਆਂ 'ਤੇ ਨਹੀਂ ਟੰਗਦਾ ਅਤੇ ਨਾ ਹੀ ਲੋਕਾਂ ਨੂੰ ਜ਼ਿੰਦਾ ਜਲਾਉਂਦਾ ਹੈ। ਉਸ ਦੇ ਦੇਸ਼ ਵਿਚ ਤਾਂ ਇਕ ਹੀ ਸਜ਼ਾ ਹੈ- (ਬ੍ਰੇਨ ਵਾਸ਼ਿੰਗ ਦੀ)"। ਭਵਿਖ ਵਿਚ ਉਪਜਣ ਵਾਲੀ ਬਗਾਵਤ ਨੂੰ ਖਤਮ ਕਰਨ ਲਈ ਉਹ ਸਕੂਲ ਬੰਦ ਕਰ ਦਿੰਦਾ ਹੈ ਅਤੇ ਕਿਤਾਬਾਂ ਸਾੜ ਦਿੰਦਾ ਹੈ ਕਿਉਂਕਿ ਉਸ ਦਾ ਯਕੀਨ ਹੈ ਕਿ ਗਿਆਨ ਲੋਕਾਂ ਨੂੰ ਚੰਗੇ ਅਤੇ ਮਾੜੇ ਵਿਚ ਫਰਕ ਕਰਨ ਦੀ ਚੇਤਨਾ ਦਿੰਦਾ ਹੈ, ਲੋਕਾਂ ਨੂੰ ਬਗਾਵਤ ਕਰਨ ਲਈ ਉਕਸਾਉਂਦਾ ਹੈ।

ਇਸ ਤਰ੍ਹਾਂ ਲੋਕਾਂ ਦੀ ਬ੍ਰੇਨਵਾਸ਼ਿੰਗ ਕਰ ਕੇ ਰਾਜਾ ਆਪਣੇ ਰਾਜ ਨੂੰ ਹਿੰਸਾ ਦਾ ਸਹਾਰਾ ਲਏ ਬਿਨਾਂ ਚਲਾਉਣ ਵਿਚ ਕਾਮਯਾਬ ਰਹਿੰਦਾ ਹੈ ਪਰ ਇਹ ਕਾਮਯਾਬੀ ਹਮੇਸ਼ਾ ਨਹੀਂ ਰਹਿੰਦੀ। ਉਸ ਦੇਸ਼ ਦਾ ਇਕ ਅਧਿਆਪਕ ਬ੍ਰੇਨ ਵਾਸ਼ਿੰਗ ਹੋਣ ਤੋਂ ਪਹਿਲਾਂ ਦੇਸ਼ ਤੋਂ ਬਾਹਰ ਨੱਸ ਜਾਂਦਾ ਹੈ ਅਤੇ ਆਪਣੇ ਪੜ੍ਹਾਏ ਬੱਚਿਆਂ ਨੂੰ ਇਹ ਸੰਦੇਸ਼ ਦਿੰਦਾ ਹੈ ਕਿ ਉਹ ਉਸ ਵਲੋਂ ਦਿੱਤੇ ਗਿਆਨ ਨੂੰ ਨਾ ਭੁੱਲਣ। ਬੱਚੇ ਆਪਣੇ ਅਧਿਆਪਕ ਦੇ ਸਬਕ ਨੂੰ ਯਾਦ ਰੱਖਦੇ ਹਨ ਕਿ "ਜੇ ਰਾਜਾ ਆਪਣੀ ਪਰਜਾ ਦਾ ਦੁਸ਼ਮਣ ਬਣ ਜਾਵੇ ਤਾਂ ਹਾਲਤ ਬਹੁਤ ਖਤਰਨਾਕ ਬਣ ਜਾਂਦੇ ਹਨ। ਮਨੁੱਖ ਕੜਕਦੀ ਬਿਜਲੀ ਤੋਂ ਡਰਦਾ ਹੈ ਪਰ ਰਾਜੇ ਦਾ ਗੁੱਸਾ (ਕੜਕਦੀ ਬਿਜਲੀ ਤੋਂ) ਜ਼ਿਆਦਾ ਖਤਰਨਾਕ ਹੁੰਦਾ ਹੈ। ਬਿਜਲੀ ਇਕ ਥਾਂ ਡਿੱਗਦੀ ਹੈ, ਪਰ ਰਾਜੇ ਦਾ ਗੁੱਸਾ ਬਹੁਤ ਸਾਰੇ ਲੋਕਾਂ ਦੀ ਜ਼ਿੰਦਗੀ ਬਰਬਾਦ ਕਰਦਾ ਹੈ।... ਇਸ ਲਈ ਜੇ ਲੋਕਾਂ ਨੇ ਮਰਨਾ ਹੀ ਹੈ ਤਾਂ ਰਾਜੇ ਦਾ ਹੁਕਮ ਮੰਨਦਿਆਂ ਮਰਨ ਦੀ ਥਾਂ (ਲੜਦਿਆਂ ਮਰਨਾ ਚਾਹੀਦਾ ਹੈ)।" ਇਕ ਗਾਇਕ ਬ੍ਰੇਨਵਾਸ਼ ਹੋਣ ਤੋਂ ਇਨਕਾਰ ਕਰ ਦਿੰਦਾ ਹੈ ਅਤੇ ਗਾਉਂਦਾ ਹੈ, "ਦੇਖੋ ਕਿੰਨੇ ਅਜੀਬ ਦਿਨ ਆ ਗਏ ਹਨ, ਇਕ ਭਲੇ ਇਨਸਾਨ ਨੂੰ ਟੁੱਟੇ ਘਰਾਂ ਵਿਚ ਰਹਿਣਾ ਪੈ ਰਿਹਾ ਹੈ ਜਦੋਂ ਕਿ ਜ਼ਾਲਮ ਸਿੰਘਾਸਣ 'ਤੇ ਬੈਠਾ ਹੈ।" ਅਧਿਆਪਕ ਆਪਣੇ ਵਿਦਿਆਰਥੀਆਂ ਦੀ ਮਦਦ ਨਾਲ ਮਜ਼ਦੂਰਾਂ ਅਤੇ ਕਿਸਾਨਾਂ ਨੂੰ ਜਥੇਬੰਦ ਕਰਦਾ ਹੈ ਜੋ ਅੰਤ ਵਿਚ ਹੀਰਿਆਂ ਦੇ ਰਾਜੇ ਦੇ ਦਮਨ ਭਰਪੂਰ ਰਾਜ ਦਾ ਖਾਤਮਾ ਕਰ ਦਿੰਦੇ ਹਨ।

ਇਸ ਤਰ੍ਹਾਂ ਇਸ ਫਿਲਮ ਵਿਚ ਸਤਿਆਜੀਤ ਰੇਅ ਹਾਕਮਾਂ ਵਲੋਂ ਲੋਕਾਂ ਨੂੰ ਕੰਟਰੋਲ ਵਿਚ ਰੱਖਣ ਦੇ ਨਵੇਂ ਢੰਗਾਂ ਦਾ ਭੇਤ ਖੋਲ੍ਹਦਾ ਹੈ। ਉਹ ਦਿਖਾਉਂਦਾ ਹੈ ਕਿ ਸਮਾਜ ਵਿਚ ਗਿਆਨ, ਵਿਦਿਆ ਅਤੇ ਤਕਨੋਲੋਜੀ ਦੀ ਕਿੰਨੀ ਮਹੱਤਤਾ ਹੈ। ਹਾਕਮ ਲੋਕਾਂ ਦੀ ਅਸਹਿਮਤੀ, ਵਿਰੋਧ ਅਤੇ ਬਗਾਵਤ ਨੂੰ ਕੰਟਰੋਲ ਕਰਨ ਲਈ ਕਿਸ ਤਰ੍ਹਾਂ ਗਿਆਨ, ਵਿਦਿਆ ਅਤੇ ਤਕਨੋਲੋਜੀ ਦੀ ਵਰਤੋਂ ਕਰਦੇ ਹਨ। ਸਮਾਜ ਵਿਚ ਲੋਕ ਘੋਲਾਂ ਅਤੇ ਸੰਘਰਸ਼ਾਂ ਨੂੰ ਜਥੇਬੰਦ ਕਰਨ ਲਈ ਗਿਆਨ, ਵਿਦਿਆ ਅਤੇ ਤਕਨੋਲੋਜੀ ਨੂੰ ਹਾਕਮਾਂ ਦੇ ਸ਼ਿਕੰਜੇ 'ਚੋਂ ਆਜ਼ਾਦ ਕਰਾਉਣਾ ਕਿੰਨਾ ਜ਼ਰੂਰੀ ਹੈ। ਅੱਜ ਦੁਨੀਆ ਭਰ ਵਿਚ ਸੂਚਨਾ, ਸੰਚਾਰ ਅਤੇ ਤਕਨੋਲੋਜੀ



*ਸੱਤਿਆਜੀਤ ਰੇਅ*

ਦਾ ਜਿਸ ਤਰ੍ਹਾਂ ਦਾ ਸਿਲਸਿਲਾ ਪੈਦਾ ਹੋ ਚੁੱਕਾ ਹੈ ਅਤੇ ਗਾਲਬ ਧਿਰਾਂ ਜਿਸ ਤਰ੍ਹਾਂ ਇਸ ਸਿਲਸਿਲੇ ਦੀ ਵਰਤੋਂ ਕਰ ਰਹੀਆਂ ਹਨ, ਉਸ ਨੂੰ ਦੇਖਦਿਆਂ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਫਿਲਮ ਦੀ ਅੱਜ ਵੀ ਉਨੀ ਪ੍ਰਸੰਗਕਤਾ ਹੈ ਜਿੰਨੀ ਸਾਢੇ 4 ਦਹਾਕੇ ਪਹਿਲਾਂ ਸੀ ਜਦੋਂ ਰੇਅ ਨੇ ਇਹ ਫਿਲਮ ਬਣਾਈ ਸੀ।

**-ਸੁਖਵੰਤ ਹੁੰਦਲ**

# ਇਕ ਸੀ ਖ਼ਰੈਤੀ ਭੈਂਗਾ...

ਖ਼ਰੈਤੀ ਭੈਂਗਾ (1913-1976) 'ਸੁਣ ਭੈਂਗਿਆ ਵੇ ਓਏ ਬੜੇ ਮਹਿੰਗਿਆ ਵੇ, ਤੇਰੀਆਂ ਭੈਂਗੀਆਂ-ਭੈਂਗੀਆਂ ਅੱਖਾਂ ਕਲੇਜੇ ਨਾਲ ਰੱਖਾਂ, ਨਾਲ ਰੱਖਾਂ ਭੈਂਗਿਆ ਵੇ' ਖ਼ਰੈਤੀ ਭੈਂਗੇ ਦੀ ਸ਼ਖ਼ਸੀਅਤ ਦੀ ਤਰਜਮਾਨੀ ਕਰਦਾ ਇਹ ਮਸ਼ਹੂਰ ਨਗ਼ਮਾ ਉਸ ਦੇ ਮਹਿੰਗਾ ਮਜ਼ਾਹੀਆ ਅਦਾਕਾਰ ਹੋਣ ਦੀ ਸ਼ਾਹਦੀ ਭਰਦਾ ਹੈ। ਉਹ ਹਰ ਪੰਜਾਬੀ ਫ਼ਿਲਮ ਵਿਚ ਹੀਰੋ ਨੂੰ ਬਰਾਬਰ ਦੀ ਟੱਕਰ ਦਿੰਦਾ ਸੀ। ਆਪਣੇ ਦੌਰ ਦੌਰਾਨ ਉਹ ਹਰ ਪੰਜਾਬੀ ਫ਼ਿਲਮ ਦੀ ਕਾਮਯਾਬੀ ਦੀ ਜ਼ਮਾਨਤ ਹੋਇਆ ਕਰਦਾ ਸੀ, ਜਿਸ ਦੀ ਗ਼ੈਰ-ਮੌਜੂਦਗੀ ਤੋਂ ਬਿਨਾਂ ਕੋਈ ਵੀ ਡਿਸਟਰੀਬਿਊਟਰ ਫ਼ਿਲਮਾਂ ਨੂੰ ਹੱਥ ਨਹੀਂ ਪਾਉਂਦਾ ਸੀ।

ਖ਼ਰੈਤੀ ਭੈਂਗੇ ਦਾ ਜਨਮ ਲਾਹੌਰ ਦੇ ਪੰਜਾਬੀ ਪੰਡਿਤ ਪਰਿਵਾਰ ਵਿਚ ਹੋਇਆ। ਉਸ ਦਾ ਅਸਲੀ ਨਾਂ ਪੰਡਿਤ ਖ਼ਰਾਇਤੀ ਲਾਲ ਸ਼ਰਮਾ ਸੀ। ਪੰਡਿਤ ਅਮਰਨਾਥ ਸ਼ਰਮਾ (ਸੰਗੀਤਕਾਰ ਨਹੀਂ) ਦਾ ਇਹ ਫ਼ਰਜ਼ੰਦ ਸਿਰਫ਼ ਭੈਂਗਾ ਹੋਣ ਦੀ ਅਦਾਕਾਰੀ ਹੀ ਕਰਦਾ ਸੀ ਨਾ ਕਿ ਉਹ ਪੈਦਾਇਸ਼ੀ ਭੈਂਗਾ ਸੀ। ਹਾਂ, ਮਾਮੂਲੀ ਜਿਹਾ ਭੈਂਗਾਪਣ ਜ਼ਰੂਰ ਸੀ। 1960ਵਿਆਂ ਦੇ ਦਹਾਕੇ ਤਕ ਆਉਂਦਿਆਂ ਖ਼ਰੈਤੀ ਦੇ ਨਾਂ ਨਾਲ ਇਸੇ ਅਦਾਕਾਰੀ ਕਾਰਨ 'ਖ਼ਰੈਤੀ ਭੈਂਗਾ' ਪੱਕੇ ਤੌਰ 'ਤੇ ਜੁੜ ਗਿਆ। ਇਸ ਤੋਂ ਪਹਿਲਾਂ ਬਣੀਆਂ ਫ਼ਿਲਮਾਂ ਵਿਚ ਉਸ ਦੇ ਨਾਮ ਨਾਲ ਖ਼ਰੈਤੀ ਹੀ ਲਿਖਿਆ ਆਉਂਦਾ ਸੀ। ਖ਼ਰਾਇਤੀ ਲਾਲ ਸ਼ਰਮਾ ਨੇ ਅਦਾਕਾਰੀ ਦੀ ਸ਼ੁਰੂਆਤ ਥੀਏਟਰ ਤੋਂ ਕੀਤੀ। ਫਿਰ ਉਹ ਆਲ ਇੰਡੀਆ ਰੇਡੀਓ ਲਾਹੌਰ ਵਿਖੇ ਡਰਾਮਾ ਕਲਾਕਾਰ ਬਣ ਗਿਆ। ਇਥੇ ਉਹ ਤਾਰਾ ਚੰਦ ਦੇ ਨਾਂ ਨਾਲ ਦਿਹਾਤੀ ਪ੍ਰੋਗਰਾਮ ਪੇਸ਼ ਕਰਦਾ ਸੀ, ਜਿਸ ਵਿਚ ਹਾਸੇ-ਮਖੌਲ ਦੇ ਨਾਲ-ਨਾਲ ਦਿਹਾਤ ਸੁਧਾਰ ਦੀ ਗੱਲਬਾਤ ਵੀ ਕੀਤੀ ਜਾਂਦੀ ਸੀ।

ਮੁੰਬਈ ਅਤੇ ਕਲਕੱਤੇ ਤੋਂ ਬਾਅਦ ਲਾਹੌਰ ਪੰਜਾਬੀ ਅਤੇ ਉਰਦੂ-ਹਿੰਦੀ ਫ਼ਿਲਮਾਂ ਦਾ ਵੱਡਾ ਗੜ੍ਹ ਸੀ, ਜਿਸ ਨੇ ਬੰਬਈ ਫ਼ਿਲਮ ਸਨਅਤ ਨੂੰ ਨਾਮੀ-ਗ਼ਰਾਮੀ ਸਿਤਾਰੇ ਦਿਤੇ ਸਨ। 1940ਵਿਆਂ ਦੇ ਦਹਾਕੇ ਵਿਚ ਖ਼ਰੈਤੀ ਦੇ ਫ਼ਿਲਮੀ ਕਰੀਅਰ ਦੀ ਸ਼ੁਰੂਆਤ ਵੀ ਲਾਹੌਰ ਤੋਂ ਹੋਈ ਸੀ। ਪੰਚੋਲੀ ਆਰਟ ਪਿਕਚਰਜ਼, ਲਾਹੌਰ ਦੀਆਂ ਹਿੰਦੀ ਫ਼ਿਲਮਾਂ 'ਖ਼ਜ਼ਾਨਚੀ'(1941), 'ਖ਼ਾਨਦਾਨ' ਤੇ 'ਜ਼ਮੀਂਦਾਰ' (1942) ਵਿਚ ਖ਼ਰੈਤੀ ਨੇ ਛੋਟੇ-ਛੋਟੇ ਕਿਰਦਾਰ ਬਖ਼ੂਬੀ ਅਦਾ ਕੀਤੇ। 1947 ਵਿਚ ਹਿੰਦੋਸਤਾਨ ਦੀ ਵੰਡ ਹੋ ਗਈ। ਫ਼ਸਾਦਾਂ ਦਾ ਝੰਭਿਆ ਖ਼ਰੈਤੀ ਵੀ ਆਪਣੇ ਸ਼ਹਿਰ ਲਾਹੌਰ ਨੂੰ ਅਲਵਿਦਾ ਕਹਿ ਕੇ ਹਿੰਦੋਸਤਾਨ ਦੇ ਸ਼ਹਿਰ ਗਾਜ਼ੀਆਬਾਦ ਆਣ ਵਸਿਆ। ਇਸ ਤੋਂ ਬਾਅਦ ਉਹ ਪਰਿਵਾਰ ਸਮੇਤ ਪੱਕੇ ਤੌਰ 'ਤੇ ਮੁੰਬਈ ਚਲਾ ਗਿਆ। ਇਥੇ ਖ਼ਰੈਤੀ ਨੂੰ ਸਭ ਤੋਂ ਪਹਿਲਾਂ ਕੁਲਦੀਪ ਪਿਕਚਰਜ਼, ਬੰਬੇ ਦੀ ਦਾਊਦ ਚਾਂਦ ਨਿਰਦੇਸ਼ਿਤ ਹਿੰਦੀ ਫ਼ਿਲਮ 'ਪਪੀਹਾ ਰੇ' ਵਿਚ ਅਦਾਕਾਰੀ ਕਰਨ ਦਾ ਮੌਕਾ ਮਿਲਿਆ। ਇਸ ਫ਼ਿਲਮ ਤੋਂ ਬਾਅਦ ਖ਼ਰੈਤੀ ਨੇ 15 ਕੁ ਹੋਰ ਹਿੰਦੀ ਫ਼ਿਲਮਾਂ ਵਿਚ ਅਦਾਕਾਰੀ ਕੀਤੀ, ਪਰ ਉਸਨੂੰ ਮਕਬੂਲੀਅਤ ਅਤੇ ਸਕੂਨ ਪੰਜਾਬੀ ਫ਼ਿਲਮਾਂ ਵਿਚ ਕੰਮ ਕਰ ਕੇ ਹੀ ਮਿਲਿਆ।

ਦੇਸ਼ ਵੰਡ ਤੋਂ ਬਾਅਦ ਨਿਗਾਰਸਤਾਨ ਫ਼ਿਲਮਜ਼, ਬੰਬੇ ਦੀ ਰਿਲੀਜ਼ ਹੋਈ ਪੰਜਾਬੀ ਫ਼ਿਲਮ 'ਛਈ' (1950) ਬਤੌਰ ਮਜ਼ਾਹੀਆ ਅਦਾਕਾਰ ਉਸ ਦੀ ਪਹਿਲੀ ਫ਼ਿਲਮ ਸੀ। ਇਹ ਫ਼ਿਲਮ ਖ਼ਰੈਤੀ ਦੇ ਨਾਲ-ਨਾਲ ਅਦਾਕਾਰਾ ਗੀਤਾ ਬਾਲੀ ਦੀ ਵੀ ਬਤੌਰ ਹੀਰੋਇਨ ਪਹਿਲੀ ਪੰਜਾਬੀ ਫ਼ਿਲਮ ਸੀ। ਖ਼ਰੈਤੀ ਦੀ ਦੂਜੀ ਫ਼ਿਲਮ ਰੂਪਬਾਨੀ ਫ਼ਿਲਮਜ਼, ਬੰਬੇ ਦੀ 'ਮੁਟਿਆਰ' (1950) ਸੀ। ਤੀਜੀ ਫ਼ਿਲਮ 'ਜੁਗਨੀ' (1953) ਸੀ, ਜਿਸ ਵਿਚ ਉਸ ਨੇ ਆੜ੍ਹਤੀਏ ਬਲਾਕੀ ਸ਼ਾਹ/ਭੈਂਗੇ ਸ਼ਾਹ ਦਾ ਰੋਲ ਨਿਭਾਇਆ। ਕਵਾਤੜਾ ਫ਼ਿਲਮਜ਼, ਬੰਬੇ ਦੀ 'ਕੌਡੇ ਸ਼ਾਹ' (1953) ਵਿਚ 'ਅਫ਼ੀਮਾ' ਨਾਂ ਦਾ ਕਿਰਦਾਰ ਨਿਭਾਇਆ। 1959 ਵਿਚ ਰਿਲੀਜ਼ ਹੋਈ ਨਿਰਦੇਸ਼ਕ ਜੁਗਲ ਕਿਸ਼ੋਰ ਦੀ ਹਿੱਟ ਫ਼ਿਲਮ 'ਭੰਗੜਾ' ਖ਼ਰੈਤੀ ਦੇ ਫ਼ਿਲਮ ਕਰੀਅਰ ਵਿਚ ਮੀਲ ਪੱਥਰ ਸਾਬਤ ਹੋਈ। ਫ਼ਿਲਮ ਵਿਚ ਖ਼ਰੈਤੀ ਨੇ 'ਕੌਡੇ



ਸ਼ਾਹ' (ਸਤੀਸ਼ ਛਾਬੜਾ) ਦੇ ਮੁਨਸ਼ੀ 'ਮਹਿੰਗਾ ਮੱਲ' ਦਾ ਰੋਲ ਨਿਭਾਇਆ। ਗੋਲਡਨ ਮੂਵੀਜ਼, ਬੰਬਈ ਦੀ 'ਦੋ ਲੱਛੀਆਂ' (1960) ਖ਼ਰੈਤੀ ਦੀ ਬਿਹਤਰੀਨ ਮਜ਼ਾਹੀਆ ਅਦਾਕਾਰੀ ਦਾ ਸਿਖ਼ਰ ਹੋ ਨਿੱਬੜੀ। ਮਜਨੂੰ ਦੀ 'ਪਗੜੀ ਸੰਭਾਲ ਜੱਟਾ' (1960) ਵਿਚ ਵੀ ਖ਼ਰੈਤੀ ਦੀ ਅਦਾਕਾਰੀ ਕਾਬਿਲ-ਏ-ਤਾਰੀਫ਼ ਸੀ। ਨਿਊ ਲਿੰਕ ਫ਼ਿਲਮਜ਼, ਬੰਬੇ ਦੀ 'ਬਿੱਲੋ' (1961) ਅਤੇ ਜੁਗਲ ਕਿਸ਼ੋਰ ਦੀ ਫ਼ਿਲਮ 'ਗੁੱਡੀ' (1961) ਵਿਚ ਖ਼ਰੈਤੀ ਨੇ 'ਮਹਿੰਗੇ' ਨਾਂ ਦਾ ਪਾਤਰ ਅਦਾ ਕੀਤਾ ਤੇ ਉਸਦਾ ਬੋਲਿਆ ਮਸ਼ਹੂਰ ਸੰਵਾਦ 'ਖਿੱਚ ਕਾਂਟਾ' ਅੱਜ ਵੀ ਫ਼ਿਲਮ ਪ੍ਰੇਮੀਆਂ ਨੂੰ ਯਾਦ ਹੈ।

ਰਾਜਕੁਮਾਰ ਕੋਹਲੀ ਨੇ ਜਦੋਂ ਆਪਣੇ ਪ੍ਰੋਡਕਸ਼ਨ ਸ਼ੰਕਰ ਮੂਵੀਜ਼, ਬੰਬੇ ਦੇ ਬੈਨਰ ਹੇਠ ਆਪਣੀ ਪਹਿਲੀ ਪੰਜਾਬੀ ਫ਼ਿਲਮ 'ਪਿੰਡ ਦੀ ਕੁੜੀ' ਬਣਾਈ ਤਾਂ ਉਹ ਵੀ ਖ਼ਰੈਤੀ ਨੂੰ ਲੈਣਾ ਨਾ ਭੁੱਲੇ। ਜੁਗਲ ਕਿਸ਼ੋਰ ਦੀ ਨਿਰਦੇਸ਼ਨਾ ਵਿਚ ਪਰਦਾਪੇਸ਼ ਹੋਈ 'ਜੱਗਾ' (1964) ਫ਼ਿਲਮ ਵਿਚ ਖ਼ਰੈਤੀ ਤੇ ਹਰਬੰਸ 'ਤੇ ਫ਼ਿਲਮਾਈ ਗਈ ਕੱਵਾਲੀ 'ਯਾਰੀ ਬੇਕਦਰਾਂ ਨਾਲ ਲਾ ਕੇ ਬੜਾ ਦੁੱਖ ਪਾਇਆ ਈ' (ਐਸ ਬਲਬੀਰ-ਮਹਿੰਦਰ ਕਪੂਰ) ਵੀ ਬਹੁਤ ਹਿਟ ਹੋਈ। ਖ਼ਰੈਤੀ ਦੇ 'ਭੰਗੜਾ' ਫ਼ਿਲਮ ਤੋਂ ਜੋੜੀਦਾਰ ਬਣੇ ਕਾਮੇਡੀਅਨ ਗੋਪਾਲ ਸਹਿਗਲ ਨੇ ਜਦੋਂ ਆਪਣੇ ਨਿੱਜੀ ਬੈਨਰ ਦੀ ਫ਼ਿਲਮ 'ਮਾਮਾ ਜੀ' ਬਣਾਈ, ਤਾਂ ਉਸ ਨੇ ਖ਼ਰੈਤੀ ਨੂੰ 'ਸੌਖਾਰਾਮ' ਕਿਰਦਾਰ ਨਿਭਾਉਣ ਨੂੰ ਦਿੱਤਾ। 'ਚੰਬੇ ਦੀ ਕਲੀ' (1965) ਵਿਚ ਖ਼ਰੈਤੀ 'ਮੁਣਸ਼ੀ ਸੁਜਾਖਾ ਰਾਮ ਭੈਂਗਾ' ਦੇ ਰੋਲ ਵਿਚ ਸੀ। ਸਾਲ 1962 ਦੀ ਹਿੰਦ-ਚੀਨ ਜੰਗ 'ਤੇ ਬਣੀ ਫ਼ਿਲਮ 'ਧਰਤੀ ਵੀਰਾਂ ਦੀ' (1965) ਵਿਚ ਖ਼ਰੈਤੀ ਨੇ ਹੱਟੀ ਵਾਲੇ 'ਗੰਗਾ ਸ਼ਾਹ' ਦਾ ਪਾਤਰ ਨਿਭਾਇਆ।

1960ਵਿਆਂ ਦਾ ਦਹਾਕਾ ਖ਼ਰੈਤੀ ਭੈਂਗੇ ਦੀ ਮਜ਼ਾਹੀਆ ਅਦਾਕਾਰੀ ਦਾ ਸਿਖ਼ਰ ਸੀ। ਹਰ ਪੰਜਾਬੀ ਫ਼ਿਲਮ ਵਿਚ ਉਸ ਦੀ ਮੌਜੂਦਗੀ ਲਾਜ਼ਮੀ ਸਮਝੀ ਜਾਂਦੀ ਸੀ। 1965 ਵਿਚ ਜਦੋਂ ਨਿਰਦੇਸ਼ਕ ਬਲਦੇਵ ਰਾਜ ਝੀਂਗਣ ਨੇ ਫ਼ਿਲਮ 'ਸੱਪਣੀ' ਬਣਾਈ ਤਾਂ ਖ਼ਰੈਤੀ ਦੀ ਮਕਬੂਲੀਅਤ ਨੂੰ ਮੱਦੇਨਜ਼ਰ ਰੱਖਦਿਆਂ ਉਸ ਦੇ ਨਾਂ ਨਾਲ ਮਿਲਦਾ ਵਿਸ਼ੇਸ਼ ਮਜ਼ਾਹੀਆ ਗੀਤ 'ਸੁਣ ਭੈਂਗਿਆ ਵੇ ਬੜੇ ਮਹਿੰਗਿਆ ਵੇ' (ਸ਼ਮਸ਼ਾਦ ਬੇਗਮ, ਮੁਹੰਮਦ ਰਫ਼ੀ ਤੇ ਸੁਰਿੰਦਰ ਕੋਹਲੀ) ਫ਼ਿਲਮਾਇਆ ਜੋ ਖ਼ੂਬ ਚੱਲਿਆ। ਰਾਜਕੁਮਾਰ ਕੋਹਲੀ ਨੇ ਤੀਸਰੀ ਪੰਜਾਬੀ ਫ਼ਿਲਮ 'ਦੁੱਲਾ ਭੱਟੀ' (1966) ਬਣਾਈ ਤਾਂ ਉਨ੍ਹਾਂ ਆਪਣੇ ਪਸੰਦੀਦਾ ਕਾਮੇਡੀਅਨ ਖ਼ਰੈਤੀ ਦਾ ਵਿਸ਼ੇਸ਼ ਰੋਲ ਰੱਖਿਆ।

1970ਵਿਆਂ ਦੇ ਦਹਾਕੇ ਵਿਚ ਫ਼ਿਲਮਾਂ ਬਲੈਕ ਐਂਡ ਵਾਈਟ ਤੋਂ ਬਾਅਦ ਕੁਝ ਅੰਸ਼ਕ ਤੇ ਫਿਰ ਰੰਗੀਨ ਬਣਨੀਆਂ ਸ਼ੁਰੂ ਹੋ ਗਈਆਂ ਸਨ। ਹੁਣ ਨਵਾਂ ਯੁੱਗ ਅਤੇ ਨਵੇਂ ਕਾਮੇਡੀਅਨਾਂ ਦੀ ਆਮਦ ਨਾਲ ਖ਼ਰੈਤੀ ਭੈਂਗੇ ਦੀ ਮਜ਼ਾਹੀਆ ਅਦਾਕਾਰੀ ਦਾ ਬੁਲੰਦ ਸਿਤਾਰਾ ਡੁੱਬਣਾ ਸ਼ੁਰੂ ਹੋ ਗਿਆ। 1971 ਤੋਂ 1977 ਤਕ ਬਣੀਆਂ ਕੁੱਲ 11 ਫ਼ਿਲਮਾਂ ਵਿਚ ਆਪਣੀ ਮਜ਼ਾਹੀਆ ਅਦਾਕਾਰੀ ਦਾ ਖ਼ੂਬਸੂਰਤ ਪ੍ਰਦਰਸ਼ਨ ਤਾਂ ਜ਼ਰੂਰ ਕੀਤਾ, ਪਰ ਹੁਣ ਪਹਿਲਾਂ ਵਰਗੀ ਚੜ੍ਹਤ ਨਹੀਂ ਸੀ।

ਸਾਲ 1973 ਵਿਚ ਮਾਲਵੇ ਦੇ ਬਠਿੰਡੇ ਸ਼ਹਿਰ ਦੇ ਥੀਏਟਰ ਕਲਾਕਾਰ ਮਿਹਰ ਮਿੱਤਲ ਨੇ ਪੰਜਾਬੀ ਫ਼ਿਲਮਾਂ ਵਿਚ ਕਾਮੇਡੀ ਦੀ ਅਜਿਹੀ ਹਨੇਰੀ ਲਿਆਂਦੀ ਕਿ ਇਸ ਦੇ ਅੱਗੇ ਪੁਰਾਣੇ ਮਜ਼ਾਹੀਆ ਅਦਾਕਾਰਾਂ ਦਾ ਟਿਕਣਾ ਮੁਸ਼ਕਿਲ ਹੋ ਗਿਆ। ਮਿਹਰ ਮਿੱਤਲ ਨੇ ਜਦੋਂ ਆਪਣੇ ਹੋਮ ਪ੍ਰੋਡਕਸ਼ਨ ਐਮ ਐਮ ਫ਼ਿਲਮਜ਼, ਬੰਬੇ ਦੀ ਪਹਿਲੀ ਪੰਜਾਬੀ ਫ਼ਿਲਮ 'ਮਾਂ ਦਾ ਲਾਡਲਾ' ਬਣਾਈ ਤਾਂ ਉਸ ਨੇ ਗੋਪਾਲ ਸਹਿਗਲ ਵਾਂਗ ਖ਼ਰੈਤੀ ਨੂੰ ਵੀ ਫ਼ਿਲਮ ਵਿਚ ਕੰਮ ਕਰਨ ਦਾ ਮੌਕਾ ਦਿੱਤਾ। ਬੇਦੀ ਐਂਡ ਬਖ਼ਸ਼ੀ ਫ਼ਿਲਮ ਦੀ 'ਮਨ ਜੀਤੈ ਜਗੁ ਜੀਤ' (1973) ਵਿਚ ਵੀ ਆਪਣੀ ਅਦਾਕਾਰੀ ਦੀ ਛਾਪ ਛੱਡੀ। 1974 ਵਿਚ ਰਿਲੀਜ਼ ਹੋਈ 'ਸ਼ਹੀਦ-ਏ-ਆਜ਼ਮ ਸਰਦਾਰ ਭਗਤ ਸਿੰਘ' ਵਿਚ ਖ਼ਰੈਤੀ ਭੈਂਗੇ ਨੇ ਦੇਸ਼ ਭਗਤਾਂ ਦੇ ਸਾਥੀ 'ਮਨੀ ਰਾਮ' ਦਾ ਕਿਰਦਾਰ ਨਿਭਾਇਆ। ਕੁੱਲ 40 ਪੰਜਾਬੀ ਅਤੇ ਤਕਰੀਬਨ 20 ਕੁ ਹਿੰਦੀ ਫ਼ਿਲਮਾਂ ਵਿਚ ਅਦਾਕਾਰੀ ਕਰਨ ਵਾਲੇ ਇਸ ਅਦਾਕਾਰ ਦਾ 4 ਜਨਵਰੀ, 1976 ਨੂੰ ਬੰਬਈ ਵਿਖੇ ਦੇਹਾਂਤ ਹੋ ਗਿਆ। ਉਸ ਦੇ ਰੁਖ਼ਸਤ ਹੋਣ ਤੋਂ ਬਾਅਦ 1976 ਵਿਚ ਨਿਰਦੇਸ਼ਕ ਸੁਰਿੰਦਰ ਸਿੰਘ ਦੀ ਪੰਜਾਬੀ ਫ਼ਿਲਮ 'ਧਰਤੀ ਸਾਡੀ ਮਾਂ' ਰਿਲੀਜ਼ ਹੋਈ ਜੋ ਖ਼ਰੈਤੀ ਭੈਂਗੇ ਦੇ ਫ਼ਿਲਮ ਕਰੀਅਰ ਦੀ ਆਖ਼ਰੀ ਫ਼ਿਲਮ ਸਾਬਤ ਹੋਈ।

**-ਮਨਦੀਪ ਸਿੰਘ ਸਿੱਧੂ**

# ਵਿੱਕੀ ਕੌਸ਼ਲ

## ਇੰਜਨੀਅਰ ਤੋਂ ਅਦਾਕਾਰ

ਬਾਲੀਵੁੱਡ ਦੇ ਉਘੇ ਸਟੰਟ ਮਾਸਟਰ ਸ਼ਾਮ ਕੌਸ਼ਲ ਨੇ ਆਪਣੇ ਬੇਟਿਆਂ ਦਾ ਗ਼ੈਰ ਫ਼ਿਲਮੀ ਮਾਹੌਲ ਵਿਚ ਪਾਲਣ ਪੋਸ਼ਣ ਕਰਨ ਦੀ ਕੋਸ਼ਿਸ਼ ਕੀਤੀ। ਉਸ ਦੇ ਵੱਡੇ ਬੇਟੇ ਵਿੱਕੀ ਕੌਸ਼ਲ ਨੇ ਇੰਜਨੀਅਰਿੰਗ ਦੀ ਪੜ੍ਹਾਈ ਵੀ ਕਰ ਲਈ, ਪਰ ਵਿੱਕੀ ਦਾ ਮਨ ਇੰਜਨੀਅਰ ਦੇ ਤੌਰ ਉਤੇ ਨੌਕਰੀ ਕਰਨ ਵਿਚ ਨਹੀਂ ਲੱਗਿਆ ਅਤੇ ਉਹ ਨੌਕਰੀ ਛੱਡ ਕੇ ਅਭਿਨੈ ਦੀ ਸਿਖਲਾਈ ਲੈ ਕੇ ਐਕਟਰ ਬਣ ਗਿਆ। ਬਤੌਰ ਐਕਟਰ ਵਿੱਕੀ ਕੌਸ਼ਲ ਨੂੰ ਪਹਿਲੀ ਫ਼ਿਲਮ ਮਿਲੀ 'ਜ਼ੁਬਾਨ' ਪਰ 'ਜ਼ੁਬਾਨ' ਤੋਂ ਪਹਿਲਾਂ 'ਮਸਾਨ' ਰਿਲੀਜ਼ ਹੋਈ ਅਤੇ



'ਮਸਾਨ' ਨੇ ਕੌਮਾਂਤਰੀ ਪੱਧਰ ਉਤੇ ਪ੍ਰਸਿਧੀ ਹਾਸਲ ਕੀਤੀ। ਇਸ ਨੂੰ ਫਰਾਂਸ ਦੇ ਕਾਨ ਫ਼ਿਲਮ ਮੇਲੇ ਵਿਚ ਵੀ ਪੁਰਸਕਾਰ ਦਿੱਤਾ ਗਿਆ ਸੀ। ਉਸ ਦੇ ਬਾਅਦ ਵਿੱਕੀ ਕੋਲ ਫ਼ਿਲਮਾਂ ਦੀਆਂ ਲਾਈਨਾਂ ਲੱਗ ਗਈਆਂ।

'ਮਸਾਨ' ਤੋਂ ਬਾਅਦ ਉਸ ਨੂੰ ਨਵਾਜ਼ੂਦੀਨ ਸਿੱਦੀਕੀ ਨਾਲ ਫ਼ਿਲਮ 'ਰਮਨ ਰਾਘਵ 2' ਮਿਲ ਗਈ। 'ਰਾਜ਼ੀ' ਰਿਲੀਜ਼ ਹੋ ਗਈ ਹੈ ਅਤੇ 'ਸੰਜੂ', 'ਬੰਬੇ ਟਾਕੀਜ਼ 2' ਅਤੇ 'ਮਨਮਰਜ਼ੀਆਂ' ਦੀ ਸ਼ੂਟਿੰਗ ਪੂਰੀ ਹੋ ਗਈ ਹੈ। 'ਮਸਾਨ' ਵਿਚ ਉਸ ਦੀ ਅਦਾਕਾਰੀ ਦੀ ਖ਼ੂਬ ਤਾਰੀਫ਼ ਹੋਈ ਸੀ। ਇਸ ਨਾਲ ਹੀ ਲੋਕਾਂ ਦਾ ਉਸ ਉਤੇ ਵਿਸ਼ਵਾਸ ਵਧਿਆ। 'ਜ਼ੁਬਾਨ' ਫਿਲਮ ਟਿਕਟ ਖਿੜਕੀ ਉਤੇ ਨਹੀਂ ਚੱਲ ਸਕੀ। ਇਸ ਦੇ ਬਾਵਜੂਦ ਉਸ ਨੂੰ 'ਰਾਜ਼ੀ' ਵਰਗੀ ਫਿਲਮ ਮਿਲੀ। ਇਸ ਉਸ ਦੀ ਅਦਾਕਾਰੀ ਦਾ ਹੀ ਜਾਦੂ ਸੀ। ਹੋਇਆ ਇਉਂ ਕਿ ਕਰਨ ਜੌਹਰ ਨੇ ਉਸ ਨੂੰ ਆਪਣੇ ਦਫ਼ਤਰ ਬੁਲਾਇਆ। ਉਥੇ ਫਿਲਮਸਾਜ਼ ਮੇਘਨਾ ਗੁਲਜ਼ਾਰ ਬੈਠੀ ਸੀ। ਉਨ੍ਹਾਂ 'ਰਾਜ਼ੀ' ਦੀ ਕਹਾਣੀ ਦਾ ਸਾਰ ਦੱਸਿਆ। ਫਿਰ ਉਸ ਨੂੰ ਆਲੀਆ ਭੱਟ ਨਾਲ ਸਕਰੀਨ ਟੈਸਟ ਦੇਣਾ ਪਿਆ। ਸਕਰੀਨ ਟੈਸਟ ਤੋਂ ਬਾਅਦ ਮੇਘਨਾ ਅਤੇ ਕਰਨ ਜੌਹਰ ਨੇ ਹਰੀ ਝੰਡੀ ਦੇ ਦਿੱਤੀ।

**-ਸ਼ਾਂਤੀ ਸਵਰੂਪ ਤ੍ਰਿਪਾਠੀ**

YUBA BROTHERS Field Hockey CLUB SINCE 1981

HOSTED BY

# YUBA BROTHER FIELD HOCKEY CLUB & GADRI BABBE SPORTS CLUB



ਅਮਰਜੀਤ ਸਿੰਘ ਦੁਲਾਈ

**UOP STOCKTON CA**

ਮੁੱਖ ਮਹਿਮਾਨ

ਸਾਬਕਾ ਹਾਕੀ ਖਿਡਾਰੀ ਅਮਰਜੀਤ ਸਿੰਘ ਦੁਲਾਈ ਨੂੰ ਸਮਰਪਿਤ

# FIELD HOCKEY TOURNAMENT 2018

**18, 19, 20 MAY 2018**
FRIDAY, SATURDAY & SUNDY

**UNIVERSITY OF PACIFIC**
3601 Pacific Avel., Stockton CA



ਉਲੰਪੀਅਨ ਸੁਰਿੰਦਰ ਸਿੰਘ ਸੋਢੀ

## ਪਹਿਲਾ ਇਨਾਮ



ਗਾਖ਼ਲ ਭਰਾਵਾਂ
ਅਮੋਲਕ ਸਿੰਘ ਗਾਖ਼ਲ, ਪਲਵਿੰਦਰ ਸਿੰਘ ਗਾਖ਼ਲ
ਤੇ ਇਕਬਾਲ ਸਿੰਘ ਗਾਖ਼ਲ
ਵਲੋਂ ਆਪਣੇ ਪਿਤਾ ਸਵ. ਨਸੀਬ ਸਿੰਘ ਗਾਖਲ
ਦੀ ਯਾਦ ਵਿਚ ਦਿੱਤਾ ਜਾਵੇਗਾ




## ਦੂਜਾ ਇਨਾਮ



ਮਾਈਕ ਬੋਪਾਰਾਏ
ਬੋਪਾਰਾਏ ਭਰਾਵਾਂ ਵਲੋਂ ਦਿੱਤਾ ਜਾਵੇਗਾ

# GOLD SPONSORS

AMOLAK SINGH GAKHAL, IQBAL SINGH GAKHAL, PINDER SINGH GAKHAL, MANI GREWAL, FAST CARGO, ACCUTRAC, MALKIT SINGH BOPORAI AND BOPARAI BROTHERS, CENTRAL VALLEY SPORTS CLUB, KING'S SPORTS CLUB, SILVER SPONSORS, JAGJIT SINGH RAKKAR, SMANA SINGH RANA, US SHIPPING, GURNAM SINGH, RANJIT SINGH (PMP), WHITE HAWK STOCKTON, RAJINDER SINGH SAIKHON, DALJIT SINGH GILL, SARBJIT SINGH THIARA, COUGAR TRUCKLINE, UNION CITY TRANS, NARINDER SINGH SAHOTA, JUGRAJ SINGH SAHOTA, AVTAR SINGH SAHOTA, KULWINDER SINGH LALLY, KASHMIR SINGH THANDI, BALIHAR SINGH RANU, TAJINDER SINGH MANN, HARJINDER SINGH BOLINA, JASVIR SINGH SOHAL, TIRATH SINGH GAKHAL, LAKHA GAZIPURIA, NARINDER SINGH AUJLA, SABI SINGH (HSD), CARGO SOLUTIONS EXPRESS, BALJIT SINGH SAHOTA, KULWANT SINGH LASHER, LAKHBIR SINGH GILL, CFX TOOR BROS, PAVAN GREWAL, WHITE HAWK, LAKHVIR MAHAL, GURPREET KHEIRA, JASWANT SINGH HOTHI, BALJINDER SINGH KLAIR, SARUP SINGH SARAI, JOGA SINGH BATH, SANTOKH SINGH JUDGE, RAGHBIR SINGH SHERGILL, SURINDER SINGH ATWAL, JAGROOP SINGH, J. SINGH, JUS & JAG SAHOTA, MANJIT SINGH BRAR, FAST CARGO, LEGEND TRANSPORT, NIRMAL SINGH JANDA, CHARN KANG, HARWINDER JANDA, RAMAN DHALIWAL, JOHN SINGH GILL, BALJINDER SINGH BAJWA, BILLA SANGHERA, SUCHA SINGH, SUMEL SINGH, PETER SIDHU, SODHI SIDHU, JATINDER SINGH BAINS, ATUL KAPOOR, REX DHUTT, MAX SINGH, AMRITPAL SINGH TIWANA, GURMEJ SINGH GILL, TOD CARIER, DR. SUNNY BADYAL, GURJANT GILL, RANJIT SANDHU, DR. MANN, ANOOP CHEEMA, AJAIB MAHIL, HARJIT S. GILL, JAY CHEEMA, SONU GAKHAL, GOPI GAKHAL, VICKI GAKHAL, BHARINDER ANG, JUDGE FARMS, SUNNY DARAPURIA, SD TRUCKING, BULLET EXPRESS, BASRA TRUCKING, MONU SANDHU, DAVINDER NIJJAR, RUBY SINGH CHEEMA CANADA, SUKWINDER SINGH GABAR CANADA, MALWINDER SINGH, JASWINDER LASHER, PLATINUM YUBA CITY, PINDER LALLY, KULWINDER GILL, PINDER SANGHA, TAJINDER DOSANJH, JOHN FURTADA, BRONZE SPONSORS, BAL TRANSPORT

ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਜਾਵੇਗਾ

**For more information | www.ybfhc.us**

Jeetu Dhaliwal 916-633-4768
Teja Shokar 408-903-7578
Email: tjuppal@hotmail.com
Email: daveatwal@yahoo.com
Surjit Nijjar 530-682-9596
Harnek Singh Atwal 2019-351-5965